*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-8, ਅੰਕ-5, ਮਈ 2018 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਤੇਲ ਪਾਈਪ ਲਾਈਨਾਂ ਦੇ ਨਾਂ ਤੇ ਅਲਬਰਟਾ ਅਤੇ ਬੀ ਸੀ ਵਿੱਚ ਚੱਲ ਰਹੀ ਲੜਾਈ ਬਨਾਮ ਲੋਕ ਵਿਰੋਧੀ ਸਿਆਸਤ ਤੇ ਕਾਰਪੋਰੇਸ਼ਨਾਂ ਦੀ ਮੁਨਾਫਾਖੋਰੀ !



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com




ਦੁਨੀਆਂ ਵਿੱਚ ਧਰਤੀ ਹੇਠਲੇ ਤੇਲ ਭੰਡਾਰਾਂ ਵਿੱਚ, ਜਿਥੇ ਕੈਨੇਡਾ ਤੀਜੇ ਨੰਬਰ ਤੇ ਹੈ, ਉਥੇ ਤੇਲ ਕੱਢਣ ਦੇ ਮਾਮਲੇ ਵਿੱਚ ਛੇਵੇਂ ਨੰਬਰ ਤੇ ਹੈ। ਇਹ ਤੇਲ ਅਲਬਰਟਾ ਸੂਬੇ ਦੇ ਉਤਰੀ ਭਾਗ (ਐਡਮਿੰਟਨ, ਲੌਇਡ ਮਨਿਸਟਰ, ਫੋਰਟਮੈਕਮਰੀ ਸਾਈਡ) ਵਿਚੋਂ ਨਿਕਲਦਾ ਹੈ। ਇਸ ਸੂਬੇ ਦੇ ਨੇੜੇ ਸਮੁੰਦਰੀ ਤੱਟ ਨਾ ਹੋਣ ਕਾਰਨ ਤੇਲ ਨੂੰ ਅੰਤਰਰਾਸ਼ਟਰੀ ਮੰਡੀ ਵਿੱਚ ਲਿਜਾਣ ਲਈ ਪਾਈਪਲਾਈਨ ਹੀ ਇੱਕ ਚੰਗਾ ਸਾਧਨ ਮੰਨ ਕੇ ਇਹ ਕੱਚਾ ਤੇਲ ਸਾਫ ਕਰਕੇ ਵਰਤਣਯੋਗ ਬਣਾਉਣ ਲਈ ਅਮਰੀਕਾ ਭੇਜਿਆ ਜਾਂਦਾ ਹੈ।ਪਰ ਮੌਜੂਦਾ ਪਾਈਪਲਾਈਨਾਂ ਰਾਹੀਂ ਤੇਲ ਭੇਜਣ ਦੀ ਇੱਕ ਸਮਰੱਥਾ ਹੈ, ਇਸ ਲਈ ਵੱਧ ਤੇਲ ਅੰਤਰਰਾਸ਼ਟਰੀ ਮੰਡੀ ਵਿੱਚ ਭੇਜਣ ਅਤੇ ਵੱਧ ਕੀਮਤ ਵਸੂਲਣ ਲਈ ਹੋਰ ਪਾਈਪਲਾਈਨਾਂ ਦੀ ਲੋੜ ਲੰਬੇ ਸਮੇਂ ਤੋਂ ਸਰਕਾਰਾਂ ਤੇ ਤੇਲ ਕੰਪਨੀਆਂ ਵਲੋਂ ਮਹਿਸੂਸ ਕੀਤੀ ਜਾਂਦੀ ਰਹੀ ਹੈ। ਸਾਡੇ ਤੇਲ ਦਾ ਖਰੀਦਦਾਰ ਸਿਰਫ ਅਮਰੀਕਾ ਹੋਣ ਕਾਰਣ ਸਾਨੂੰ ਅੰਤਰ ਰਾਸ਼ਟਰੀ ਮਾਰਕੀਟ ਤੋਂ ਘੱਟ ਵਸੂਲੀ ਹੁੰਦੀ ਹੈ। ਇਸ ਲਈ ਤੇਲ ਕੰਪਨੀਆਂ ਤੇ ਸਰਕਾਰਾਂ ਵੱਧ ਮੁਨਾਫਾ ਕਮਾਉਣ ਲਈ ਵੱਧ ਤੇਲ ਕੱਢ ਕੇ ਅੰਤਰ ਰਾਸ਼ਟਰੀ ਮਾਰਕੀਟ ਵਿੱਚ ਲਿਜਾਣਾ ਚਾਹੁੰਦੀਆਂ ਹਨ। ਇਸਦਾ ਇੱਕ ਪਹਿਲੂ ਇਹ ਵੀ ਹੈ ਕਿ ਅਲਬਰਟਾ ਨੇੜੇ ਸਮੁੰਦਰ ਨਾ ਹੋਣ ਕਾਰਨ ਤੇਲ ਨੂੰ ਇਥੇ ਰਿਫਾਈਨ ਨਹੀਂ ਕੀਤਾ ਜਾ ਸਕਦਾ। ਇੱਕ ਅੰਦਾਜੇ ਅਨੁਸਾਰ ਇੱਕ ਬੈਰਲ ਕਰੂਡ ਤੇਲ (ਮਿੱਟੀ ਵਿਚੋਂ ਕੱਢਿਆ ਕੱਚਾ/ਗੰਦਾ ਤੇਲ) ਨੂੰ ਸਾਫ ਕਰਨ ਲਈ 7000 ਲੀਟਰ ਪਾਣੀ ਦੀ ਲੋੜ ਹੁੰਦੀ ਹੈ।ਤਕਰੀਬਨ ਇੱਕ ਬੈਰਲ (158 ਲੀਟਰ) ਕਰੂਡ ਤੇਲ ਵਿਚੋਂ 72 ਲੀਟਰ ਪੈਟਰੋਲ ਤੇ 38 ਲੀਟਰ ਡੀਜ਼ਲ ਨਿਕਲਦਾ ਹੈ। ਕਰੂਡ ਤੇਲ ਵਿਚੋਂ ਪੈਟਰੋਲ, ਡੀਜ਼ਲ, ਇੰਜਣ ਤੇਲ ਆਦਿ 42 ਤਰ੍ਹਾਂ ਦੀਆਂ ਵਸਤਾਂ ਵੀ ਕੱਢੀਆਂ ਜਾਂ ਬਣਾਈਆਂ ਜਾਂਦੀਆਂ ਹਨ, ਜਿਸ ਲਈ ਤਕਰੀਬਨ ਇੱਕ ਲੀਟਰ ਤੇਲ ਮਗਰ ਇੱਕ ਲੀਟਰ ਪਾਣੀ ਦੀ ਜਰੂਰਤ ਹੈ, ਜੋ ਕਿ ਅਲਬਰਟਾ ਕੋਲ ਨਹੀਂ ਹੈ। ਪਿਛਲ਼ੇ ਸਮੇਂ ਵਿੱਚ 'ਨੌਰਦਰਨ ਗੇਟਵੇਅ ਪਾਈਪਲਾਈਨ' ਤੇ 'ਐਨਰਜ਼ੀ ਈਸਟ ਪਾਈਪਲਾਈਨ' ਦੇ ਪ੍ਰੋਜੈਕਟ ਸ਼ੁਰੂ ਕੀਤੇ ਗਏ ਸਨ, ਪਰ ਲੋਕਾਂ ਦੇ ਭਾਰੀ ਦਬਾਅ ਤੇ ਵਿਰੋਧ ਕਾਰਨ ਇਹ ਵਿਚਾਲੇ ਹੀ ਬੰਦ ਕਰਨੇ ਪਏ ਸਨ। ਹੁਣ ਇੱਕ ਹੋਰ ਕੰਪਨੀ ਨੇ ਕਿੰਡਰ ਮੌਰਗਨ ਟਰਾਂਸ ਮਾਊਂਟੇਨ ਪਾਈਪਲਾਈਨ ਦਾ ਪ੍ਰੌਜੈਕਟ ਲਿਆਂਦਾ ਸੀ। ਇਹ 6.8 ਬਿਲੀਅਨ ਡਾਲਰ ਦਾ ਪ੍ਰੌਜੈਕਟ ਹੈ, ਜੋ 3 ਸਾਲਾਂ ਵਿੱਚ ਮੁਕੰਮਲ ਹੋਣਾ ਹੈ ਤੇ ਜਿਸ ਵਿੱਚ ਤਕਰੀਬਨ 1000 ਕਿਲੋਮੀਟਰ ਲੰਬੀ ਪਾਈਪਲਾਈਨ ਐਡਮਿੰਟਨ ਤੋਂ ਬਰਨਬੀ ਬੀ ਸੀ ਸਮੁੰਦਰੀ ਤੱਟ ਤੱਕ ਲਿਜਾਈ ਜਾਣੀ ਹੈ। ਇਸ ਪਾਈਪਲਾਈਨ ਦੇ ਚਾਲੂ ਹੋਣ ਨਾਲ ਕਨੇਡੀਅਮ ਕੱਚੇ ਤੇਲ ਦੀ ਸਪਲਾਈ ਨਾ ਸਿਰਫ ਏਸ਼ੀਅਨ ਮਾਰੀਕਟ ਵਿੱਚ ਹੋ ਸਕੇਗੀ, ਸਗੋਂ ਕੱਚਾ ਤੇਲ ਕੱਢਣ ਦਾ ਕੰਮ 3 ਗੁਣਾਂ ਵੱਧ ਜਾਵੇਗਾ। ਇਸ ਵੇਲੇ ਤਕਰੀਬਨ 3 ਲੱਖ ਬੈਰਲ ਤੇਲ ਰੋਜ਼ਾਨਾ ਕੱਢਿਆ ਜਾਂਦਾ ਹੈ, ਜੋ ਕਿ ਵਧ ਕੇ 9 ਲੱਖ ਤੋਂ ਉਪਰ ਹੋ ਜਾਵੇਗਾ।ਤੇਲ ਕੰਪਨੀਆਂ ਤੇ ਸਰਕਾਰਾਂ ਅਨੁਸਾਰ ਇਸ ਪਾਈਪਲਾਈਨ ਦੇ ਸ਼ੁਰੂ ਹੋਣ ਨਾਲ ਨਾ ਸਿਰਫ ਇਨ੍ਹਾਂ ਨੂੰ ਵੱਧ ਮੁਨਾਫ ਹੋਵੇਗਾ, ਸਗੋਂ 15000 ਤੋਂ ਵੱਧ ਨਵੀਆਂ ਜੌਬਾਂ ਨਿਕਲਣਗੀਆਂ, ਜਿਨ੍ਹਾਂ ਵਿਚੋਂ 9000 ਬੀ ਸੀ ਵਿੱਚ ਤੇ 6000 ਅਲਬਰਟਾ ਵਿੱਚ ਹੋਣਗੀਆਂ। ਕਈ ਮਾਹਰਾਂ ਅਨੁਸਾਰ ਇਹ ਗਿਣਤੀ ਪਾਈਪਲਾਈਨ ਪੂਰੀ ਕਰਾਉਣ ਲਈ ਵਧਾ ਕੇ ਪੇਸ਼ ਕੀਤੀ ਜਾ ਰਹੀ ਹੈ।ਸਾਲ 2014 ਵਿੱਚ 'ਟਰਾਂਸ ਕਨੇਡਾ ਕੰਪਨੀ' ਨੇ 'ਐਨਰਜ਼ੀ ਈਸਟ ਪਾਈਪਲਾਈਨ' ਪ੍ਰੋਜੈਕਟ ਲਿਆਂਦਾ ਸੀ, ਜਿਸਨੂੰ ਪਿਛਲੀ ਫੈਡਰਲ ਹਾਰਪਰ ਸਰਕਾਰ ਵਲੋਂ ਮਨਜ਼ੂਰੀ ਦਿੱਤੀ ਗਈ ਸੀ, ਪਰ ਮੌਜੂਦਾ ਟਰੂਡੋ ਸਰਕਾਰ ਨੇ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਅਧੀਨ 2016 ਵਿੱਚ ਇਸ ਤੇ ਕਈ ਪਾਬੰਧੀਆਂ ਲਗਾ ਦਿੱਤੀਆਂ ਸਨ, ਜਿਸ ਨਾਲ

(ਬਾਕੀ ਸਫ਼ਾ 15 'ਤੇ)

























Si
SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com

## SARO KARAN DI AWAZ

**Publisher**
**Pro-People Arts Project Media Group 29 Mapleview Ave, Brampton Ontario, CA, L6R 1M2**

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
416-209-6363
deephsingh@gmail.com

**Sub Editor**
**Randeep Singh (India)**
09855695905
rvs0001@gmail.com

**Literary Advisor**
**Haripal**
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

**Surinder Mavi Winnipeg**
204-510-6284
surindermavi@gmail.com

**Parminder Swaich Surrey (BC)**
604-760-4794

**Rupinder Singh Kaler**
Edmonton
780-807-6517

**Graphic Desinger**
**Baljinder Singh**
+91-98782-29598
+91-92167-29598
akashdeep.1064@gmail.com

**Honorary Advisory Board**

**Sukhdev Singh Sandhu (Toronto)**

**Master Balbir Singh Gill (Toronto)**
**Jaspreet Dhaliwal (Toronto)**

**Harcharan Singh Parhar Calgary**

**Malkit Singh Abbotsford (BC)**

**Narbhinder Singh (India) (Punjab)**
935-443-0211

**Buta Singh Nawan Shahr (Punjab)**
946-347-4342
atoozed@gmail.com

**Jaswant Zirakh (India) (Punjab)**
98151-69825
jaswantzirakh@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



# ਹੱਕ ਸੱਚ ਦਾ ਪਹਿਰੇਦਾਰ - ਜਸਟਿਸ ਰਾਜਿੰਦਰ ਸੱਚਰ

ਸੁਰਿੰਦਰ ਸਿੰਘ ਤੇਜ

ਜਸਟਿਸ ਵੀ. ਆਰ. ਕ੍ਰਿਸ਼ਨਾ ਅਈਅਰ, ਜਸਟਿਸ ਵੀ. ਐੱਮ. ਤਾਰਕੁੰਡੇ ਤੇ ਜਸਟਿਸ ਰਾਜਿੰਦਰ ਸੱਚਰ। ਇਹ ਫਹਿਰਿਸਤ ਬੱਸ ਇੱਥੇ ਹੀ ਆ ਕੇ ਮੁੱਕ ਜਾਂਦੀ ਹੈ। ਜਨਤਕ ਤੇ ਮਾਨਵੀ ਹੱਕਾਂ ਦੀ ਹਿਫ਼ਾਜ਼ਤ ਲਈ ਜੂਝਣ ਵਾਲਿਆਂ ਨੂੰ ਜਸਟਿਸ ਸੱਚਰ ਦੇ ਚਲਾਣੇ ਤੋਂ ਉਪਜਿਆ ਖ਼ਲਾਅ ਸੱਚਮੁੱਚ ਹੀ ਬਹੁਤ ਵੱਡਾ ਜਾਪ ਰਿਹਾ ਹੋਵੇਗਾ। ਹੱਕ, ਸੱਚ ਤੇ ਨਿਆਂ ਦੇ ਖੇਤਰ ਵਿੱਚ ਇਨ੍ਹਾਂ ਤਿੰਨਾਂ ਨਿਆਂਇਕ ਹਸਤੀਆਂ ਤੋਂ ਬਾਅਦ ਸ਼ਾਇਦ ਹੀ ਕੋਈ ਅਜਿਹੀ ਉਚੇਰੀ ਨਿਆਂਇਕ ਹਸਤੀ ਹੋਵੇ ਜਿਸ ਨੇ ਨਿਹੱਕਿਆਂ ਦੇ ਹੱਕਾਂ ਲਈ ਲੜਨਾ ਜ਼ਿੰਦਗੀ ਦਾ ਪ੍ਰਯੋਜਨ ਬਣਾਇਆ ਹੋਵੇ,



ਉਹ ਵੀ ਬਿਨਾਂ ਕਿਸੇ ਵਿਚਾਰਧਾਰਕ ਲਾਗ-ਲਪੇਟ ਦੇ। ਕ੍ਰਿਸ਼ਨਾ ਅਈਅਰ ਤੇ ਤਾਰਕੁੰਡੇ ਦੋ ਦਹਾਕੇ ਪਹਿਲਾਂ ਚੱਲ ਵਸੇ ਸਨ। ਹੁਣ ਤੂਫ਼ਾਨ ਵਿੱਚ ਇਹ ਦੀਵਾ ਸਨਮਾਨਾਂ ਤੇ ਚਾਪਲੂਸੀ ਤੋਂ ਬੇਨਿਆਜ਼ ਲੋਹੀਆਵਾਦੀ ਜਸਟਿਸ ਸੱਚਰ ਨੇ ਬਲਦਾ ਰੱਖਿਆ ਹੋਇਆ ਸੀ।

ਜਸਟਿਸ ਰਾਜਿੰਦਰ ਸੱਚਰ ਭਾਵੇਂ ਪੰਜ ਮਹੀਨਿਆਂ ਤੋਂ ਘੱਟ ਸਮੇਂ (6 ਅਗਸਤ ਤੋਂ 22 ਦਸੰਬਰ, 1985) ਲਈ ਦਿੱਲੀ ਹਾਈ ਕੋਰਟ ਦੇ ਚੀਫ਼ ਜਸਟਿਸ ਰਹੇ, ਪਰ ਨਾਗਰਿਕ ਹੱਕਾਂ ਦੇ ਖੇਤਰ ਵਿੱਚ ਉਨ੍ਹਾਂ ਦੇ ਬਿਹਤਰੀਨ ਕੰਮਾਂ ਤੇ ਫ਼ੈਸਲਿਆਂ ਦਾ ਅਸਰ ਨਾ ਸਿਰਫ਼ ਦਿੱਲੀ ਸਗੋਂ ਬਾਕੀ ਰਾਜਾਂ ਦੇ ਹਾਈ ਕੋਰਟਾਂ ਦੇ ਫ਼ੈਸਲਿਆਂ ਉੱਤੇ ਵੀ ਨਜ਼ਰ ਆਉਂਦਾ ਰਹਿੰਦਾ ਹੈ। ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਜੇ. ਐੱਸ. ਵਰਮਾ ਨੇ ਜਨਤਕ ਤੌਰ 'ਤੇ ਇਕਬਾਲ ਕੀਤਾ ਸੀ, "ਜੱਜ ਕਿਸੇ ਹੋਰ ਬ੍ਰਹਿਮੰਡ ਤੋਂ ਨਹੀਂ ਆਏ ਹੁੰਦੇ। ਉਨ੍ਹਾਂ ਨੇ ਵੀ ਜਦੋਂ ਕੋਈ ਪ੍ਰੇਰਨਾ ਲੈਣੀ ਹੁੰਦੀ ਹੈ ਤਾਂ ਇਸੇ ਧਰਤੀ ਤੋਂ ਹੀ ਲੈਣੀ ਹੁੰਦੀ ਹੈ। ਮੈਨੂੰ ਪ੍ਰੇਰਨਾ ਤੇ ਸੂਝ ਜਸਟਿਸ ਸੱਚਰ ਦੇ ਕਈ ਫ਼ੈਸਲਿਆਂ ਤੋਂ ਮਿਲੀ।"

ਜਸਟਿਸ ਸੱਚਰ ਬਾਰੇ ਕਿਹਾ ਜਾਂਦਾ ਹੈ ਕਿ ਉਹ ਹਮੇਸ਼ਾਂ ਹਾਰੇ ਹੋਇਆਂ ਲਈ ਲੜਦੇ ਰਹੇ। ਇਸ ਦੀ ਵਜ੍ਹਾ ਸੀ ਕਿ ਉਨ੍ਹਾਂ ਨੇ ਕਦੇ ਵੀ ਕਿਸੇ ਕਾਜ਼ ਨੂੰ ਹਾਰਿਆ ਹੋਇਆ ਤਸੱਵਰ ਨਹੀਂ ਸੀ ਕੀਤਾ। ਉਨ੍ਹਾਂ ਦਾ ਮੱਤ ਸੀ ਕਿ ਹਾਰ ਦੇ ਡਰੋਂ ਕਿਸੇ ਕਾਰਜ ਨੂੰ ਤਿਆਗਣਾ ਹਾਰੇ ਹੰਭਿਆਂ ਦਾ ਬਚਿਆ-ਖੁਚਿਆ ਤਾਣ ਖੋਹ ਲੈਣ ਵਾਂਗ ਹੈ। ਉਨ੍ਹਾਂ ਦਾ ਇਹੀ ਅਕੀਦਾ, ਦੇਸ਼ ਦੀ ਹਰ ਸਰਕਾਰ ਲਈ ਸਿਰਦਰਦੀ ਬਣਿਆ ਰਿਹਾ। ਉਹ 1972 ਵਿੱਚ ਦਿੱਲੀ ਹਾਈ ਕੋਰਟ ਦੇ ਸਥਾਈ ਜੱਜ ਬਣ ਗਏ, ਪਰ ਪਹਿਲਾਂ ਐਮਰਜੈਂਸੀ ਦੇ ਖ਼ਿਲਾਫ਼ ਲਏ ਦਲੇਰਾਨਾ ਸਟੈਂਡ ਅਤੇ ਫਿਰ 1984 ਦੇ ਸਿੱਖ ਕਤਲੇਆਮ ਖ਼ਿਲਾਫ਼ ਖੁੱਲ੍ਹ ਕੇ ਆਵਾਜ਼ ਉਠਾਉਣ ਕਰ ਕੇ ਉਨ੍ਹਾਂ ਨੂੰ ਸੁਪਰੀਮ ਕੋਰਟ ਦਾ ਜੱਜ ਨਹੀਂ ਬਣਨ ਦਿੱਤਾ ਗਿਆ। 1989 ਤੇ 1992 ਵਿੱਚ ਬਾਬਰੀ ਕਾਂਡਾਂ ਦੇ ਤਿੱਖੇ ਵਿਰੋਧ ਨੇ ਉਨ੍ਹਾਂ ਨੂੰ ਕੁਝ ਅਜਿਹੇ (ਸਾਬਕਾ ਸਮਾਜਵਾਦੀ, ਹੁਣ ਭਾਜਪਾਈ) ਮਿੱਤਰਾਂ ਤੋਂ ਦੂਰ ਕਰ ਦਿੱਤਾ ਜਿਹੜੇ ਕਦੇ ਉਨ੍ਹਾਂ ਦੇ ਕਰੀਬੀ ਹੁੰਦੇ ਸਨ, ਪਰ ਅਜਿਹੇ ਬੇਦਾਵਿਆਂ ਨੇ ਜਸਟਿਸ ਸੱਚਰ ਦੀ ਹੱਕ-ਸੱਚ ਪ੍ਰਤੀ ਵਚਨਬੱਧਤਾ ਨੂੰ ਹੋਰ ਮਜ਼ਬੂਤੀ ਬਖ਼ਸ਼ੀ।

ਜਸਟਿਸ ਸੱਚਰ ਦਾ ਸਭ ਤੋਂ ਇਤਿਹਾਸਕ ਕੰਮ ਭਾਰਤ ਵਿੱਚ ਮੁਸਲਮਾਨਾਂ ਦੀ ਆਰਥਿਕ ਤੇ ਸਮਾਜਿਕ ਦਸ਼ਾ ਬਾਰੇ ਉਨ੍ਹਾਂ ਦੀ ਅਗਵਾਈ ਹੇਠ ਕਾਇਮ ਕਮੇਟੀ ਵੱਲੋਂ ਤਿਆਰ ਵਿਆਪਕ ਰਿਪੋਰਟ ਹੈ। ਉਨ੍ਹਾਂ ਨੂੰ ਇਹ ਰਿਪੋਰਟ ਤਿਆਰ ਕਰਨ ਦੀ ਜ਼ਿੰਮੇਵਾਰੀ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸੌਂਪੀ ਸੀ। ਇਹ ਆਪਣੀ ਕਿਸਮ ਦੀ ਪਹਿਲੀ ਪ੍ਰਸ਼ਾਸਕੀ ਕਵਾਇਦ ਸੀ। ਬਾਰੀਕਬੀਨ ਤੇ ਬਾਤਰਤੀਬ ਖੋਜ ਰਾਹੀਂ ਤਿਆਰ ਕੀਤੀ ਗਈ ਇਹ ਰਿਪੋਰਟ ਭਾਰਤ ਦੇ ਸਭ ਤੋਂ ਵੱਡੇ ਘੱਟਗਿਣਤੀ ਭਾਈਚਾਰੇ ਨੂੰ ਰਾਜਸੀ, ਸਮਾਜਿਕ ਤੇ ਆਰਥਿਕ ਜੀਵਨ ਵਿੱਚ ਸਿਲਸਿਲੇਵਾਰ ਢੰਗ ਨਾਲ ਹਾਸ਼ੀਏ ਵੱਲ ਧੱਕਣ ਦਾ ਦਸਤਾਵੇਜ਼ੀ ਪ੍ਰਮਾਣ ਪੇਸ਼ ਕਰਦੀ ਹੈ। ਇਸੇ ਰਿਪੋਰਟ ਨੇ ਪਹਿਲੀ ਵਾਰ ਦਰਸਾਇਆ ਕਿ ਮੁਸਲਿਮ ਭਾਈਚਾਰੇ ਦੀ ਗ਼ਰੀਬੀ ਦਰ 38 ਫ਼ੀਸਦੀ ਹੈ ਜੋ ਕਿ ਦੇਸ਼ ਦੀ ਦਲਿਤ ਵਸੋਂ ਦੀ ਗ਼ਰੀਬੀ ਦਰ ਨਾਲੋਂ ਵੀ ਵੱਧ ਹੈ। ਇਸੇ ਤਰ੍ਹਾਂ ਸਰਕਾਰੀ ਨੌਕਰੀਆਂ ਵਿੱਚ ਮੁਸਲਮਾਨਾਂ ਦੀ ਨਫ਼ਰੀ ਸਿਰਫ਼ 5 ਫ਼ੀਸਦੀ ਹੈ ਅਤੇ ਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਮੁਸਲਿਮ ਵਿਦਿਆਰਥੀਆਂ ਦੀ ਗਿਣਤੀ 4 ਫ਼ੀਸਦੀ ਦੇ ਆਸ-ਪਾਸ ਹੈ। ਸੱਚਰ ਕਮੇਟੀ ਨੇ ਮੁਸਲਿਮ ਭਾਈਚਾਰੇ ਅੰਦਰਲੇ ਬੇਗ਼ਾਨਗੀ ਜਾਂ ਵਿਤਕਰੇ ਦੇ ਅਹਿਸਾਸ ਨੂੰ ਦੂਰ ਕਰਨ ਲਈ ਕੁਝ ਠੋਸ ਉਪਾਅ ਵੀ ਸੁਝਾਏ। ਇਹ ਸਾਡੀ ਕੌਮੀ ਬਦਕਿਸਮਤੀ ਹੀ ਰਹੀ ਕਿ ਡਾ. ਮਨਮੋਹਨ ਸਿੰਘ ਦੀ ਸਰਕਾਰ ਹੀ ਇਸ ਰਿਪੋਰਟ ਉੱਤੇ ਅਮਲ ਕਰਨ ਦੀ ਜੁਰਅੱਤ ਨਾ ਦਿਖਾ ਸਕੀ।

ਲਾਹੌਰ ਦੇ ਕਾਂਗਰਸੀ ਪਰਿਵਾਰ ਵਿੱਚ ਜਨਮੇ ਪਰ ਜਵਾਨੀ ਦੇ ਦਿਨਾਂ ਤੋਂ ਲੋਹੀਆਵਾਦ ਨੂੰ ਪ੍ਰਣਾਏ ਰਾਜਿੰਦਰ ਸੱਚਰ ਦੇ ਆਪਣੇ ਪਿਤਾ ਭੀਮ ਸੈਨ ਸੱਚਰ (ਜੋ 1952 ਵਿੱਚ ਪੂਰਬੀ ਪੰਜਾਬ ਦੇ ਪਹਿਲੇ ਕਾਂਗਰਸੀ ਮੁੱਖ ਮੰਤਰੀ ਬਣੇ) ਨਾਲ ਰਾਜਸੀ ਮੱਤਭੇਦ ਰਹੇ। ਇਹੀ ਕਾਰਨ ਸੀ ਕਿ ਪਿਤਾ ਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਪੁੱਤਰ, ਪੰਡਿਤ ਨਹਿਰੂ ਦੀਆਂ ਨੀਤੀਆਂ ਦੇ ਵਿਰੋਧ ਕਾਰਨ 1948 ਤੇ 1949 ਵਿੱਚ ਦੋ ਵਾਰ ਨਜ਼ਰਬੰਦੀਆਂ ਭੁਗਤ ਚੁੱਕਾ ਸੀ। ਪੰਜਾਬ ਦੀ ਪ੍ਰਤਾਪ ਸਿੰਘ ਕੈਰੋਂ ਸਰਕਾਰ ਖ਼ਿਲਾਫ਼ ਦਾਸ ਕਮਿਸ਼ਨ ਕੋਲ ਪੇਸ਼ ਕੀਤੇ ਗਏ ਮੈਮੋਰੰਡਮ ਦੇ ਰਚੇਤਾਵਾਂ ਵਿੱਚ ਵੀ ਰਾਜਿੰਦਰ ਸੱਚਰ ਸ਼ਾਮਲ ਸਨ। ਵਿਚਾਰਧਾਰਕ ਮੱਤਭੇਦਾਂ ਦੇ ਬਾਵਜੂਦ ਪਿਤਾ-ਪੁੱਤਰ ਦੇ ਦੋਸਤਾਨਾ ਸਬੰਧ ਅਸਹਿਮਤੀ ਦੇ ਹੱਕ ਦੀ ਕਦਰਦਾਨੀ ਦੀ ਹੀ ਉਪਜ ਸਨ।

ਬਰਨਾਰਡ ਸ਼ਾਅ ਨੇ ਇੱਕ ਸਦੀ ਪਹਿਲਾਂ ਲਿਖਿਆ ਸੀ ਕਿ ਰੱਬ ਬਹੁਤੇ ਬੰਦਿਆਂ ਅੰਦਰ ਪ੍ਰਤੀਬੱਧਤਾ ਇਸ ਕਰਕੇ ਨਹੀਂ ਪੈਦਾ ਕਰਦਾ ਕਿਉਂਕਿ ਅਜਿਹਾ ਹੋਣ 'ਤੇ ਪ੍ਰਤੀਬੱਧਤਾ ਦੀ ਵੁੱਕਤ ਹੀ ਨਹੀਂ ਰਹੇਗੀ। ਮਜ਼ਾਹੀਆ ਹੋਣ ਦੇ ਬਾਵਜੂਦ ਇਹ ਕਥਨ ਅਟੱਲ ਸੱਚਾਈ ਬਿਆਨਦਾ ਹੈ। ਜਸਟਿਸ ਸੱਚਰ ਵਰਗੇ ਪ੍ਰਤੀਬੱਧ ਬੰਦੇ ਵਿਰਲੇ ਟਾਵੇਂ ਹੀ ਹੁੰਦੇ ਹਨ। ਅਤੇ ਇਸੇ ਕਾਰਨ ਉਨ੍ਹਾਂ ਦੀ ਰੁਖ਼ਸਤਗੀ ਵੱਡਾ ਖ਼ਲਾਅ ਛੱਡ ਜਾਂਦੀ ਹੈ। ਉਚੇਰੀ ਨਿਆਂਪਾਲਿਕਾ, ਖ਼ਾਸ ਤੌਰ 'ਤੇ ਦੇਸ਼ ਦੇ ਚੀਫ਼ ਜਸਟਿਸ ਵਰਗੀਆਂ ਨਿਆਂਇਕ ਹਸਤੀਆਂ, ਦੇ ਕਾਰ-ਵਿਹਾਰ ਨੂੰ ਲੈ ਕੇ ਚੱਲ ਰਹੇ ਚਲੰਤ ਵਿਵਾਦ ਦੇ ਪ੍ਰਸੰਗ ਵਿੱਚ ਤਾਂ ਇਹ ਖ਼ਲਾਅ ਹੋਰ ਵੀ ਵਡੇਰਾ ਜਾਪਦਾ ਹੈ।

# ਕੁਦਰਤ ਦੀ ਬੇਟੀ 'ਆਸਿਫ਼ਾ'



ਹਰੀਪਾਲ
403-714-4816

ਕਸ਼ਮੀਰ ਦੇ ਖਾਨਾ ਬਦੋਸ਼ ਕਬੀਲੇ ਸਦੀਆਂ ਤੋਂ ਡੰਗਰ ਪਾਲਣ ਦਾ ਕੰਮ ਕਰ ਰਹੇ ਹਨ। ਗਰਮੀਆਂ ਵਿਚ ਉਹ ਆਪਦੇ ਡੰਗਰਾਂ ਨੂੰ ਪਹਾੜਾਂ ਦੀਆਂ ਚਰਗਾਹਾਂ 'ਤੇ ਲੈ ਜਾਂਦੇ ਹਨ ਤੇ ਠੰਡ ਉਤਰਨ ਸਾਰ, ਉਹ ਆਪਦੇ ਡੰਗਰਾਂ ਨੂੰ ਲੈ ਕੇ ਮੈਦਾਨੀ ਇਲਾਕਿਆਂ ਵਿਚ ਆ ਜਾਂਦੇ ਹਨ। ਡੰਗਰ ਪਾਲ ਕੇ ਵੇਚਣੇ ਹੀ ਉਨ੍ਹਾਂ ਦੀ ਆਮਦਨ ਦਾ ਮੁੱਖ ਸਰੋਤ ਹਨ। ਮਨੁੱਖ ਦੀ ਅੱਜ ਕੱਲ੍ਹ ਦੀ ਫਫੇਕੁੱਟਣੀ ਸਭਿਅਤਾ ਤੋਂ ਉਹ ਬਿਲਕੁਲ ਕੋਰੇ ਹਨ। ਬੇਸ਼ੱਕ ਕੁਝ ਕਬੀਲੇ ਜੰਗਲਾਂ ਵਿਚ ਘਰ ਬਣਾ ਕੇ ਪੱਕੇ ਵੀ ਰਹਿਣ ਲੱਗ ਪਏ ਹਨ, ਪਰ ਆਸਿਫਾ ਦਾ ਕਬੀਲਾ ਅਜੇ ਵੀ ਪੁਰਾਣੇ ਪ੍ਰੰਪਰਾਗਤ ਤਰੀਕੇ ਨਾਲ ਹੀ ਰਹਿ ਰਿਹਾ ਹੈ। ਸਦੀਆਂ ਤੋਂ ਪਹਾੜਾਂ ਵਿਚ ਵਗਦੀਆਂ ਨਿੱਕੀਆਂ-ਨਿੱਕੀਆਂ ਕਰੀਕਾਂ (ਚੋਆ) ਦਾ ਪਾਣੀ ਪੀਂਦੇ ਹਨ, ਜੰਗਲਾਂ ਦੀ ਸਾਫ਼ ਹਵਾ ਵਿਚ ਸਾਹ ਲੈਂਦੇ ਹਨ, ਸਾਫ਼ ਪਾਣੀ ਪੀਂਦੇ ਹਨ ਅਤੇ ਦਿਲ ਦੇ ਸਾਫ਼, ਪਵਿੱਤਰ ਨਿਰਮਲ ਹਨ। ਕਸ਼ਮੀਰ ਦੀਆਂ ਸਰਦੀਆਂ ਮੁੱਕਣ 'ਤੇ ਹੁਣ ਉਹ ਫਿਰ ਪਹਾੜੀ ਵਾਦੀਆਂ ਵਿਚ ਆਪਦੇ ਡੰਗਰ ਚਾਰਨ ਆਏ ਹੋਏ ਹਨ।

ਬੱਕਰੀਆਂ ਦੇ ਨਿੱਕੇ ਨਿੱਕੇ ਮੇਮਣੇ ਆਸਿਫਾ ਦੇ ਦੋਸਤ ਹਨ, ਘੋੜੀਆਂ ਦੇ ਵਛੇਰੇ ਆਸਿਫਾ ਦੇ ਦੋਸਤ ਹਨ। ਉਨ੍ਹਾਂ ਨਾਲ ਖੇਡਣਾ ਉਨ੍ਹਾਂ ਨੂੰ ਪਹਾੜਾਂ ਦੀਆਂ ਵਾਦੀਆਂ ਵਿਚ ਚਾਰਨਾਂ ਉਸਦੀ ਜ਼ਿੰਮੇਵਾਰੀ ਹੈ। ਆਸਿਫਾ ਆਪਣੇ ਟਿਕਾਣੇ ਤੋਂ ਦੂਰ ਉਨ੍ਹਾਂ ਨੂੰ ਚਾਰਨ ਲੈ ਜਾਂਦੀ ਹੈ। ਉਹ ਆਪਦੇ ਜਾਨਵਰਾਂ ਨਾਲ ਖੇਡਦੀ ਹੈ, ਜੰਗਲੀ ਫੁੱਲਾਂ ਨੂੰ ਚੁਣਦੀ ਹੈ, ਚੋਆ ਵਿਚ ਰੁੜ ਰਹੇ ਛੋਟੇ ਛੋਟੇ ਪੱਥਰਾਂ ਨੂੰ ਜੰਗਲਾਂ ਤੋਂ ਡਰ ਨਹੀਂ ਲੱਗਦਾ, ਉਸ ਨੂੰ ਜੰਗਲੀ ਜਾਨਵਰਾਂ ਤੋਂ ਡਰ ਨਹੀਂ ਲੱਗਦਾ, ਜੰਗਲ ਉਸ ਨੂੰ ਆਪਣਾ ਘਰ ਲੱਗਦਾ ਹੈ। ਪਹਾੜਾਂ ਦੀਆਂ ਚੋਟੀਆਂ 'ਤੇ ਪਈ ਬਰਫ਼ ਨੂੰ ਉਹ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਦੀ ਹੈ। ਆਸਿਫਾ ਕੁਦਰਤ ਦਾ ਇਕ ਤੋਹਫ਼ਾ ਹੈ। ਇਕ ਜੰਗਲੀ ਫੁੱਲ ਹੈ। ਆਸਿਫਾ ਕੁਦਰਤ ਦੀ ਵਾਰਿਸ ਹੈ। ਆਸਿਫਾ ਨੂੰ ਪਤਾ ਨਹੀਂ ਕਿ ਦਿਸਹੱਦਿਆਂ ਤੋਂ ਦੂਰ ਇਕ ਰਾਖਸ਼ਾਂ ਦੀ ਸਭਿਅਤਾ ਵੀ ਰਹਿ ਰਹੀ ਹੈ ਜਿਹੜੀ ਕੁਦਰਤ ਦੀ ਹਰ ਅਮਾਨਤ ਲੂੰ ਤਹਿਸ-ਨਹਿਸ ਕਰਨ ਲਈ, ਚਾਹੇ ਉਹ ਦਰਖਤ ਹੋਣ, ਚਾਹੇ ਪਾਣੀ ਹੋਵੇ ਚਾਹੇ ਧਰਤੀ ਦਾ ਜਰਖੇਜ਼ ਟੁਕੜਾ ਹੋਵੇ, ਚਾਹੇ ਜੰਗਲਾਂ ਦੀ ਸਾਫ਼ ਹਵਾ ਹੋਵੇ, ਨੂੰ ਆਪਦੀਆਂ ਕਾਰਾਂ ਦੇ ਧੂੰਏਂ ਨਾਲ, ਕੀਟਨਾਸ਼ਕ ਸਪਰੇਆਂ ਨਾਲ, ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕਣ ਲਈ ਵੱਡੇ-ਵੱਡੇ ਡੈਮਾਂ ਨਾਲ ਤਿਆਰ ਬਰ ਤਿਆਰ ਬੈਠੀ ਹੈ। ਉਂਜ ਇਸ ਰਾਖਸ਼ਾਂ ਦੀ ਸਭਿਅਤਾ ਨੇ ਆਮ ਲੋਕਾਂ ਨੂੰ ਇਕ ਅਦਿੱਖ ਸ਼ਕਤੀ ਦਾ ਡਰ ਪਾਇਆ ਹੋਇਆ ਹੈ। ਉਸ ਅਦਿੱਖ ਸ਼ਕਤੀ ਦੇ ਥਾਂ ਥਾਂ ਘਰ ਬਣਾਏ ਹੋਏ ਹਨ। ਜੰਗਲੀ ਜਾਨਵਰਾਂ ਦੀ ਕੂ ਕੂ ਨੂੰ ਸੁਣਦੀ ਆਸਿਫਾ ਉਸ ਦਿਨ ਆਪਦੇ ਜਾਨਵਰ ਲੈ ਕੇ, ਟਿਕਾਣੇ ਤੋਂ ਕਾਫ਼ੀ ਦੂਰ ਆ ਗਈ। ਉਸ ਦਿਨ ਉਹ ਤਾੜ ਵਿਚ ਬੈਠੇ ਦੋ ਲੱਤੇ ਜਮਦੂਤਾਂ ਦੀ ਨਿਗ੍ਹਾ ਚੜ੍ਹ ਗਈ। ਇਹ ਮਜਦੂਤ ਬਹੁਤ ਚਿਰ ਦੇ ਉਸ ਦੇ ਕਬੀਲੇ ਤੋਂ ਖਾਰ ਖਾਂਦੇ ਸਨ ਅਤੇ ਹਮੇਸ਼ਾ ਉਸਦੇ ਕਬੀਲੇ ਨੂੰ ਇਨ੍ਹਾਂ ਕੁਦਰਤੀ ਤੋਹਫ਼ਿਆਂ ਤੋਂ ਵਾਂਝਾ ਕਰਨ ਲਈ ਗੋਂਦਾ ਗੁੰਦਦੇ ਰਹਿੰਦੇ ਸਨ। ਇਹ ਅਖੌਤੀ ਸਭਿਅਤਾ ਦੇ ਅਲੰਬਰਦਾਰ ਇਨ੍ਹਾਂ ਪਹਾੜੀ ਵਾਦੀਆਂ ਨੂੰ ਆਪਦੇ ਬਾਪ ਦੀ ਜਗੀਰ ਸਮਝਦੇ ਸਨ। ਉਸ ਦਿਨ ਆਸਿਫਾ ਨੂੰ ਇਕੱਲੀ ਅਤੇ ਟਿਕਾਣੇ ਤੋਂ ਦੂਰ ਦੇਖਕੇ, ਇਹ ਜਮਦੂਤ ਜਿਹੜੇ ਧਾਰਮਿਕ ਹੋਣ ਦਾ ਪਾਖੰਡ ਵੀ ਕਰਦੇ ਨੇ, ਆਪਦੇ ਵਹਿਸ਼ੀਪੁਣੇ 'ਤੇ ਕਾਬੂ ਨਹੀਂ ਰੱਖ ਸਕੇ। ਉਹ ਭੋਲੀ ਭਾਲੀ ਆਸਿਫਾ ਨੂੰ ਜਿਸ ਦੀ ਖੇਡਣ ਦੀ ਉਮਰ ਸੀ, ਬੱਕਰੀਆਂ ਦੇ ਮੇਮਣੇ, ਘੋੜੀਆਂ ਦੇ ਵਛੇਰੇ ਜਿਸ ਦੀ ਦੁਨੀਆਂ ਸੀ, ਨੂੰ ਚੱਕ ਕੇ ਰੱਬ ਦੇ ਘਰ ਵਿਚ ਲੈ ਆਏ। ਆਸਿਫਾ ਭੁੱਖੀ ਤਿਹਾਈ ਰੱਖੀ ਗਈ, ਇਹ ਲਗਾਤਾਰ ਉਸ ਦਾ ਮਾਸ ਨੋਚਦੇ ਰਹੇ, ਪੱਥਰ ਦੀ ਦੇਵੀ ਆਸਿਫਾ ਦੀਆਂ ਚੀਕਾਂ ਸੁਣਕੇ ਵੀ ਹਰਕਤ ਵਿਚ ਨਾ ਆਈ। ਇਨ੍ਹਾਂ ਜਮਦੂਤਾਂ ਨੂੰ ਉਸ ਕੁਦਰਤ ਦੇ ਜੀਅ 'ਤੇ ਭੋਰਾ ਵੀ ਤਰਸ ਨਾ ਆਇਆ। ਫਿਰ ਉਹ ਕਾਨੂੰਨ ਜਿਸ ਤੋਂ ਲੋਕਪੱਖੀ ਹੋਣ ਦਾ ਭਰਮ ਹੈ, ਵੀ ਆਪਦੀ ਹਵਸ਼ ਮਿਟਾਉਣ ਆਇਆ। ਉਸ ਨਿੱਕੀ ਜਿਹੀ ਆਸਿਫਾ ਨਾਲ ਬਾਹਰ ਦੀ ਦੁਨੀਆਂ ਉਸ ਤਰ੍ਹਾਂ ਆਪਦੇ ਕਾਰ ਵਿਹਾਰ 'ਚ ਬਿਜੀ ਹੈ। ਕਿਸੇ ਨੂੰ ਨਹੀਂ ਪਤਾ ਆਸਿਫਾ ਰੱਬ ਦੇ ਘਰ 'ਚ ਭੁੱਖੀ ਤਿਹਾਈ ਇਕ ਤੋਂ ਬਾਅਦ ਇਕ ਜਰਵਾਣੇ ਦੀ ਭੇਟਾ ਚੜ੍ਹ ਰਹੀ ਹੈ। ਉਹ ਜਰਵਾਣੇ ਹੱਸਦੇ ਹਨ, ਨਾ ਉਨ੍ਹਾਂ ਨੂੰ ਰੱਬ ਦਾ ਡਰ ਹੈ, ਨਾ ਕਾਨੂੰਨ ਦਾ ਡਰ ਹੈ ਕਿਉਂਕਿ ਉਹ ਉਸ ਬਹੁਗਿਣਤੀ ਦੇ ਨੁਮਾਇੰਦੇ ਹਨ ਜਿਹੜੀ ਕਾਨੂੰਨ ਬਣਾਉਂਦੀ ਹੈ ਤੋੜਦੀ ਹੈ। ਇਨ੍ਹਾਂ ਤੜਪਾ ਕੇ, ਇੰਨਾ ਸੋਚ ਕੇ ਵੀ ਉਸ ਤੋਂ ਜਿਉਣ ਦਾ ਹੱਕ ਖੋਹ ਲਿਆ ਜਾਂਦਾ ਹੈ। ਉਸ ਦਾ ਗਲ ਘੁੱਟਿਆ ਜਾਂਦਾ ਹੈ, ਪੱਥਰਾਂ ਨਾਲ ਉਸ ਦਾ ਸਿਰ ਫੇਹ ਦਿੱਤਾ ਜਾਂਦਾ ਹੈ। ਇੰਨਾ ਕਹਿਰ ਕਮਾ ਕੇ ਵੀ ਉਹ ਬੇਖੌਫ਼ ਹਨ, ਬੇਫਿਕਰ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਨੂੰ ਬਚਾਉਣ ਲਈ, ਉਨ੍ਹਾਂ ਵਰਗੀ ਕੱਟੜਤਾ ਕਾਨੂੰਨ ਦੇ ਅੱਗੇ ਦੀਵਾਰ ਬਣਕੇ ਖੜ੍ਹ ਜਾਣੀ ਹੈ।




ਸਾਰੀ ਦੁਨੀਆਂ ਦੇ ਸਮਝਦਾਰ ਲੋਕ ਹਿੱਲ ਗਏ ਹਨ, ਲੋਕਾਂ ਨੂੰ ਪਤਾ ਨਹੀਂ ਲੱਗ ਰਿਹਾ ਕਿ ਇਸ ਦਾ ਹੱਲ ਕੀ ਹੋਵੇਗਾ। ਆਕਰੋਸ਼ ਨੇ ਲੋਕਾਂ ਦੇ ਸਿਰ ਫੱਟਣ ਵਾਲੇ ਕਰ ਦਿੱਤੇ ਹਨ। ਜਾਗਦੀ ਜ਼ਮੀਰ ਵਾਲੇ ਲੋਕ ਸੜਕਾਂ 'ਤੇ ਨਿਕਲ ਆਏ ਹਨ। ਕਿਸੇ ਵੀ ਕੁੜੀ ਦਾ ਨਾਂ ਆਸਿਫਾ ਹੋ ਸਕਦਾ ਹੈ, ਆਸਿਫਾ ਮੇਰੇ ਘਰ ਜਨਮ ਸਕਦੀ ਹੈ, ਆਸਿਫਾ ਤੁਹਾਡੇ ਘਰ ਜਨਮ ਸਕਦੀ ਹੈ ਤੇ ਦਰਿੰਦੇ ਵੀ ਉਹੀ ਹੋ ਸਕਦੇ ਹਨ ਚਾਹੇ ਕਿਸੇ ਵੀ ਧਾਰਮਿਕ ਰੂਪ ਵਿਚ ਹੋਣ? ਆਸਿਫਾ ਤੂੰ ਸਾਨੂੰ ਝੰਜੋੜ ਦਿੱਤਾ ਹੈ, ਜਾਗਦੀ ਜ਼ਮੀਰ ਹਿਲਾ ਦਿੱਤੀ ਹੈ, ਆਸਿਫਾ ਤੇਰਾ ਕਰਜ਼ ਅਸੀਂ ਕਿਵੇਂ ਚੁਕਾਵਾਂਗੇ?

ਦੁਨੀਆਂ ਭਰ ਵਿਚ ਹਰ ਘੰਟੇ ਵਿਚ ਪਤਾ ਨਹੀਂ ਕਿੰਨੀਆਂ ਕੁ ਆਸਿਫਾ ਰੇਪ ਕਰਕੇ ਮਾਰੀਆਂ ਜਾ ਰਹੀਆਂ ਹਨ। ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਬਹੁਤ ਜਗ੍ਹਾ ਤੇ ਆਸਿਫਾ ਦੀ ਰੂਹ ਦੀ ਸ਼ਾਂਤੀ ਲਈ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ, ਇਕ ਗੱਲ ਯਾਦ ਰਹੇ ਕਿ ਸਮਾਜ ਕਦੇ ਵੀ ਅਰਦਾਸਾਂ ਨਾਲ ਨਹੀਂ ਬਦਲਦੇ, ਕਾਨੂੰਨ ਕਦੇ ਵੀ ਅਰਦਾਸਾਂ ਨਾਲ ਨਹੀਂ ਬਦਲਦੇ, ਇਸ ਦੇ ਲਈ ਇਸ ਗਲੇ ਸੜੇ ਪ੍ਰਬੰਧ ਨੂੰ ਮੁੱਢੋਂ ਸੁੱਢੋਂ ਉਖਾੜ ਸਿੱਟਣ ਦੀ ਲੋੜ ਪੈਂਦੀ ਹੈ। ਜੇਕਰ ਆਸਿਫਾ ਦੀ ਰੂਹ ਦੀ ਸ਼ਾਂਤੀ ਦੀ ਗੱਲ ਕਰੀਏ ਤਾਂ ਆਸਿਫਾ ਦਾ ਰੇਪ, ਆਸਿਫਾ ਦਾ ਕਤਲ ਤਾਂ ਉਸ ਅਖੌਤੀ ਰੱਬ ਦੇ ਘਰ ਹੁੰਦਾ ਹੈ, ਜਿਥੇ ਲੋਕ ਮਨ ਦੀ ਸ਼ਾਂਤੀ ਲਈ ਜਾਂਦੇ ਹਨ। ਜੇਕਰ ਦੁਨੀਆਂ ਭਰ ਵਿਚ ਬੱਚਿਆਂ ਦੇ ਸਰੀਰਕ ਸ਼ੋਸ਼ਣ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਸਿਰਫ਼ 10% ਰੇਪ ਹੀ ਰਿਪੋਰਟ ਹੁੰਦੇ ਹਨ ਜਦਕਿ 90% ਬਲਾਤਕਾਰ ਅਨ-ਰਿਪੋਰਟਡ ਹੀ ਰਹਿ ਜਾਂਦੇ ਹਨ। ਬਹੁਤ ਵਾਰੀ ਰੇਪ ਦੇ ਵਿਕਟਿਮ ਰਿਪੋਰਟ ਕਰਨ ਤੋਂ ਹੀ ਡਰ ਜਾਂਦੇ ਹਨ ਕਿਉਂਕਿ ਬਲਾਤਕਾਰੀ ਆਰਥਿਕ ਤੌਰ 'ਤੇ ਜਾਂ ਰਾਜਨੀਤਕ ਤੌਰ 'ਤੇ ਬਹੁਤ ਪਾਵਰਫੁੱਲ ਹੁੰਦੇ ਹਨ ਅਤੇ ਬਹੁਤ ਵਾਰੀ, ਸਖ਼ਤ ਕਾਨੂੰਨ ਨਾ ਹੋਣ ਕਰਕੇ ਬਲਾਤਕਾਰੀ ਵੱਡੀ ਖੋਰੀ ਨਾਲ ਛੁੱਟੀ ਜਾਂਦੇ ਹਨ। ਦੁਨੀਆਂ ਭਰ ਦੇ ਸਰਵੇ ਮੁਤਾਬਿਕ ਸਾਊਥ ਅਫ਼ਰੀਕਾ ਵਿਚ ਹਰ ਸਾਲ ਪੰਜ ਲੱਖ ਰੇਪ ਹੁੰਦੇ ਹਨ। ਚੀਨ ਵਿਚ 31000 ਅਤੇ ਮਿਸਰ ਵਿਚ ਹਰ ਸਾਲ 2 ਲੱਖ ਰੇਪ ਹੁੰਦੇ ਹਨ। ਅਮਰੀਕਾ ਵਿਚ ਹਰ ਸਾਲ 94000 ਰੇਪ ਹੁੰਦੇ ਹਨ ਤੇ ਇੰਗਲੈਂਡ ਵਿਚ 85000 ਰੇਪ ਹੁੰਦੇ ਹਨ। ਇੰਡੀਆ ਸਿਰਫ਼ 2 ਲੱਖ ਰੇਪ ਰਿਪੋਰਟ ਹੁੰਦੇ ਹਨ ਜੇਕਰ 90% ਰੇਪ ਜਿਹੜੇ ਰਿਪੋਰਟ ਨਹੀਂ ਹੁੰਦੇ ਉਸ ਹਿਸਾਬ ਅਸਲ ਵਿਚ ਸਾਊਥ ਅਫਰੀਕਾ ਵਿਚ 50 ਲੱਖ ਰੇਪ ਹੁੰਦੇ ਹਨ ਤੇ ਇੰਡੀਆ ਵਿਚ ਸਲਾਨਾ 20 ਲੱਖ ਬੱਚਿਆਂ ਨਾਲ ਬਲਾਤਕਾਰ ਕੀਤਾ ਜਾਂਦਾ ਹੈ। ਇਸ ਹਿਸਾਬ ਚੀਨ ਵਿਚ 3 ਲੱਖ, ਇੰਗਲੈਂਡ ਵਿਚ ਸਾਢੇ ਅੱਠ ਲੱਖ ਅਤੇ ਅਮਰੀਕਾ ਵਿਚ ਨੌ ਲੱਖ ਚਾਲੀ ਹਜ਼ਾਰ ਬੱਚਿਆਂ ਨਾਲ ਬਲਾਤਕਾਰ ਕੀਤਾ ਜਾਂਦਾ ਹੈ। ਇਹ ਸਿਰਫ਼ ਕੁਝ ਦੇਸ਼ਾਂ ਦੀਆਂ ਫਿੱਗਰਾਂ ਹੀ ਲਈਆਂ ਗਈਆਂ ਹਨ।

ਇਹ ਬਲਾਤਕਾਰ ਦੀਆਂ ਘਟਨਾਵਾਂ ਬੱਚਿਆਂ ਦਾ ਮਨੁੱਖ ਦੇ ਰੂਪ ਵਿਚ ਪੂਰਨ ਵਿਕਾਸ ਨਹੀਂ ਹੋਣ ਦਿੰਦੀਆਂ। ਬੱਚੇ ਸਾਰੀ ਉਮਰ ਇਕ ਗਿਲਟ ਜਾਂ ਸ਼ਰਮ ਵਿਚ ਲੰਘਾਉਂਦੇ ਹਨ। ਕਈ ਵਾਰ ਬਲਾਤਕਾਰ ਦੇ ਸ਼ਿਕਾਰ ਹੋਏ ਬੱਚਿਆਂ ਨੂੰ ਬਹੁਤ ਭੈੜੀਆਂ ਬਿਮਾਰੀਆਂ ਵੀ ਲੱਗ ਜਾਂਦੀਆਂ ਹਨ ਜਿਹੜੀਆਂ ਕਿ ਉਨ੍ਹਾਂ ਦੀ ਜ਼ਿੰਦਗੀ ਤਬਾਹ ਕਰ ਦਿੰਦੀਆਂ ਹਨ। ਬਹੁਤ ਵਾਰੀ ਬੱਚਿਆਂ ਨਾਲ ਬਲਾਤਕਾਰ ਕਰਨ ਵਾਲੇ ਘਰ ਦੇ, ਰਿਸ਼ਤੇਦਾਰ ਜਾਂ ਗੁਆਂਢੀ ਵੀ ਹੁੰਦੇ ਹਨ। ਬਹੁਤ ਵਾਰੀ ਗਰੀਬ ਲੋਕਾਂ ਦੇ ਬੱਚਿਆਂ ਨੂੰ ਹੋਟਲਾਂ ਵਿਚ ਅਮਰੀਜ਼ਾਦਿਆਂ ਦੀ ਅੱਯਾਸ਼ੀ ਲਈ ਭੇਜਿਆਂ ਜਾਂਦਾ ਹੈ। ਆਰਥਿਕ ਪਾੜਾ ਬੱਚਿਆਂ ਦੇ ਸ਼ੋਸ਼ਣ ਨੂੰ ਹੋਰ ਵਧਾਉਂਦਾ ਹੈ। ਅਰਬਾਂ ਦੇ ਸੇਕ, ਦੱਖਣੀ ਭਾਰਤ ਦੇ ਗਰੀਬ ਇਲਾਕਿਆਂ ਵਿਚ ਟੈਂਪਰੇਰੀ ਵਿਆਹ ਕਰਾਉਂਦੇ ਹਨ। ਪੈਸੇ ਦੀ ਪ੍ਰਧਾਨਗੀ, ਧਾਰਮਿਕ ਕੱਟੜਤਾ ਸਾਧਨਾਂ ਦੀ ਕਾਣੀ ਵੰਡ ਇਸ ਸਭ ਕਾਸੇ ਲਈ ਜ਼ਿੰਮੇਵਾਰ ਹੈ। ਜਾਗਦੀ ਜ਼ਮੀਰ ਵਾਲੇ ਲੋਕਾਂ ਦਾ ਫਰਜ਼ ਬਣਦਾ ਹੇ ਕਿ ਬਲਾਤਕਾਰੀਆਂ ਦੇ ਖਿਲਾਫ਼ ਸੜਕਾਂ 'ਤੇ ਨਿਕਲਣ ਦੇ ਨਾਲ ਨਾਲ ਸਮਾਜ ਦੀ ਬਣਤਰ ਬਾਰੇ ਵੀ ਗੰਭੀਰ ਰੂਪ ਵਿਚ ਵਿਚਾਰ ਕਰਨਾ ਪਵੇਗਾ ਅਤੇ ਉਸ ਸਮਾਜ ਦੀ ਉਸਾਰੀ ਵਿਚ ਜਿਹੜਾ ਕਿ ਹਰ ਇਕ ਦੇ ਭਲੇ ਵਾਲਾ ਹੋਵੇ, ਸਾਫ਼ ਸੁਥਰਾ ਕਾਨੂੰਨੀ ਪ੍ਰਬੰਧ ਵਾਲਾ ਹੋਵੇ, ਜਿਥੇ ਹਰ ਇਕ ਸੁਖ ਦਾ ਸਾਹ ਲੈ ਸਕੇ, ਦੀ ਉਸਾਰੀ ਲਈ ਯਤਨ ਕਰਨੇ ਪੈਣਗੇ।

*ਜਨਮ ਦਿਨ 'ਤੇ*

# ਨੌਜਵਾਨ ਗ਼ਦਰੀ ਯੋਧਾ-ਕਰਤਾਰ ਸਿੰਘ ਸਰਾਭਾ

ਮਨਦੀਪ

1896 'ਚ 24 ਮਈ ਦੇ ਦਿਨ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਮਾਤਾ ਸਾਹਿਬ ਕੌਰ ਤੇ ਪਿਤਾ ਮੰਗਲ ਸਿੰਘ ਦੇ ਘਰ ਕਰਤਾਰ ਸਿੰਘ ਨੇ ਜ..ਨਮ ਲਿਆ ਸੀ। ਅੱਜ ਅਸੀਂ ਇੱਕੀਵੀਂ ਸਦੀ ਵਿਚ ਕਰਤਾਰ ਸਿੰਘ ਨੂੰ ਹੀ ਵਿਸ਼ੇਸ਼ ਤੌਰ 'ਤੇ ਯਾਦ ਕਰ ਰਹੇ ਹਾਂ। ਉਸ ਕਰਤਾਰ ਸਿੰਘ ਨੂੰ, ਜੋ ਕ੍ਰਾਂਤੀਕਾਰੀ ਭਗਤ ਸਿੰਘ ਦਾ ਪ੍ਰੇਰਨਾ-ਸ੍ਰੋਤ ਵੀ ਰਿਹਾ ਤੇ ਉਸਤੋਂ ਅਗਲੀਆਂ ਪੀੜ੍ਹੀਆਂ ਦਾ ਵੀ।

ਬਚਪਨ 'ਚ ਹੀ ਉਸਦੇ ਮਾਤਾ-ਪਿਤਾ ਦਾ ਦੇਹਾਂਤ ਹੋਣ ਕਾਰਨ ਕਰਤਾਰ ਸਿੰਘ ਤੇ ਭੈਣ ਧੰਨ ਕੌਰ ਦਾ ਪਾਲਣ-ਪੋਸ਼ਣ ਉਨਾਂ ਦੇ ਦਾਦਾ ਬਦਨ ਸਿੰਘ ਨੇ ਕੀਤਾ। ਕਰਤਾਰ ਸਿੰਘ ਨੇ ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ 'ਚੋਂ ਅੱਵਲ ਰਹਿ ਕੇ ਅਤੇ ਮੈਟ੍ਰਿਕ ਉੜੀਸਾ ਤੋਂ ਪਾਸ ਕੀਤੀ। ਪੰਦਰਾਂ ਸਾਲ ਦੀ ਉਮਰ 'ਚ ਉੜੀਸਾ ਦੇ ਰੇਵਨਸ਼ਾ ਕਾਲਜ ਤੋਂ ਗਿਆਰਵੀਂ ਪਾਸ ਕਰਦਿਆਂ 1 ਜਨਵਰੀ 1912 ਨੂੰ ਅਮਰੀਕਾ ਪਹੁੰਚ ਕੇ ਉਥੋਂ ਦੀ ਬਰਕਲੇ ਯੂਨੀਵਰਸਿਟੀ 'ਚ ਕੈਮਿਸਟਰੀ ਦੇ ਵਿਦਿਆਰਥੀ ਵਜੋਂ ਦਾਖ਼ਲਾ ਲਿਆ। ਬਰਕਲੇ ਯੂਨੀਵਰਸਿਟੀ ਦੇ ਹੋਸਟਲ 'ਚ ਰਹਿਣ ਵਾਲੇ ਤੀਹ ਪੰਜਾਬੀ ਤੇ ਬੰਗਾਲੀ ਵਿਦਿਆਰਥੀ ਲਾਲਾ ਹਰਦਿਆਲ ਦੇ ਸੰਪਰਕ ਵਿਚ ਆਏ। ਲਾਲਾ ਹਰਦਿਆਲ ਦੇ ਦੇਸ਼ ਭਗਤੀ ਵਾਲੇ ਵਿਚਾਰਾਂ ਨੇ ਵਿਦਿਆਰਥੀਆਂ ਅੰਦਰ ਕੌਮੀ ਪਹਿਚਾਣ ਤੇ ਸਵੈਮਾਨ ਦਾ ਜਜ਼ਬਾ ਪੈਦਾ ਕੀਤਾ। ਉਸ ਸਮੇਂ ਸੰਸਾਰ ਪੱਧਰੀਆਂ ਸਮਾਜਿਕ ਹਾਲਤਾਂ ਨੇ ਵੀ ਹਿੰਦੋਸਤਾਨੀ ਵਿਦੇਸ਼ੀ ਨੌਜਵਾਨਾਂ ਦੀ ਸੰਵੇਦਨਾ ਨੂੰ ਪ੍ਰਭਾਵਿਤ ਕੀਤਾ। ਉਨਾਂ ਨੌਜਵਾਨਾਂ ਅੰਦਰ 1857 ਦੀ ਮਹਾਨ ਬਗ਼ਾਵਤ ਦੀ ਚਿਣਗ ਵੀ ਸੀ ਤੇ ਹਿੰਦੋਸਤਾਨ ਦੀ ਧਰਤੀ 'ਤੇ ਵਾਪਰਦਾ ਬਰਤਾਨਵੀ ਲੁੱਟ-ਜਬਰ ਦਾ ਦਰਦ ਵੀ ਸੀ, ਜੋ ਉਨਾਂ ਨੂੰ ਕੁਝ ਕਰ-ਗੁਜ਼ਰਨ ਲਈ ਪ੍ਰੇਰਦਾ। ਇਨਾਂ ਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ 'ਭਾਰਤੀ ਕੁੱਤੇ', 'ਨਖਿੱਧ ਹਿੰਦੂ', 'ਕਾਲੇ ਆਦਮੀ', 'ਗ਼ੁਲਾਮ ਭੇਡਾਂ' ਆਦਿ ਵਿਸ਼ੇਸ਼ਣਾਂ ਨਾਲ ਪੁਕਾਰਿਆ ਜਾਂਦਾ। ਵਿਦੇਸ਼ਾਂ 'ਚ ਕਮਾਈਆਂ ਕਰਨ ਗਏ ਭੁੱਖਾਂ ਮਾਰੇ ਭਾਰਤੀ ਤੇ ਸਿੱਖਿਆ ਹਾਸਿਲ ਕਰਨ ਗਏ ਮੱਧਵਰਗੀ ਵਿਦਿਆਰਥੀ ਦੋਵੇਂ ਯੂਰਪੀ ਦੇਸ਼ਾਂ ਅੰਦਰਲੇ ਰਾਸ਼ਟਰੀ ਚੇਤਨਾ ਅੰਦੋਲਨਾਂ ਤੋਂ ਪ੍ਰਭਾਵਿਤ ਹੋ ਕੇ ਭੁੱਖ-ਨੰਗ ਤੇ ਜ਼ਹਾਲਤ ਨਾਲ ਘੁਲ ਰਹੇ, ਗ਼ੁਲਾਮੀ ਦੀਆਂ ਜੰਜ਼ੀਰਾਂ 'ਚ ਜਕੜੇ ਵਤਨ ਨੂੰ ਆਜ਼ਾਦ ਕਰਵਾਉਣ ਦੇ ਸੁਪਨੇ ਤੱਕਣ ਲੱਗੇ।

ਲਾਲਾ ਹਰਦਿਆਲ, ਭਾਈ ਪਰਮਾਨੰਦ, ਸ਼ਿਆਮ ਜੀ, ਕ੍ਰਿਸ਼ਨ ਵਰਮਾ ਵਰਗੇ ਸੰਗਰਾਮੀਆਂ ਦੇ ਸੰਪਰਕ 'ਚ ਆਉਣ 'ਤੇ ਕਰਤਾਰ ਸਿੰਘ ਸਰਾਭਾ ਰਾਜਨੀਤਕ ਗਤੀਵਿਧੀਆਂ 'ਚ ਹਿੱਸਾ ਲੈਣ ਲੱਗਦਾ ਹੈ। ਇੰਗਲੈਂਡ, ਅਮਰੀਕਾ, ਫਰਾਂਸ, ਜਪਾਨ, ਜਰਮਨੀ ਸਮੇਤ ਅਨੇਕਾਂ ਦੇਸ਼ਾਂ ਅੰਦਰ ਬੈਠੇ ਭਾਰਤੀ ਆਜ਼ਾਦੀ ਸੰਗਰਾਮ ਲਈ ਆਪਸੀ ਤਾਲਮੇਲ ਸਥਾਪਿਤ ਕਰਨ, ਲੋਕਾਂ ਤੇ ਉਦੇਸ਼ ਪ੍ਰਾਪਤੀ ਲਈ ਮੁੱਢਲੇ ਰੂਪ ਵਿਚ ਅਨੇਕਾਂ ਭਾਂਤ ਦੇ ਪਰਚੇ ਵੱਖ-ਵੱਖ ਪੱਧਰ 'ਤੇ ਕੱਢੇ ਜਾਣ ਲੱਗੇ। ਇਨਾਂ ਸੰਗਰਾਮੀਆਂ ਵੱਲੋਂ 21 ਅਪ੍ਰੈਲ 1913 ਨੂੰ 'ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ' ਨਾਂ ਦੀ ਜਥੇਬੰਦੀ ਦੀ ਨੀਂਹ ਰੱਖੀ ਗਈ, ਜਿਸ ਵਿਚ ਨੌਜਵਾਨ ਸਰਾਭਾ ਵੀ ਸ਼ਾਮਿਲ ਹੋਇਆ। ਸਰਾਭਾ ਸ਼ੁਰੂ ਤੋਂ ਹੀ ਲੀਡਰਸ਼ਿਪ ਵਾਲੇ ਗੁਣਾਂ ਵਾਲਾ ਹੋਣਹਾਰ ਨੌਜਵਾਨ ਸੀ।

'ਹਿੰਦੀ ਐਸੋਸੀਏਸ਼ਨ' ਦੇ ਪਹਿਲੇ ਪ੍ਰਧਾਨ ਸੋਹਣ ਸਿੰਘ ਭਕਨਾ, ਉਪ ਪ੍ਰਧਾਨ ਕੇਸਰ ਸਿੰਘ, ਜਨਰਲ ਸਕੱਤਰ ਲਾਲਾ ਹਰਦਿਆਲ, ਜੁਆਇੰਟ ਸਕੱਤਰ ਠਾਕੁਰ ਦਾਸ ਧੁਰਾ ਤੇ ਵਿੱਤ ਸਕੱਤਰ ਪੰਡਤ ਕਾਸ਼ੀ ਰਾਮ ਮੜੌਲੀ ਬਣੇ। 1857 ਦੇ ਗ਼ਦਰ ਤੋਂ ਪ੍ਰੇਰਿਤ ਹੋ 'ਗ਼ਦਰ' ਨਾਂ ਦਾ ਅਖ਼ਬਾਰ ਕੱਢਣ ਦੀ ਤਜਵੀਜ਼ ਪਾਸ ਹੋਈ। ਬੰਗਾਲ ਦੀ ਇਨਕਲਾਬੀ ਲਹਿਰ ਤੇ ਅਖ਼ਬਾਰ 'ਯੁਗਾਂਤਰ' ਦੇ ਨਾਮ 'ਤੇ ਸਾਨਫਰਾਂਸਿਸਕੋ 'ਚ 'ਯੁਗਾਂਤਰ ਆਸ਼ਰਮ' ਬਣਾਇਆ ਗਿਆ। ਇਸੇ ਹੈੱਡਕੁਆਟਰ ਤੋਂ 1 ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਅੰਕ ਪ੍ਰਕਾਸ਼ਿਤ ਕੀਤਾ ਗਿਆ। ਜਲਦ ਹੀ ਪੰਜਾਬੀ ਐਡੀਸ਼ਨ ਕੱਢਿਆ ਜਾਣ ਲੱਗਿਆ, ਜਿਸਦਾ ਸੰਪਾਦਕ ਸਰਾਭਾ ਨੂੰ ਬਣਾਇਆ ਗਿਆ। 'ਗ਼ਦਰ' ਅਖ਼ਬਾਰ ਵਿਚ ਸਰਾਭਾ ਦੀ ਸਰਗਰਮ ਭੂਮਿਕਾ ਰਹੀ। ਉਹ ਇਤਿਹਾਸ ਤੇ ਰਾਜਨੀਤਕ ਸੋਝੀ ਵਾਲਾ ਪ੍ਰਤਿਭਾਸ਼ਾਲੀ ਨੌਜਵਾਨ ਸੀ। ਪੜ੍ਹਨ ਗਏ ਉਸ ਗੱਭਰੂ ਨੇ ਦੋ ਸੌ ਡਾਲਰ 'ਗ਼ਦਰ' ਲਈ ਲਾਲਾ ਹਰਦਿਆਲ ਨੂੰ ਸੌਂਪ ਦਿੱਤੇ। ਉਹ ਕੁਲਵਕਤੀ ਵਜੋਂ ਅਖ਼ਬਾਰ ਲਈ ਅਣਥੱਕ ਮਿਹਨਤ ਕਰਦਾ ਤੇ ਭੋਜਨ, ਕੱਪੜਾ ਆਦਿ ਨਿੱਜੀ ਲੋੜਾਂ ਲਈ ਮਹੀਨਾਵਾਰ ਪਾਰਟੀ ਤੋਂ ਸਿਰਫ਼ ਦੋ ਡਾਲਰ ਹਾਸਿਲ ਕਰਦਾ। ਸਤਾਰਾਂ ਸਾਲਾ ਅੱਲੜ੍ਹ ਨੌਜਵਾਨ ਸਰਾਭਾ ਪਾਰਟੀ ਦੇ ਜਥੇਬੰਦਕ ਕੰਮਾਂ ਤੋਂ ਇਲਾਵਾ ਅਖ਼ਬਾਰ ਨੂੰ ਉਰਦੂ ਤੇ ਪੰਜਾਬੀ ਵਿਚ ਅਨੁਵਾਦ ਕਰਨ, ਪਹਿਲਾਂ ਸਾਈਕਲੋਸਟਾਇਲ ਤੇ ਫਿਰ ਮਸ਼ੀਨ 'ਤੇ ਟਾਈਪ ਕਰਨ ਤੇ ਅਖ਼ਬਾਰ ਨੂੰ ਡਾਕ ਰਾਹੀਂ ਭੇਜਣ ਦਾ ਕੰਮ ਪੂਰੇ ਉਤਸ਼ਾਹ ਨਾਲ ਕਰਦਾ। ਸਰਾਭਾ ਨੇ ਨਿਊਯਾਰਕ ਵਿਚ ਹਵਾਈ ਜਹਾਜ਼ ਕੰਪਨੀ ਵਿਚ ਭਰਤੀ ਹੋ ਕੇ ਜਹਾਜ਼ ਚਲਾਉਣ ਦੀ ਟ੍ਰੇਨਿੰਗ ਹਾਸਿਲ ਕੀਤੀ। ਸਰਾਭਾ ਤੇ ਉਸਦੇ ਸਾਥੀਆਂ ਦੀ ਅਣਥੱਕ ਘਾਲਣਾ ਕਾਰਨ ਬਹੁਤ ਥੋੜ੍ਹੇ ਅਰਸੇ ਵਿਚ ਅਖ਼ਬਾਰ ਨੇ ਨਵੀਂ ਤੇ ਤਿੱਖੀ ਹਲਚਲ ਪੈਦਾ ਕਰ ਦਿੱਤੀ।

ਏਨੀਂ ਦਿਨੀਂ ਕਾਮਾਗਾਟਾਮਾਰੂ ਜਹਾਜ਼ ਦੀ ਦਰਦਨਾਕ ਘਟਨਾ ਵਾਪਰੀ। ਮਲਾਇਆ ਦੇ ਅਮੀਰ ਠੇਕੇਦਾਰ ਗੁਰਦਿੱਤ ਸਿੰਘ ਨੇ ਗੁਰੂ ਨਾਨਕ ਨੇਵੀਗੇਸ਼ਨ ਕੰਪਨੀ ਬਣਾ ਕੇ ਕਾਮਾਗਾਟਾਮਾਰੂ ਨਾਂ ਦਾ ਜਹਾਜ਼ ਕਿਰਾਏ 'ਤੇ ਲਿਆ ਤੇ ਭਾਰਤੀਆਂ ਦੀ ਮਦਦ ਲਈ 376 ਯਾਤਰੀਆਂ ਨੂੰ ਲੈ ਕੇ ਹਾਂਗਕਾਂਗ ਤੋਂ ਕੈਨੇਡਾ ਵੱਲ ਨੂੰ ਚੱਲ ਪਏ ਪਰੰਤੂ ਕੈਨੇਡਾ ਸਰਕਾਰ ਨੇ ਉਨਾਂ ਨੂੰ ਕੈਨੇਡਾ ਦੀ ਧਰਤੀ ਉੱਪਰ ਨਾ ਉਤਰਨ ਦਿੱਤਾ ਤੇ ਭਾਰਤ ਵਾਪਿਸ ਪਰਤਣ ਲਈ ਮਜ਼ਬੂਰ ਕਰ ਦਿੱਤਾ। ਉਧਰ ਇਨਾਂ ਯਾਤਰੀਆਂ ਨੂੰ ਭਾਰਤ ਪੁੱਜਣ 'ਤੇ ਕਲਕੱਤਾ ਦੇ ਬਜਬਜਘਾਟ 'ਤੇ ਬਰਤਾਨਵੀ ਹਕੂਮਤ ਦੇ ਕਹਿਰ ਦਾ ਸ਼ਿਕਾਰ ਹੋਣਾ ਪਿਆ। ਵੀਹ ਮੁਸਾਫ਼ਰ ਅੰਗਰੇਜ਼ ਹਕੂਮਤ ਦੀਆਂ ਗੋਲੀਆਂ ਦਾ ਸ਼ਿਕਾਰ ਬਣੇ। 203 ਨੂੰ ਜੇਲ ਅੰਦਰ ਬੰਦ ਕਰ ਦਿੱਤਾ ਗਿਆ। ਇਸ ਜਹਾਜ਼ ਦੇ ਯਾਤਰੀਆਂ ਨਾਲ ਗ਼ਦਰ ਪਾਰਟੀ ਦਾ ਲਗਾਤਾਰ ਸੰਪਰਕ ਰਿਹਾ। ਸਰਾਭਾ ਉਨਾਂ ਸਭਨਾਂ ਤੱਕ 'ਗ਼ਦਰ' ਅਖ਼ਬਾਰ ਤੇ ਹਥਿਆਰ ਪਹੁੰਚਾਉਣ ਦਾ ਕੰਮ ਕਰਦਾ। ਇਸ ਘਟਨਾ ਤੋਂ ਬਾਅਦ ਕੈਨੇਡਾ ਤੇ ਅਮਰੀਕਾ ਵਿਚਲੇ ਗ਼ਦਰੀਆਂ ਨੇ ਪਹਿਲੇ ਵਿਸ਼ਵ ਯੁੱਧ ਦੇ ਹਾਲਤਾਂ ਨੂੰ ਅੰਗਦਿਆਂ ਦੇਸ਼ 'ਚ ਹਥਿਆਰਬੰਦ ਗ਼ਦਰ ਕਰਨ ਦਾ ਐਲਾਨ ਕੀਤਾ। ਇਸ ਐਲਾਨ ਨੂੰ ਗ਼ਦਰ ਅਖ਼ਬਾਰ ਵਿਚ ਛਾਪਿਆ ਗਿਆ। ਫਰੈਜ਼ਨੋ ਤੇ ਸੈਕਰਾਮੈਂਟੋ ਵਿਚ ਪੰਜ ਹਜ਼ਾਰ ਭਾਰਤੀਆਂ ਦਾ ਸੰਮੇਲਨ ਕੀਤਾ ਗਿਆ। ਨਵੰਬਰ 1914 ਦੇ ਪਹਿਲੇ ਹਫ਼ਤੇ ਵਤਨ ਵਾਪਸ ਪਰਤ ਪਿੰਡਾਂ ਤੇ ਫ਼ੌਜੀ ਛਾਉਣੀਆਂ 'ਚ ਪ੍ਰਚਾਰ-ਪ੍ਰਸਾਰ ਤੇ ਗ਼ਦਰ ਕਰਨ ਦਾ ਖੁੱਲ੍ਹੇਆਮ ਐਲਾਨ ਕਰ ਦਿੱਤਾ ਗਿਆ। ਆਜ਼ਾਦੀ ਦੀ ਚਾਹਤ 'ਚ ਮਤਵਾਲਾ ਹੋਇਆ ਨੌਜਵਾਨ ਸਰਾਭਾ ਅਗਲੇ ਸੰਮੇਲਨਾਂ ਦੀ ਉਡੀਕ ਕੀਤੇ ਬਿਨਾਂ ਮਹੀਨਾ ਪਹਿਲਾਂ ਪਾਰਟੀ ਪ੍ਰਧਾਨ ਨੂੰ ਪੱਤਰ ਲਿਖ ਰੇਘੂਵਰ ਦਿਆਲ ਗੁਪਤਾ ਨੂੰ ਨਾਲ ਲੈ ਕੇ 15-16 ਸਤੰਬਰ 1914 ਨੂੰ ਕੋਲੰਬੋ, ਮਦਰਾਸ ਹੁੰਦਾ ਹੋਇਆ ਪੰਜਾਬ ਪਹੁੰਚ ਗਿਆ।

ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ 'ਤੇ ਗ਼ਦਰ ਪਾਰਟੀ ਦੇ ਐਲਾਨ ਤੋਂ ਬਾਅਦ ਲਗਭਗ ਅੱਠ ਹਜ਼ਾਰ ਭਾਰਤੀ ਵਾਪਿਸ ਵਤਨ ਪਰਤੇ। ਪੁਲਿਸ ਵਤਨ ਮੁੜ ਆਇਆਂ ਨੂੰ ਜਾਂ ਤਾਂ ਪਿੰਡਾਂ ਵਿਚ ਹੀ ਨਜ਼ਰਬੰਦ ਕਰ ਦਿੰਦੀ ਜਾਂ ਫਿਰ ਗ੍ਰਿਫ਼ਤਾਰ ਕਰ ਜੇਲੀਂ ਡੱਕ ਦਿੰਦੀ। ਪੁਲਿਸ ਦੇ ਹੱਥ ਨਾ ਆਉਣ ਵਾਲੇ ਗ਼ਦਰੀਆਂ ਵਿਚ ਕਰਤਾਰ ਸਿੰਘ ਸਰਾਭਾ, ਹਰਨਾਮ ਟੁੰਡੀਲਾਟ, ਨਿਧਾਨ ਸਿੰਘ ਚੁੱਘਾ, ਭਾਈ ਭਗਤ ਸਿੰਘ, ਪ੍ਰਿਥਵੀ ਸਿੰਘ, ਪੰਡਤ ਜਗਤ ਰਾਮ, ਭਾਈ ਪਰਮਾਨੰਦ, ਭਾਈ ਜਗਤ ਸਿੰਘ, ਹਾਫ਼ਿਜ਼ ਅਬਦੁੱਲਾ ਤੇ ਗ਼ਦਰੀ ਗੁਲਾਬ ਕੌਰ ਆਦਿ ਸਨ। ਅਨੇਕਾਂ ਗ਼ਦਰੀ ਗ੍ਰਿਫ਼ਤਾਰ ਹੋ ਚੁੱਕੇ ਸਨ। ਬਹੁਤੇ ਗ਼ਦਰੀ ਭਾਰਤੀ ਲੋਕਾਂ ਦੀ ਬੇਹਰਕਤੀ ਵਾਲੀ ਹਾਲਤ ਵੇਖ ਕੇ ਨਿਰਾਸ਼ ਹੋ ਗਏ। ਜਾਬਰ ਅੰਗਰੇਜ਼ ਹਕੂਮਤ ਖਿਲਾਫ਼ ਲੜਨ ਲਈ ਭਾਰਤੀ ਲੋਕਾਂ ਵਿਚ ਵਿਦੇਸ਼ ਗਏ ਭਾਰਤੀ ਗ਼ਦਰੀਆਂ ਵਰਗਾ ਉਤਸ਼ਾਹ ਨਹੀਂ ਸੀ। ਉਹ ਗ਼ੁਲਾਮੀ ਨੂੰ ਆਪਣੀ ਹੋਣੀ ਮੰਨੀ ਬੈਠੇ ਸਨ ਪਰੰਤੂ ਸਰਾਭੇ ਨੇ ਹਿੰਮਤ ਨਹੀਂ ਹਾਰੀ। 18 ਸਾਲ ਦੀ ਉਮਰ ਵਾਲੇ ਇਸ ਜੋਸ਼ੀਲੇ ਨੌਜਵਾਨ ਨੇ ਗ਼ਦਰੀਆਂ ਦੀ ਅਗਵਾਈ ਕਰਦਿਆਂ ਗੋਰਾਸ਼ਾਹੀ ਦਾ ਫਸਤਾ ਵੱਢਣ ਲਈ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਅਥਾਹ ਸਮਰੱਥਾ ਨਾਲ ਮਿਹਨਤ ਕੀਤੀ। ਉਸਨੇ ਲੁਧਿਆਣੇ ਅੰਦਰ ਵਿਦਿਆਰਥੀਆਂ ਨਾਲ ਸੰਪਰਕ ਕਾਇਮ ਕਰਕੇ ਉਨਾਂ ਨੂੰ ਪਾਰਟੀ ਦੇ ਮਿਸ਼ਨ ਦੁਆਲੇ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਉਹ 'ਗ਼ਦਰ', 'ਗ਼ਦਰ ਦੀ ਗੂੰਜ', 'ਐਲਾਨੇ-ਜੰਗ' ਤੇ ਹੋਰ ਸਾਹਿਤ ਨੂੰ ਛਾਪ ਕੇ ਵਿਦਿਆਰਥੀਆਂ ਵਿਚ ਵੰਡਦਾ। ਕਿਧਰੇ ਬੰਗਾਲ ਦੇ ਇਨਕਲਾਬੀਆਂ ਨਾਲ ਤਾਲਮੇਲ ਕਰਦਾ। ਖ਼ੁਦ ਬੰਗਾਲ ਜਾ ਕੇ ਸੁਰੇਂਦਰ



ਨਾਥ ਬੈਨਰਜੀ, ਰਾਸ-ਬਿਹਾਰੀ ਬੋਸ ਤੇ ਸਚਿੰਦਰਨਾਥ ਸਨਿਆਲ ਨਾਲ ਰਾਬਤਾ ਕਾਇਮ ਕੀਤਾ। ਪੰਜਾਬ ਅੰਦਰ ਖੰਨਾ, ਅੰਮ੍ਰਿਤਸਰ, ਜਲੰਧਰ ਤੇ ਮੋਗਾ ਇਲਾਕੇ ਵਿਚ ਮੀਟਿੰਗਾਂ ਕੀਤੀਆਂ ਜਾਣ ਲੱਗੀਆਂ। ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਫ਼ੌਜ ਨਾਲ ਮਿਲ ਕੇ ਬਗ਼ਾਵਤ ਕਰਨ ਲਈ ਪ੍ਰੇਰਿਆ ਜਾਂਦਾ।

ਸਰਾਭਾ ਭਾਰਤ ਵਿਚ ਗ਼ਦਰ ਪਾਰਟੀ ਦਾ ਸਾਹਿਤ ਛਾਪਣ ਲਈ ਛਾਪਾਖਾਨਾ ਤੇ ਯੁਗਾਂਤਰ ਆਸ਼ਰਮ ਦੀ ਤਰਜ਼ ਦਾ ਕੋਈ ਟਿਕਾਣਾ ਸਥਾਪਿਤ ਕਰਨਾ ਚਾਹੁੰਦਾ ਸੀ, ਜਿਸਦੀ ਤਜਵੀਜ਼ ਤੇ ਤਿਆਰੀ ਵਿਚ ਉਹ ਲਗਾਤਾਰ ਜੁਟਿਆ ਰਹਿੰਦਾ। ਉਹ ਨੌਜਵਾਨ ਪਾਰਟੀ ਦਾ ਤੂਫ਼ਾਨੀ ਵਰਕਰ ਤੇ ਜੋਸ਼ੀਲਾ ਆਗੂ ਸੀ। ਉਸਦੀ ਨਿਡਰਤਾ ਦੇ ਕਈ ਕਿੱਸੇ ਮਸ਼ਹੂਰ ਹਨ। ਉਹ ਪੁਲਿਸ ਨੂੰ ਟਿੱਚ ਜਾਣਦਾ ਸੀ। ਮੀਆਂਮਾਰ ਛਾਉਣੀ 'ਤੇ ਹਮਲੇ ਦੀ ਘਟਨਾ ਤੋਂ ਪਹਿਲਾਂ (ਜੋ ਸਫ਼ਲ ਨਹੀਂ ਹੋਇਆ) ਉਸਨੇ ਇਕ ਹੌਲਦਾਰ ਨੂੰ ਨਿਧੜਕ ਹੋ ਕੇ ਕਿਹਾ ਕਿ 'ਤੂੰ ਆਪਣੀ ਗ਼ੁਲਾਮੀ ਦੀ ਨੌਕਰੀ ਛੱਡ ਕਿਉਂ ਨਹੀਂ ਦਿੰਦਾ?' ਜਿਸਤੋਂ ਪ੍ਰਭਾਵਿਤ ਹੋ ਕੇ ਉਸ ਹੌਲਦਾਰ ਨੇ ਗ਼ਦਰੀਆਂ ਦਾ ਸਾਥ ਦੇਣ ਦਾ ਇਕਰਾਰ ਵੀ ਕੀਤਾ। ਪਾਰਟੀ ਉੱਪਰ ਸੰਕਟ ਦੇ ਸਮੇਂ ਸਰਾਭਾ ਹੀ ਸਭ ਤੋਂ ਵੱਧ ਉਤਸ਼ਾਹ ਨਾਲ ਅੱਗੇ ਆਉਂਦਾ। ਮੋਗਾ ਵਿਖੇ ਖ਼ਜ਼ਾਨਾ ਲੁੱਟਣ ਦੀ ਘਟਨਾ (ਫੇਰੂ ਸ਼ਹਿਰ ਕਾਂਡ) ਸਮੇਂ ਇਕ ਥਾਣੇਦਾਰ ਨੂੰ ਮਾਰਨ ਉਪਰੰਤ ਪੁਲਿਸ ਹਮਲੇ ਵਿਚ ਮਾਰੇ ਗਏ ਦੋ ਗ਼ਦਰੀਆਂ ਤੇ ਗ੍ਰਿਫ਼ਤਾਰ ਹੋਏ ਸੱਤ ਆਗੂਆਂ (ਜਿਸ ਵਿਚ ਪਹਿਲੇ ਵਿੱਤ ਸਕੱਤਰ ਕਾਸ਼ੀ ਰਾਮ ਮੰਡੌਲੀ ਤੇ ਰਹਿਮਤ ਅਲੀ ਵਰਗੇ ਚੋਟੀ ਦੇ ਆਗੂ ਸ਼ਾਮਿਲ ਸਨ) ਨੂੰ ਫਾਂਸੀ ਦੀ ਸਜ਼ਾ ਹੋਣ ਬਾਅਦ ਵੀ ਸਰਾਭੇ ਨੇ ਹੌਸਲਾ ਕਰਦਿਆਂ ਬੰਗਾਲ ਦੇ ਇਨਕਲਾਬੀਆਂ ਨਾਲ ਤਾਲਮੇਲ ਕਰਨ 'ਚ ਸਰਗਰਮ ਭੂਮਿਕਾ ਨਿਭਾਈ।

ਬਾਬਾ ਸੋਹਣ ਸਿੰਘ ਭਕਨਾ ਦੇ ਵਿਚਾਰ ਕਿ ਪਾਰਟੀ ਨੂੰ ਕੌਮੀ ਪੱਧਰ 'ਤੇ ਪਹੁੰਚਾ ਕੇ ਇਨਕਲਾਬ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ, ਅਨੁਸਾਰ ਵਿਸ਼ਨੂੰ ਗਣੇਸ਼ ਪਿੰਗਲੇ ਤੇ ਸਰਾਭਾ ਨੇ ਕਲਕੱਤਾ, ਬਨਾਰਸ ਤੇ ਹੋਰਨਾਂ ਥਾਵਾਂ 'ਤੇ ਸਰਗਰਮ ਇਨਕਲਾਬੀਆਂ ਨਾਲ ਸੰਪਰਕ ਕੀਤਾ ਤੇ ਆਪਣਾ ਗ਼ਦਰ ਕਰਨ ਦਾ ਏਜੰਡਾ ਸਾਂਝਾ ਕੀਤਾ। ਇਨਾਂ ਇਨਕਲਾਬੀਆਂ ਨੇ ਸਰਾਭਾ ਨੂੰ ਹਰ ਸੰਭਵ ਸਾਥ ਦੇਣ ਦਾ ਵਾਅਦਾ ਕੀਤਾ, ਜੋ ਪੂਰ ਵੀ ਚੜ੍ਹਾਇਆ। ਸਨਿਆਲ ਨੇ ਪੰਜਾਬ ਦੇ ਗ਼ਦਰੀਆਂ ਨੂੰ ਕੁਝ ਜ਼ਰੂਰੀ ਸੁਝਾਅ ਵੀ ਦਿੱਤੇ। ਉਨਾਂ ਦੇ ਸੁਝਾਅ ਮੁਤਾਬਿਕ ਲਾਹੌਰ 'ਚ ਪਾਰਟੀ ਹੈੱਡਕੁਆਟਰ ਸਥਾਪਿਤ ਕੀਤੇ ਗਏ, ਜਿਨਾਂ ਵਿਚੋਂ ਇਕ ਘਰ ਗ਼ਦਰੀ ਗੁਲਾਬ ਕੌਰ ਤੇ ਨਾਮ ਤੇ ਲਿਆ ਗਿਆ। ਕੰਮ ਵਿਚ ਇਕ ਵਾਰ ਫਿਰ ਤੇਜੀ ਆਈ। ਲੁਧਿਆਣਾ ਦੇ ਵਿਦਿਆਰਥੀਆਂ ਨਾਲ ਸਰਗਰਮ ਰਾਬਤਾ ਹੋਣ 'ਤੇ ਵੱਡੀ ਗਿਣਤੀ 'ਚ 'ਗ਼ਦਰ' ਦੀਆਂ ਸਾਈਕਲੋਸਟਾਇਲ ਕਾਪੀਆਂ ਵੰਡੀਆਂ ਜਾਂਦੀਆਂ। ਲੁਧਿਆਣਾ ਦੇ ਪਿੰਡ ਝੱਬੇਵਾਲ ਵਿਚ ਬੰਬ ਬਣਾਉਣ ਦਾ ਕਾਰਖਾਨਾ ਸਥਾਪਿਤ ਕੀਤਾ ਗਿਆ, ਜਿਸ ਵਿਚ ਵਿਦਿਆਰਥੀ ਹੱਥ ਵਟਾਉਂਦੇ। ਹਥਿਆਰ ਖਰੀਦਣ ਲਈ ਡਕੈਤੀਆਂ ਪਾਈਆਂ ਗਈਆਂ। (ਕੁੱਲ ਪੰਜ ਡਾਕੇ ਮਾਰੇ ਗਏ, ਜਿਨਾਂ ਵਿਚੋਂ ਦੋ ਵਿਚ ਸਰਾਭਾ ਨੇ ਹਿੱਸਾ ਲਿਆ) ਚੰਦਾ ਵੀ ਇਕੱਠਾ ਕੀਤਾ ਜਾਂਦਾ (ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਨੇ ਉਸ ਸਮੇਂ ਇਕ ਹਜ਼ਾਰ ਰੁਪਏ ਚੰਦਾ ਦਿੱਤਾ।)

ਪਿੰਡਾਂ ਤੇ ਫੌਜੀ ਛਾਉਣੀਆਂ ਵਿਚ ਬਗ਼ਾਵਤ ਦੀ ਤਿਆਰੀ ਲਈ ਸਰਾਭਾ ਹਰ ਰੋਜ਼ ਪੰਜਾਹ-ਪੰਜਾਹ ਮੀਲ ਸਾਈਕਲ ਚਲਾਉਂਦਾ। ਇਸਤੋਂ ਇਲਾਵਾ ਸਰਾਭਾ ਨੇ ਪਿੰਗਲੇ ਨਾਲ ਮਿਲ ਕੇ ਮੇਰਠ, ਆਗਰਾ, ਕਾਨਪੁਰ, ਅਲਾਹਾਬਾਦ ਅਤੇ ਬਨਾਰਸ ਦੀਆਂ ਛਾਉਣੀਆਂ ਦਾ ਦੌਰਾ ਕਰਕੇ ਫੌਜੀਆਂ ਨੂੰ ਬਗ਼ਾਵਤ ਲਈ ਤਿਆਰ ਕੀਤਾ।

11 ਫਰਵਰੀ 1915 ਨੂੰ ਸਭ ਥਾਵਾਂ ਤੋਂ ਬਗ਼ਾਵਤਾਂ ਦੀ ਰਿਪੋਰਟ ਇਕੱਠੀ ਕਰਕੇ 21 ਫਰਵਰੀ 1915 ਦਾ ਦਿਨ 'ਗ਼ਦਰ' ਲਈ ਮੁਕਰਰ ਕੀਤਾ ਗਿਆ। 15 ਫਰਵਰੀ ਨੂੰ ਸਾਰੇ ਗ਼ਦਰੀ ਇਨਕਲਾਬੀਆਂ ਦੀਆਂ ਵੱਖ-ਵੱਖ ਬਗ਼ਾਵਤ ਕੇਂਦਰਾਂ 'ਤੇ ਡਿਊਟੀਆਂ ਲਗਾਈਆਂ ਗਈਆਂ। ਫਿਰੋਜ਼ਪੁਰ ਰੈਜੀਮੈਂਟ ਵਿਚ ਬਗ਼ਾਵਤ ਦੀ ਜ਼ਿੰਮੇਵਾਰੀ ਸਰਾਭਾ ਦੀ ਸੀ। ਸਭ ਤਿਆਰੀਆਂ ਮੁਕੰਮਲ ਸਨ ਪਰੰਤੂ ਪਾਰਟੀ ਵਿਚ ਖ਼ੁਫ਼ੀਆ ਢੰਗ ਨਾਲ ਸ਼ਾਮਿਲ ਹੋਏ ਸਰਕਾਰੀ ਸੂਹੀਏ ਕ੍ਰਿਪਾਲ ਸਿੰਘ ਨੇ 21 ਫਰਵਰੀ ਨੂੰ ਗ਼ਦਰ ਕਰਨ ਦਾ ਸਾਰਾ ਭੇਦ 14 ਫਰਵਰੀ ਨੂੰ ਹੀ ਡੀ.ਐਸ.ਪੀ. ਲਿਆਕਤ ਹੁਸੈਨ ਨੂੰ ਦੇ ਦਿੱਤਾ। ਉੱਧਰ ਪਾਰਟੀ ਮੈਂਬਰ ਨਿਧਾਨ ਸਿੰਘ (ਜਿਸਦੀ ਸਿਫ਼ਾਰਸ਼ 'ਤੇ ਕ੍ਰਿਪਾਲ ਸਿੰਘ ਨੂੰ ਪਾਰਟੀ ਵਿਚ ਸ਼ਾਮਿਲ ਕੀਤਾ ਗਿਆ ਸੀ) ਨੂੰ ਕ੍ਰਿਪਾਲ ਸਿੰਘ ਦੇ ਪੁਲਿਸ ਸੂਹੀਆ ਹੋਣ ਦਾ ਸ਼ੱਕ ਹੋਣ 'ਤੇ ਗ਼ਦਰ ਦੀ ਤਰੀਕ ਦੋ ਦਿਨ ਪਹਿਲਾਂ ਭਾਵ 19 ਫਰਵਰੀ ਕਰ ਦਿੱਤੀ ਗਈ ਪਰੰਤੂ ਇਸ ਤਰੀਕ ਦੀ ਭਿਣਕ ਵੀ ਕ੍ਰਿਪਾਲ ਸਿੰਘ ਨੂੰ ਲੱਗ ਗਈ। ਅੰਗਰੇਜ਼ ਸਰਕਾਰ ਨੇ ਚੌਕਸੀ ਵਧਾ ਦਿੱਤੀ ਤੇ ਸਾਰੀਆਂ ਛਾਉਣੀਆਂ ਨੂੰ ਵੀ ਚੌਕਸ ਕਰ ਦਿੱਤਾ। ਫਰੰਗੀਆਂ ਵੱਲੋਂ ਗ਼ਦਰੀਆਂ ਦੀਆਂ ਗ੍ਰਿਫ਼ਤਾਰੀਆਂ, ਤਸੀਹੇ, ਜੇਲਾਂ ਤੇ ਸਜ਼ਾਵਾਂ ਦਾ ਕਾਂਡ ਰਚਾਇਆ ਗਿਆ। ਕਰਤਾਰ ਸਿੰਘ ਸਰਾਭਾ, ਅਰਜਨ ਸਿੰਘ ਅਤੇ ਹਰਨਾਮ ਸਿੰਘ ਅੰਡਰ-ਗਰਾਊਂਡ ਹੋ ਲਾਹੌਰ, ਲਾਹੌਰ ਤੋਂ ਅੱਗੇ ਬਨਾਰਸ ਚਲੇ ਗਏ। ਇਥੇ 2 ਮਾਰਚ 1915 ਨੂੰ ਉਹ ਜਗਤ ਸਿੰਘ ਦੇ ਵਾਕਫ਼ ਰਾਜਿੰਦਰ ਸਿੰਘ ਪੈਨਸ਼ਨਰ ਕੋਲ ਗਏ। ਪੈਨਸ਼ਨਰ ਨੇ ਰਿਸਾਲਦਾਰ ਗੰਡਾ ਸਿੰਘ ਨੂੰ ਖ਼ਬਰ ਪਹੁੰਚਾ ਕੇ ਕਰਤਾਰ ਸਿੰਘ ਸਰਾਭਾ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਗ੍ਰਿਫ਼ਤਾਰੀ ਸਮੇਂ ਸਰਾਭਾ ਇਕੱਠੇ ਹੋਏ ਲੋਕਾਂ ਨੂੰ 'ਗ਼ਦਰ ਦੀ ਗੂੰਜ' 'ਚੋਂ ਕਵਿਤਾਵਾਂ ਪੜ੍ਹ ਕੇ ਸੁਣਾ ਰਿਹਾ ਸੀ। ਜਲਦ ਹੀ ਸਰਾਭੇ ਦੇ ਦੂਸਰੇ ਸਾਥੀਆਂ ਦੀ ਵੀ ਗ੍ਰਿਫ਼ਤਾਰੀ ਹੋ ਗਈ। ਸਰਾਭਾ ਤੇ ਪਿੰਗਲੇ ਸਮੇਤ 80 ਗ਼ਦਰੀ ਇਨਕਲਾਬੀਆਂ ਤੇ ਲਾਹੌਰ ਸਾਜ਼ਿਸ਼ ਕੇਸ ਤਹਿਤ ਮੁਕੱਦਮਾ ਚਲਾਇਆ ਗਿਆ। ਗ਼ਦਰ ਲਹਿਰ ਦੇ 150 ਗ਼ਦਰੀ ਇਨਕਲਾਬੀ ਫਾਂਸੀ, ਜੇਲਾਂ, ਭੁੱਖ ਹੜਤਾਲਾਂ ਤੇ ਪੁਲਿਸ ਮੁਕਾਬਲਿਆਂ 'ਚ ਸ਼ਹੀਦ ਹੋਏ। 300 ਨੂੰ ਉਮਰ ਕੈਦ ਤੇ 200 ਗ਼ਦਰੀਆਂ ਨੂੰ ਲੰਮੀਆਂ ਕੈਦਾਂ ਦੀ ਸਜ਼ਾ ਮਿਲੀ। 3000 ਨਜ਼ਰਬੰਦ ਰੱਖੇ ਗਏ।

ਮੁਕੱਦਮੇ ਦੌਰਾਨ ਸਰਾਭਾ ਨੂੰ ਘੱਟ ਉਮਰ ਵਾਲਾ ਖ਼ਤਰਨਾਕ ਮੁਜ਼ਰਿਮ ਮੰਨਿਆ ਗਿਆ। ਜੱਜ ਨੇ ਮੁਕੱਦਮੇ ਸਮੇਂ ਸਰਾਭਾ ਨੂੰ ਸੋਚਣ ਤੇ ਬਿਆਨ ਨਰਮ ਕਰਨ ਲਈ ਕਿਹਾ ਪਰ ਸਰਾਭੇ ਨੇ ਮੋੜਵੇਂ ਰੂਪ 'ਚ ਉਸਤੋਂ ਵੀ ਵੱਧ ਸਖ਼ਤ ਬਿਆਨ ਦੇ ਕੇ ਆਪਣੀਆਂ ਗ਼ਦਰੀ ਸਰਗਰਮੀਆਂ ਨੂੰ ਨਿੱਡਰ ਹੋ ਕੇ ਕਬੂਲਿਆ। ਸਰਾਭਾ ਨੇ ਹਾਸੇ-ਠੱਠੇ 'ਤੇ ਪੂਰੇ ਜੋਸ਼ ਨਾਲ ਮੁਕੱਦਮੇ ਦਾ ਸਾਹਮਣਾ ਕੀਤਾ। ਅਦਾਲਤ 'ਚ ਸਰਾਭਾ ਤੋਂ ਜੱਜ ਨੇ ਪੁੱਛਿਆ, "ਕੀ ਤੇਰਾ ਟਿਕਾਣਾ ਅੰਗਰੇਜ਼ ਸਰਕਾਰ ਉਲਟਾਉਣ ਦਾ ਸੀ?"

"ਹਾਂ, ਮੈਂ ਜੋ ਵੀ ਕੀਤਾ, ਦੇਸ਼ ਦੀ ਆਜ਼ਾਦੀ ਲਈ ਅਤੇ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢਣ ਲਈ ਕੀਤਾ ਹੈ।"

"ਜਾਣਦਾ ਹੈਂ, ਤੇਰੇ ਇਨਾਂ ਬਿਆਨਾਂ ਦਾ ਕੀ ਨਤੀਜਾ ਹੋਵੇਗਾ?"

"ਹਾਂ ਜੀ, ਜਾਣਦਾ ਹਾਂ। ਤੁਹਾਡਾ ਕੀ ਖ਼ਿਆਲ ਹੈ ਕਿ ਮੈਨੂੰ ਪਤਾ ਨਹੀਂ ਕਿ ਤੁਸੀਂ ਕੀ ਸਲੂਕ ਕਰੋਗੇ? ਮੈਂ ਤਿਆਰ ਹਾਂ। ਜੇ ਸਾਡਾ ਦਾਅ ਲੱਗ ਜਾਂਦਾ ਤਾਂ ਅਸੀਂ ਤੁਹਾਨੂੰ ਦੱਸ ਦਿੰਦੇ। ਹੁਣ ਜੋ ਤੁਸੀਂ ਕਰਨਾ ਹੈ, ਕਰੋ....ਮੈਨੂੰ ਪਤਾ ਹੈ।"

ਫਾਂਸੀ ਦੀ ਸਜ਼ਾ ਸੁਣਾਏ ਜਾਣ 'ਤੇ ਦਾਦਾ ਜੀ ਤੇ ਪਰਿਵਾਰ ਅਫ਼ਸੋਸ ਕਰਨ ਲੱਗਿਆ ਕਿ ਏਨੀ ਛੋਟੀ ਉਮਰ ਵਿਚ ਉਹ ਜੀਵਨ ਤਿਆਗ ਦੇਵੇਗਾ। ਇਸੇ ਦੌਰਾਨ ਸਰਾਭਾ ਨੇ ਦਾਦੇ ਤੋਂ ਪੁੱਛਿਆ, 'ਆਪਣੇ ਪਿੰਡ ਦੇ....ਸਿੰਘ ਦਾ ਕੀ ਹਾਲ ਹੈ?"

"ਉਹ ਤਾਂ ਕਦੋਂ ਦਾ ਪਲੇਗ ਨਾਲ ਮਰ ਗਿਆ।" ਦਾਦੇ ਨੇ ਦੱਸਿਆ।

"ਅਤੇ ਉਸ ਬਜ਼ੁਰਗ.....ਦਾ ਕੀ ਹਾਲ ਹੈ?"

"ਉਹ ਵੀ ਪਿਛਲੀ ਸਰਦੀ ਚੱਲ ਵਸਿਆ।" ਦਾਦੇ ਨੇ ਦੱਸਿਆ।

ਸਰਾਭਾ ਨੇ ਕਿਹਾ, "ਕੀ ਉਨਾਂ ਨੂੰ ਕੋਈ ਯਾਦ ਕਰਦਾ ਹੈ? ਕੋਈ ਪਲੇਗ ਨਾਲ ਮਰਦਾ ਹੈ, ਕੋਈ ਬੁਢਾਪੇ ਨਾਲ ਪਰ ਮੈਂ ਦੇਸ਼ ਲਈ ਸ਼ੇਰਾਂ ਦੀ ਮੌਤ ਮਰ ਰਿਹਾ ਹਾਂ, ਜਿਸ 'ਤੇ ਮੁਲਕ ਫ਼ਖ਼ਰ ਕਰੇਗਾ। ਤੁਹਾਨੂੰ ਵੀ ਇਸ 'ਤੇ ਫ਼ਖ਼ਰ ਕਰਨਾ ਚਾਹੀਦਾ ਹੈ।" ਇਹ ਸੁਣ ਦਾਦਾ ਜੀ ਨੂੰ ਤਸੱਲੀ ਹੋ ਗਈ।

ਇਕ ਵਾਰ ਸਰਾਭਾ ਨੇ ਜੇਲ ਦੀ ਕੰਧ 'ਤੇ ਲਿਖ ਦਿੱਤਾ ਕਿ-'ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖ਼ਿਰ ਇਹ ਰੰਗ ਲਿਆਵੇਗਾ।' ਬਾਬਾ ਭਕਨਾ ਨੇ ਕਿਹਾ, "ਕਰਤਾਰ ਸਿੰਘ, ਇਥੇ ਜੇਲ ਵਿਚ ਤਾਂ ਹੱਡੀਆਂ ਵੀ ਗਲ਼ ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ?" ਸਰਾਭਾ ਦਾ ਜਵਾਬ ਸੀ, "ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।"

ਫਾਂਸੀ ਵੇਲੇ ਸਰਾਭਾ ਨੇ ਦਰੋਗਾ ਨੂੰ ਕਿਹਾ ਸੀ ਕਿ, "ਦਰੋਗਾ, ਯਿਹ ਨਾ ਸਮਝਨਾ ਕਿ ਕਰਤਾਰ ਸਿੰਘ ਮਰ ਗਿਆ ਹੈ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਹੀ ਕਰਤਾਰ ਸਿੰਘ ਔਰ ਪੈਦਾ ਹੋਂਗੇ, ਔਰ ਮੁਲਕ ਕੀ ਆਜ਼ਾਦੀ ਕੇ ਲੀਏ ਕਾਮ ਕਰੇਂਗੇ।"

ਗਵਾਹਾਂ ਅਤੇ ਸਰਾਭਾ ਦੇ ਆਪਣੇ ਬਿਆਨਾਂ ਤੋਂ 'ਗ਼ਦਰ' ਅਖ਼ਬਾਰ ਚਲਾਉਣ ਤੋਂ ਲੈ ਕੇ ਭਾਰਤ ਵਿਚ ਕੀਤੀਆਂ ਸਰਗਰਮੀਆਂ ਵਿਚ ਸਰਾਭਾ ਹੀ ਸਭ ਤੋਂ ਵੱਧ ਸਰਗਰਮ ਨਜ਼ਰ ਆਉਂਦਾ। ਉਸਦੀ ਜਰਨੈਲੀ ਪ੍ਰਤਿਭਾ ਕਾਰਨ ਬਰਤਾਨਵੀ ਹਾਕਮ ਉਸਨੂੰ 'ਸਭ ਤੋਂ ਖ਼ਤਰਨਾਕ ਬਾਗ਼ੀ' ਸਮਝਦੇ ਸਨ। ਹੋਮ ਡਿਪਾਰਟਮੈਂਟ ਦੇ ਮੈਂਬਰ ਸਰ ਕਰੈਡਾਕ ਨੇ ਸਰਾਭੇ ਬਾਰੇ ਕਿਹਾ ਕਿ "ਇਹ ਭਾਵੇਂ ਨੌਜਵਾਨ ਹੈ ਪਰ ਇਹ ਸਾਰੇ ਸਾਜ਼ਿਸ਼ੀਆਂ ਵਿਚੋਂ ਅੱਤ ਮਹੱਤਵਪੂਰਨ ਵਿਅਕਤੀਆਂ ਵਿਚੋਂ ਇਕ ਹੈ ਅਤੇ ਅਦਾਲਤ ਨੇ ਇਸਨੂੰ ਸਰਾਸਰ ਬੇਕਿਰਕ ਸ਼ੈਤਾਨ, ਜੋ ਆਪਣੀਆਂ ਕਰਤੂਤਾਂ 'ਤੇ ਫ਼ਖ਼ਰ ਕਰਦਾ ਹੈ, ਕਹਿ ਕੇ ਆਪਣੀ ਰਾਇ ਦਿੱਤੀ ਹੈ, ਭਾਵ ਇਹ ਕਿ ਇਸਦੀ ਸਜ਼ਾ ਘਟਾਉਣ ਦੀ ਤਾਂ ਗੱਲ ਕਰਨੀ ਵੀ ਨਹੀਂ ਬਣਦੀ।"

16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਤੇ ਵਿਸ਼ਣੂ ਗਣੇਸ਼ ਪਿੰਗਲੇ ਸਮੇਤ ਸੱਤ ਗ਼ਦਰੀ ਇਨਕਲਾਬੀਆਂ ਨੂੰ ਲਾਹੌਰ ਜੇਲ ਵਿਚ ਫਾਂਸੀ ਦੇ ਦਿੱਤੀ ਗਈ।

ਇਸ ਤਰਾਂ ਭਾਰਤ ਅੰਦਰ ਬਰਤਾਨਵੀ ਹਾਕਮਾਂ ਦੇ ਖਿਲਾਫ਼ ਗ਼ਦਰ ਦੀ ਵਿਉਂਤ ਭਾਵੇਂ ਸਿਰੇ ਨਾ ਚੜ੍ਹ ਸਕੀ ਪਰੰਤੂ ਗ਼ਦਰੀ ਇਨਕਲਾਬੀਆਂ ਦਾ ਲੁੱਟ-ਜਬਰ ਖਿਲਾਫ਼ ਜੱਦੋਜਹਿਦ, ਜੇਲਾਂ, ਤਸੀਹੇ, ਭੁੱਖ ਹੜਤਾਲਾਂ, ਪੁਲਿਸ ਮੁਕਾਬਲਿਆਂ ਤੇ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਜਾਣ ਦਾ ਜੁਝਾਰੂ ਇਤਿਹਾਸ ਅਤੇ ਲੋਕਾਂ ਅੰਦਰ ਆਜ਼ਾਦੀ ਦੀ ਚੇਤਨਾ ਲਈ ਪ੍ਰਚਾਰ-ਪ੍ਰਸਾਰ ਕਰਨ ਦਾ ਸ਼ਾਨਾਮੱਤਾ ਵਿਰਸਾ ਅੱਜ ਵੀ ਸਾਡੀ ਅਗਾਂਹਵਧੂ ਨੌਜਵਾਨ ਪੀੜ੍ਹੀ ਦਾ ਰਾਹ ਰੁਸ਼ਨਾਉਂਦਾ ਹੈ।

# ਬਲਾਤਕਾਰ ਅਤੇ ਕਤਲੋਗਾਰਦ ਖਿਲਾਫ਼ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ 'ਚ ਮੋਮਬੱਤੀ ਮਾਰਚ




ਜਲੰਧਰ : ਮੁਲਕ ਅੰਦਰ ਤੇਜ਼ੀ ਨਾਲ ਵਾਪਰ ਰਹੀਆਂ ਬਲਾਤਕਾਰ, ਕਤਲੋਗਾਰਦ, ਬੇਪਤੀਆਂ ਅਤੇ ਵਿਸ਼ੇਸ਼ ਕਰਕੇ ਬੱਚੀਆਂ ਨੂੰ ਅਗਵਾ ਕਰਕੇ ਉਹਨਾਂ ਦੀ ਪੱਤ ਲੁੱਟਣ ਅਤੇ ਮਾਰ ਮੁਕਾਉਣ ਦੀਆਂ ਹਿਰਦੇਵੇਦਕ ਘਟਨਾਵਾਂ ਖਿਲਾਫ਼ ਤਿੱਖਾ ਰੋਸ ਪ੍ਰਗਟ ਕਰਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ 'ਚ ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੁਸਾਇਟੀ, ਜਲੰਧਰ ਲੇਖਕ ਸਭਾ, ਫੁਲਕਾਰੀ ਸੰਸਥਾ, ਸਾਹਿਤ ਕਲਾ ਕੇਂਦਰ, ਪੀਪਲਜ਼ ਵੁਆਇਸ, ਪੇਂਡੂ ਮਜ਼ਦੂਰ ਯੂਨੀਅਨ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਸਟੂਡੈਂਟ ਫੈਡਰੇਸ਼ਨ, ਇਸਤਰੀ ਜਾਗ੍ਰਿਤੀ ਮੰਚ ਆਦਿ ਸੰਸਥਾਵਾਂ ਅਤੇ ਨਾਮਵਰ ਲੇਖਕਾਂ ਵੱਲੋਂ ਕੈਂਡਲ ਮਾਰਚ ਕੱਢਿਆ ਗਿਆ।

ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ 'ਤੇ ਜੁੜੇ ਇਕੱਠ ਵਿੱਚ ਔਰਤਾਂ ਨੇ ਵੀ ਪ੍ਰਭਾਵਸ਼ਾਲੀ ਸ਼ਮੂਲੀਅਤ ਕੀਤੀ। ਉਹਨਾਂ ਨੇ ਆਪਣੇ ਸਿਰਾਂ ਉਪਰ ਕਾਲੀਆਂ ਚੁੰਨੀਆਂ ਲਈਆਂ ਹੋਈਆਂ ਸਨ।

ਇਸ ਇਕੱਤਰਤਾ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਵਿਦਿਆਰਥੀ ਆਗੂ ਹਰਦੀਪ ਕੌਰ ਕੋਟਲਾ ਅਤੇ ਡਾ. ਜਗਜੀਤ ਸਿੰਘ ਚੀਮਾ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਠੋਸ ਤੱਥਾਂ ਸਹਿਤ ਕਿਹਾ ਕਿ ਵਾਪਰ ਰਹੀਆਂ ਘਟਨਾਵਾਂ ਕੋਈ ਸਧਾਰਣ ਵਰਤਾਰਾ ਨਹੀਂ। ਇਹ ਹਕੂਮਤੀ, ਗੁੰਡਾ ਅਨਸਰ ਅਤੇ ਪ੍ਰਸਾਸ਼ਨਿਕ ਗੱਠਜੋੜ ਦੀ ਮਿਲੀ ਭੁਗਤ ਦਾ ਪ੍ਰਮਾਣ ਹਨ। ਉਹਨਾਂ ਕਿਹਾ ਕਿ ਮੁਲਕ ਉਪਰ ਵਿਸ਼ੇਸ਼ ਕਿਸਮ ਦਾ ਫ਼ਿਰਕੂ ਫਾਸ਼ੀਵਾਦ ਠੋਸਣ ਲਈ ਅਜੇਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਤਾਂ ਜੋ ਆਪਣੇ ਸੌੜੇ ਹਾਕਮ ਜਮਾਤੀ ਮਨੋਰਥ ਹਾਸਲ ਕੀਤੇ ਜਾ ਸਕਣ।

ਹਾਲ 'ਚ ਹੋਈ ਇਕੱਤਰਤਾ ਅਤੇ ਹਾਲ ਤੋਂ ਪੰ. ਕਿਸ਼ੋਰੀ ਲਾਲ ਚੌਂਕ ਤੱਕ ਸ਼ਹਿਰ 'ਚ ਕੀਤੇ ਮਾਰਚ ਵਿੱਚ ਉਪਰੋਕਤ ਬੁਲਾਰਿਆਂ ਤੋਂ ਇਲਾਵਾ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਅਤੇ ਨਾਮਵਰ ਕਹਾਣੀਕਾਰ ਪ੍ਰੋ. ਵਰਿਆਮ ਸਿੰਘ ਸੰਧੂ, ਮੰਗਤ ਰਾਮ ਪਾਸਲਾ, ਚਰੰਜੀ ਲਾਲ ਕੰਗਣੀਵਾਲ, ਹਰਬੀਰ ਕੌਰ ਬੰਨੋਆਣਾ, ਦੇਵ ਰਾਜ ਨਯੀਅਰ, ਸੀਤਲ ਸਿੰਘ ਸੰਘਾ, ਬਲਬੀਰ ਕੌਰ ਬੁੰਡਾਲਾ ਤੋਂ ਇਲਾਵਾ ਦੇਸ ਰਾਜ ਕਾਲੀ, ਡਾ. ਸੈਲੇਸ਼, ਡਾ. ਸੁਰਜੀਤ ਜੱਜ, ਮਨਦੀਪ ਸਨੇਹੀ, ਹਰਮੇਸ਼ ਮਾਲੜੀ, ਡਾ. ਮੰਗਤ ਰਾਏ, ਕਸ਼ਮੀਰ ਘੁੱਗਸ਼ੋਰ, ਕੁਲਵਿੰਦਰ ਕੇਸਰ, ਮਨਜੀਤ ਕੇਸਰ, ਪ੍ਰੋ. ਗੋਪਾਲ ਸਿੰਘ ਬੁੱਟਰ, ਡਾ. ਮਹੇਸ਼ਵਰੀ, ਮੱਖਣ ਮਾਨ, ਤਸਕੀਨ, ਪ੍ਰੋ. ਵਾਹਦ ਤੋਂ ਇਲਾਵਾ ਹੋਰ ਬਹੁਤ ਸਾਰੇ ਲੇਖਕ ਤੇ ਪੱਤਰਕਾਰ ਸ਼ਾਮਲ ਸਨ।

# ਕਠੂਆ ਤੇ ਉਨਾਉਂ ਦੀਆਂ ਘਟਨਾਵਾਂ ਖਿਲਾਫ ਸਰਕਾਰੀ ਗਰਲਜ਼ ਕਾਲਜ ਪਟਿਆਲਾ ਦੀਆਂ ਵਿਦਿਆਰਥਣਾਂ ਵੱਲੋਂ ਰੋਸ ਮੁਜ਼ਾਹਰਾ



ਪਟਿਆਲਾ ਦੇ ਸਰਕਾਰੀ ਕਾਲਜ ਲੜਕੀਆਂ ਵਿੱਚ ਕਠੂਆ ਤੇ ਉਨਾਉਂ ਦੀਆਂ ਘਟਨਾਵਾਂ ਸਬੰਧੀ ਵਿਦਿਆਰਥਣਾਂ ਨੇ ਰੋਸ ਮੁਜ਼ਾਹਰਾ ਕੀਤਾ। ਸੈਂਕੜੇ ਦੀ ਗਿਣਤੀ ਵਿੱਚ ਇਕੱਠੀਆਂ ਹੋਈਆਂ ਵਿਦਿਆਰਥਣਾਂ ਨੇ ਕਠੂਆ ਬਲਾਤਕਾਰ ਤੇ ਕਤਲ ਕਾਂਡ ਦੀ ਅੱਠ ਸਾਲਾ ਪੀੜਤ ਨੂੰ ਸ਼ਰਧਾਂਜਲੀ ਦਿੱਤੀ। ਉਹਨਾਂ ਕਿਹਾ ਕਿ ਜਿਸ ਵੇਲੇ ਦੇਸ਼ ਵਿੱਚ ਔਰਤਾਂ ਵਿਰੁੱਧ ਜੁਰਮ ਵਧ ਰਹੇ ਹਨ ਉਸ ਵੇਲੇ ਹਾਕਮ ਭਾਜਪਾ ਪਾਰਟੀ ਦੀ ਇਹਨਾਂ ਮਸਲਿਆਂ ਵਿਚਲੀ ਭੂਮਿਕਾ ਸ਼ਰਮਨਾਕ ਹੈ। ਅਜਿਹੀਆਂ ਸਰਕਾਰਾਂ ਤੋਂ ਲੋਕਾਂ ਦੀ ਸੁਰੱਖਿਆ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ। ਅਜਿਹੇ ਮਾਹੌਲ ਵਿੱਚ ਲੋਕਾਂ ਦੀ ਤੇ ਖਾਸ ਕਰਕੇ ਔਰਤਾਂ ਦੀ ਇੱਕਜੁਟਤਾ ਰਾਹੀਂ ਹੀ ਔਰਤਾਂ ਵਿਰੁੱਧ ਜੁਰਮਾਂ ਨੂੰ ਰੋਕਿਆ ਜਾ ਸਕਦਾ ਹੈ ਤੇ ਅਜਿਹੀ ਏਕਤਾ ਦੇ ਦਮ 'ਤੇ ਹੀ ਕੋਈ ਇਨਸਾਫ਼ ਹਾਸਲ ਹੋ ਸਕਦਾ ਹੈ।

ਇਸ ਮੌਕੇ ਰੋਸ ਵਿੱਚ ਵਿਦਿਆਰਣਾਂ ਨੇ ਕਾਲਜ ਤੋਂ ਬਾਹਰ ਨਿਕਲ ਕੇ ਸੜਕਾਂ ਤੇ ਮਾਰਚ ਕਰਨ ਦਾ ਵੀ ਫੈਸਲਾ ਲਿਆ ਪਰ ਕਾਲਜ ਪ੍ਰਸ਼ਾਸਨ ਨੇ ਵਿਦਿਆਰਥਣਾਂ ਨੂੰ ਇਹ ਮਾਰਚ ਕਰਨ ਤੋਂ ਰੋਕ ਦਿੱਤਾ। ਵਿਦਿਆਰਥਣਾਂ ਨੇ ਦੋਸ਼ ਲਾਇਆ ਕਿ ਪਹਿਲਾਂ ਉਹਨਾਂ ਨੂੰ ਕਾਲਜ ਵਿਚਲਾ ਵੀ ਮੁਜ਼ਾਹਰਾ ਕਰਨ ਨਹੀਂ ਦਿੱਤਾ ਜਾ ਰਿਹਾ ਸੀ ਤੇ ਸਿਰਫ਼ ਮੌਨ ਵਰਤ ਰੱਖਣ ਤੱਕ ਸੀਮਤ ਹੋਣ ਲਈ ਕਿਹਾ ਗਿਆ। ਉਹਨਾਂ ਕਿਹਾ ਕਿ ਜਿਹੜੇ ਵਿੱਦਿਅਕ ਅਦਾਰਿਆਂ ਵਿੱਚ ਔਰਤਾਂ ਨੂੰ ਦਰਪੇਸ਼ ਚੁਣੌਤੀਆਂ ਖਿਲਾਫ ਜੂਝਣ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ ਉਹਨਾਂ ਵਿੱਚ ਕਾਲਜ ਪ੍ਰਸ਼ਾਸ਼ਨ ਵੱਲੋਂ ਇਹਨਾਂ ਘਟਨਾਵਾਂ ਖਿਲਾਫ ਰੋਸ ਪ੍ਰਗਟਾਉਣ ਤੋਂ ਰੋਕਣਾ ਮੰਦਭਾਗਾ ਹੈ। ਵਿਦਿਆਰਥਣਾਂ ਨੇ ਇਹ ਵੀ ਦੱਸਿਆ ਕਿ ਇਸ ਪ੍ਰਦਰਸ਼ਨ ਵਿੱਚ ਅੱਗੇ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ ਕਾਲਜ ਪ੍ਰਸ਼ਾਸ਼ਨ ਵੱਲੋਂ ਡਰਾਉਣ ਦੀ ਵੀ ਕੋਸ਼ਿਸ਼ ਕੀਤੀ ਗਈ। ਇਸ ਮੌਕੇ ਕਾਲਜ ਪ੍ਰਸ਼ਾਸ਼ਨ ਨੇ ਪੁਲਿਸ ਸੱਦ ਲਈ ਤੇ ਹੋਸਟਲ ਦੀਆਂ ਵਿਦਿਆਰਥਣਾਂ ਨੂੰ ਕਾਲਜ ਅੰਦਰ ਹੀ ਡੱਕ ਦਿੱਤਾ ਤੇ ਬਾਹਰ ਜਾਣ ਵਾਲੀਆਂ ਵਿਦਿਆਰਥਣਾਂ ਉੱਪਰ ਵੀ ਖਿੰਡ ਕੇ ਥੋੜ੍ਹੀ-ਥੋੜ੍ਹੀ ਗਿਣਤੀ ਵਿੱਚ ਬਾਹਰ ਜਾਣ ਲਈ ਜ਼ੋਰ ਪਾਇਆ ਗਿਆ। ਪਰ ਬਾਹਰ ਨਿਕਲੀਆਂ ਵਿਦਿਆਰਥਣਾਂ ਫੇਰ 70-80 ਦੀ ਗਿਣਤੀ ਵਿੱਚ ਇਕੱਠੀਆਂ ਹੋਈਆਂ ਤੇ ਉਹਨਾਂ ਸ਼ਹਿਰ ਵਿੱਚ ਮਾਰਚ ਕੱਢਿਆ ਤੇ ਕਾਲਜ ਨੇੜਲੇ ਚੌਂਕ ਵਿੱਚ ਜਾ ਕੇ ਪੀੜਤਾਂ ਨੂੰ ਸ਼ਰਧਾਂਜਲੀ ਦੇਕੇ ਇਸ ਪ੍ਰੋਗਰਾਮ ਦੀ ਸਮਾਪਤੀ ਕੀਤੀ।















## ਝਾਰਖੰਡ ਸਰਕਾਰ ਵੱਲੋਂ ਮਜ਼ਦੂਰ ਸੰਗਠਨ ਸਮਿਤੀ (ਐੱਮ.ਐੱਸ.ਐੱਸ) 'ਤੇ ਪਾਬੰਦੀ ਲਗਾਏ ਜਾਣ ਅਤੇ ਇਸਦੇ ਦਫ਼ਤਰਾਂ ਨੂੰ ਬੰਦ ਕਰਨ ਦਾ ਵਿਰੋਧ ਕਰੋ !!

**ਕਾਰਪੋਰੇਟਾਂ ਘਰਾਣਿਆਂ ਦੁਆਰਾ ਝਾਰਖੰਡ ਦੇ ਕੁਦਰਤੀ ਭੰਡਾਰਾਂ ਨੂੰ ਲੁੱਟਣ ਵਿਰੁੱਧ ਉੱਠੋ !!** : ਭਾਜਪਾ ਦੀ ਫਾਸੀਵਾਦੀ ਰਘੂਵਰ ਦਾਸ ਸਰਕਾਰ ਨੇ ਐੱਮ.ਐੱਸ.ਐੱਸ ਨੂੰ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਓਵਾਦੀ) ਦੀ ਜਥੇਬੰਦੀ ਕਹਿ ਕੇ ਇੱਕ ਬਸਤੀਵਾਦੀ ਕਾਨੂੰਨ (ਕ੍ਰੀਮੀਨਲ ਲਾਅ ਅਮੈਂਡਮੈਂਟ ਐਕਟ, 1908) ਤਹਿਤ ਇਸ 'ਤੇ ਪਾਬੰਦੀ ਲਗਾ ਦਿੱਤੀ ਹੈ। ਸਿਰਫ ਇਸ ਕਠੋਰ ਕਦਮ ਖਿਲਾਫ਼ ਹੀ ਨਹੀਂ ਲੜਿਆ ਜਾਣਾ ਚਾਹੀਦਾ ਬਲਕਿ ਇਸ ਕਦਮ ਦੇ ਪਿੱਛੇ ਸਰਕਾਰ ਦੇ ਅਸਲੀ ਮੰਤਵ ਨੂੰ ਵੀ ਸਾਹਮਣੇ ਲਿਆਂਦਾ ਜਾਵੇ।

**ਸਮਾਧਾਨ ਫਾਰਮੂਲਾ:-** ਅਸਲ ਗੱਲ ਇਹ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੁਰੱਖਿਆ ਬਲਾਂ ਲਈ ਨਕਸਲਵਾਦ ਨਾਲ ਨਿਪਟਣ ਲਈ ਇੱਕ ਸਮਾਧਾਨ ਨਾਂ ਦਾ ਫਾਰਮੂਲਾ ਲਿਆਂਦਾ ਹੈ। ਮੰਤਰਾਲੇ ਨੇ 2020 ਵਰ੍ਹੇ ਤੱਕ ਨਕਸਲਵਾਦ ਦੀ 'ਸਮੱਸਿਆ' ਨੂੰ ਖਤਮ ਕਰਨ ਦਾ ਟੀਚਾ ਲਿਆ ਹੈ। ਅਸਲ ਵਿੱਚ ਇਸਦਾ ਅਸਲੀ ਮੰਤਵ ਦਲਾਲ ਭਾਰਤੀ ਅਤੇ ਬਾਹਰਲੇ ਪੂੰਜੀਪਤੀਆਂ ਦੇ ਮੁਨਾਫ਼ਿਆਂ ਲਈ ਆਦਿਵਾਸੀਆਂ ਦੇ ਜਲ ਜੰਗਲ ਜ਼ਮੀਨ ਨੂੰ ਖਾਲੀ ਕਰਾਉਣਾ ਹੀ ਹੈ। ਐੱਮ.ਐੱਸ.ਐੱਸ. ਉੱਪਰ ਪਾਬੰਦੀ ਵੀ ਇਸੇ ਸਮਾਧਾਨ ਨਾਂ ਦੇ ਪ੍ਰੋਗਰਾਮ ਕਰਕੇ ਹੀ ਲਗਾਈ ਗਈ ਹੈ। ਰਾਜਨਾਥ ਨੇ ਸਮਾਧਾਨ (SAMADHAN) ਦਾ ਇਹ ਮਤਲਬ ਦੱਸਿਆ ਹੈ:- ਐੱਸ-ਸਮਾਰਟ ਲੀਡਰਸ਼ਿਪ, ਏ-ਅਗ੍ਰੈਸਿਵ ਸਟ੍ਰੇਟਜੀ, ਐੱਮ-ਮੋਟੀਵੇਸ਼ਨ ਐਂਡ ਟ੍ਰੇਨਿੰਗ, ਏ-ਐਕਸ਼ਨੇਬਲ ਇਨਟੈਲੀਜੈਂਸ, ਡੀ-ਡੈਸ਼ਬੋਰਡ ਬੇਸਡ ਕੀ ਪਰਫਾਰਮੈਂਸ ਇੰਡੀਕੇਟਰਜ਼ ਐਂਡ ਕੀ ਰਿਜ਼ਲਟ ਏਰੀਆਜ਼, ਐੱਚ-ਹਾਰਨੇਸਿੰਗ ਟੈਕਨਾਲੋਜੀ, ਏ-ਐਕਸ਼ਨ ਪਲਾਨ ਫ਼ਾਰ ਈਚ ਥ੍ਰੈੱਟ, ਐੱਨ-ਨੋ ਐਕਸੈੱਸ ਟੂ ਫਾਇਨਾਂਸਿੰਗ। ਸਮਾਧਾਨ ਦਾ ਅਸਲ ਮੰਤਵ ਜਲ, ਜੰਗਲ, ਜ਼ਮੀਨ ਅਤੇ ਹੋਰ ਕੁਦਰਤੀ ਸਰੋਤਾਂ ਦੀ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਦੱਲਿਆਂ ਨੂੰ ਲੁੱਟ ਦੀ ਸਹੂਲਤ ਦੇਣਾ ਹੀ ਹੈ।

ਐੱਮ.ਐੱਸ.ਐੱਸ. ਕੀ ਹੈ? ਐੱਮ.ਐੱਸ.ਐੱਸ. ਇੱਕ ਰਜਿਸਟਰਡ ਟਰੇਡ ਯੂਨੀਅਨ ਹੈ, ਜਿਸਦੇ ਰਾਂਚੀ, ਧਨਬਾਦ, ਦਲਤੋਂ ਗੰਜ ਅਤੇ ਗਿਰਡੀ ਵਿੱਚ ਦਫ਼ਤਰ ਹਨ ਜੋ ਖੁੱਲ੍ਹੇ ਤੌਰ 'ਤੇ ਜਨਤਕ ਅਤੇ ਕਾਨੂੰਨੀ ਗਤੀਵਿਧੀਆਂ ਕਰਦੇ ਹਨ। ਐੱਮ.ਐੱਸ.ਐੱਸ, ਪਰਸ਼ਨਾਥ ਦੇ ਮਧੂਬਨ ਵਿੱਚ ਡੌਲੀ ਵਰਕਰਾਂ ਅਤੇ ਹੋਰ ਕਾਮਿਆਂ ਲਈ ਇੱਕ ਮੁਫ਼ਤ ਹਸਪਤਾਲ ਚਲਾ ਰਹੀ ਹੈ, ਜਿੱਥੇ ਮੁਫ਼ਤ ਇਲਾਜ ਹੁੰਦਾ ਹੈ। ਐੱਮ.ਐੱਸ.ਐੱਸ. ਦੀ ਮੈਂਬਰਸ਼ਿਪ ਹਜ਼ਾਰਾਂ ਦੀ ਗਿਣਤੀ ਵਿੱਚ ਹੈ, ਇਕੱਲੇ ਮਧੂਬਨ ਵਿੱਚ ਹੀ 16000 ਮੈਂਬਰ ਹਨ। ਝਾਰਖੰਡ ਵਿੱਚ ਐੱਮ.ਐੱਸ.ਐੱਸ. ਦੇ ਕੰਮ ਦੀ ਨਯੋਗੀ ਦੇ ਸਮੇਂ ਛੱਤੀਸਗੜ੍ਹ ਮੁਕਤੀ ਮੋਰਚੇ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਪੁਲਿਸ ਦੁਆਰਾ ਐੱਮ.ਐੱਸ.ਐੱਸ. ਦੇ ਦਫ਼ਤਰਾਂ ਦੀ ਤਲਾਸ਼ੀ ਕਰਨੀ ਅਤੇ ਦਫ਼ਤਰ ਦੇ ਦਰਵਾਜ਼ਿਆਂ 'ਤੇ ਨੋਟਿਸ ਦੇਣਾ ਬਹੁਤ ਮਨਮਾਨੀ ਹੈ; ਇਹ ਕਿਰਤ ਵਿਰੋਧੀ, ਅਤੇ ਟ੍ਰੇਡ ਯੂਨੀਅਨ ਕਾਨੂੰਨ ਵਿਰੋਧੀ ਹੈ।

ਐੱਮ.ਐੱਸ.ਐੱਸ. 'ਤੇ ਪਾਬੰਦੀ ਮਿਸ਼ਨ-2017 ਦੇ ਸੰਦਰਭ ਵਿੱਚ ਹੀ ਦੇਖੀ ਜਾਣੀ ਚਾਹੀਦੀ ਹੈ, ਜੋ ਲੋਕਾਂ ਖਿਲਾਫ਼ ਇੱਕ ਸਿੱਧੀ-ਜੰਗ ਹੈ। ਝਾਰਖੰਡ ਤੋਂ ਮਾਓਵਾਦੀਆਂ ਦੇ ਕ੍ਰਾਂਤੀਕਾਰੀਆਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੇ ਨਾਂ ਹੇਠ ਸੂਬਾ ਸਰਕਾਰ ਅਜਿਹੇ ਸੰਘਰਸ਼ਸ਼ੀਲ ਲੋਕਾਂ ਨੂੰ ਦਬਾ ਰਹੀ ਹੈ ਜੋ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਲੜ ਰਹੇ ਹਨ। ਇਸ ਯੋਜਨਾ ਤਹਿਤ ਸੂਬਾਈ ਫੋਰਸਾਂ ਨੇ ਮਾਓਵਾਦੀਆਂ ਨੂੰ ਫੜ੍ਹਨ ਦੇ ਨਾਂ ਹੇਠ ਬੁੜਾ ਪਹਾੜ ਖੇਤਰ ਦੇ ਆਲੇ ਦੁਆਲੇ ਦੇ ਪਿੰਡਾਂ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਲਿਆ ਹੈ ਜਦਕਿ ਇਸਦਾ ਅਸਲੀ ਮੰਤਵ ਕੁਟਕੂ ਡੈਮ ਦੇ ਨਿਰਮਾਣ ਨੂੰ ਪੂਰਾ ਕਰਾਉਣਾ ਹੈ। ਲੋਕ ਇਸ ਡੈਮ ਦੀ ਉਸਾਰੀ ਦੇ ਖਿਲਾਫ਼, ਦੋ ਦਹਾਕਿਆਂ ਤੋਂ ਵੱਧ ਸਮੈਂ ਦੇ ਲੜ ਰਹੇ ਹਨ। ਇਸੇ ਸਮੇਂ, ਸੱਤਾ ਨੇ ਸਾਰੰਡਾ, ਕੋਲਹਾਨ ਅਤੇ ਪੋਰਹਾਹਤ ਖੇਤਰ ਵਿੱਚ ਖਦਾਨਾ ਦੀ ਖੁਦਾਈ ਲਈ ਰਾਹ ਪੱਧਰਾ ਕੀਤਾ ਹੈ।

ਐੱਮ.ਐੱਸ.ਐੱਸ. ਨੇ ਇਸ ਲੁੱਟ ਖਿਲਾਫ਼ ਆਪਣੀ ਆਵਾਜ਼ ਉਠਾਈ ਅਤੇ ਕਈ ਵਾਰ ਲੋਕਾਂ ਦੇ ਅੰਦੋਲਨ ਨੂੰ ਦਬਾਉਣ ਵਿਰੁੱਧ ਭਿਆਨਕ ਢੰਗ ਨਾਲ ਲੜਿਆ। ਇਸ ਲਈ, ਐੱਮ.ਐੱਸ.ਐੱਸ. 'ਤੇ ਪਾਬੰਦੀ ਲਗਾ ਕੇ, ਸਰਕਾਰ ਕਿਸੇ ਵੀ ਵਿਰੋਧੀ ਆਵਾਜ਼ ਨੂੰ ਰੋਕਣ ਦੀ ਇੱਛਾ ਰੱਖਦੀ ਹੈ ਜੋ ਉਸਦੇ ਭੈੜੇ ਕੰਮਾਂ ਦੇ ਵਿਰੁੱਧ ਬੋਲਦਾ ਅਤੇ ਲੜਦਾ ਹੈ।

ਪਿੱਛੇ ਜਿਹੇ ਹੀ, ਝਾਰਖੰਡ ਦੇ ਕੁਦਰਤੀ ਸਰੋਤਾਂ ਦੀ ਕਾਰਪੋਰੇਟ ਲੁੱਟ ਦੀ ਸਹੂਲਤ ਦੇਣ ਨੂੰ ਲੈ ਕੇ, ਐੱਮ.ਐੱਸ.ਐੱਸ. ਨੇ ਭਾਰਤੀ ਸੱਤਾ ਦੀਆਂ ਨੀਤੀਆਂ ਵਿਰੁੱਧ ਲੋਕ ਲਹਿਰ ਦੀ ਅਗਵਾਈ ਕੀਤੀ ਸੀ। ਐੱਮ.ਐੱਸ.ਐੱਸ. ਚੰਦਰਪੁਰ ਅਤੇ ਬੋਕਾਰੋ ਥਰਮਲ ਦੇ ਕਰਮਚਾਰੀਆਂ ਵਿਰੁੱਧ ਡੀ.ਵੀ.ਸੀ. ਦੀ ਮਨਮਾਨੀ ਵਿਰੁੱਧ ਸੰਘਰਸ਼ਾਂ ਦੀ ਮੋਹਰੀ ਸੀ। ਉਨ੍ਹਾਂ ਨੇ ਛੋਟਾ ਨਾਗਪੁਰ ਟੀਨੈਂਸੀ ਐਕਟ, (ਸੀ.ਐੱਨ.ਟੀ. 1908) ਅਤੇ ਸੰਥਾਲ ਪਰਗਨਾ ਟੀਨੈਂਸੀ ਐਕਟ, (ਐੱਸ.ਪੀ.ਟੀ.ਏ. 1949) ਵਿੱਚ ਪ੍ਰਸਤਾਵਿਤ ਸੋਧਾਂ ਵਿਰੁੱਧ ਲੜਾਈ ਲੜੀ ਹੈ। ਐੱਮ.ਐੱਸ.ਐੱਸ. ਨੇ ਝਾਰਖੰਡ ਸਰਕਾਰ ਦੇ ਪਾਰਸਨਾਥ ਐਕਸ਼ਨ ਪਲਾਨ ਦਾ ਵੀ ਵਿਰੋਧ ਕੀਤਾ ਹੈ, ਜਿਸ ਨੂੰ ਉਨ੍ਹਾਂ ਲੋਕਾਂ ਦੀਆਂ ਆਵਾਜ਼ਾਂ ਦਬਾਉਣ ਲਈ ਤਿਆਰ ਕੀਤਾ ਗਿਆ ਹੈ ਜੋ ਸੈਰ-ਸਪਾਟਾ ਜਗ੍ਹਾ ਨੂੰ ਵਿਕਸਿਤ ਕਰਨ ਦੇ ਨਾਂ 'ਤੇ ਜਲ-ਜੰਗਲ-ਜ਼ਮੀਨ ਨੂੰ ਬਚਾਉਣ ਲਈ ਲੜ ਰਹੇ ਹਨ। ਇਹ ਜਥੇਬੰਦੀ, ਜਿਹੜੀ ਨਾ ਸਿਰਫ ਸਰਕਾਰ ਦੀ ਲੋਕ ਵਿਰੋਧੀ ਨੀਤੀ ਅਤੇ ਅੱਤਿਆਚਾਰੀ ਐਕਟ ਦਾ ਵਿਰੋਧ ਕਰਦੀ ਹੈ, ਸਗੋਂ ਸਰਕਾਰ ਲਈ ਵੀ ਬਦਲ ਦੇ ਤੌਰ 'ਤੇ ਉਸਦੀਆਂ ਅੱਖਾਂ ਵਿੱਚ ਖਟਕਣ ਲੱਗੀ ਹੈ। ਇਸ ਤੋਂ ਇਲਾਵਾ, ਐੱਮ.ਐੱਸ.ਐੱਸ. ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਜਨਤਾ ਦੀ ਲਗਾਤਾਰ ਗਤੀਸ਼ੀਲਤਾ ਨੇ ਝਾਰਖੰਡ ਸਰਕਾਰ ਨੂੰ ਕਈ ਵਾਰੀ ਝੁਕਾਇਆ ਹੈ।

ਇਸ ਫਾਸ਼ੀਵਾਦੀ ਦਮਨ ਵਿਰੁੱਧ ਲੋਕ ਲਹਿਰ ਵਧ ਰਹੀ ਹੈ ਅਤੇ ਇਸਨੂੰ ਰੋਕਣ ਲਈ ਲਗਾਈ ਗਈ ਇਹ ਪਾਬੰਦੀ ਕਿਸੇ ਵੀ ਵਿਰੋਧ ਨੂੰ ਦਬਾਉਣ ਲਈ ਇੱਕ ਹੋਰ ਵਹਿਸ਼ੀ ਕਦਮ ਹੈ ਜੋ ਲੋਕਾਂ ਦੀਆਂ ਜਥੇਬੰਦੀਆਂ 'ਤੇ ਹਮਲੇ ਕਰਕੇ ਲੋਕ ਲਹਿਰਾਂ ਨੂੰ ਕੁਚਲਣ ਲਈ ਆਗੂਆਂ ਨੂੰ ਫੜ੍ਹਨ ਦਾ ਹੀ ਇੱਕ ਬਹਾਨਾ ਹੈ।

ਕਾਨੂੰਨ ਵਿਵਸਥਾ ਅਤੇ ਨਕਸਲ ਵਿਰੋਧੀ ਮੁਹਿੰਮ ਕਾਇਮ ਰੱਖਣ ਦੇ ਨਾਂ 'ਤੇ, ਝਾਰਖੰਡ ਸਰਕਾਰ ਨੇ ਹਾਲੇ ਤੱਕ 13 ਜਨਤਕ ਜਥੇਬੰਦੀਆਂ 'ਤੇ ਪਾਬੰਦੀ ਲਗਾ ਦਿੱਤੀ ਹੈ। ਆਪਣੀਆਂ ਨੀਤੀਆਂ ਵਿੱਚ ਨੁਕਸ ਲੱਭਣ ਅਤੇ ਜਵਾਬਦੇਹੀ ਦੇਣ ਦੀ ਬਜਾਏ, ਭਾਜਪਾ ਸਰਕਾਰ ਬ੍ਰਾਂਡਿੰਗ (ਲੇਬਲ/ਮਾਰਕਾ ਲਾਉਣਾ) ਅਤੇ ਪਾਬੰਦੀ ਲਗਾਉਣ ਜਿਹੀਆਂ ਫਾਸ਼ੀਵਾਦੀ ਚਾਲਾਂ ਵੱਲ ਧਿਆਨ ਦੇ ਰਹੀ ਹੈ। ਸਾਡੀ ਮੰਗ ਹੈ ਕਿ ਐੱਮ.ਐੱਸ.ਐੱਸ. ਅਤੇ ਹੋਰ ਜਥੇਬੰਦੀਆਂ 'ਤੇ ਪਾਬੰਦੀ ਤੁਰੰਤ ਅਤੇ ਬਿਨਾਂ ਸ਼ਰਤ ਹਟਾਈ ਜਾਵੇ ਅਤੇ ਬਾਕੀ ਸਾਰੇ ਲੋਕ ਵਿਰੋਧੀ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ। ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਜਲ-ਜੰਗਲ ਜ਼ਮੀਨ ਉੱਪਰ ਲੋਕਾਂ ਦੇ ਬਣਦੇ ਹੱਕਾਂ ਨੂੰ ਬਹਾਲ ਕੀਤਾ ਜਾਵੇ ਅਤੇ ਸਰਕਾਰ ਮਾਓਵਾਦੀਆਂ ਦੇ ਨਾਂ 'ਤੇ ਲੋਕਾਂ ਦੇ ਝੂਠੇ ਮੁਕਾਬਲੇ ਬਣਾਉਣਾ ਬੰਦ ਕਰੇ। ਅਸੀਂ ਮਜ਼ਦੂਰਾਂ ਨਾਲ ਸੰਬੰਧਿਤ ਲੋਕਾਂ, ਟ੍ਰੇਡ ਯੂਨੀਅਨਾਂ ਅਤੇ ਜਮਹੂਰੀ ਹੱਕਾਂ ਨਾਲ ਜੁੜੇ ਹੋਏ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਮਜ਼ਦੂਰਾਂ ਦੀ ਜਥੇਬੰਦੀ ਐੱਮ.ਐੱਸ.ਐੱਸ. ਦੇ ਸਮਰਥਨ ਵਿੱਚ ਖੜੇ ਰਹਿਣ ਅਤੇ ਦਮਨਕਾਰੀ ਸੱਤਾ ਦੀ ਮਸ਼ੀਨਰੀ ਅਤੇ ਲੁੱਟ ਦੇ ਇਸ ਮਾਡਲ ਨਾਲ ਟਾਕਰਾ ਕਰਨ ਜੋ ਵਿਕਾਸ ਦੇ ਨਾਂ ਹੇਠ ਸਾਮਰਾਜੀ ਅਤੇ ਉਸਦੇ ਦੱਲਿਆਂ ਦੀ ਸੇਵਾ ਕਰਦਾ ਹੈ।

### ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ

## ਇਨਕਲਾਬੀ ਲਹਿਰਾਂ ਲਈ ਚਾਨਣ ਮੁਨਾਰਾ ਹੈ; ਜੱਲ੍ਹਿਆਂਵਾਲਾ ਬਾਗ਼: ਪ੍ਰੋ. ਕੇ.ਐਲ. ਟੁਟੇਜਾ

ਜਲੰਧਰ : ਮੁਲਕ ਦੇ ਆਜ਼ਾਦੀ ਸੰਗਰਾਮ ਅੰਦਰ ਇਨਕਲਾਬੀ ਤਵਾਰੀਖ਼ ਦਾ ਨਵਾਂ ਵਰਕਾ ਲਿਖਣ ਵਾਲੀ 21 ਅਪ੍ਰੈਲ 1913 ਨੂੰ ਅਮਰੀਕਾ ਦੀ ਧਰਤੀ 'ਤੇ ਜੱਥੇਬੰਦ ਹੋਈ ਗ਼ਦਰ ਪਾਰਟੀ ਦੇ ਸਥਾਪਨਾ ਦਿਹਾੜੇ 'ਤੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਮਾਗਮ ਕੀਤਾ ਗਿਆ।



ਸਮਾਗਮ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਦੇਵ ਰਾਜ ਨਯੀਅਰ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਹੋਇਆ। ਦੇਸ਼ ਭਗਤ ਯਾਦਗਾਰ ਹਾਲ ਅੰਦਰ ਉਸਰੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਹੋਏ ਸਮਾਗਮ ਦੇ ਮੰਚ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਜੋਆਇੰਟ ਸਕੱਤਰ ਡਾ. ਪਰਮਿੰਦਰ, ਕਮੇਟੀ ਮੈਂਬਰ ਦੇਵ ਰਾਜ ਨਯੀਅਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਸੁਸ਼ੋਭਿਤ ਸਨ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਗ਼ਦਰ ਪਾਰਟੀ ਦੇ ਜਨਮ ਦਿਹਾੜੇ ਨੂੰ ਬਰਤਾਨਵੀ ਸਾਮਰਾਜ ਖਿਲਾਫ਼ ਕ੍ਰਾਂਤੀਕਾਰੀ ਵਿਚਾਰਧਾਰਾ ਅਤੇ ਲਹਿਰ ਦਾ ਨਾਂਅ ਦਿੰਦਿਆਂ ਹਾਜ਼ਰੀਨ ਨੂੰ ਇਤਿਹਾਸਕ ਵਿਚਾਰ-ਚਰਚਾ 'ਚ ਸ਼ਿਰਕਤ ਕਰਨ ਤੇ ਜੀ ਆਇਆਂ ਕਿਹਾ।

ਕਮੇਟੀ ਮੈਂਬਰ ਦੇਵ ਰਾਜ ਨਯੀਅਰ ਨੇ ਗ਼ਦਰ ਪਾਰਟੀ 'ਚ ਸ਼ਾਮਲ ਹੋਏ ਨੌਜਵਾਨਾਂ ਦੀ ਅਮਿੱਟ ਕੁਰਬਾਨੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਨੂੰ ਗ਼ਦਰ ਪਾਰਟੀ ਦੇ ਸਾਮਰਾਜ, ਜਾਤ-ਪਾਤ, ਫ਼ਿਰਕਾਪ੍ਰਸਤੀ ਵਿਰੋਧੀ ਉਦੇਸ਼ ਤੋਂ ਅਜੋਕੇ ਸਮੇਂ ਬਹੁਤ ਕੁੱਝ ਸਿੱਖਣ ਦੀ ਲੋੜ ਹੈ। ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੇ ਪ੍ਰੋ. ਕੇ. ਐਲ. ਟੁਟੇਜਾ ਦਾ ਵਿਸ਼ੇਸ਼ ਭਾਸ਼ਣ 'ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਮਹੱਤਤਾ' ਵਿਸ਼ੇ ਉਪਰ ਕੇਂਦਰਤ ਇਸ ਕਰਕੇ ਕੀਤਾ ਗਿਆ ਕਿਉਂਕਿ ਅਗਲਾ ਪੂਰਾ ਵਰ੍ਹਾ ਜਲ੍ਹਿਆਂਵਾਲਾ ਬਾਗ਼ ਦੇ ਖ਼ ਕਾਂਡ ਦੀ 100ਵੀਂ ਵਰ੍ਹੇ ਗੰਢ (1919-2019) ਨੂੰ ਦੇਸ਼ ਬਦੇਸ਼ ਅੰਦਰ ਸਮਰਪਿਤ ਕੀਤਾ ਜਾ ਰਿਹਾ ਹੈ। ਪ੍ਰੋ. ਕੇ.ਐਲ.ਟੁਟੇਜਾ ਨੇ ਕਿਹਾ ਕਿ ਜੱਲ੍ਹਿਆਂਵਾਲਾ ਬਾਗ਼ ਕਾਂਡ ਦੇ ਪੂਰਵ-ਕਾਲ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਪੰਜਾਬ ਅੰਦਰ ਬਰਤਾਨਵੀ ਸਾਮਰਾਜ ਖਿਲਾਫ਼ ਜ਼ਬਰਦਸਤ ਜਨਤਕ ਵਿਦਰੋਹ ਦਾ ਲਾਵਾ ਸੁਲਘ ਰਿਹਾ ਸੀ। ਬਰਤਾਨਵੀ ਸਾਮਰਾਜ ਦੀ ਲੁੱਟ, ਜ਼ਬਰ, ਕਾਲੇ ਕਾਨੂੰਨਾਂ ਖਿਲਾਫ਼ ਹਿੰਦੂ ਸਿੱਖ ਸਭ ਲੋਕ ਮਿਲਕੇ ਸੜਕਾਂ ਉਪਰ ਨਿਕਲ ਆਏ ਸਨ। ਇਸ ਪ੍ਰਤੀਰੋਧ ਦੀ ਸਿਖਰਲੀ ਕੜੀ ਸੀ ਜਲਿਆਂਵਾਲਾ ਬਾਗ਼ ਅੰਦਰ ਮਾਰਸ਼ਲ ਲਾਅ ਅਤੇ ਜਨਤਕ ਇਕੱਤਰਤਾ ਕਰਨ ਦੀ ਸਰਕਾਰੀ ਮਨਾਹੀ ਦੇ ਬਾਵਜੂਦ 20,000 ਲੋਕਾਂ ਦਾ ਇਕੱਠੇ ਹੋਣਾ। ਇਹ ਇਕੱਠ ਲੋਕਾਂ ਅੰਦਰ ਸੂਝ-ਬੂਝ ਅਤੇ ਆਜ਼ਾਦੀ ਸੰਗਰਾਮ ਦੀ ਪ੍ਰਤੀ ਚੇਤਨ ਲਹਿਰ ਦਾ ਮੂੰਹ ਬੋਲਦਾ ਇਤਿਹਾਸਕ ਪ੍ਰਮਾਣ ਹੈ। ਜੱਲ੍ਹਿਆਂਵਾਲਾ ਬਾਗ਼, ਸਾਡੇ ਮੁਲਕ ਦੀ ਕੌਮੀ ਮੁਕਤੀ ਆਜ਼ਾਦੀ ਦਾ ਪ੍ਰਤੀਕ ਅਤੇ ਭਵਿੱਖ ਦੀਆਂ ਇਨਕਲਾਬੀ ਲਹਿਰਾਂ ਲਈ ਚਾਨਣ ਮੁਨਾਰਾ ਹੈ। ਪ੍ਰੋ. ਵਰਿਆਮ ਸਿੰਘ ਸੰਧੂ, ਸੁਰਿੰਦਰ ਕੁਮਾਰੀ ਕੋਛੜ, ਜੋਗਾ ਸਿੰਘ, ਗੁਰਦੇਵ ਬਿਆਸ ਪਿੰਡ, ਰੌਸ਼ਨ ਲਾਲ ਸੈਣੀ, ਮਾਸਟਰ ਮੁਨੀ ਲਾਲ ਅਤੇ ਅਮੋਲਕ ਸਿੰਘ ਨੇ ਰਾਸ਼ਟਰਵਾਦ, ਅੰਧ ਰਾਸ਼ਟਰਵਾਦ, ਜੱਲ੍ਹਿਆਂਵਾਲਾ ਬਾਗ਼ 'ਚ ਗੋਲੀ ਚਲਾਉਣ ਵਾਲਿਆਂ ਦੀ ਸ਼ਨਾਖਤ, ਊਧਮ ਸਿੰਘ ਦੇ ਘਟਨਾ ਸਥਾਨ 'ਤੇ ਹੋਣ ਜਾਂ ਨਾ ਹੋਣ, ਗਾਂਧੀ ਦੀ ਆਜ਼ਾਦੀ ਸੰਗਰਾਮ 'ਚ ਭੂਮਿਕਾ, ਬਦਲੇ ਦੀ ਭਾਵਨਾ ਅਤੇ ਸਮਾਜਕ ਬਦਲਾਅ ਆਦਿ ਵਿਸ਼ਿਆਂ ਉਪਰ ਸੁਆਲ ਕੀਤੇ ਜਿਨ੍ਹਾਂ ਦੇ ਪ੍ਰੋ. ਕੇ.ਐਲ.ਟੁਟੇਜਾ ਨੇ ਸਾਰਥਕ ਜੁਆਬ ਦਿੱਤੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਪ੍ਰੋ. ਕੇ.ਐਲ.ਟੁਟੇਜਾ ਨੂੰ ਪੁਸਤਕਾਂ ਦਾ ਸੈੱਟ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਧੰਨਵਾਦ ਦੇ ਸ਼ਬਦ ਬੋਲਦਿਆਂ ਸੱਦਾ ਦਿੱਤਾ ਕਿ ਜਲ੍ਹਿਆਂਵਾਲਾ ਬਾਗ਼ ਅਤੇ ਗ਼ਦਰ ਪਾਰਟੀ ਦੇ ਇਤਿਹਾਸ ਤੋਂ ਸਬਕ ਲੈਂਦਿਆਂ ਸਾਨੂੰ ਫ਼ਿਰਕਾਪ੍ਰਸਤੀ, ਜਾਤ-ਪਾਤ ਅਤੇ ਫਾਸ਼ੀ ਹੱਲਿਆਂ ਖਿਲਾਫ਼ ਲੋਕ-ਤਾਕਤ ਜੋੜਦਿਆਂ ਲੋਕਾਂ ਦੇ ਹਕੀਕੀ ਮੁੱਦਿਆਂ ਲਈ ਸੰਗਰਾਮ ਕਰਨ ਦੀ ਲੋੜ ਹੈ। ਮੰਚ ਸੰਚਾਲਨ ਦੀ ਭੂਮਿਕਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਿਭਾਈ। ਇਸ ਮੌਕੇ ਕਮੇਟੀ ਦੇ ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਕੁਲਬੀਰ ਸੰਘੇੜਾ, ਹਰਵਿੰਦਰ ਭੰਡਾਲ, ਬਲਬੀਰ ਕੌਰ ਬੁੰਡਾਲਾ, ਹਰਬੀਰ ਕੌਰ ਬੰਨੂਆਣਾ, ਚਰੰਜੀ ਲਾਲ ਕੰਗਣੀਵਾਲ ਵੀ ਹਾਜ਼ਰ ਸਨ।









# ਕਠੂਆ ਕਾਂਡ : ਜਬਰਜਨਾਹ ਇਕ ਸਿਆਸੀ ਹਥਿਆਰ



ਬੂਟਾ ਸਿੰਘ ਨਵਾਂਸ਼ਹਿਰ
94634-74342




ਸਾਡੇ ਸਮਾਜ ਦੇ ਜਿਹਨਾਂ ਹਿੱਸਿਆਂ ਨੂੰ ਸੰਘ ਬਰਗੇਡ ਦੇ ਗੁਪਤ ਏਜੰਡੇ ਬਾਰੇ ਕੋਈ ਭੁਲੇਖਾ ਸੀ ਤਾਂ ਉਹ ਹਾਲੀਆ ਘਟਨਾਕ੍ਰਮ ਨਾਲ ਦੂਰ ਹੋ ਜਾਣਾ ਚਾਹੀਦਾ ਹੈ। ਜੰਮੂ-ਕਸ਼ਮੀਰ ਅਤੇ ਉੱਤਰ ਪ੍ਰਦੇਸ ਵਿਚ ਵਾਪਰੇ ਹਾਲੀਆ ਕਾਂਡਾਂ ਨੇ ਸੰਘ ਬਰਗੇਡ ਦੇ ਘਿਣਾਉਣੇ ਚਿਹਰੇ ਨੂੰ ਇਕ ਵਾਰ ਫਿਰ ਚੰਗੀ ਤਰ੍ਹਾਂ ਬੇਪਰਦ ਕਰ ਦਿੱਤਾ ਹੈ। ਕਠੂਆ ਇਲਾਕੇ ਵਿਚ ਅੱਠ ਸਾਲ ਦੀ ਮਾਸੂਮ ਬੱਚੀ ਆਸਿਫ਼ਾ ਬਾਨੋ ਨੂੰ ਇਸ ਸਾਲ ਜਨਵਰੀ ਦੇ ਸ਼ੁਰੂ ਵਿਚ ਅਗਵਾ ਕਰਨ ਤੋਂ ਬਾਦ ਇਕ ਮੰਦਰ ਵਿਚ ਲਿਜਾਇਆ ਗਿਆ ਜਿਥੇ ਕਈ ਦਿਨ ਸਮੂਹਿਕ ਜਬਰ-ਜਨਾਹ ਕਰਨ ਤੋਂ ਬਾਦ ਕਤਲ ਕਰਕੇ ਉਸ ਦੀ ਲਾਸ਼ ਸੁੱਟ ਦਿੱਤੀ ਗਈ। ਉਤਰ ਪ੍ਰਦੇਸ ਵਿਚ ਇਕ ਲੜਕੀ ਦੇ ਬਾਪ ਨੂੰ ਪੁਲਿਸ ਹਿਰਾਸਤ ਵਿਚ ਕੁੱਟ-ਕੁੱਟਕੇ ਮਾਰ ਦਿੱਤਾ ਗਿਆ ਜੋ ਆਪਣੀ ਧੀ ਨੂੰ ਨਿਆਂ ਦਿਵਾਉਣ ਅਤੇ ਉਸ ਨਾਲ ਜਬਰਜਨਾਹ ਕਰਨ ਵਾਲੇ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੈਂਗਰ ਵਿਰੁੱਧ ਮਾਮਲਾ ਦਰਜ ਕਰਾਉਣ ਲਈ ਕਈ ਮਹੀਨਿਆਂ ਤੋਂ ਥਾਂ ਥਾਂ ਭਟਕ ਰਿਹਾ ਸੀ। ਦੋਨਾਂ ਮਾਮਲਿਆਂ ਵਿਚ ਆਰ.ਐੱਸ.ਐੱਸ ਅਤੇ ਇਸ ਦੇ ਰਾਸ਼ਟਰਵਾਦੀਆਂ ਦਾ ਅਸਲ ਕਿਰਦਾਰ ਮੁਲਕ ਦੇ ਲੋਕਾਂ ਨੇ ਚੰਗੀ ਤਰ੍ਹਾਂ ਦੇਖ ਲਿਆ। ਆਸਿਫ਼ਾ ਮਾਮਲੇ ਵਿਚ ਨਿਆਂ ਦੀ ਆਵਾਜ਼ ਨੂੰ ਕੁਚਲਣ ਲਈ ਨਾ ਕੇਵਲ ਸੰਘ ਦੇ ਇਸ਼ਾਰੇ ਉਪਰ ਰਾਜ ਮਸ਼ੀਨਰੀ ਵਲੋਂ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸਗੋਂ ਬੇਸ਼ਰਮੀ ਦੀਆਂ ਤਮਾਮ ਹੱਦਾਂ ਪਾਰ ਕਰਦੇ ਹੋਏ ਭਾਜਪਾ ਦੇ ਦੋ ਮੰਤਰੀਆਂ ਦੀ ਅਗਵਾਈ ਹੇਠ ਭਗਵੇਂ ਹਜੂਮ ਵਲੋਂ ਤਿਰੰਗੇ ਝੰਡੇ ਚੁੱਕਕੇ ਮੁਜ਼ਾਹਰੇ ਕੀਤੇ ਗਏ ਅਤੇ ਇਸ ਕਾਂਡ ਲਈ ਜ਼ਿੰਮੇਵਾਰ ਮੁਜਰਮਾਂ ਦੀ ਸਰੇਆਮ ਪੁਸ਼ਤਪਨਾਹੀ ਕੀਤੀ ਗਈ। ਮਜ਼ਲੂਮ ਧਿਰ ਨਾਲ ਖੜ੍ਹੇ ਵਕੀਲਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਧਮਕੀਆਂ ਦੇਣਾ ਅਤੇ ਭਗਵੇਂ ਵਕੀਲਾਂ ਵਲੋਂ ਜੰਮੂ ਕਸ਼ਮੀਰ ਬਾਰ ਐਸੋਸੀਏਸ਼ਨ ਨੂੰ ਲਾਮਬੰਦ ਕਰਕੇ ਹੜਤਾਲ ਕਰਨਾ ਮਾਸੂਮ ਬੱਚੀ ਦੇ ਮਾਮਲੇ ਵਿਚ ਨਿਆਂ ਦੀ ਮੰਗ ਕਰ ਰਹੇ ਇਨਸਾਫ਼ਪਸੰਦਾਂ ਦਾ ਮਨੋਬਲ ਤੋੜਣ ਅਤੇ ਉਹਨਾਂ ਦੇ ਸੰਘਰਸ਼ ਨੂੰ ਦਬਾਉਣ ਦੀ ਸੋਚੀ-ਸਮਝੀ ਸਾਜ਼ਿਸ਼ ਸੀ। ਭਾਵੇਂ ਵਿਆਪਕ ਵਿਰੋਧ ਦੇ ਦਬਾਓ ਹੇਠ ਜੰਮੂ-ਕਸ਼ਮੀਰ ਦੇ ਦੋਨਾਂ ਮੰਤਰੀਆਂ ਤੋਂ ਅਸਤੀਫ਼ੇ ਲੈ ਲਏ ਗਏ ਪਰ ਉਹਨਾਂ ਵਿੱਚੋਂ ਇਕ ਮੰਤਰੀ ਲਾਲ ਸਿੰਘ ਅੱਜ ਵੀ ਇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਦੇ ਨਾਂ ਹੇਠ ਮੁਜਰਿਮਾਂ ਨੂੰ ਬਚਾਉਣ ਲਈ ਮੁਜ਼ਾਹਰੇ ਕਰ ਰਿਹਾ ਹੈ।

ਸੰਘ ਦੀ ਕੂੜ-ਪ੍ਰਚਾਰ ਮਸ਼ੀਨਰੀ ਵਲੋਂ ਇਸ ਵਹਿਸ਼ੀ ਕਰਤੂਤ ਅਤੇ ਇਸ ਵਿਚ ਸੰਘ ਬਰਗੇਡ ਦੀ ਬੁਨਿਆਦੀ ਭੂਮਿਕਾ ਤੋਂ ਧਿਆਨ ਹਟਾਉਣ ਲਈ ਹਰ ਘਟੀਆ ਤੋਂ ਘਟੀਆ ਹਰਬਾ ਇਸਤੇਮਾਲ ਕੀਤਾ ਗਿਆ। ਇਹ ਪ੍ਰਚਾਰ ਵੀ ਕੀਤਾ ਗਿਆ ਕਿ ਚੰਗਾ ਹੋਇਆ ਆਸਿਫ਼ਾ ਨੂੰ ਮਾਰ ਦਿੱਤਾ ਗਿਆ ਉਸਨੇ ਵੱਡੀ ਹੋ ਕੇ ਮਨੁੱਖੀ ਬੰਬ ਹੀ ਬਣਨਾ ਸੀ। ਇਹ ਤਮਾਮ ਹਮਲੇ ਸਮੁੱਚੇ ਮੁਸਲਿਮ ਭਾਈਚਾਰੇ ਨੂੰ ਜਰਾਇਮਪੇਸ਼ਾ ਅਤੇ ਦੇਸ਼ਧ੍ਰੋਹੀ ਦੇ ਤੌਰ ‘ਤੇ ਬਦਨਾਮ ਅਤੇ ਜ਼ਲੀਲ ਕਰਨ ਦੀ ਸੰਘੀ ਯੁੱਧਨੀਤੀ ਦੇ ਹਥਿਆਰ ਹਨ ਜਿਹਨਾਂ ਰਾਹੀਂ ਮੁਲਕ ਦੇ ਗ਼ੈਰਮੁਸਲਿਮ ਹਿੱਸਿਆਂ ਨੂੰ ਉਹਨਾਂ ਦੀ ਇਨਸਾਨੀਅਤ, ਬਰਾਬਰੀ, ਸਮਾਜੀ ਨਿਆਂ ਲਈ ਜੂਝਣ ਦੇ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਰਿਹਾ ਹੈ ਅਤੇ ਭਾਈਚਾਰਕ ਸਾਂਝ ਨੂੰ ਖ਼ੋਰਾ ਲਾਕੇ ਸਮਾਜ ਦੀ ਫਿਰਕੂ ਅਤੇ ਉਚਜਾਤੀ ਲੀਹਾਂ ਉਪਰ ਪਾਲਾਬੰਦੀ ਕੀਤੀ ਜਾ ਰਹੀ ਹੈ।

ਬੇਸ਼ਕ ਹੋਰ ਪਾਰਟੀਆਂ ਦੇ ਰਾਜ ਵਿਚ ਵੀ ਔਰਤਾਂ ਜਿਨਸੀ ਅੱਤਿਆਚਾਰਾਂ ਦਾ ਵਿਆਪਕ ਪੈਮਾਨੇ ‘ਤੇ ਸ਼ਿਕਾਰ ਹੁੰਦੀਆਂ ਹਨ ਅਤੇ ਜਿਨਸੀ ਅੱਤਿਆਚਾਰਾਂ ਦਾ ਬਹੁਤ ਲੰਮਾ ਇਤਿਹਾਸ ਹੈ ਲੇਕਿਨ ਆਰ.ਐਸ.ਐਸ ਦੇ ਰਾਜ ਹੇਠ ਔਰਤਾਂ ਖ਼ਿਲਾਫ਼ ਜਿਨਸੀ ਜੁਰਮਾਂ ਵਿਚ ਬੇਤਹਾਸ਼ਾ ਇਜਾਫ਼ੇ ਦੀ ਇਕ ਵੱਖਰੀ ਵਜ੍ਹਾ ਵੀ ਹੈ ਉਹ ਹੈ ਹਿੰਦੂਤਵ ਦਾ ਔਰਤਾਂ ਪ੍ਰਤੀ ਮਨੂਵਾਦੀ ਨਜ਼ਰੀਆ। ਇਹ ਨਜ਼ਰੀਆ ਨਾ ਕੇਵਲ ਔਰਤਾਂ ਉਪਰ ਜਿਨਸੀ ਅੱਤਿਆਚਾਰਾਂ ਦੀ ਖੁੱਲ੍ਹੀ ਛੁੱਟੀ ਦਿੰਦਾ ਹੈ ਸਗੋਂ ਇਸ ਨੂੰ ਸਭਿਆਚਾਰਕ ਵਾਜਬੀਅਤ ਵੀ ਮੁਹੱਈਆ ਕਰਦਾ ਹੈ। ਇਸ ਦੀ ਬੁਨਿਆਦ ਮਨੂ ਸਮਰਿਤੀ ਹੈ ਜੋ ਔਰਤਾਂ ਨੂੰ ਕਿਸੇ ਵੀ ਤਰ੍ਹਾਂ ਦੇ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਵਾਂਝੇ ਕਰਕੇ ਗ਼ੁਲਾਮ ਬਣਾਕੇ ਰੱਖਣ ਦੀ ਵਕਾਲਤ ਕਰਦੀ ਹੈ। ਹਿੰਦੂਤਵ ਦੇ ਪ੍ਰਮੁੱਖ ਸਿਧਾਂਤਕਾਰ ਵੀ.ਡੀ. ਸਾਵਰਕਰ ਨੇ ਤਾਂ ਮੁਸਲਮਾਨਾਂ ਤੋਂ ਬਦਲਾ ਲੈਣ ਲਈ ਜਬਰਜਨਾਹ ਨੂੰ ਬਾਕਾਇਦਾ ਇਕ ਹਥਿਆਰ ਦੇ ਤੌਰ ਤੇ ਇਸਤੇਮਾਲ ਕਰਨ ਦੀ ਵਕਾਲਤ ਵੀ ਕੀਤੀ ਹੈ। ਉਸਨੇ ਆਪਣੀ ਇਕ ਲਿਖਤ “ਭਾਰਤੀ ਇਤਿਹਾਸ ਦੇ ਛੇ ਸ਼ਾਨਾਮੱਤੇ ਦੌਰ” ਵਿਚ ਉਹਨਾਂ ਹਿੰਦੂਆਂ ਨੂੰ ਫਿਟਕਾਰ ਪਾਈ (ਪੈਰਾ 450-452) ਜਿਹਨਾਂ ਨੇ ਜੇਤੂ ਹੋਕੇ ਕਬਜੇ ਵਿਚ ਲਈਆਂ ਮੁਸਲਿਮ ਔਰਤਾਂ ਨਾਲ ਜਬਰਜਨਾਹ ਨਹੀਂ ਕੀਤੇ। ਉਸਨੇ ਛਤਰਪਤੀ ਸ਼ਿਵਾਜੀ ਵਲੋਂ ਕਲਿਆਣ ਦੇ ਮੁਸਲਿਮ ਗਵਰਨਰ ਦੀ ਨੂੰਹ ਅਤੇ ਪੇਸ਼ਵਾ ਚਿਮਾਜੀ ਆਪਟੇ ਵਲੋਂ ਬਸੇਨ ਦੇ ਪੁਰਤਗਾਲੀ ਗਵਰਨਰ ਦੀ ਪਤਨੀ ਪ੍ਰਤੀ ਰਹਿਮ ਦਿਖਾਕੇ ਉਹਨਾਂ ਨਾਲ ਜਬਰਜਨਾਹ ਨਾ ਕਰਨ ਦੀਆਂ ਮਿਸਾਲਾਂ ਦਿੱਤੀਆਂ ਹਨ। ਉਸਨੇ ਜਬਰਜਨਾਹ ਨੂੰ ਇਹ ਦਲੀਲ ਦੇਕੇ ਜਾਇਜ਼ ਠਹਿਰਾਇਆ ਕਿ ਐਸੇ ਮੌਕਿਆਂ ਉਪਰ ਮੁਸਲਿਮ ਔਰਤਾਂ ਪ੍ਰਤੀ ਰਹਿਮ ਅਤੇ ਧਾਰਮਿਕ ਸਹਿਣਸ਼ੀਲਤਾ ਦਿਖਾਉਣਾ ਬਹਾਦਰੀ ਨਹੀਂ ਸਗੋਂ ਬੁਜ਼ਦਿਲੀ ਹੈ ਅਤੇ ਇਹ ‘‘ਆਤਮਘਾਤੀ” ਬਹਾਦਰੀ ਹੈ।

(ਬਾਕੀ ਸਫ਼ਾ 23 ’ਤੇ)
















# ਦਾਸਤਾਨ-ਏ-ਆਸਿਫਾ 11 ਤਸਵੀਰਾਂ ਜ਼ਰੀਏ 8 ਸਾਲਾ ਆਸਿਫਾ ਨਾਲ ਹੋਈ ਦਰਿੰਦਗੀ ਦੀ ਦਾਸਤਾਨ




## BRAMPTON ਵਿਚ ਪੰਜਾਬੀ ਭਾਈਚਾਰੇ ਨੇ ਜ਼ੁਲਮ ਦਾ ਸ਼ਿਕਾਰ ਬੱਚੀਆਂ ਦੇ ਹੱਕ ਵਿਚ ਮਾਰਿਆ ਹਾਅ ਦਾ ਨਾਹਰਾ

- ਆਸਿਫ਼ਾ ਕੇਸ ਦੇ ਦੋਸ਼ੀਆਂ ਨੂੰ ਸਖ਼ਤ ਸਜਾਂਵਾਂ ਦੇਣ ਦੀ ਕੀਤੀ ਮੰਗ
- ਲੋਕਾਂ ਨੇ ਧਰਮਾਂ - ਜਾਤਾਂ - ਦੇਸ਼ਾਂ ਦੀਆਂ ਵਲਗਣਾ ਤੋਂ ਉਪਰ ਉੱਠ ਕੇ ਔਰਤਾਂ ਤੇ ਹੋ ਰਹੇ ਹਰ ਕਿਸਮ ਦੇ ਜ਼ੁਲਮਾਂ ਦੀ ਕੀਤੀ ਨਿਖੇਧੀ
- ਦੋਸ਼ੀਆਂ ਨੂੰ ਬਚਾਉਣ ਚ ਲੱਗੇ ਸਿਆਸੀ ਅਨਸਰਾਂ ਨੂੰ ਪਾਈਆਂ ਫਿੱਟ - ਲਾਹਨਤਾਂ
- Hon Harinder Malhi , Minister of the Status of Women , Ontario ਨੇ ਹਰ ਤਰਾਂ ਦੀ ਮਦਦ ਦਾ ਦਿੱਤਾ ਭਰੋਸਾ ...
- ਇਕੱਠ ਨੂੰ ਮੈਡਮ ਬਲਬੀਰ ਸੋਹੀ, ਜਸਪਾਲ ਢਿੱਲੋਂ, ਰਛਪਾਲ ਕੌਰ, ਵਿੱਕੀ ਢਿੱਲੋਂ, ਪਰਮਜੀਤ ਦਿਓਲ, ਹਰਬੰਸ ਸਿੰਘ, ਸਮਸ਼ਾਦ ਇਲਾਹੀ, ਡਾ . ਬਲਜਿੰਦਰ ਸੇਖੋਂ, ਡਾ. ਗੁਰਨਾਮ ਢਿੱਲੋਂ, ਅਮਰਜੀਤ ਸਿੰਘ, ਹਾਰਪ੍ਰਮਿੰਦਰ .ਗਦਰੀ, ਸ. ਇੰਦਰਜੀਤ ਸਿੰਘ ਬੱਲ, ਪ੍ਰੋ. ਜਗੀਰ ਕਾਹਲੋਂ, ਨਾਹਰ ਔਜਲਾ, ਰਾਣਾ ਰਣਧੀਰ ਸਿੰਘ ਸਿੱਧੂ, ਮੈਡਮ ਜਤਿੰਦਰ ਰੰਧਾਵਾ ਅਤੇ ਚਰਨਜੀਤ ਬਰਾੜ ਨੇ ਕੀਤਾ ਸੰਬੋਧਨ।










# ਰਾਖਵਾਂਕਰਨ ਅਤੇ ਸਮਾਜਕ ਬਰਾਬਰਤਾ ਦਾ ਸਵਾਲ

ਲੇਖਕ: ਸ਼ਿਖਰ
ਅਨੁਵਾਦ: ਰਮਨਦੀਪ ਕੌਰ



ਜਾਤੀਗਤ ਢਾਂਚਾ ਭਾਰਤੀ ਉਪ-ਮਹਾਂਦੀਪ (ਜਿਸ ਵਿੱਚ-ਭਾਰਤ, ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਭੁਟਾਨ ਅਤੇ ਸ੍ਰੀਲੰਕਾ ਆਦਿ ਮੁਲਕ ਆਉਂਦੇ ਹਨ) ਦੇ ਸਮਾਜਕ ਢਾਂਚੇ ਦੀ ਇੱਕ ਖ਼ਾਸੀਅਤ ਹੈ। ਦੁਨੀਆਂ ਦੇ ਕਿਸੇ ਵੀ ਹੋਰ ਮੁਲਕ ਵਿੱਚ ਜਾਤੀ ਢਾਂਚਾ ਨਹੀਂ ਮਿਲਦਾ। ਭਾਰਤ ਵਿੱਚ ਜਾਤੀ ਢਾਂਚਾ ਵੈਦਿਕ ਧਰਮ ਦੀ ਦੇਣ ਹੈ। ਵੈਦਿਕ ਧਰਮ ਹੀ ਬਾਅਦ ਵਿੱਚ ਹਿੰਦੂ ਧਰਮ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ। ਭਾਰਤ ਵਿੱਚ ਮੌਜੂਦ ਲਗਭਗ ਸਾਰੇ ਹੀ ਧਰਮਾਂ ਨੇ ਜਾਤੀ ਢਾਂਚੇ ਨੂੰ ਅਪਣਾਇਆ ਹੈ। ਭਾਰਤ ਦੇ ਮੁਸਲਮਾਨਾਂ ਤੋਂ ਇਲਾਵਾ, ਦੁਨੀਆਂ ਭਰ ਦੇ ਮੁਸਲਮਾਨ ਜਾਤ-ਪਾਤ ਨੂੰ ਨਹੀਂ ਮੰਨਦੇ। ਸਿੱਖ ਧਰਮ ਦੀ ਮਿਸਾਲ ਤਾਂ ਹੋਰ ਵੀ ਹੈਰਾਨੀ ਵਾਲੀ ਹੈ। ਗੁਰੂ ਗੋਬਿੰਦ ਸਿੰਘ ਨੇ ਜਦੋਂ ਪੰਥ ਦੀ ਨੀਂਹ ਰੱਖੀ ਤਾਂ ਪੰਜ ਪਿਆਰੇ (ਸਭ ਤੋ ਪਹਿਲਾਂ ਬਣੇ ਪੰਜ ਖਾਲਸੇ) 'ਪੱਛੜੀ ਜਾਤੀਆਂ' ਨਾਲ ਸੰਬੰਧ ਰੱਖਦੇ ਸਨ। ਉਸੇ ਸਿੱਖ ਧਰਮ ਦੀ ਅੱਜ ਇਹ ਹਾਲਤ ਹੈ ਕਿ ਪੰਜਾਬ-ਹਰਿਆਣਾ ਦੇ ਅਨੇਕਾਂ ਪਿੰਡਾਂ ਵਿੱਚ ਜੱਟ ਸਿੱਖਾਂ ਅਤੇ ਮਜਬੀ ਸਿੱਖਾਂ ਦੇ ਗੁਰੂਦੁਆਰੇ ਤੱਕ ਅਲੱਗ-ਅਲੱਗ ਹਨ (ਜਿੰਨ੍ਹਾਂ ਦਲਿਤਾਂ ਨੇ ਧਰਮ ਬਦਲ ਕੇ ਸਿੱਖ ਧਰਮ ਨੂੰ ਅਪਣਾ ਲਿਆ ਸੀ, ਉਨ੍ਹਾਂ ਨੂੰ ਮਜਬੀ ਸਿੱਖ ਕਹਿੰਦੇ ਹਨ)। ਇਸੇ ਤਰ੍ਹਾਂ ਜੈਨੀ ਧਰਮ ਮੰਨਣ ਵਾਲੇ ਲੋਕ ਵੀ ਜਾਤ-ਪਾਤ ਵਿੱਚ ਪੂਰਾ ਭਰੋਸਾ ਕਰਦੇ ਹਨ। ਕਿਉਂਕਿ ਇਸਾਈ ਅਤੇ ਬੋਧੀ ਹਨ ਹੀ ਜਿਆਦਾਤਰ ਦਲਿਤ, 'ਪੱਛੜੀ ਜਾਤੀਆਂ' ਦੇ ਜਾਂ ਆਦਿਵਾਸੀ ਅਤੇ ਉਨ੍ਹਾਂ ਵਿੱਚ ਜਾਤੀ ਸ਼ੋਸ਼ਣ ਨਜ਼ਰ ਨਹੀਂ ਆਉਦਾ।

**ਜਾਤੀਵਾਦ ਦੀ ਸਿਆਸਤ ਨੂੰ ਸਮਝੀਏ**

10ਵੀਂ-11ਵੀਂ ਸਦੀ ਤੋਂ ਉੱਤਰੀ ਭਾਰਤ ਵਿੱਚ ਮੁਸਲਮਾਨ ਸ਼ਾਸਕਾਂ ਦਾ ਸ਼ਾਸਣ ਰਿਹਾ। ਅਨੇਕ ਮੁਸਲਮਾਨ ਸ਼ਾਸ਼ਕ ਧਰਮ ਦੇ ਮਾਮਲੇ ਵਿੱਚ ਬੇਹੱਦ ਕੱਟੜ ਵੀ ਰਹੇ ਸਨ। ਪਰ ਜਾਤੀਗਤ ਢਾਂਚੇ ਨੂੰ ਛੂਹਣ ਦੀ ਉਨ੍ਹਾਂ ਨੇ ਵੀ ਕੋਸ਼ਿਸ਼ ਨਹੀਂ ਕੀਤੀ। ਇਸੇ ਤਰ੍ਹਾਂ ਬ੍ਰਿਟਿਸ਼ ਸ਼ਾਸਕਾਂ ਨੇ ਵੀ ਜਾਤੀਗਤ ਢਾਂਚੇ ਨੂੰ ਜਿਵੇਂ-ਦਾ-ਤਿਵੇਂ ਜਾਰੀ ਰੱਖਿਆ। ਜਾਤੀਗਤ ਢਾਂਚੇ ਨੇ ਸਮਾਜ ਦੇ 85% ਸ਼ੂਦਰਾਂ ਤੇ ਪਿੱਛੜੀਆਂ ਜਾਤੀਆਂ ਨੂੰ 15% ਉੱਚ ਜਾਤੀਆਂ ਦਾ ਸੁਭਾਵਿਕ ਗ਼ੁਲਾਮ ਬਣਾ ਦਿੱਤਾ ਸੀ। ਸ਼ੂਦਰਾਂ ਨੂੰ 15% ਉੱਚ ਜਾਤੀਆਂ (ਸ਼ੋਸ਼ਕ ਜਾਤੀਆਂ) ਦੇ ਲਈ ਗੁਲਾਮੀ ਕਰਨੀ ਪੈਂਦੀ ਸੀ। ਸ਼ੋਸ਼ਕ ਜਾਤੀਆਂ ਇਸ ਕਮਰਤੋੜ ਮਿਹਨਤ ਦੇ ਬਦਲੇ ਵਿੱਚ ਉਹਨਾਂ ਨੂੰ ਬਸ ਇਨ੍ਹਾਂ ਦਿੰਦੀ ਸੀ ਕਿ ਉਹ ਜਿਉਂਦੇ ਹੀ ਰਹਿ ਸਕਣ। ਦੂਸਰੇ 85% ਉਤਪੀੜਨ ਸ਼ੋਸ਼ਿਤ ਜਾਤੀਆਂ ਜਾਤੀਗਤ ਢਾਂਚੇ ਨੂੰ ਦੈਵੀ ਸੰਵਿਧਾਨ ਮੰਨ ਕੇ ਅਨੇਕਾਂ ਤਰ੍ਹਾਂ ਦੇ ਦੁੱਖ ਤੇ ਦਰਦ ਬਿਨ੍ਹਾਂ ਕੋਈ ਵਿਰੋਧ ਕੀਤੇ ਚੁੱਪ-ਚਾਪ ਸਹਿਣ ਕਰਦੀਆਂ ਰਹਿੰਦੀਆਂ ਸਨ। ਇਹ ਸ਼ਾਸ਼ਕ ਵਰਗ ਤੇ ਸ਼ੋਸਕ ਜਾਤੀਆਂ ਦੇ ਲਈ ਜ਼ਬਰਦਸ਼ਤ ਲਾਭ ਵਾਲੀ ਗੱਲ ਸੀ ਕਿ ਜਨਤਾ ਦਾ ਇੰਨ੍ਹਾਂ ਵੱਡਾ ਹਿੱਸਾ ਉਹਨਾਂ ਦੇ ਲਈ ਗੁਲਾਮਾਂ ਦੀ ਤਰ੍ਹਾਂ ਬਿਨ੍ਹਾਂ ਕੋਈ ਵਿਰੋਧ ਦੇ ਕੰਮ ਕਰਦਾ ਸੀ। ਅਤੇ ਧਰਮ ਚਾਹੇ ਕੁਝ ਵੀ ਕਹਿੰਦਾ ਰਿਹਾ ਹੋਵੇ, ਮੁਸਲਮਾਨਾਂ, ਸਿੱਖਾਂ ਤੇ ਬ੍ਰਿਟਿਸ਼ ਸ਼ਾਸ਼ਕਾਂ ਨੇ ਜਾਤੀਗਤ ਢਾਂਚੇ ਤੇ ਕੋਈ ਹਮਲਾ ਨਹੀਂ ਕੀਤਾ। ਸਿੱਖਾਂ 'ਚ ਜੱਟ ਸਿੱਖ, ਭਾਪੇ ਸਿੱਖ ਜਾਂ ਮਜਬੀ ਸਿੱਖ ਮਿਲਦੇ ਹਨ ਤਾਂ ਮੁਸਲਮਾਨਾਂ ਵਿੱਚ ਨਾਈ, ਤੇਲੀ, ਕੁਮਹਾਰ, ਜੁਲਾਹੇ, ਸੈਯਦ ਮੁਸਲਮਾਨ; ਜੋ ਉਨ੍ਹਾਂ ਦੀ ਜਾਤੀ ਦੀ ਸਾਫ਼-ਸਾਫ਼ ਪਹਿਚਾਣ ਕਰਾਉਂਦੀ ਹੈ।

**ਜਾਤੀ ਭੇਦ-ਭਾਵ ਭਾਰਤੀ ਸਮਾਜ ਦੀ ਇੱਕ ਕੌੜੀ ਸੱਚਾਈ ਹੈ**

ਇਹ ਜਾਤੀਗਤ ਭੇਦ-ਭਾਵ ਸਿਰਫ਼, ਭੇਦ-ਭਾਵ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਹਰ ਦਰਜੇ ਦੇ ਸ਼ੋਸ਼ਣ ਨੂੰ ਵੀ ਜਨਮ ਦਿੰਦਾ ਹੈ। ਪੂਰੇ ਜਗੀਰੂ ਕਾਲ ਵਿੱਚ ਸ਼ੂਦਰਾਂ ਨੂੰ ਸੰਪੱਤੀ ਇਕੱਠੀ ਕਰਨ ਦਾ ਹੱਕ ਨਹੀਂ ਸੀ। ਉਨ੍ਹਾਂ ਨੂੰ ਸਾਫ਼ ਸੁਥਰਾ ਰਹਿਣ ਦਾ, ਥਾਲੀ ਵਿੱਚ ਭੋਜਨ ਤੱਕ ਖਾਣ ਦਾ ਹੱਕ ਨਹੀਂ ਸੀ। ਉਨ੍ਹਾਂ ਦੁਆਰਾ ਪੈਦਾ ਕੀਤੀ ਗਈ ਸਾਰੀ ਉਪਜ 'ਤੇ ਉੱਚ ਜਾਤੀਆਂ ਦਾ ਸੁਭਾਵਕ ਹੱਕ ਸੀ। 1947 ਦੀ ਸੱਤਾ ਬਦਲੀ ਤੋਂ ਬਾਅਦ ਕਾਨੂੰਨ ਦੀ ਕਿਤਾਬ ਵਿੱਚ ਭਾਵੇਂ ਹੀ ਜਾਤੀਗਤ ਸ਼ੋਸ਼ਣ ਖ਼ਤਮ ਹੋ ਗਿਆ ਹੋਵੇ ਪਰ ਸਮਾਜਕ ਧਰਾਤਲ ਤੇ ਉਹ ਅੱਜ ਵੀ ਆਪਣੇ ਨੰਗੇ ਚਿੱਟੇ ਰੂਪ ਵਿੱਚ ਮੌਜੂਦ ਹੈ। ਬਿਹਾਰ ਵਿੱਚ ਸ਼ੋਸਣ ਦੇ ਇਸ ਰੂਪ ਵਿੱਚ ਤਾਂ ਬਿਲਕੁਲ ਵੀ ਬਦਲਾਵ ਨਹੀਂ ਆਇਆ ਹੈ। ਪਰ ਪੰਜਾਬ-ਹਰਿਆਣਾ ਵਰਗੇ ਸੂਬਿਆਂ ਵਿੱਚ ਇਹ ਅੱਜ ਕੁਝ ਵੱਖਰੇ ਰੂਪ ਵਿੱਚ ਮੌਜੂਦ ਹੈ। ਹਰਿਆਣਾ ਦੇ ਅਨੇਕਾਂ ਪਿੰਡਾਂ ਵਿੱਚ ਦਲਿਤਾਂ ਦੇ ਖ਼ੂਹ ਅਲੱਗ ਹਨ। ਜੀਂਦ ਜਿਲ੍ਹੇ ਦੇ ਇੱਕ ਪਿੰਡ- ਘਸੋ ਵਿੱਚ ਅੱਜ ਵੀ ਦਲਿਤਾਂ ਨੂੰ ਤਲਾਬ ਤੇ ਉੱਚ ਜਾਤੀਆਂ ਲਈ ਬਣੇ ਘਾਟ 'ਤੇ ਖੜਕੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਅੱਜ ਵੀ ਜੇਕਰ ਕੋਈ ਦਲਿਤ ਮੁੰਡਾ ਕਿਸੇ ਉੱਚ ਜਾਤੀ ਦੀ ਕੁੜੀ ਨਾਲ ਵਿਆਹ ਕਰ ਲੈਂਦਾ ਹੈ ਤਾਂ ਇਸ ਗੱਲ 'ਤੇ ਪੂਰੀ ਸੰਭਾਵਨਾ ਹੁੰਦੀ ਹੈ ਕਿ ਦੋਨਾਂ ਨੂੰ ਭਰੀ ਪੰਚਾਇਤ ਵਿੱਚ ਮੌਤ ਦੀ ਸਜ਼ਾ ਸੁਣਾ ਦਿੱਤੀ ਜਾਵੇਗੀ, ਅਤੇ ਜਿਸ ਨੂੰ ਅਮਲੀ ਜਾਮਾ ਪਹਿਨਾ ਕੇ ਜਗੀਰੂ ਪੰਚਾਇਤਾਂ ਮਾਣ ਮਹਿਸੂਸ ਕਰਦੀਆਂ ਹਨ। ਪਿੰਡਾਂ ਵਿੱਚ ਅੱਜ ਵੀ ਦਲਿਤਾਂ ਦੁਆਰਾ ਥੋੜ੍ਹੀ ਜਿਹੀ ਮਜ਼ਦੂਰੀ ਵਧਾਉਣ ਦੀ ਗੱਲ ਕਰਨ 'ਤੇ ਉਨ੍ਹਾਂ ਦਾ ਸਮਾਜਕ ਬਾਈਕਾਟ ਹੋ ਜਾਂਦਾ ਹੈ। ਵਿਆਹ ਦੇ ਸਮੇਂ ਦਲਿਤਾਂ ਨੂੰ ਘੋੜੀ 'ਤੇ ਚੜ੍ਹਨ ਤੋਂ ਰੋਕਣਾ ਅਨੇਕ ਪਿੰਡਾਂ ਵਿੱਚ ਅੱਜ ਵੀ ਆਮ ਜਿਹੀ ਗੱਲ ਹੈ। ਘਰਾਂ 'ਚ ਸਫਾਈ ਦੇ ਲਈ ਆਉਣ ਵਾਲੀਆਂ ਦਲਿਤ ਔਰਤਾਂ ਦੇ ਭਾਂਡੇ ਅਲੱਗ ਰੱਖੇ ਜਾਦੇ ਹਨ। ਖੇਤਾਂ ਅਤੇ ਫੈਕਟਰੀਆਂ 'ਚ ਕੰਮ ਕਰਨ ਵਾਲੀਆਂ ਦਲਿਤ ਔਰਤਾਂ ਦੀ ਇੱਜਤ ਨਾਲ ਖੇਡਣਾ ਇੱਕ ਖਾਨਦਾਨੀ ਹੱਕ ਮੰਨਿਆ ਜਾਂਦਾ ਹੈ।

ਬਚਪਨ ਤੋਂ ਹੀ ਇੱਕ ਦਲਿਤ ਬੱਚੇ ਨੂੰ ਇਹ ਅਹਿਸਾਸ ਦਵਾਇਆ ਜਾਂਦਾ ਹੈ ਕਿ ਉਸਨੇ ਇੱਕ ਅਜਿਹੀ ਜਾਤੀ ਵਿੱਚ ਜਨਮ ਲਿਆ ਹੈ ਜਿਸਦੇ ਹੱਕ ਦੂਜੀਆਂ ਉੱਚ ਜਾਤੀਆਂ ਨਾਲੋਂ ਘੱਟ ਹਨ, ਜਿਸ ਨੂੰ ਦੂਜੀਆਂ ਤੋਂ ਨੀਵਾਂ ਸਮਝਿਆ ਜਾਂਦਾ ਹੈ ਅਤੇ ਜਿਸ ਦੇ ਛੂਹਣ ਨਾਲ ਹੀ ਕੁਝ ਵਸਤੂਆਂ ਅਪਵਿੱਤਰ ਹੋ ਜਾਂਦੀਆਂ ਹਨ। ਉਸ ਨੂੰ ਦੱਸਿਆ ਜਾਂਦਾ ਹੈ ਕਿ ਪੜ੍ਹਨਾ-ਲਿਖਣਾ ਉਸ ਦੇ ਬਸ ਦੀ ਗੱਲ ਨਹੀਂ ਹੈ। ਸਕੂਲ ਦਾ ਮਾਸਟਰ ਉਸ ਨੂੰ ਕੁੱਟਦੇ ਹੋਏ ਸਰਕਾਰ ਨੂੰ ਕੋਸਦਾ ਹੈ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਉਸ ਨੂੰ ਢੇਡਾਂ ਤੇ ਚੂੜ੍ਹਿਆਂ ਨੂੰ ਪੜ੍ਹਾਉਣਾ ਪੈਂਦਾ ਹੈ ਜੋ ਪੜ੍ਹਾਈ ਦੇ ਬਿਲਕੁਲ ਲਾਇਕ ਨਹੀਂ ਹਨ। ਉਸਨੂੰ ਹੌਲੀ-ਹੌਲੀ ਪਤਾ ਲੱਗਦਾ ਹੈ ਕਿ ਕਿਉਂ ਉਸ ਨੂੰ ਛੋਟੀ-ਛੋਟੀ ਗਲਤੀ 'ਤੇ ਵੀ ਬਾਕੀ ਬੱਚਿਆਂ ਤੋਂ ਜਿਆਦਾ ਸਜ਼ਾ ਮਿਲਦੀ ਹੈ। ਸਰਕਾਰੀ ਵਜੀਫਾ ਜਾਂ ਵਰਦੀ ਮਿਲਣ 'ਤੇ ਉਸ ਨੂੰ ਬਾਕੀ ਬੱਚਿਆਂ ਤੇ ਮਾਸਟਰਾਂ ਦੀਆਂ ਅੱਖਾਂ 'ਚੋਂ ਆਪਣੇ ਲਈ ਨਫ਼ਰਤ ਝਲਕਦੀ ਨਜ਼ਰ ਆਉਣ ਲੱਗਦੀ ਹੈ। ਪਿੱਠ ਪਿੱਛੇ ਉਸ ਦੇ ਲਈ ਗੰਦੀਆਂ ਗਾਲ੍ਹਾਂ ਤੇ ਭੱਦੇ ਮਜਾਕਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ, ਜਿਸਦੇ ਬਾਰੇ ਵਿੱਚ ਉਹ ਜਾਣਦੇ ਹੋਏ ਵੀ ਕੁਝ ਨਹੀਂ ਬੋਲ ਸਕਦਾ। ਪਰ ਇਹ ਸਭ ਕੁਝ ਉਸਦੇ ਸਰੀਰਕ ਤੇ ਮਾਨਸਕ ਵਿਕਾਸ 'ਚ ਇੱਕ ਵੱਡੀ ਰੁਕਾਵਟ ਬਣ ਜਾਂਦਾ ਹੈ ਅਤੇ ਉਹ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਨੂੰ ਆਪਣੀ ਗੱਲ ਖੁੱਲਕੇ ਕਹਿਣ ਵਿੱਚ ਹਿਚਕਿਚਾਹਟ ਹੋਣ ਲੱਗਦੀ ਹੈ। ਉਸਦਾ ਆਤਮ ਵਿਸ਼ਵਾਸ਼ ਘੱਟ ਹੋ ਜਾਂਦਾ ਹੈ ਜਿਸ ਤੋਂ ਉਹ ਜਿੰਦਗੀ ਭਰ ਪਿੱਛਾ ਨਹੀਂ ਛੁਡਾ ਪਾਉਂਦਾ। ਇਹ ਸਾਰਾ ਕੁਝ ਉਸ ਨੂੰ ਸਮਾਜਕ ਰੂਪ ਤੋਂ ਅਪਾਹਜ ਬਣਾ ਦਿੰਦਾ ਹੈ।

**ਜਾਤੀ ਸ਼ੋਸਣ ਖ਼ਤਮ ਹੋਣਾ ਹੀ ਚਾਹੀਦਾ ਹੈ :-**

ਉੱਚ ਜਾਤੀਆਂ ਦੁਆਰਾ ਦਲਿਤਾਂ ਦਾ ਇਹ ਸਮਾਜਕ ਉਤਪੀੜਨ ਮਨੁੱਖਤਾ ਦੇ ਵਿਰੁੱਧ ਤਾਂ ਹੈ ਹੀ, ਨਾਲ ਹੀ ਮੁਲਕ ਦੀ ਇੱਕ ਚੋਥਾਈ ਆਬਾਦੀ ਦੇ ਵਿਕਾਸ ਵਿੱਚ ਰੁਕਾਵਟ ਪੈਦਾ ਕਰਕੇ ਮੁਲਕ ਦੇ ਵਿਕਾਸ ਨੂੰ ਵੀ ਰੋਕਦਾ ਹੈ। ਭਾਰਤ ਵਿੱਚ ਉਦਯੋਗਿਕ ਵਿਕਾਸ ਦੇ ਨਾ ਹੋਣ ਦਾ ਇੱਕ ਕਾਰਨ ਭਾਰਤ ਵਿੱਚ ਜਾਤੀ ਢਾਂਚਾ ਹੈ। ਪੱਛਮੀ ਦੇਸ਼ਾਂ ਦੇ ਦਸਤਕਾਰਾਂ ਨੇ ਆਪਣੇ ਔਜਾਰਾਂ ਦਾ ਹੌਲੀ-ਹੌਲੀ ਵਿਕਾਸ ਕੀਤਾ। ਉਹਨਾਂ ਤੋਂ ਹੋਣ ਵਾਲੇ ਮੁਨਾਫੇ ਤੋਂ ਸ਼ੁਰੂ ਵਿੱਚ ਛੋਟੇ ਅਤੇ ਬਾਅਦ ਵਿੱਚ ਵੱਡੇ ਕਾਰਖਾਨੇ ਸਥਾਪਤ ਕੀਤੇ ਗਏ ਸਨ। ਪਰ ਭਾਰਤ 'ਚ ਲਗਭਗ ਸਾਰੇ ਕਾਰੀਗਰ/ਦਸਤਕਾਰ ਸ਼ੂਦਰਾਂ ਦੀ ਸ਼੍ਰੇਣੀ ਵਿੱਚ ਆਉਂਦੇ ਸਨ। ਜਿੰਨ੍ਹਾਂ ਨੂੰ ਸੰਪੱਤੀ ਰੱਖਣ ਦਾ ਕੋਈ ਹੱਕ ਨਹੀਂ ਸੀ, ਫਲਸਰੂਪ; ਉਹ ਜੋ ਵੀ ਪੈਦਾ ਕਰਦੇ ਸਨ, ਉਸ 'ਤੇ ਉੱਚ ਜਾਤੀਆਂ ਦੇ ਪ੍ਰਭਾਵਸ਼ਾਲੀ ਲੋਕ ਆਪਣਾ ਕਬਜਾ ਜਮ੍ਹਾ ਲੈਂਦੇ ਸਨ। ਅਤੇ ਭਾਰਤ ਦੇ ਕਾਰੀਗਰ/ਦਸਤਕਾਰ ਛੋਟੇ ਕਾਰਖਾਨੇ/ਉਦਯੋਗਾਂ ਵੱਲ ਵੱਧ ਹੀ ਨਹੀਂ ਸਕੇ। ਇਸ ਵਿੱਚ ਅੰਗਰੇਜਾਂ ਨੇ ਆ ਕੇ ਰਹਿੰਦੀ ਸਹੀ ਹਾਲਤ ਨੂੰ ਵੀ ਵਿਗਾੜ ਦਿੱਤਾ। ਜੇਕਰ ਭਾਰਤ ਆਪਣਾ ਉਦਯੋਗਕ ਵਿਕਾਸ ਕਰ ਰਿਹਾ ਹੁੰਦਾ ਤਾਂ ਅੰਗਰੇਜ਼ਾਂ ਦੇ ਲਈ ਭਾਰਤ ਨੂੰ ਗ਼ੁਲਾਮ ਬਣਾ ਸਕਣਾ ਇਨ੍ਹਾਂ ਆਸਾਨ ਨਾ ਹੁੰਦਾ। ਇਸ ਲਈ ਭਾਰਤ ਨੂੰ ਲਗਭਗ 200 ਸਾਲ ਤੱਕ ਗੁਲਾਮ ਬਣਾ ਕੇ ਰੱਖਣ 'ਚ ਜਾਤੀਗਤ ਢਾਂਚੇ ਦੀ ਵੀ ਇੱਕ ਅਹਿਮ ਭੂਮਿਕਾ ਰਹੀ ਹੈ।

ਇੱਕ ਅਜਿਹੇ ਢਾਂਚੇ ਜਿਸਨੇ ਸਮਾਜ ਨੂੰ ਖੋਖਲਾ ਬਣਾਇਆ ਹੈ, ਸਮਾਜ ਦੇ ਇੱਕ ਵੱਡੇ ਹਿੱਸੇ ਨੂੰ ਸਮਾਜਕ, ਆਰਥਿਕ ਤੇ ਮਨੋਵਿਗਿਆਨਕ ਰੂਪ ਤੋਂ ਅਪਾਹਜ ਬਣਾਇਆ ਹੈ, ਜੋ ਕੇਵਲ ਜਨਮ ਦੇ ਅਧਾਰ 'ਤੇ ਹੀ ਇਹ ਤੈਅ ਕਰ ਦਿੰਦਾ ਹੈ ਕਿ ਕੌਣ ਵੱਡਾ ਹੇ ਅਤੇ ਕੌਣ ਛੋਟਾ, ਉਸਨੂੰ ਖ਼ਤਮ ਹੋਣਾ ਹੀ ਚਾਹੀਦਾ ਹੈ। ਇੱਕ ਆਧੁਨਿਕ ਸਮਾਜ 'ਚ ਜਾਤੀਗਤ ਢਾਂਚੇ ਦੇ ਲਈ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ। ਕੋਈ ਵੀ ਅਗਾਹਾਂਵਧੂ ਵਿਅਕਤੀ ਇਸ ਤਰ੍ਹਾਂ ਹੀ ਕਹੇਗਾ। ਅਸੀਂ ਆਪਣੀਆਂ ਅਨੇਕਾਂ ਰੀਤੀਆਂ ਅਤੇ ਆਦਤਾਂ ਪ੍ਰਾਚੀਨ ਵਸਤੂਆਂ ਦੇ ਅਜਾਇਬਘਰ ਵਿੱਚ ਰੱਖ ਦਿੱਤੀਆਂ ਹਨ। ਜਾਤੀਗਤ ਢਾਂਚੇ ਦਾ ਵੀ ਇਹੀ ਹਸ਼ਰ ਹੋਣਾ ਚਾਹੀਦਾ ਹੈ। ਬਹੁਤ ਲੋਕ ਇਸੇ ਤਰ੍ਹਾਂ ਹੀ ਚਾਹੁੰਦੇ ਹਨ, ਪਰ ਕਿਵੇਂ? ਕਿਸੇ ਸਮਾਜਕ ਕੁਰੀਤੀ ਨੂੰ ਦੂਰ ਕਰਨ ਲਈ ਸਮਾਜ ਦੀ ਮੱਦਦ ਬਹੁਤ ਜ਼ਰੂਰੀ ਹੁੰਦੀ ਹੈ। ਜਾਤੀਗਤ ਢਾਂਚੇ ਜਿੰਨੀ ਭਿਆਨਕ ਕੁਰੀਤੀ ਵੀ ਸਮਾਜ ਦੀ ਮੱਦਦ ਬਿਨਾਂ ਦੂਰ ਨਹੀਂ ਹੋਵੇਗੀ।

**ਕੀ ਰਾਖਵਾਂਕਰਨ ਜਾਤੀ ਭੇਦਭਾਵ ਦੂਰ ਕਰ ਸਕਦਾ ਹੈ ?**

'ਰਾਖਵਾਂਕਰਨ' ਸ਼ਬਦ ਦਾ ਅਰਥ ਹੀ 'ਬਹਿਸ' ਹੋ ਗਿਆ ਹੈ। ਕਿਤੇ ਵੀ ਰਾਖਵੇਂਕਰਨ 'ਤੇ ਗੱਲ ਕਰੋ ਤਾਂ ਇਸ 'ਤੇ ਕੱਟੜ ਤੋਂ ਕੱਟੜ ਅਲੋਚਕ ਵੀ ਮਿਲਣਗੇ ਅਤੇ ਸਮਰਥਕ ਵੀ। ਰਾਖਵਾਂਕਰਨ ਤੋਂ ਕਿੰਨ੍ਹਾਂ ਫਾਇਦਾ ਹੋਇਆ ਹੈ? ਕਿਸ ਨੂੰ ਫਾਇਦਾ ਹੋਇਆ ਹੈ? ਰਾਖਵੇਂਕਰਨ ਦਾ ਆਧਾਰ ਕੀ ਹੋਣਾ ਚਾਹੀਦਾ ਹੈ? ਆਦਿ ਅਨੇਕਾਂ ਤਰ੍ਹਾਂ ਦੇ ਸਵਾਲ ਫੰਦੇ ਬਣ ਕੇ ਰਾਖਵੇਂਕਰਨ ਦੇ ਚਾਰੋਂ ਪਾਸੇ ਘੁੰਮਦੇ ਹਨ। ਅਤੇ ਇਸ ਤੇ ਇੱਕ ਸਹੀ ਸਮਝ ਹੋਣੀ ਬੇਹੱਦ ਜ਼ਰੂਰੀ ਹੈ। ਰਾਖਵੇਂਕਰਨ ਦੀਆਂ ਸੀਮਾਵਾਂ ਕੀ ਹਨ, ਇਹ ਸਮਝਣਾ ਵੀ ਜ਼ਰੂਰੀ ਹੈ। ਪਰ ਇਸ ਵਿਸ਼ੇ 'ਤੇ ਜਾਣ ਤੋਂ ਪਹਿਲਾਂ ਆਓ ਥੋੜੀ ਮੁਲਕ ਦੇ ਕੌੜੇ ਪਰ ਸੱਚੇ ਤੱਥਾਂ 'ਤੇ ਨਿਗ੍ਹਾ ਮਾਰੀਏ –

(1) 1993 'ਚ ਸਰਵਉੱਚ ਅਦਾਲਤ ਨੇ ਮੈਡੀਕਲ, ਇੰਜੀਨੀਅਰਿੰਗ ਵਰਗੇ ਅਦਾਰਿਆਂ 'ਚ ਪੇਡ ਸੀਟਾਂ ਨੂੰ ਸੰਵਿਧਾਨਕ ਕਰਾਰ ਦੇ ਦਿੱਤਾ। ਉਸ ਤੋਂ ਪਹਿਲਾਂ ਇਹ ਕਾਲਜ ਦਾਖ਼ਲੇ ਦੇ ਲਈ ਵਿਦਿਆਰਥੀਆਂ ਤੋਂ ਡੋਨੇਸ਼ਨ (ਦਾਨ) ਦੇ ਨਾਂ 'ਤੇ ਮੋਟੀ ਰਕਮ ਦੀ ਮੰਗ ਕਰਦੇ ਸਨ। ਪਰ ਇਹ ਦਾਨ ਕਾਨੂੰਨ ਦੁਆਰਾ ਮਾਨਤਾ ਪ੍ਰਾਪਤ ਨਹੀਂ ਸੀ। 1993 ਤੋਂ ਬਾਅਦ ਪੇਡ ਸ਼ੀਟਾਂ ਦੇ ਨਾਂ ਤੇ ਇਸ ਡੋਨੇਸ਼ਨ ਨੂੰ ਮਾਨਤਾ ਦੇ ਦਿੱਤੀ ਗਈ। ਡੋਨੇਸ਼ਨ ਜਾਂ ਪੇਡ ਸ਼ੀਟਾਂ ਹਾਸਿਲ ਕਰਨ ਲਈ ਕਿਸੇ ਵਿਦਿਆਰਥੀ ਦੀ ਯੋਗਤਾ ਨਹੀਂ ਬਲਕਿ ਉਸ ਦੇ ਪਿਤਾ ਦੀ ਜੇਬ ਦੇਖੀ ਜਾਂਦੀ ਹੈ ਕਿ ਕਿੰਨੀ ਭਾਰੀ ਹੈ। ਇਸ ਤਰ੍ਹਾਂ ਆਪਣੇ ਪਿਤਾ ਦੀ ਦੌਲਤ ਨਾਲ ਡਾਕਟਰ, ਇੰਜੀਨੀਅਰ ਦੀ ਡਿਗਰੀ ਖ਼੍ਰੀਦਣ ਵਾਲੇ ਇੰਨ੍ਹਾਂ ਲੋਕਾਂ ਨੇ ਕੀ-ਕੀ ਕਾਰਨਾਮੇ ਕੀਤੇ ਹੋਣਗੇ, ਕਿੰਨੇ ਮਰੀਜ਼ਾਂ ਨੂੰ ਮਾਰਿਆ ਹੋਵੇਗਾ, ਕਿੰਨ੍ਹੇ ਪੁਲ਼ਾਂ, ਇਮਾਰਤਾਂ, ਮਸ਼ੀਨਾਂ ਦਾ ਗਲਤ ਨਿਰਮਾਣ ਕੀਤਾ ਹੋਵੇਗਾ। ਉਸ 'ਤੇ 'ਸੱਭਿਅਕ ਸਮਾਜ' ਨੇ ਕਦੇ ਟੀਕਾ-ਟਿੱਪਣੀ ਨਹੀਂ ਕੀਤੀ, ਕਿਉਂਕਿ ਇਸ 'ਸੱਭਿਅਕ ਤੇ ਕੁਲੀਨ ਸਮਾਜ' ਦੇ ਅਮੀਰਜਾਦੇ ਇੰਨ੍ਹਾਂ ਸ਼ੀਟਾਂ 'ਤੇ ਕਬਜਾ ਕਰ ਲੈਂਦੇ ਹਨ।

(2) ਭ੍ਰਿਸਟਾਚਾਰ ਦਾ ਹਰ ਜਗ੍ਹਾ ਬੋਲਬਾਲਾ ਹੈ। ਇਹ ਗੱਲ ਮੁਲਕ ਦਾ ਹਰ ਨਾਗਰਿਕ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ। ਕੋਈ ਵੀ ਨੌਕਰੀ, ਭਾਵੇਂ ਉਹ ਚਪੜਾਸੀ ਦੀ ਹੋਵੇ ਜਾਂ ਪਹਿਲੇ ਦਰਜੇ ਦੇ ਅਫ਼ਸਰ ਦੀ, ਬਿਨ੍ਹਾਂ ਪੈਸੇ ਦਿੱਤੇ ਜਾਂ ਬਿਨ੍ਹਾਂ ਸਿਫ਼ਰਿਸ ਤੋਂ ਨਹੀਂ ਮਿਲਦੀ। ਬੋਰਡ ਆਫ਼ ਡਾਇਰੈਕਟਰ ਦੀਆਂ ਮੀਟਿੰਗਾਂ ਵਿੱਚ, ਜਾਂ ਮੈਨੇਜਮੈਂਟ ਵਿੱਚ ਜਾਂ ਇਸ ਤਰ੍ਹਾਂ ਦੀ ਅਫ਼ਸਰਸ਼ਾਹੀ ਵਿੱਚ 97%-98% ਲੋਕ ਉੱਚ ਜਾਤੀਆਂ ਦੇ ਹੁੰਦੇ ਹਨ, ਇਸ ਲਈ ਤਰੱਕੀ ਮਿਲਣੀ ਹੋਵੇ ਜਾਂ ਨੌਕਰੀ, ਉਹ ਕਿਸੇ ਸ਼ਰਮਾ ਜੀ, ਠਾਕੁਰ ਜੀ ਜਾਂ ਕਿਸੇ ਗੁਪਤਾ ਜੀ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਹੀ ਮਿਲਦੀ ਹੈ ਬਾਕੀ ਲੋਕ ਖਾਲੀ ਹੱਥ ਦੇਖਦੇ ਰਹਿ ਜਾਂਦੇ ਹਨ। ਇਸੇ ਵਿੱਚ ਗੁਣੀ ਅਤੇ ਯੋਗ ਵਿਅਕਤੀ ਦੇ ਬਾਰੇ ਸੋਚਣਾ ਕੇਵਲ ਹਵਾ ਵਿੱਚ ਘੋੜੇ ਭਜਾਉਣ



ਵਾਲੀ ਗੱਲ ਹੋ ਜਾਂਦੀ ਹੈ। ਜਦੋਂ ਇਸ ਤਰ੍ਹਾਂ ਕਿਸੇ ਸ਼ਰਮਾ, ਠਾਕੁਰ ਜਾਂ ਗੁਪਤਾ ਜੀ ਦਾ ਸਕਾ-ਸੰਬੰਧੀ ਨਜ਼ਾਇਜ ਪੌੜੀਆਂ ਚੜ੍ਹ ਕੇ ਸਫਲਤਾ ਹਾਸਲ ਕਰ ਸਕਦਾ ਹੈ ਤਾਂ ਉਸ ਤੇ 'ਕੁਲੀਨ ਅਤੇ ਸੱਭਿਅਕ' ਸਮਾਜ ਕੁਝ ਨਹੀ ਬੋਲਦਾ। ਕਾਰਣ ਉਹੀ ਹੈ। ਵੇਸੇ ਵੀ ਉੱਚ ਜਾਤੀ ਦਾ ਕੋਈ ਵਿਅਕਤੀ ਕਿੰਨੀ ਵੀ ਰਿਸਵਤ ਦੇ ਕੇ, ਸਿਫ਼ਾਰਸ ਲਗਵਾ ਕੇ, ਬੇਈਮਾਨੀ ਨਾਲ ਜਾਂ ਸਿਆਸੀ ਪਹੁੰਚ ਨਾਲ ਜੇਕਰ ਉਹ ਉੱਨਤੀ ਕਰ ਲੈਂਦਾ ਹੈ ਤਾਂ ਬਾਕੀ ਦੀਆਂ ਉੱਚ ਜਾਤੀਆਂ ਨੂੰ ਕੋਈ ਇਤਰਾਜ ਨਹੀਂ ਹੁੰਦਾ ਪਰ ਜਦੋਂ ਕੋਈ ਦਲਿਤ ਰਾਖਵੇਂਕਰਨ ਦੇ ਮਾਧਿਅਮ ਨਾਲ ਉੱਨਤੀ ਕਰ ਲੈਂਦਾ ਹੈ ਤਾਂ ਬਬਾਲ ਖੜਾ ਹੋ ਜਾਂਦਾ ਹੈ। ਇਸ ਦੇ ਪਿੱਛੇ ਸਿਰਫ਼, ਉੱਚ ਜਾਤੀ ਮਾਨਸਿਕਤਾ ਹੀ ਕੰਮ ਕਰਦੀ ਹੈ। ਕਿਸੇ ਭ੍ਰਿਸ਼ਟਾਚਾਰੀ, ਰਿਸ਼ਵਤਖੋਰ, ਬੇਈਮਾਨ ਤੇ ਉੱਚ ਜਾਤੀ ਦੇ ਵਿਅਕਤੀ ਨੂੰ ਇਹ ਮਾਨਸਿਕਤਾ ਆਪਣਾ ਅਫ਼ਸਰ ਸਵੀਕਾਰ ਕਰ ਲੈਂਦੀ ਹੈ ਪਰ ਜਦੋਂ ਕੋਈ ਦਲਿਤ ਉਹਨਾਂ ਦਾ ਅਫ਼ਸਰ ਬਣ ਜਾਵੇ ਤਾਂ ਉਹਨਾ ਦੇ ਗਰੂਰ ਨੂੰ ਸੱਟ ਲੱਗਦੀ ਹੈ ਕਿ ਹੁਣ ਉਹਨਾਂ ਨੂੰ ਇੱਕ ਦਲਿਤ ਨਾਲ ਇੱਜ਼ਤ ਨਾਲ ਗੱਲ ਕਰਨੀ ਪਵੇਗੀ ਜਿਸ ਦੀ ਅੱਜ ਤੱਕ ਉਹਨਾਂ ਨੇ ਬੇਇਜ਼ਤੀ ਹੀ ਕੀਤੀ ਹੈ। ਮਾਮਲਾ ਯੋਗਤਾ ਦਾ ਨਹੀਂ, ਉੱਚ ਜਾਤੀ ਗਰੂਰ ਦਾ ਹੈ।

(3) 1947 ਤੋਂ ਲੈ ਕੇ ਹੁਣ ਤੱਕ ਜਿੰਨੇ ਵੀ ਘੋਟਾਲੇ ਹੋਏ ਹਨ, ਜਿੰਨੇ ਵੀ ਭ੍ਰਿਸ਼ਟਾਚਾਰ ਦੇ ਮਾਮਲੇ ਹੋਏ ਹਨ ਉਹਨਾਂ ਵਿੱਚ ਲਗਭਗ ਸਾਰੇ ਮਾਮਲਿਆਂ ਵਿੱਚ ਸ਼ਾਮਿਲ ਵਿਅਕਤੀ/ਨੇਤਾ ਉੱਚ ਜਾਤੀਆਂ ਨਾਲ ਸੰਬੰਧਿਤ ਹਨ। ਇਸ ਦੇ ਬਾਵਜੂਦ ਵੀ ਜੇਕਰ ਮੁਲਕ ਵਿੱਚ ਮੌਜੂਦ ਭ੍ਰਿਸ਼ਟਾਚਾਰ, ਕਰਤੱਵਹੀਣਤਾ ਦੇ ਲਈ ਰਾਖਵੇਂਕਰਨ ਨੂੰ ਜਿੰਮੇਵਾਰ ਠਹਿਰਾਇਆ ਜਾਵੇ ਤਾਂ ਇਸ ਤੇ ਸਿਰਫ਼, ਹੱਸਿਆ ਜਾ ਸਕਦਾ ਹੈ ਜਾਂ ਫਿਰ ਉੱਚ ਜਾਤੀ ਮਾਨਸਿਕਤਾ 'ਤੇ ਰੋਇਆ ਜਾ ਸਕਦਾ ਹੈ।

(4) ਰਾਖਵੇਂਕਰਨ ਦਾ ਵਿਰੋਧ ਕਰਨ ਵਾਲੇ ਮੈਡੀਕਲ ਕੋਰਸ ਦੀ ਮਿਸਾਲ ਦਿੰਦੇ ਹਨ ਕਿ ਘੱਟ ਯੋਗਤਾ ਵਾਲੇ ਲੋਕ ਰਾਖਵੇਂਕਰਨ ਦਾ ਲਾਭ ਲੈ ਕੇ ਡਾਕਟਰ ਬਣ ਜਾਂਦੇ ਹਨ ਅਤੇ ਮਰੀਜ਼ਾਂ ਦੀਆਂ ਜਿੰਦਗੀਆਂ ਨਾਲ ਖਿਲਵਾੜ ਕਰਦੇ ਹਨ। ਇਸ ਦੇ ਇੱਕ ਪਹਿਲੂ 'ਤੇ ਅਸੀਂ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ ਕਿ ਘੱਟ ਯੋਗਤਾ ਵਾਲੇ ਉੱਚ ਜਾਤੀ ਦੇ ਵਿਦਿਆਰਥੀ ਜਦੋਂ ਪੈਸੇ ਦੀਆਂ ਪੌੜੀਆਂ ਚੜ੍ਹ ਕੇ ਡਾਕਟਰ ਬਣਦੇ ਹਨ ਤਾਂ ਇਹ ਸਵਾਲ ਨਹੀਂ ਉਠਦਾ ਪਰ ਦੂਸਰੇ ਪਹਿਲੂ 'ਤੇ ਸੋਚਣਾ ਵੀ ਜ਼ਰੂਰੀ ਹੈ। ਇਹ ਸੱਚ ਹੈ ਕਿ ਤੁਲਨਾਤਮਕ ਰੂਪ ਵਿੱਚ ਘੱਟ ਨੰਬਰ ਲੈ ਕੇ, ਇੱਕ ਦਲਿਤ ਵਿਦਿਆਰਥੀ ਮੈਡੀਕਲ ਕਾਲਜ ਵਿੱਚ ਦਾਖਲ ਹੁੰਦਾ ਹੈ ਪਰ ਇਹ ਚਿੱਟਾ ਝੂਠ ਹੈ ਕਿ ਘੱਟ ਜਾਣਕਾਰੀ ਨਾਲ ਉਹ ਮੈਡੀਕਲ ਪਾਸ ਵੀ ਕਰ ਜਾਂਦਾ ਹੈ। ਐੱਮ.ਬੀ.ਬੀ.ਐੱਸ. ਦੀ ਪੜਾਈ ਵਿੱਚ ਰਾਖਵਾਂਕਰਨ ਨਹੀਂ ਹੁੰਦਾ। ਉੱਥੇ ਦਲਿਤ ਵਿਦਿਆਰਥੀਆਂ ਨੂੰ ਵੀ ਉਨ੍ਹੀਂ ਹੀ ਮਿਹਨਤ ਕਰਨੀ ਪੈਂਦੀ ਹੈ, ਉਨ੍ਹਾਂ ਨੂੰ ਵੀ ਉੰਨੇ ਹੀ ਅੰਕ ਲੈਣੇ ਪੈਂਦੇ ਹਨ ਜਿੰਨੇ ਉੱਚ ਜਾਤੀ ਦੇ ਵਿਦਿਆਰਥੀ ਨੂੰ। ਇਸ ਲਈ ਦਲਿਤ ਵਿਦਿਆਰਥੀਆਂ 'ਤੇ ਮਰੀਜ਼ਾਂ ਦੇ ਜੀਵਨ ਨਾਲ ਖਿਲਵਾੜ ਕਰਨ ਦਾ ਦੋਸ਼ ਬੇ-ਬੁਨਿਆਦ ਹੈ। ਇਹ ਵੀ ਦੇਖਣ ਵਾਲੀ ਗੱਲ ਹੈ ਕਿ ਜਿੰਨ੍ਹਾਂ ਡਾਕਟਰਾਂ 'ਤੇ ਲਾਪਰਵਾਹੀ ਦੇ ਦੋਸ਼ ਲੱਗਦੇ ਹਨ, ਉਨ੍ਹਾਂ ਵਿੱਚ ਕਿੰਨੇ ਫ਼ੀਸਦੀ ਡਾਕਟਰ ਦਲਿਤ ਹੁੰਦੇ ਹਨ।

(5) ਘੱਟੋ-ਘੱਟ ਯੋਗਤਾ ਦੇ ਪੈਮਾਨੇ ਵਿੱਚ ਵੀ ਦਲਿਤਾਂ ਨੂੰ ਨੰਬਰਾਂ ਦੀ ਹੀ ਸੁਵਿਧਾ ਹੈ। ਹੋ ਸਕਦਾ ਹੈ ਕਿ ਜੇਕਰ ਉੱਚ ਜਾਤੀ ਦੇ ਲਈ 65% ਨੰਬਰਾਂ ਦੀ ਜ਼ਰੂਰਤ ਹੈ ਤਾਂ ਦਲਿਤਾਂ ਲਈ 15% ਜਾਂ 20% ਨੰਬਰਾਂ ਨਾਲ ਹੀ ਕੰਮ ਚੱਲ ਜਾਵੇ ਪਰ ਇਹ ਨਹੀਂ ਹੋ ਸਕਦਾ ਕਿ ਜਿਸ ਪਰਿਖਿਆ ਲਈ ਉੱਚ ਜਾਤੀਆਂ ਦੇ ਲਈ ਘੱਟ ਤੋਂ ਘੱਟ ਯੋਗਤਾ ਬੀ.ਏ. ਜਾਂ ਐੱਮ.ਏ. ਹੋਵੇ ਉਸ ਪਰਿਖਿਆ ਦੇ ਲਈ ਦਲਿਤ ਵਿਦਿਆਰਥੀਆਂ ਨੂੰ ਘੱਟ ਤੋਂ ਘੱਟ ਯੋਗਤਾ ਦਸਵੀਂ ਜਾਂ ਬਾਰ੍ਹਵੀਂ ਕਰ ਦਿੱਤੀ ਹੋਵੇ।

(6) ਅਨੇਕਾਂ ਜਥੇਬੰਦੀਆਂ ਅਤੇ ਵਿਅਕਤੀ ਜਾਤੀਗਤ ਰਾਖਵੇਂਕਰਨ ਦੀ ਬਜਾਏ ਆਰਥਕ ਰਾਖਵੇਂਕਰਨ ਦਾ ਤਰਕ ਪੇਸ਼ ਕਰਦੇ ਹੋਏ ਕਹਿਦੇ ਹਨ ਕਿ ਗਰੀਬ ਲੋਕ ਉੱਚ ਜਾਤੀ ਵਿੱਚ ਵੀ ਹੁੰਦੇ ਹਨ ਫਿਰ ਉਨ੍ਹਾਂ ਲਈ ਰਾਖਵੇਂਕਰਨ ਦੀ ਸੁਵਿਧਾ ਕਿਉਂ ਨਹੀਂ? ਲਗਦਾ ਹੈ ਕਿ ਜਿਵੇਂ ਉਨ੍ਹਾਂ ਨੂੰ ਗਰੀਬ ਲੋਕਾਂ ਦੀ ਬਹੁਤ ਪਰਵਾਹ ਹੈ। ਪਰ ਇਨ੍ਹਾਂ ਜਥੇਬੰਦੀਆਂ ਅਤੇ ਵਿਅਕਤੀਆਂ ਦਾ ਨਿੱਜੀਕਰਨ ਤੇ ਉਦਾਰੀਕਰਨ ਨੂੰ ਲੈ ਕੇ ਸਰਕਾਰ ਦਾ ਸਮਰਥਨ ਵਾਲਾ ਵਿਵਹਾਰ ਰਹਿੰਦਾ ਹੈ ਜਿਸ ਦੇ ਫ਼ਲਸਰੂਪ ਫ਼ੀਸ, ਪੁਸਤਕਾਂ, ਉੱਚ ਸਿੱਖਿਆ ਇੰਨੀ ਮਹਿੰਗੀ ਹੁੰਦੀ ਜਾ ਰਹੀ ਹੈ ਕਿ ਆਮ ਵਿਦਿਆਰਥੀ (ਭਾਵੇਂ ਉਹ ਉੱਚ ਜਾਤੀ ਦਾ ਹੈ ਜਾਂ ਪੱਛੜੀ ਜਾਤੀ ਦਾ) ਸਿੱਖਿਆ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜੇਕਰ ਸਿੱਖਿਆ ਸਾਰਿਆਂ ਲਈ ਮੁਫ਼ਤ ਕਰ ਦਿੱਤੀ ਜਾਵੇ ਤਾਂ ਗਰੀਬ ਵਿਦਿਆਰਥੀ ਦੇ ਲਈ ਰਾਖਵੇਂਕਰਨ ਦੀ ਜ਼ਰੂਰਤ ਹੀ ਨਹੀਂ ਪਵੇਗੀ। ਪਰ ਇਹ ਸਰਕਾਰੀ ਬੁੱਧੀਜੀਵੀ ਤੇ ਸ਼ਾਸਕ ਵਰਗ ਸਿੱਖਿਆ ਨੂੰ ਸਸਤਾ ਨਾ ਕਰਕੇ ਉਸਨੂੰ ਹੋਰ ਮਹਿੰਗਾ ਕਰ ਰਹੇ ਹਨ ਅਤੇ ਰਾਖਵੇਂਕਰਨ ਦੇ ਨਾਮ 'ਤੇ ਉੱਚ ਜਾਤੀਆਂ ਅਤੇ ਦਲਿਤ ਜਾਤੀਆਂ ਨੂੰ ਆਪਸ ਵਿੱਚ ਲੜਾ ਕੇ ਪਾੜੋ ਤੇ ਰਾਜ ਕਰੋ ਵਾਲੀ ਨੀਤੀ 'ਤੇ ਚੱਲ ਰਹੇ ਹਨ। ਸਾਫ਼ ਹੈ- ਉੱਚ ਜਾਤੀ ਦੇ ਗਰੀਬ ਵਿਦਿਆਰਥੀਆਂ ਦੇ ਲਈ ਇਹਨਾਂ ਦੀ ਚਿੰਤਾ ਮਗਰਮੱਛ ਦੇ ਹੰਝੂ ਵਹਾਉਣ ਤੋਂ ਜ਼ਿਆਦਾ ਕੁਝ ਵੀ ਨਹੀਂ ਹੈ।

ਇਹ ਕੁਝ ਕੌੜੀਆਂ ਸੱਚਾਈਆਂ ਹਨ ਜਿੰਨਾਂ ਨੂੰ ਉੱਚ ਜਾਤੀਆਂ ਆਖੌਤੀ ਕੁਲੀਨ ਲੋਕਾਂ ਦੁਆਰਾ ਸਵੀਕਾਰ ਕਰਨਾ ਥੋੜ੍ਹਾ ਔਖਾ ਹੈ ਅਤੇ ਇੱਕ ਹੋਰ (ਕੁ) ਤਰਕ ਕੱਢਿਆ ਜਾਂਦਾ ਹੈ ਕਿ ਉਹ ਤਾਂ ਜਾਤੀਗਤ ਭੇਦਭਾਵ ਨੂੰ ਭੁਲਾਉਣਾ ਚਾਹੁੰਦੇ ਹਨ ਪਰ ਰਾਖਵੇਂਕਰਨ ਦੇ ਕਾਰਨ ਜਾਤੀ ਭੇਦਭਾਵ ਵਧ ਰਿਹਾ ਹੈ, ਮੰਨੋ ਭਾਰਤ ਦੇ ਸਾਰੇ ਜਾਤੀਗਤ ਸ਼ੋਸਣ ਦਾ ਕਾਰਨ ਇਹ ਰਾਖਵਾਂਕਰਨ ਹੀ ਹੈ। ਕਿੰਨਾ ਭੱਦਾ ਤਰਕ ਹੈ। ਜਿੰਨਾਂ ਖੇਤਰਾਂ ਵਿੱਚ ਹਾਲੇ ਵੀ ਪਿਛੜਾਪਨ ਹੈ ਜਿੱਥੇ ਦਲਿਤ ਪੜ੍ਹ ਲਿਖ ਕੇ ਨੌਕਰੀਆਂ 'ਤੇ ਨਹੀਂ ਲੱਗ ਰਿਹਾ (ਭਾਵ ਹਾਲੇ ਤੱਕ ਉਸ ਨੂੰ ਰਾਖਵੇਂਕਰਨ ਦਾ ਲਾਭ ਨਹੀਂ ਮਿਲਿਆ ਹੈ) ਉੱਥੇ ਜਾਤੀ ਸ਼ੋਸਣ ਦੀਆਂ ਰੌਂਗਟੇ ਖੜੇ ਕਰ ਦੇਣ ਵਾਲੀਆਂ ਵਾਰਦਾਤਾਂ ਸੁਣ ਕੇ 'ਸੱਭਿਅਕ ਤੇ ਕੁਲੀਨ ਵਰਗ' ਜਾ ਤਾਂ ਯਕੀਨ ਨਹੀਂ ਕਰਦਾ, ਜਾਂ ਫਿਰ ਉਸ ਨੂੰ ਅਪਵਾਦ ਮੰਨ ਕੇ ਭੁਲਾਉਣ ਦੀ ਕੋਸ਼ਿਸ਼ ਕਰਦਾ ਹੈ। ਸੱਤਾ ਬਦਲੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਛੂਤਛਾਤ ਦਾ ਬੋਲਬਾਲਾ ਰਾਖਵੇਂਕਰਨ ਦੇ ਕਾਰਣ ਨਹੀਂ ਸੀ। ਮਨੂਸਮ੍ਰਿਤੀ, ਜਿਹੜੀ ਜਨਮ ਦੇ ਆਧਾਰ 'ਤੇ ਕੁਝ ਲੋਕਾਂ ਨੂੰ ਉੱਚ ਅਤੇ ਕੁਝ ਨੂੰ ਜਾਨਵਰਾਂ ਤੋਂ ਵੀ ਵੱਧ ਬਦਤਰ ਘੋਸ਼ਤ ਕਰਦੀ ਹੈ, ਰਾਖਵੇਂਕਰਨ ਦੀ ਵਜ੍ਹਾਂ ਨਾਲ ਨਹੀਂ ਲਿਖੀ ਗਈ ਸੀ। ਜਾਤੀ ਸ਼ੋਸਣ ਸਾਮੰਤੀ ਸਮਾਜ ਦੀ ਇੱਕ ਖ਼ਾਸੀਅਤ ਸੀ ਜਿਸਦੇ ਨੰਗੇਪਣ ਵਿੱਚ, ਰਾਖਵੇਂਕਰਨ ਤੋਂ ਬਾਅਦ ਕੁਝ ਕਮੀ ਹੀ ਆਈ ਹੈ।

**ਰਾਖਵਾਂਕਰਨ ਆਰਥਿਕ ਸ਼ੋਸਣ ਨੂੰ ਦੂਰ ਕਰਨ ਲਈ ਨਹੀਂ ਹੈ :-**

ਭਾਰਤ ਦੀ 40% ਜਨਤਾ ਗਰੀਬੀ ਰੇਖਾ ਤੋਂ ਥੱਲੇ ਰਹਿੰਦੀ ਹੈ ਅਤੇ ਇੰਨਾ ਹੀ ਕਿਸੇ ਤਰ੍ਹਾਂ ਆਪਣਾ ਗੁਜ਼ਾਰਾ ਕਰਦੀ ਹੈ। ਅਜਿਹੀ ਸਥਿਤੀ ਵਿੱਚ ਰਾਖਵਾਂਕਰਨ ਮੁਲਕ ਦੀ ਗਰੀਬੀ ਦੀ ਸਥਿਤੀ ਨੂੰ ਕੁਝ ਹੱਦ ਤੱਕ ਸੁਧਾਰ ਸਕਦਾ ਹੈ, ਇਹ ਸੋਚਣਾ ਵਿਅਰਥ ਹੈ ਕਿਉਂਕਿ ਜ਼ਰੂਰਤਮੰਦ ਲੋਕਾਂ ਦੀ ਸੰਖਿਆਂ ਕਰੋੜਾਂ ਵਿੱਚ ਹੈ ਅਤੇ ਰਾਖਵੀਆਂ ਸੀਟਾਂ ਕੁਝ ਹਜ਼ਾਰ ਜਾਂ ਕੁਝ ਲੱਖ। ਇਨ੍ਹਾਂ ਮੁੱਠੀ ਭਰ ਨੌਕਰੀਆਂ ਨਾਲ ਕਰੋੜਾਂ ਲੋਕਾਂ ਦੀ ਗਰੀਬੀ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਤਮਾਮ ਨੌਕਰੀਆਂ ਜੇਕਰ ਉੱਚ ਜਾਤੀਆਂ ਨੂੰ ਦੇ ਦਿੱਤੀਆਂ ਜਾਣ ਤਾਂ ਵੀ ਉੱਚ ਜਾਤੀ ਦੇ ਤਮਾਮ ਗਰੀਬਾਂ ਨੂੰ ਨੌਕਰੀਆਂ ਨਹੀਂ ਮਿਲ ਸਕਦੀਆਂ। ਇਹੀ ਗੱਲ ਦਲਿਤਾਂ ਲਈ ਵੀ ਕਹੀ ਜਾ ਸਕਦੀ ਹੈ। ਆਰਥਕ ਭੇਦਭਾਵ ਨੂੰ ਦੂਰ ਕਰਨ ਦਾ ਸਾਧਨ ਰਾਖਵਾਂਕਰਨ ਨਹੀਂ ਬਲਕਿ ਉਤਪਾਦਨ ਦੇ ਸਾਧਨਾਂ 'ਤੇ ਸਮੂਹਿਕ ਮਲਕੀਅਤ ਅਤੇ ਵਿਦੇਸ਼ੀ ਪੂੰਜੀ 'ਤੇ ਕਬਜ਼ਾ ਕਰਨਾ ਹੈ। ਜਿਵੇਂ ਪੂੰਜੀਵਾਦ-ਸਾਮੰਤਵਾਦ ਦੇ ਵਿਨਾਸ਼ ਦੇ ਨਾਲ ਹੀ ਆਰਥਕ ਭੇਦਭਾਵ ਦੂਰ ਕਰਨ ਦਾ ਸਿਲਸਿਲਾ ਸ਼ੁਰੂ ਹੋਵੇਗਾ।

ਰਾਖਵੇਂਕਰਨ ਦੀ ਸ਼ੁਰੂਆਤ ਆਰਥਕ ਭੇਦਭਾਵ ਨਹੀਂ ਬਲਕਿ ਸਮਾਜਕ ਭੇਦਭਾਵ ਦੂਰ ਕਰਨ ਦੇ ਮਾਧਿਅਮ ਨਾਲ ਹੋਈ ਸੀ। ਇੱਕ ਦਲਿਤ ਨੌਜਵਾਨ ਪੜ੍ਹ-ਲਿਖ ਕੇ ਜੇਕਰ ਕਿਸੇ ਅਫ਼ਸਰ ਦੀ ਕੁਰਸੀ 'ਤੇ ਬੈਠਦਾ ਹੈ ਤਾਂ ਗਰੀਬੀ ਤਾਂ ਉਹ ਆਪਣੇ ਹੀ ਪਰਿਵਾਰ ਦੀ ਦੂਰ ਕਰਦਾ ਹੈ ਪਰ ਸਮਾਜਕ ਪੱਧਰ 'ਤੇ ਉਹ ਓੱਕ ਵਿਆਪਕ ਹਲਚਲ ਵੀ ਪੈਦਾ ਕਰਦਾ ਹੈ ਕਿਉਂਕਿ ਇੱਕ ਦਿਨ ਵਿੱਚ ਉਹ ਇੱਕ ਅਫ਼ਸਰ ਦੀ ਹੈਸੀਅਤ ਨਾਲ ਸੈਂਕੜੇ ਲੋਕਾਂ ਨੂੰ ਮਿਲਦਾ ਹੈ। ਇੰਨ੍ਹਾਂ ਸੈਂਕੜੇ ਲੋਕਾਂ ਵਿੱਚ ਉੱਚ ਜਾਤੀ ਤੇ ਪੱਛੜੀ, ਦੋਨਾਂ ਜਾਤੀਆਂ ਦੇ ਲੋਕ ਹੁੰਦੇ ਹਨ। ਇਸ ਨਾਲ ਉੱਚ ਜਾਤੀ ਦੇ ਲੋਕਾਂ ਦਾ ਝੂਠਾ ਹੰਕਾਰ ਟੁੱਟਦਾ ਹੈ, ਉਹਨਾਂ ਦੀ ਉੱਚ ਜਾਤੀ ਮਾਨਸਿਕਤਾ 'ਤੇ ਸੱਟ ਲੱਗਦੀ ਹੈ ਅਤੇ ਉਨ੍ਹਾਂ ਨੂੰ ਦਲਿਤਾਂ ਨੂੰ ਵੀ ਉੱਚ ਅਹੁਦਿਆਂ 'ਤੇ ਦੇਖਣ ਦੀ ਆਦਤ ਪੈਂਦੀ ਹੈ। ਜਦੋਂ ਉੱਚ ਜਾਤੀ ਦੇ ਲੋਕ ਕਿਸੇ ਦਲਿਤ ਨੂੰ ਡਾਕਟਰ, ਡੀ.ਸੀ., ਐੱਸ.ਪੀ ਜਾਂ ਐੱਸ.ਡੀ.ਐੱਮ ਦੀ ਕੁਰਸੀ 'ਤੇ ਬੈਠਾ ਦੇਖਦੇ ਹਨ ਤਾਂ ਉਨ੍ਹਾਂ ਦੀਆਂ ਇਹ ਧਾਰਨਾਵਾਂ ਜਿਵੇਂ- 'ਦਲਿਤਾਂ ਕੋਲ ਤਾਂ ਦਿਮਾਗ ਹੀ ਨਹੀਂ ਹੁੰਦਾ' ਜਾਂ 'ਉਹ ਤਾਂ ਬਣੇ ਹੀ ਮਿਹਨਤ-ਮਜ਼ਦੂਰੀ ਲਈ ਹਨ' ਜਾਂ 'ਉਨ੍ਹਾਂ ਦੀ ਜਗ੍ਹਾ ਤਾਂ ਹੈ ਹੀ ਉੱਚ ਜਾਤੀਆਂ ਦੇ ਪੈਰਾਂ ਵਿੱਚ'- ਟੁੱਟਦੀਆਂ ਹਨ। ਦੂਜੇ ਪਾਸੇ ਇਸ ਨਾਲ ਦਲਿਤ ਜਨਤਾ ਵਿੱਚ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ; ਹੀਣ ਭਾਵਨਾ ਖ਼ਤਮ ਹੁੰਦੀ ਹੈ। ਭਾਰਤੀ ਸਮਾਜ ਜਿਹੜਾ ਜਾਤੀਆਂ ਦੇ ਛੋਟੇ-ਛੋਟੇ ਦਾਇਰਿਆਂ ਵਿੱਚ ਸਿਮਟਿਆ ਪਿਆ ਹੈ, ਇੱਥੇ ਇੱਕ ਜਾਤੀ ਦੂਜੀ ਜਾਤੀ ਬਾਰੇ ਅਨੇਕਾਂ ਤਰ੍ਹਾਂ ਦੀਆਂ ਗਲਤ ਧਾਰਨਾਵਾਂ ਬਣਾਈ ਫਿਰਦੀ ਹੈ, ਅਜਿਹੇ ਸਮਾਜ ਵਿੱਚ ਜਾਤੀਗਤ ਰਾਖਵੇਂਕਰਨ ਦੇ ਆਧਾਰ 'ਤੇ ਹੀ ਦਲਿਤ ਜਾਤੀਆਂ ਉਨਾਂ ਖੇਤਰਾਂ ਵਿੱਚ ਦਾਖਲ ਕਰ ਸਕੀਆਂ ਹਨ, ਜਿੱਥੇ ਉੱਚ ਜਾਤੀਆਂ ਦਾ ਅਣ-ਐਲਾਨਿਆ ਕਬਜਾ ਸੀ। ਇਸ ਤਰ੍ਹਾਂ ਰਾਖਵਾਂਕਰਨ ਸਮਾਜਿਕ ਭੇਦਭਾਵ ਨੂੰ ਦੂਰ ਕਰਨ ਵਿੱਚ ਇੱਕ ਉਪਯੋਗੀ ਹਥਿਆਰ ਸਿੱਧ ਹੋਇਆ ਹੈ।

**ਜਾਤੀਗਤ ਰਾਖਵੇਂਕਰਨ ਦੀ ਜਗ੍ਹਾ 'ਤੇ ਆਰਥਕ ਰਾਖਵਾਂਕਰਨ: ਇੱਕ ਨਾਜ਼ਾਇਜ ਮੰਗ:-**

ਉੱਚੀ ਜਾਤੀਆਂ ਦੇ ਕੁਝ ਸੰਗਠਨ ਆਮ ਤੌਰ 'ਤੇ ਬੁੱਧੀਜੀਵੀ, ਇਸ ਪ੍ਰਕਾਰ ਦੀ ਮੰਗ ਰੱਖਦੇ ਹਨ। ਜਾਤੀਗਤ ਰਾਖਵੇਂਕਰਨ ਦੀ ਜਗ੍ਹਾ 'ਤੇ ਆਰਥਕ ਰਾਖਵੇਂਕਰਨ ਨਾਲ ਰਾਖਵੇਂਕਰਨ ਦਾ ਆਧਾਰ ਹੀ ਖ਼ਤਮ ਹੋ ਜਾਂਦਾ ਹੈ। ਜਿਸ ਸਮਾਜਕ ਭੇਦ-ਭਾਵ ਨੂੰ ਦੂਰ ਕਰਨ ਲਈ ਰਾਖਵਾਂਕਰਨ ਸ਼ੁਰੂ ਹੋਇਆ ਸੀ, ਆਰਥਕ ਆਧਾਰ ਕਰਨ ਨਾਲ ਉਨ੍ਹਾਂ ਪਦਾਂ 'ਤੇ ਸਿਰਫ਼ ਤੇ ਸਿਰਫ਼, ਉੱਚੀ ਜਾਤੀਆਂ ਦੇ ਲੋਕ ਹੀ ਪਹੁੰਚ ਪਾਉਣਗੇ ਅਤੇ ਇਹੀ ਉਹ ਲੋਕ ਚਾਹੁੰਦੇ ਹਨ।

**ਰਾਖਵੇਂਕਰਨ ਦੀ ਸੀਮਾ ਵੀ ਹੈ :-**

ਰਾਖਵਾਂਕਰਨ ਸਮਾਜਿਕ ਭੇਦਭਾਵ ਦੂਰ ਕਰਨ ਦਾ ਇੱਕ ਜ਼ਰੀਆ ਜ਼ਰੂਰ ਹੈ ਪਰ ਰਾਖਵੇਂਕਰਨ ਨਾਲ ਹੀ ਸਮਾਜਕ ਭੇਦ-ਭਾਵ ਦੂਰ ਹੋ ਜਾਵੇਗਾ, ਅਜਿਹਾ ਸੋਚਣਾ ਵੀ ਦੂਜੀ ਤਰ੍ਹਾਂ ਦੀ ਇੱਕ ਗੰਭੀਰ ਗਲਤੀ ਹੋਵੇਗੀ। ਅਸਲ ਵਿੱਚ ਤਾਂ ਸਮਾਜਕ ਭੇਦ-ਭਾਵ ਦੀ ਜੜ੍ਹ ਵਿੱਚ ਵੀ ਆਰਥਿਕ ਸ਼ੋਸਣ ਮੌਜੂਦ ਹੈ। ਜਾਤੀਗਤ ਸ਼ੋਸਣ ਆਰਥਕ ਸ਼ੋਸਣ ਦਾ ਹੀ ਇੱਕ ਰੂਪ ਹੈ ਇਸ ਲਈ ਜਦੋਂ ਤੱਕ ਆਰਥਕ ਸ਼ੋਸਣ ਖ਼ਤਮ ਨਹੀਂ ਹੋਵੇਗਾ, ਸਮਾਜਕ ਸ਼ੋਸਣ ਨੂੰ ਖ਼ਤਮ ਕਰਨ ਦੇ ਸੁਪਨੇ ਦੇਖਣਾ ਹਵਾਈ ਕਲਪਨਾ ਹੋਵੇਗੀ। ਮੁਲਕ ਦੀ ਵੱਡੀ ਜਨਤਾ ਜਗੀਰੂ ਲੁੱਟ ਤੋਂ ਪੀੜਤ ਹੈ। ਜਗੀਰੂ ਲੁੱਟ ਤੋਂ ਮੁਕਤ, ਭਾਵ 'ਜਮੀਨ ਵਾਹੁਣ ਵਾਲੇ ਦੀ' ਦਾ ਨਾਰਾ ਸਾਕਾਰ ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ ਸਾਮਰਾਜਵਾਦੀ ਸ਼ੋਸਣ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਜੰਮੂ-ਕਸ਼ਮੀਰ ਇਸ ਦੀ ਇੱਕ ਬੇਹਤਰੀਨ ਮਿਸਾਲ ਹੈ। ਸ਼ੇਖ ਅਬਦੁੱਲਾ ਦੁਆਰਾ ਕੀਤੇ ਗਏ ਭੂਮੀ ਸੁਧਾਰਾਂ ਦੇ ਕਾਰਨ ਉੱਥੇ ਦਲਿਤਾਂ ਨੂੰ ਜ਼ਮੀਨ ਮਿਲੀ, ਇਸ ਨਾਲ ਉੱਥੇ ਜਾਤੀ ਸ਼ੋਸਣ ਦਾ ਆਧਾਰ ਹੀ ਹਿੱਲ ਗਿਆ। ਅੱਜ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਉੱਥੇ ਜਾਤੀਗਤ ਭੇਦ-ਭਾਵ ਨਹੀਂ ਹੈ ਪਰ ਇਸ ਮੁਲਕ ਦੀ ਤੁਲਨਾ ਵਿੱਚ ਉੱਥੇ ਜਾਤੀਗਤ ਸ਼ੋਸਣ ਕਾਫੀ ਹੱਦ ਤੱਕ ਘੱਟ ਹੈ। ਜੰਮੂ-ਕਸ਼ਮੀਰ ਦਾ ਮਾਡਲ ਪੂਰੇ ਮੁਲਕ ਤੇ ਲਾਗੂ ਹੋਣਾ ਚਾਹੀਦਾ ਹੈ। ਰਾਖਵੇਂਕਰਨ ਦਾ ਵਿਰੋਧ ਕਰਨ ਵਾਲੇ ਦੇ ਵਿਰੁੱਧ ਲੜਦੇ ਹੋਏ ਸਾਨੂੰ ਆਪਣੀ ਲੜਾਈ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ।

# ਕੋਰੇਗਾਓਂ-ਭੀਮਾ ਹਿੰਸਾ ਦੇ ਬਹਾਨੇ ਜਮਹੂਰੀ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹੈ



-ਬੂਟਾ ਸਿੰਘ

ਹਾਲ ਹੀ ਵਿਚ 17 ਅਪ੍ਰੈਲ ਨੂੰ ਪੁਣੇ ਪੁਲਿਸ ਵਲੋਂ ਅੱਠ ਜਮਹੂਰੀ ਕਾਰਕੁੰਨਾਂ ਦੇ ਘਰਾਂ ਉਪਰ ਛਾਪੇ ਮਾਰੇ ਗਏ ਹਨ। ਬਹਾਨਾ ਇਹ ਬਣਾਇਆ ਗਿਆ ਹੈ ਕਿ 31 ਦਸੰਬਰ 2017 ਨੂੰ ਕੋਰੇਗਾਓਂ-ਭੀਮਾ ਲੜਾਈ ਦੀ ਦੂਜੀ ਸ਼ਤਾਬਦੀ ਮੌਕੇ ਮਹਾਰਾਸ਼ਟਰ ਵਿਚ ਐਲਗਾਰ ਪ੍ਰੀਸ਼ਦ ਆਯੋਜਤ ਕੀਤੇ ਜਾਣ ਵਕਤ ਜੋ ਹਿੰਸਾ ਹੋਈ ਉਹ ਇਹਨਾਂ ਕਾਰਕੁੰਨਾਂ ਵਲੋਂ ਉਕਸਾਏ ਜਾਣ ਕਾਰਨ ਹੋਈ ਸੀ ਅਤੇ ਇਹਨਾਂ ਕਾਰਕੁੰਨਾਂ ਦਾ ਸਬੰਧ ਮਾਓਵਾਦੀਆਂ ਨਾਲ ਹੈ। ਇਹ ਸਾਰੇ ਜਾਣੇ-ਪਛਾਣੇ ਕਾਰਕੁੰਨ ਹਨ। ਸੁਧੀਰਧਾਵਲੇ ਅਤੇ ਹਰਸ਼ਾਲੀ ਪੋਤਦਾਰ ਰਿਪਬਲਿਕਨ ਪੈਂਥਰ ਦੇ ਮੈਂਬਰ ਹਨ। ਸਾਗਰ ਗੋਰਖੇ, ਦੀਪਕ ਢੇਂਗਲੇ, ਰਮੇਸ਼ ਗੈਚਰ ਅਤੇ ਉਸਦੀ ਪਤਨੀ ਜਯੋਤੀ ਜਾਗਤ ਪਕਬੀਰਕਲਾ ਮੰਚ ਪੁਣੇ ਦੇ ਕਲਾਕਾਰ ਹਨ। ਦਿੱਲੀ ਤੋਂ ਰੋਨਾ ਵਿਲਸਨ ਅਤੇ ਨਾਗਪੁਰ ਤੋਂ ਐਡਵੋਕੇਟ ਸੁਰਿੰਦਰ ਗਾਡਲਿੰਗ ਮਸ਼ਹੂਰ ਜਮਹੂਰੀ ਅਧਿਕਾਰ ਕਾਰਕੁੰਨ ਹਨ।

ਸ਼ਤਾਬਦੀ ਸਮਾਰੋਹ ਤੋਂ ਸਾਢੇ ਤਿੰਨ ਮਹੀਨੇ ਬਾਅਦ ਛਾਪੇ ਮਾਰੇ ਜਾਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪੁਲਿਸ ਅਧਿਕਾਰੀ ਆਪਣੇ ਸੱਤਾਧਾਰੀ ਬੌਸਾਂ ਦੇ ਆਦੇਸ਼ਾਂ ਅਨੁਸਾਰ ਜਮਹੂਰੀ ਕਾਰਕੁੰਨਾਂ ਉਪਰ ਫਰਜ਼ੀ ਮਾਮਲੇ ਦਰਜ ਕਰ ਰਹੇ ਹਨ। ਸਾਰਿਆਂ ਨੂੰ ਪਤਾ ਹੈ ਕਿ ਉਸ ਸਮਾਰੋਹ ਨੂੰ ਅਸਫ਼ਲ ਬਣਾਉਣ ਲਈ ਹਿੰਦੂਤਵ ਸਰਗਣਿਆਂ ਸੰਭਾਜੀ ਭੀਡੇ ਅਤੇ ਮਿਲਿੰਦ ਏਕ ਬੋਟੇ ਦੀ ਅਗਵਾਈ ਵਿਚ ਭਗਵੇਂ ਝੰਡਿਆਂ ਵਾਲੇ ਹਜੂਮ ਨੇ ਸਮਾਰੋਹ ਵਿਚ ਸ਼ਾਮਲ ਲੋਕਾਂ ਅਤੇ ਕਾਰਕੁੰਨਾਂ ਉਪਰ ਹਮਲਾ ਕੀਤਾ ਸੀ ਅਤੇ ਰਾਜ ਮਸ਼ੀਨਰੀ ਨੇ ਇਸ ਹਿੰਸਕ ਹਜੂਮ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਬਜਾਏ ਉਹਨਾਂ ਕਾਰੁਕੰਨਾਂ ਅਤੇ ਵਕੀਲਾਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਪੂਰੀ ਤਾਕਤ ਝੋਕ ਦਿੱਤੀ ਜੋ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰ ਰਹੇ ਹਨ। ਇਹ ਦੋਵੇਂ ਸ਼ਖ਼ਸ ਸੱਤਾਧਾਰੀ ਭਾਜਪਾ ਅਤੇ ਸੰਘ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਸਾਰਾ ਕੁਛ ਜਾਣਦੇ ਹੋਏ ਵੀ ਪੁਲਿਸ ਵਲੋਂ ਉਹਨਾਂ ਨੂੰ ਹਿੰਸਾ ਭੜਕਾਉਣ ਤੋਂ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਉਲਟਾ ਇਹ ਕਹਾਣੀ ਘੜ ਲਈ ਗਈ ਕਿ ਕਾਰਕੁੰਨਾਂ ਵਲੋਂ 31 ਦਸੰਬਰ ਨੂੰ ਦੀ ਮਨਸ਼ਾ ਜਾਣ-ਬੁੱਝਕੇ ਹਿੰਸਾ ਉਕਸਾਉਣ ਦੀ ਮਨਸ਼ਾ ਨਾਲ ਗਾਏ ਗਏ ਗੀਤਾਂ ਕਾਰਨ ਹਿੰਸਾ ਭੜਕੀ। ਉਸ ਹਿੰਸਾ ਦੀ ਜਾਂਚ ਦੇ ਬਹਾਨੇ ਪੁਣੇ ਪੁਲਿਸ ਦੇ ਸੀਨੀਅਰ ਅਫ਼ਸਰਾਂ ਵਲੋਂ ਦਿੱਲੀ ਵਿਚ ਰੋਨਾਵਿਲਸਨ ਦੇ ਘਰ ਦੀ ਤਲਾਸ਼ੀ ਲਈ ਗਈ ਅਤੇ ਉਸਦਾ ਫ਼ੋਨ, ਲੈਪਟਾਪ, ਕਿਤਾਬਾਂ ਅਤੇ ਪੈਸੇ ਜ਼ਬਤ ਕਰ ਲਏ। ਰੋਨਾਵਿਲਸਨ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਈ ਸਾਲਾਂ ਤੋਂ ਸਰਗਰਮ ਕਾਰਕੁੰਨ ਹਨ ਅਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ ਦੇ ਪਬਲਿਕਰਿਲੇਸ਼ਨ ਸਕੱਤਰ ਦੇ ਤੌਰ 'ਤੇ ਯੂ.ਏ.ਪੀ.ਏ. ਅਤੇ ਅਫਸਪਾ ਵਰਗੇ ਕਾਲੇ ਕਾਨੂੰਨਾਂ ਦੇ ਗ਼ੈਰ ਕਾਨੂੰਨੀ ਸੁਭਾਅ ਵਿਰੁੱਧ ਆਵਾਜ਼ ਉਠਾਉਣ, ਮੁਸਲਿਮ ਤੇ ਹੋਰ ਘੱਟ ਗਿਣਤੀਆਂ ਅਤੇ ਹੋਰ ਹਾਸ਼ੀਆਗ੍ਰਸਤ ਦੱਬੇ-ਕੁਚਲੇ ਹਿੱਸਿਆਂ ਦੇ ਵਿਰੁੱਧ ਮੌਤ ਦੀ ਸਜ਼ਾ ਦੀ ਮਨਮਾਨੀ ਵਰਤੋਂ ਵਿਰੁੱਧ ਕਨਵੈਨਸ਼ਨਾਂ ਜਥੇਬੰਦ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਆ ਰਹੇ ਹਨ।

ਜਦੋਂ ਰਾਜ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਦਲਿਤਾਂ ਵਿਚ ਰੋਹ ਵਧਦਾ ਜਾ ਰਿਹਾ ਹੈ ਅਤੇ ਉਹ ਵਿਆਪਕ ਪੱਧਰ 'ਤੇ ਸੜਕਾਂ ਉਪਰ ਆਕੇ ਵਿਰੋਧ ਕਰ ਰਹੇ ਹਨ ਉਦੋਂ ਇਹ ਛਾਪੇਮਾਰੀ ਦਰਸਾਉਂਦੀ ਹੈ ਕਿ ਸੱਤਾਧਾਰੀ ਵਿਰੋਧ ਦੀ ਆਵਾਜ਼ ਨੂੰ ਕੁਚਲਣਾ ਚਾਹੁੰਦੇ ਹਨ। ਕਾਰਕੁੰਨਾਂ ਅਤੇ ਲੋਕਪੱਖੀ ਵਕੀਲਾਂ ਨੂੰ ਨਿਸ਼ਾਨਾ ਬਣਾਕੇ ਰਾਜ ਸਿਆਸੀ ਕੈਦੀਆਂ ਦੇ ਹੱਕਾਂ ਦੀ ਰਾਖੀ ਲਈ ਆਵਾਜ਼ ਉਠਾਉਣ ਵਾਲਿਆਂ ਦੀ ਸੰਘੀ ਨੱਪਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਕੋਰੇਗਾਓਂ-ਭੀਮਾ ਵਿਚ ਜੋ ਹਿੰਸਾ ਹੋਈ ਉਸ ਨੂੰ ਹੁਕਮਰਾਨ ਲੋਕ ਹਿਤਾਂ ਲਈ ਜੂਝ ਰਹੇ ਕਾਰਕੁੰਨਾਂ ਅਤੇ ਵਕੀਲਾਂ ਨੂੰ ਦਬਾਉਣ ਲਈ ਬਹਾਨੇ ਵਜੋਂ ਵਰਤ ਰਹੇ ਹਨ। ਇਹ ਗਿਣੀ-ਮਿੱਥੀ ਛਾਪੇਮਾਰੀ ਪੁਲਿਸ ਰਾਜ ਦੀ ਵਧ ਰਹੀ ਮਾਯੂਸੀ ਅਤੇ ਹੁਕਮਰਾਨਾਂ ਅੰਦਰ ਕਾਰਕੁੰਨਾਂ ਅਤੇ ਵਕੀਲਾਂ ਨੂੰ ਫਰਜ਼ੀ ਇਲਜ਼ਾਮਾਂ ਵਿਚ ਫਸਾਉਣ ਅਤੇ ਲੰਮੇ ਸਮੇਂ ਤਕ ਜੇਲ੍ਹਾਂ ਵਿਚ ਸਾੜਨ ਦੀ ਵਧ ਰਹੀ ਪ੍ਰਵਿਰਤੀ ਨੂੰ ਦਰਸਾਉਂਦੀ ਹੈ।

ਇਹ ਵੀ ਲਾਜ਼ਮੀ ਤੌਰ 'ਤੇ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਆਪਣੇ ਹੀ ਕਾਨੂੰਨਾਂ ਨੂੰ ਟਿੱਚ ਜਾਨਣ ਵਾਲੇ ਹੁਕਮਰਾਨਾਂ ਵਲੋਂ ਇਹ ਗ਼ੈਰ ਕਾਨੂੰਨੀ ਤਲਾਸ਼ੀ ਮੁਹਿੰਮ ਉਸ ਵਕਤ ਚਲਾਈ ਗਈ ਹੈ ਜਦੋਂ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ ਡਾ. ਜੀ. ਐਨ ਸਾਈਬਾਬਾ, ਹੇਮ ਮਿਸ਼ਰਾ, ਪ੍ਰਸ਼ਾਂਤਰਾਹੀ, ਵਿਜੈਟਿਰਕੀ, ਮਹੇਸ਼ ਟਿਰਕੀ ਅਤੇ ਪਾਂਡੂ ਨਰੋਟੇ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਵਿਰੁੱਧ ਲੋਕਰਾਏ ਬਣਾ ਰਹੀ ਹੈ ਅਤੇ ਇਸ ਵਿਚ ਸਫ਼ਲ ਵੀ ਹੋਈ ਹੈ। ਗੜ੍ਹਚਿਰੌਲੀ ਅਦਾਲਤ ਦਾ 827 ਪੰਨਿਆਂ ਦਾ ਫ਼ੈਸਲਾ ਅਣਜਾਣੇ ਹੀ ਇਕ ਕੌਮੀ ਸੁਰੱਖਿਆ ਦੇ ਬਹਾਨੇ ਸੰਘਰਸ਼ਸ਼ੀਲ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਰਾਜ ਦੇ ਕਾਰਵਿਹਾਰ ਨੂੰ ਨੰਗਾ ਕਰ ਦਿੰਦਾ ਹੈ ਜੋ ਜਮਹੂਰੀ ਵਿਰੋਧ ਨੂੰ ਦਬਾਉਣ ਲਈ ਕਾਨੂੰਨ ਦਾ ਇਸਤੇ ਮਾਲ ਕਰ ਰਿਹਾ ਹੈ। ਇਹ ਇਤਫ਼ਾਕ ਨਹੀਂ ਕਿ ਜਦੋਂ ਸੇਵਾ ਮੁਕਤ ਜੱਜ ਅਤੇ ਉਘੇ ਵਕੀਲ ਗੜ੍ਹ ਚਿਰੌਲੀ ਅਦਾਲਤ ਦੇ ਫ਼ੈਸਲੇ ਦੀ ਨਿਖੇਧੀ ਕਰਦਿਆਂ 22 ਅਪਰੈਲ ਨੂੰ ਕੀਤੀ ਜਾ ਰਹੀ ਕਨਵੈਨਸ਼ਨ ਨੂੰ ਸੰਬੋਧਨ ਕਰਨ ਲਈ ਸਹਿਮਤ ਹੋ ਗਏ ਤਾਂ ਰਾਜ ਮਸ਼ੀਨਰੀ ਨੇ ਰੋਨਾਵਿਲਸਨ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਕੋਰੇਗਾਓਂ ਭੀਮਾ ਨੂੰ ਬਹਾਨਾ ਬਣਾਇਆ ਹੈ ਤਾਂ ਜੋ ਲੋਕਾਂ ਦਾ ਧਿਆਨ ਭਟਕਾਇਆ ਜਾ ਸਕੇ ਅਤੇ ਗੜ੍ਹਚਿਰੌਲੀ ਸੈਸ਼ਨ ਕੋਰਟ ਦੇ ਫ਼ੈਸਲੇ ਵਿਰੁੱਧ ਲਾਮਬੰਦੀ ਨੂੰ ਰੋਕਿਆ ਜਾ ਸਕੇ।

ਅਦਾਰਾ ਲੋਕ ਕਾਫ਼ਲਾ ਰੋਨਾਵਿਲਸਨ ਅਤੇ ਹੋਰ ਜਮਹੂਰੀ ਕਾਰਕੁੰਨਾਂ ਦੇ ਘਰਾਂ ਵਿਚ ਇਸ ਛਾਪੇ ਮਾਰੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ। ਇਸ ਹਮਲੇ ਦਾ ਜ਼ੋਰਦਾਰ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਵਿਆਪਕ ਲੋਕ ਲਾਮਬੰਦੀ ਹੀ ਹੁਕਮਰਾਨਾਂ ਦੇ ਫਾਸ਼ੀਵਾਦੀ ਹਮਲਿਆਂ ਨੂੰ ਠੱਲ ਪਾਸ ਕਦੀ ਹੈ।



ਹਰੀਪਾਲ
403-714-4816

# "21ਵੀਂ ਸਦੀ ਅਤੇ ਮਾਰਕਸਵਾਦ"



ਮਾਰਕਸ ਕੌਣ ਸੀ - ਮਾਰਕਸ ਇਕ ਜਰਮਨ ਫਿਲਾਸਫਰ, ਅਰਥ-ਸ਼ਾਸਤਰੀ, ਇਤਿਹਾਸਕਾਰ, ਪੱਤਰਕਾਰ ਅਤੇ ਸਮਾਜਵਾਦੀ ਕ੍ਰਾਂਤੀਕਾਰੀ ਸੀ। ਮਾਰਕਸ ਦਾ ਜਨਮ 5 ਮਈ 1818 ਵਿਚ ਜਰਮਨੀ ਵਿਚ ਹੋਇਆ। ਮਾਰਕਸ ਦੀ ਫਿਲਾਸਫੀ ਦੇ ਕਾਰਨ ਮਾਰਕਸ ਨੂੰ ਜਰਮਨੀ ਵਿਚੋਂ ਦੇਸ਼-ਨਿਕਾਲਾ ਦੇ ਦਿੱਤਾ ਗਿਆ। ਉਸਨੇ ਬਨਵਾਸਮਈ ਜ਼ਿੰਦਗੀ ਲੰਡਨ ਵਿਚ ਬਿਤਾਈ। ਮਾਰਕਸ ਅਤੇ ਏਂਗਲਜ ਨੇ ਜੋ ਵਿਚਾਰਧਾਰਾ ਦਿੱਤੀ ਉਸ ਨੂੰ ਮਾਰਕਸਵਾਦ ਕਿਹਾ ਜਾਂਦਾ ਹੈ। ਮਾਰਕਸ ਦੀ ਮਹਾਨ ਕਿਰਤ, ਪੈਂਫਲਿਟ, ਕਮਿਊਨਿਸਟ ਮੈਨੀਫੈਸਟੋ ਅਤੇ ਸਰਮਾਇਆ (DAS CAPITAL) ਹਨ। ਮਾਰਕਸ ਨੇ ਇਹ ਸਿੱਧ ਕੀਤਾ ਕਿ ਅਮੀਰੀ ਗਰੀਬੀ ਦਾ ਪਾੜਾ ਪੂੰਜੀਵਾਦੀ ਸਿਸਟਮ ਦੀ ਦੇਣ ਹੈ। ਉਸਨੇ ਕਿਹਾ ਕਿ ਘਰ ਜਾਂ ਕਾਰ ਸਰਮਾਇਆ ਨਹੀਂ ਹਨ ਸਗੋਂ ਪੂੰਜੀ ਜਿਹੜੀ ਕਿ ਤਿਜ਼ਾਰਤ ਕਰਨ ਲਈ ਵਰਤੀ ਜਾਂਦੀ ਹੈ ਜਿਵੇਂ ਸਸਤਾ ਮਾਲ ਖਰੀਦ ਕੇ ਮਹਿੰਗੇ ਮੁੱਲ 'ਤੇ ਵੇਚਣਾ ਇਹ ਸਰਮਾਇਆ (Capital) ਹੈ। ਉਸਨੇ ਕਿਹਾ ਕਿ ਮੁਨਾਫ਼ਾ ਕਿਰਤ ਦੀ ਲੁੱਟ ਵਿਚੋਂ ਪੈਦਾ ਹੁੰਦਾ ਹੈ। ਮਾਰਕਸਵਾਦ ਨੇ ਮੁਲਕਾਂ ਦੀ ਤਕਦੀਰ ਬਦਲ ਕੇ ਰੱਖ ਦਿੱਤੀ ਅਤੇ ਅੱਜ ਵੀ ਮਾਰਕਸਵਾਦ ਉਨਾ ਹੀ ਪ੍ਰਭਾਵੀ ਹੈ ਜਾਂ ਉਸ ਤੋਂ ਵੀ ਵੱਧ ਜਿੰਨਾ ਇਹ ਵੀਹਵੀਂ ਸਦੀ ਵਿਚ ਪ੍ਰਭਾਵੀ ਸੀ।

**ਮਾਰਕਸਵਾਦੀ ਕੀ ਹੈ**

ਮਾਰਕਸਵਾਦ ਇਕ ਸਮਾਜਿਕ ਆਰਥਿਕ ਵਿਸ਼ਲੇਸ਼ਣ ਹੈ ਜਿਹੜਾ ਕਿ ਪੂੰਜੀਵਾਦ ਦੀ ਵਿਆਖਿਆ ਕਰਦਾ ਹੈ ਕਿ ਪੂੰਜੀਵਾਦੀ ਸਿਸਟਮ ਕਿਰਤ ਦੀ ਲੁੱਟ 'ਤੇ ਖੜ੍ਹਾ ਹੈ। ਜਮਾਤੀ ਸੰਘਰਸ਼, ਸਮਾਜਿਕ ਝਗੜੇ ਦਾ ਵਿਸ਼ਲੇਸ਼ਣ ਇਤਿਹਾਸਕ ਪਦਾਰਥਵਾਦ ਦੇ ਨਿਯਮ 'ਤੇ ਕਰਦਾ ਹੈ। ਇਸ ਦੀ ਸ਼ੁਰੂਆਤ 10ਵੀਂ ਸਦੀ ਵਿਚ ਜਰਮਨ ਫਿਲਾਸਫਰ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਤੋਂ ਸ਼ੁਰੂ ਹੁੰਦੀ ਹੈ। ਮਾਰਕਸਵਾਦ, ਇਤਿਹਾਸਕ ਪਦਾਰਥਵਾਦ ਦਾ ਫਾਰਮੂਲਾ ਵਰਤ ਕੇ ਪੂੰਜੀਵਾਦ ਦਾ ਵਿਕਾਸ ਅਤੇ ਜਮਾਤੀ ਘੋਲ ਦੇ ਸੰਘਰਸ਼ ਦਾ ਵਿਸ਼ਲੇਸ਼ਣ ਕਰਦਾ ਹੈ। ਮਾਰਕਸ ਦੇ ਹਿਸਾਬ, ਜਮਾਤੀ ਘੋਲ, ਦੱਬੀਆਂ ਹੋਈਆਂ ਜਮਾਤਾਂ ਅਤੇ ਸਰਮਾਏਦਾਰਾਂ ਵਿਚਕਾਰ ਲਗਾਤਾਰ ਚੱਲਦਾ ਹੈ। ਕਿਉਂਕਿ ਕਾਰਖਾਨਿਆਂ ਅਤੇ ਫੈਕਟਰੀਆਂ ਤੇ ਪੂੰਜੀਪਤੀਆਂ ਦਾ ਕਬਜ਼ਾ ਹੈ ਜੋ ਕਿ ਮਜ਼ਦੂਰਾਂ ਨੂੰ ਘੱਟ ਤਨਖਾਹ ਦੇ ਕੇ ਫਾਲਤੂ ਉਤਪਾਦਨ (Production) ਕਰਾਉਂਦੀਆਂ ਹਨ। ਅਸਲ ਵਿਚ ਮੁਨਾਫ਼ਾ ਹੈ ਹੀ ਮਜ਼ਦੂਰਾਂ ਦੀ ਲੁੱਟਦਾ ਨਾਂ। ਮਜ਼ਦੂਰਾਂ ਅਤੇ ਮਾਲਕਾਂ ਵਿਚਕਾਰ ਚਲ ਰਿਹਾ ਇਹ ਜਮਾਤੀ ਘੋਲ, ਇਕ ਪਰੋਲੇਤਾਰੀ ਇਨਕਲਾਬ ਬਣ ਜਾਂਦਾ ਹੈ ਜੋ ਅਖੀਰ ਵਿਚ ਸਮਾਜਵਾਦ ਦੀ ਸਥਾਪਤੀ ਕਰਦਾ ਹੈ। ਇਹ ਸਮਾਜਵਾਦੀ ਸਿਸਟਮ, ਪ੍ਰੋਡਕਸ਼ਨ ਦੇ ਸਾਧਨਾਂ ਅਤੇ ਇਸ ਦੀ ਵੰਡ (Distribution) 'ਤੇ ਕਬਜ਼ਾ ਕਰ ਲੈਂਦਾ ਹੈ। ਜਿਉਂ ਜਿਉਂ ਸਮਾਜਵਾਦ ਦਾ ਵਿਕਾਸ ਹੁੰਦਾ ਹੈ ਇਹ ਆਖਿਰ ਵਿਚ ਸਾਮਵਾਦ (Communism) ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਇਕ ਜਮਾਤ ਰਹਿਤ ਸਮਾਜ ਨੂੰ ਜਨਮ ਦਿੰਦਾ ਹੈ। ਜਿਸ ਵਿਚ ਹਰ ਇਕ ਨੂੰ ਉਸਦੀ ਯੋਗਤਾ ਅਨੁਸਾਰ ਕੰਮ ਅਤੇ ਉਸ ਦੀ ਲੋੜ ਅਨੁਸਾਰ ਜ਼ਰੂਰੀ ਸਹੂਲਤਾਂ (Basic Needs) ਦਿੱਤੀਆਂ ਜਾਂਦੀਆਂ ਹਨ। ਮਾਰਕਸਵਾਦ ਹਰ ਇਕ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਦੀ ਗਰੰਟੀ ਦਿੰਦਾ ਹੈ। ਅਸਲ ਵਿਚ ਮਾਰਕਸਵਾਦ ਵੱਖ-ਵੱਖ ਮੁਲਕਾਂ ਵਿਚ, ਵੱਖ-ਵੱਖ ਤਰ੍ਹਾਂ ਵਿਕਾਸ ਕਰ ਚੁੱਕਿਆ ਹੈ। ਇਸ ਕਰਕੇ ਮਾਰਕਸਵਾਦ ਦੀ ਕੋਈ ਪੱਕੀ ਥਿਊਰੀ ਨਹੀਂ ਹੈ। ਮਾਰਕਸਵਾਦ ਨੇ ਸਾਰੀ ਦੁਨੀਆਂ ਵਿਚ, ਇਤਿਹਾਸ, ਸਭਿਆਚਾਰ, ਵਿਦਿਆ, ਆਰਥਿਕਤਾ, ਸਾਹਿਤਕ ਆਲੋਚਨਾ ਅਤੇ ਫਿਲਾਸਫੀ ਨੂੰ ਪ੍ਰਭਾਵਿਤ ਕੀਤਾ ਹੈ। ਆਓ ਆਪਾਂ ਥੋੜ੍ਹਾ ਜਿਹਾ ਕੰਪੈਰੀਜਨ ਪੂੰਜੀਵਾਦ ਅਤੇ ਸਮਾਜਵਾਦ ਦਾ ਕਰੀਏ ਤਾਂ ਕਿ ਸਮਾਜਵਾਦ ਦਾ ਲੋਕਪੱਖੀ ਪੱਖ ਅਤੇ ਪੂੰਜੀਵਾਦ ਦਾ ਲੋਕ ਵਿਰੋਧੀ ਪੱਖ ਸਾਫ਼ ਹੋ ਸਕਣ :-

1. ਸਮਾਜਵਾਦੀ ਸਮਾਜ ਵਿਚ ਨਿੱਜੀ ਪੈਦਾਵਾਰ ਸਾਰੇ ਸਮਾਜ ਦੀ ਮਲਕੀਅਤ ਹੁੰਦੀ ਹੈ। ਸਮਾਜਵਾਦੀ ਅਰਥ-ਵਿਵਸਥਾ ਨਫ਼ੇ 'ਤੇ ਨਹੀਂ ਟਿਕੀ ਹੁੰਦੀ ਪਰ ਇਸ ਦੀ ਜਗ੍ਹਾ ਮਨੁੱਖੀ ਲੋੜਾਂ 'ਤੇ ਟਿੱਕੀ ਹੁੰਦੀ ਹੈ। ਇਸ ਦਾ ਮਤਲਬ ਉਤਪਾਦਨ (Production) ਸਿਰਫ਼ ਮਨੁੱਖੀ ਲੋੜਾਂ ਲਈ ਕੀਤਾ ਜਾਂਦਾ ਹੈ।

ਪੂੰਜੀਵਾਦੀ ਸਿਸਟਮ ਵਿਚ ਜਿਥੇ ਸਿਰਫ਼ ਮੁਨਾਫ਼ਾ ਹੀ ਮੁੱਖ ਹੁੰਦਾ ਹੈ, ਜ਼ਖੀਰੇਬਾਜ਼ ਮਾਲ ਇਕੱਠਾ ਕਰ ਲੈਂਦੇ ਹਨ, ਫਿਰ ਮੰਡੀ ਵਿਚ ਮਾਲ ਦੀ ਕਮੀ ਹੋਣ 'ਤੇ ਮਾਲ ਮਹਿੰਗਾ ਹੋ ਜਾਂਦਾ ਹੈ ਤਦ ਜ਼ਖੀਰੇਬਾਜ਼ ਉਸੇ ਮਾਲ ਨੂੰ ਮਹਿੰਗੇ ਮੁੱਲ 'ਤੇ ਵੇਚਣਾ ਸ਼ੁਰੂ ਕਰ ਦਿੰਦੇ ਹਨ ਪਰ ਸਮਾਜਵਾਦੀ ਸਮਾਜ ਵਿਚ ਜ਼ਖੀਰੇਬਾਜ਼ੀ ਬਿਲਕੁਲ ਖਤਮ ਕਰ ਦਿੱਤੀ ਜਾਂਦੀ ਹੈ।

2. ਮਾਰਕਸ ਦੇ ਹਿਸਾਬ ਅਨੁਸਾਰ, ਸਰਮਾਏਦਾਰ ਕਹਿੰਦੇ ਹਨ ਕਿ ਕਿਰਤੀ ਅਤੇ ਮਾਲਕ ਦੋਵੇਂ ਰਲ ਕੇ ਮਾਲ ਪੈਦਾ ਕਰਦੇ ਹਨ, ਇਸ ਕਰਕੇ ਮਾਲਕਾਂ ਅਤੇ ਮਜ਼ਦੂਰਾਂ ਦੇ ਹਿੱਤ ਸਾਂਝੇ ਹੁੰਦੇ ਹਨ ਪਰ ਅਸਲ ਵਿਚ ਅਜਿਹਾ ਨਹੀਂ ਹੈ ਜਿਸ ਤਰ੍ਹਾਂ ਸ਼ੇਰ ਅਤੇ ਬੱਕਰੀ ਕਦੇ ਵੀ ਇਕ ਘਾਟ ਤੇ ਪਾਣੀ ਨਹੀਂ ਪੀ ਸਕਦੀ, ਕਿਉਂਕਿ ਬੱਕਰੀ ਨੇ ਸ਼ੇਰ ਦੀ ਖੁਰਾਕ ਬਣਨਾ ਹੀ ਹੈ, ਬਿਲਕੁਲ ਇਸੇ ਤਰ੍ਹਾਂ ਮਜ਼ਦੂਰਾਂ ਦੀ ਮਿਹਨਤ ਨੇ ਸਰਮਾਏਦਾਰਾਂ ਦਾ ਢਿੱਡ ਵੱਡਾ ਕਰਨਾ ਹੀ ਹੈ। ਹੁਣ ਫੈਕਟਰੀ ਮਾਲਕ ਕਹਿੰਦਾ ਹੈ ਕਿ ਮਜ਼ਦੂਰ ਦੇ ਹਿੱਤ ਮੇਰੇ ਨਾਲ ਹਨ, ਕਿਉਂਕਿ ਮੈਂ ਉਸਨੂੰ ਰੁਜ਼ਗਾਰ ਦਿੰਦਾ ਹਾਂ, ਪਰ ਅਜਿਹਾ ਨਹੀਂ ਹੈ, ਮਾਲਕ ਹਮੇਸ਼ਾ ਨਵੀਂ ਟੈਕਨਾਲੋਜੀ ਦੀ ਭਾਲ ਵਿਚ ਰਹਿੰਦਾ ਹੈ ਤਾਂ ਕਿ ਮਜ਼ਦੂਰਾਂ ਦੀ ਛਾਂਟੀ ਕੀਤੀ ਜਾ ਸਕੇ। ਜੇਕਰ ਮਾਲਕ ਮਜ਼ਦੂਰਾਂ ਦਾ ਇਤਨਾ ਹੀ ਹਿਤੈਸ਼ੀ ਹੋਵੇ ਤਾਂ ਮਜ਼ਦੂਰਾਂ ਨੂੰ ਹੜਤਾਲ ਵਗੈਰਾ ਦਾ ਰਾਹ ਕਿਉਂ ਅਪਣਾਉਣਾ ਪਵੇ। ਮਾਲਕਾਂ ਦਾ ਤਾਂ ਮੁੱਖ ਟੀਚਾ ਮੁਨਾਫ਼ਾ ਹੈ, ਚਾਹੇ ਕਿਵੇਂ ਵੀ ਪੈਦਾ ਕਰਨਾ ਪਵੇ। ਜਦੋਂ ਇਕ ਜਮਾਤ ਉਤਪਾਦਨ ਦੇ ਸਾਧਨਾਂ 'ਤੇ ਕਾਬਜ਼ ਹੋ ਜਾਂਦੀ ਹੈ ਤਾਂ ਉਹ ਇਸ ਯੋਗ ਹੋ ਜਾਂਦੀ ਹੈ ਕਿ ਉਹ ਹੇਠਲੀ ਜਮਾਤ ਦੀ ਲੁੱਟ-ਖਸੁੱਟ ਕਰ ਸਕੇ। ਪੂੰਜੀਵਾਦੀ ਸਿਸਟਮ ਵਿਚ ਕੱਚਾ ਮਾਲ ਤਾਂ ਉਹੀ ਹੁੰਦਾ ਹੈ, ਪਰ ਜਦ ਆਪਦੀ ਮਿਹਨਤ ਨਾਲ ਮਜ਼ਦੂਰਾਂ ਨੇ ਉਸ ਨੂੰ ਵਸਤੂਆਂ ਵਿਚ ਬਦਲ ਦਿੱਤਾ ਤਾਂ ਇਸ ਦੀ ਕੀਮਤ ਵਧ ਗਈ ਅਤੇ ਇਹੀ ਵਧੀ ਹੋਈ ਕੀਮਤ ਮੁਨਾਫ਼ਾ ਹੈ। ਮਜ਼ਦੂਰ ਜੇਕਰ ਕੰਮ ਨਹੀਂ ਕਰਨਗੇ ਤਾਂ ਭੁੱਖੇ ਰਹਿਣਗੇ, ਇਸ ਭੁੱਖ ਨੂੰ ਦੂਰ ਕਰਨ ਲਈ ਉਨ੍ਹਾਂ ਨੂੰ ਤਾਂ ਕੰਮ ਕਰਨਾ ਹੀ ਪੈਣਾ ਹੈ। ਸਰਮਾਏਦਾਰ ਉਸ ਨੂੰ ਬੱਸ ਇੰਨਾ ਕੁ ਹੀ ਦੇਣਾ ਚਾਹੁੰਦਾ ਹੈ ਕਿ ਉਹ ਖਾ ਕੇ ਕੰਮ 'ਤੇ ਆ ਸਕੇ।

3. ਪੂੰਜੀਵਾਦੀ ਅਰਥ ਵਿਵਸਥਾ ਵਿਚ, ਸਟੇਟ ਲੋਕਾਂ ਨੂੰ ਰੁਜ਼ਗਾਰ ਨਹੀਂ ਦਿੰਦਾ ਬਲਕਿ ਕਾਰਪੋਰੇਸ਼ਨਾਂ ਦਿੰਦੀਆਂ ਹਨ ਜਿਹੜੀਆਂ ਕਿ ਹੌਲੀ ਹੌਲੀ ਇੰਨੀਆਂ ਅਮੀਰ ਹੋ ਜਾਂਦੀਆਂ ਹਨ ਕਿ ਅਸਿੱਧੇ ਤੌਰ 'ਤੇ ਰਾਜ ਵੀ ਇਨ੍ਹਾਂ ਦਾ ਹੀ ਹੋ ਜਾਂਦਾ ਹੈ, ਫਿਰ ਇਹ ਆਪਦੇ ਫਾਇਦੇ ਦੀ ਖਾਤਰ ਕਾਨੂੰਨ ਵੀ ਸਰਕਾਰਾਂ ਤੋਂ ਇਸ ਤਰ੍ਹਾਂ ਦੇ ਪਾਸ ਕਰਵਾ ਲੈਂਦੀਆਂ ਹਨ।

4. ਪੂੰਜੀਵਾਦ ਸਰਮਾਏਦਾਰਾਂ ਨੂੰ ਆਰਥਿਕ ਅਜ਼ਾਦੀ ਦਿੰਦਾ ਹੈ ਤਾਂ ਕਿ ਉਹ ਜਿਸ ਤਰ੍ਹਾਂ ਮਰਜ਼ੀ ਲੋਕਾਂ ਦੀ ਲੁੱਟ ਕਰ ਸਕਣ ਪਰ ਇਸ ਦੇ ਮੁਕਾਬਲੇ ਸਮਾਜਵਾਦ ਲੋਕ ਕਲਿਆਣ ਅਤੇ ਲੋਕ ਭਲਾਈ 'ਤੇ ਟਿਕਿਆ ਹੁੰਦਾ ਹੈ।


5. ਪੂੰਜੀਵਾਦੀ ਸਿਸਟਮ ਵਿਚ ਵਾਤਾਵਰਣ ਦਾ ਖਿਆਲ ਨਹੀਂ ਰੱਖਿਆ ਜਾਂਦਾ ਕਿਉਂਕਿ ਮੁਨਾਫ਼ਾ ਹੀ ਮੁੱਖ ਹੁੰਦਾ ਹੈ ਪਰ ਸਮਾਜਵਾਦੀ ਅਰਥ ਵਿਵਥਾ ਸਟੇਟ ਕੰਟਰੋਲਡ ਹੁੰਦੀ ਹੈ ਇਸ ਕਰਕੇ ਵਾਤਾਵਰਣ ਨੂੰ ਕਦੇ ਵੀ ਇਗਨੋਰ (Ignore) ਨਹੀਂ ਕੀਤਾ ਜਾਂਦਾ।

ਇਸ ਤੋਂ ਬਿਨਾਂ ਪੂੰਜੀਵਾਦ ਲੋਕਾਂ ਨੂੰ ਧਾਰਮਿਕ ਅਜ਼ਾਦੀ ਦੇਣ ਦਾ ਦਿਖਾਵਾ ਵੀ ਕਰਦਾ ਹੈ, ਪਰ ਪੂੰਜੀਵਾਦ ਹਮੇਸ਼ਾ ਧਰਮ ਨੂੰ ਵਰਤਦਾ ਹੈ ਤਾਂ ਕਿ ਲੋਕ ਆਪਦੇ ਅਸਲ ਮੁੱਦਿਆਂ ਨੂੰ ਭੁੱਲ ਜਾਣ। ਧਾਰਮਿਕ ਅਦਾਰਿਆਂ ਨੂੰ ਗਰਾਂਟਾਂ, ਪਾਰਲੀਮੈਂਟ ਵਿਚ ਧਾਰਮਿਕ ਦਿਵਸ ਮਨਾਉਣੇ, ਧਾਰਮਿਕ ਸਕੂਲ ਵਿਚ ਸਭ ਆਖਿਰ ਵਿਚ ਪੂੰਜੀਵਾਦੀ ਸਿਸਟਮ ਦੇ ਹੱਕ ਵਿਚ ਭੁਗਤਦੇ ਹਨ। ਪਰ ਇਸ ਦੇ ਮੁਕਾਬਲੇ ਸਮਾਜਵਾਦੀ ਸਿਸਟਮ ਵਿਚ ਧਰਮ ਨਿਰਪੱਖਤਾ 'ਤੇ ਜ਼ੋਰ ਦਿੱਤਾ ਜਾਂਦਾ ਹੈ। ਧਾਰਮਿਕ ਅਦਾਰਿਆਂ ਦੀਆਂ ਗਰਾਂਟਾਂ ਬੰਦ ਕਰਕੇ ਉਹੀ ਪੈਸਾ ਲੋਕ ਭਲਾਈ ਦੇ ਕੰਮਾਂ ਵਿਚ ਖਰਚ ਕੀਤਾ ਜਾਂਦਾ ਹੈ।

7. ਪੂੰਜੀਵਾਦੀ ਸਿਸਟਮ ਵਿਚ ਲੋਕ ਚੂਹਾ-ਦੌੜ ਦਾ ਸ਼ਿਕਾਰ ਹੋ ਜਾਂਦੇ ਹਨ ਉਹ ਕੰਮ ਕਰਦੇ ਹਨ, ਕਿਸ਼ਤਾਂ ਭਰਦੇ ਹਨ ਕਿਉਂਕਿ ਘਰਾਂ ਦੀਆਂ, ਕਾਰਾਂ ਦੀਆਂ, ਬੱਚਿਆਂ ਦੀ ਪੜ੍ਹਾਈ ਦੀਆਂ ਕਿਸ਼ਤਾਂ ਲੋਕਾਂ ਦਾ ਲੱਕ ਤੋੜ ਦਿੰਦੀਆਂ ਹਨ। ਪਰ ਸਮਾਜਵਾਦ ਵਿਚ ਕਿਉਂਕਿ ਮੁਢਲੀਆਂ ਸਹੂਲਤਾਂ, ਸਿਹਤ, ਰਿਹਾਇਸ਼, ਵਿਦਿਆ ਮੁਫ਼ਤ ਹਨ ਇਸ ਕਰਕੇ ਲੋਕ ਇਕ ਰਿਲੈਕਸ ਜ਼ਿੰਦਗੀ ਕੱਢਦੇ ਹਨ।

**ਇੱਕੀਵੀਂ ਸਦੀ ਅਤੇ ਮਾਰਕਸਵਾਦ**

ਇਸ ਦੀ ਚੰਗੀ ਤਰ੍ਹਾਂ ਵਿਆਖਿਆ ਕਰਨ ਲਈ ਆਪਾਂ ਨੂੰ ਥੋੜ੍ਹਾ ਜਿਹਾ ਪਿਛਲਝਾਤ ਮਾਰਨੀ ਪੈਣੀ ਹੈ। ਸੰਨ 1939 ਦੇ ਸੰਸਾਰਿਕ ਵਪਾਰਕ ਮੇਲੇ ਵਿਚ ਕੰਪਨੀਆਂ ਨੇ ਸੋ-ਕੇਸਾਂ ਵਿਚ, ਨਾਈਲੋਨ, ਏਅਰਕੰਡੀਸ਼ਨਰ, ਟੈਲੀਫੋਨ, ਵਿਊ-ਮਾਸਟਰ ਵਗੈਰਾ ਰੱਖ ਕੇ ਵਪਾਰੀਆਂ ਨੂੰ ਵਿਖਾਏ। ਪਰ ਇਸ ਤੋਂ ਵੀ ਉਤੇ ਮੱਧ-ਵਰਗੀ ਜਮਾਤ ਨੂੰ ਲੁਭਾਉਣ ਵਾਲੇ ਪ੍ਰੋਡਕਟ ਸ਼ੋਅ-ਕੇਸਾਂ ਵਿਚ ਰੱਖੇ। ਲੁਭਾਉਣੇ ਹਾਈ-ਵੇਅ ਦੇ ਮਾਡਲ, ਵੱਡੇ ਵੱਡੇ ਪੁਲ, ਮਲਟੀ-ਸਟੋਰੀ ਬਿਲਡਿੰਗਾਂ ਦੇ ਮਾਡਲ ਦਿਖਾਏ ਤਾਂ ਕਿ ਲੋਕਾਂ ਦਾ ਪੂੰਜੀਵਾਦ ਵਿਚ ਵਿਸ਼ਵਾਸ ਪੱਕਾ ਹੋ ਸਕੇ। ਦੂਰੀ ਸੰਸਾਰ ਜੰਗ ਵਿਚ ਯੂਰਪ ਦਾ ਬਹੁਤ ਸਾਰਾ ਇਨਫਰਾਸਟਰਕਚਰ ਤਬਾਹ ਹੋ ਗਿਆ ਸੀ ਤਾਂ ਇਕਦਮ ਜਦ ਪੁਨਰ-ਨਿਰਮਾਣ ਦਾ ਕੰਮ ਸ਼ੁਰੂ ਹੋਇਆ ਤਾਂ ਬੇਰੁਜ਼ਗਾਰੀ ਲਗਭਗ ਖਤਮ ਹੀ ਹੋ ਗਈ। ਪੂੰਜੀਵਾਦ ਦੀ ਚੜ੍ਹਾਈ ਹੋਣੀ ਸ਼ੁਰੂ ਹੋ ਗਈ ਅਤੇ ਕੁਝ ਹੱਦ ਤੱਕ ਅਮਰੀਕੀ ਵਰਕਰਾਂ ਨੂੰ ਇਸ ਦਾ ਫਾਇਦਾ ਵੀ ਹੋਇਆ। ਰੂਸ ਦੇ ਇਨਕਲਾਬ ਤੋਂ ਡਰਦਿਆਂ, ਕੁਝ ਹੱਦ ਤੱਕ ਸਰਮਾਏਦਾਰ ਦੇਸ਼ਾਂ ਨੇ, ਲੋਕਾਂ ਦੀ ਰਾਹਤ ਲਈ ਕੁਝ ਸੁਧਾਰ ਵੀ ਕੀਤੇ ਅਤੇ ਆਪਦੇ ਆਪ ਤੇ ਲੋਕ ਕਲਿਆਣਕਾਰੀ ਰਾਜ (Wellfare State) ਹੋਣ ਦਾ ਲੇਬਲ ਵੀ ਲਾ ਲਿਆ।





ਯਸ਼ਪਾਲ
98145 35005

# 'ਸਾਂਝਾ ਅਧਿਆਪਕ ਮੋਰਚਾ' — ਸਮੇਂ ਦਾ ਤਕਾਜ਼ਾ !

## ਲਾਮਿਸਾਲ ਹੁੰਗਾਰਾ – ਅਧਿਆਪਕ ਏਕਤਾ ਤਾਂਘ ਦੀ ਸੁਲੱਖਣੀ ਕਰਵਟ ! !



• 'ਸਾਂਝੇ ਅਧਿਆਪਕ ਮੋਰਚੇ' ਦੇ ਝੰਡੇ ਹੇਠ 25 ਮਾਰਚ 2018 ਨੂੰ ਲੁਧਿਆਣਾ ਤੇ 15 ਅਪ੍ਰੈਲ 2018 ਨੂੰ ਪਟਿਆਲਾ ਵਿਖੇ ਹਜ਼ਾਰਾਂ ਅਧਿਆਪਕਾਂ/ਅਧਿਆਪਕਾਵਾਂ ਦਾ ਠਾਠਾਂ ਮਾਰਦਾ ਸਮੁੰਦਰ। ਲਾਮਿਸਾਲ ਹੁੰਗਾਰਾ! ਲਗਭਗ ਅੱਧੀ ਗਿਣਤੀ 'ਚ ਅਧਿਆਪਕਾਵਾਂ ਦੀ ਸ਼ਮੂਲੀਅਤ। ਨਾਰੀ ਸ਼ਕਤੀ ਦੇ ਖੌਲਦੇ ਉਭਾਰ ਦਾ ਜਾਨਦਾਰ ਝਲਕਾਰਾ!

• ਸਾਂਝੀ ਅਧਿਆਪਕ ਜਥੇਬੰਦੀ, ਗੌ: ਟੀਚਰਜ਼ ਯੂਨੀਅਨ ਪੰਜਾਬ ਦੀ 1986 'ਚ ਪਈ ਫੁੱਟ ਤੋਂ ਬਾਅਦ ਬਣੀਆਂ ਫਾਂਕਾਂ ਦੀਆਂ ਪੰਜ ਅਧਿਆਪਕ ਜਥੇਬੰਦੀਆਂ ਅਤੇ ਸਮੇਤ ਠੇਕਾ ਭਰਤੀ ਵਾਲੀਆਂ 16 ਹੋਰ ਕੈਟਾਗਰੀ ਆਧਾਰਿਤ ਉਸਰੀਆਂ ਜਥੇਬੰਦੀਆਂ ਦਾ 'ਸਾਂਝਾ ਅਧਿਆਪਕ ਮੋਰਚੇ 'ਦੇ ਥੜੇ ਹੇਠ ਸ਼ਾਨਦਾਰ ਜਥੇਬੰਦਕ ਤਾਲਮੇਲਵਾਂ ਢਾਂਚਾ। ਅਧਿਆਪਕ ਏਕਤਾ ਦੀ ਤਾਂਘ ਦੀ ਇੱਕ ਸੁਲਖਣੀ ਕਰਵਟ!

• ਸਮੂਹ ਠੇਕਾ ਅਧਿਆਪਕਾਂ ਨੂੰ ਪੂਰੀ ਤਨਖਾਹ ਸਮੇਤ ਸਿੱਖਿਆ ਵਿਭਾਗ 'ਚ ਰੈਗੂਲਰ ਕਰਵਾਉਣ, 10300 ਦੀ ਮੁੱਢਲੀ ਤਨਖਾਹ ਦੀ ਸਰਕਾਰੀ ਤਜਵੀਜ਼ ਦੀ ਸ਼ਰਤ ਨੂੰ ਰੱਦ ਕਰਵਾਉਣ, 800 ਸਰਕਾਰੀ ਸਕੂਲਾਂ ਨੂੰ ਬੰਦ ਕਰਨ ਦੇ ਫੈਸਲੇ ਨੂੰ ਵਾਪਸ ਲੈਣ, ਅਧਿਆਪਕ ਵਿਰੋਧੀ ਬਦਲੀਆਂ ਦੀ ਤਜਵੀਜ਼ਤ ਨੀਤੀ ਰਾਹੀਂ ਅਧਿਆਪਕਾਂ ਦਾ ਉਜਾੜਾ ਰੁਕਵਾਉਣ, ਰੈਸ਼ਨੇਲਾਈਜੇਸ਼ਨ ਦੀ ਆੜ 'ਚ ਅਧਿਆਪਕਾਂ ਦੀਆਂ ਹਜਾਰਾਂ ਆਸਾਮੀਆਂ ਨੂੰ ਛਾਂਗਣ ਦੀ ਨੀਤੀ ਨੂੰ ਬਦਲਾਉਣ ਅਤੇ 'ਪੜ੍ਹੋ ਪੰਜਾਬ' ਵਰਗੇ 'ਪ੍ਰਾਜੈਕਟਾਂ' 'ਚ ਅਧਿਆਪਕਾਂ ਨੂੰ ਝੋਕ ਕੇ, ਮੂਲ-ਸਿੱਖਿਆ ਤੰਤਰ ਦਾ ਭੱਠਾ ਬਿਠਾਉਣ ਤੇ ਅਧਿਆਪਕਾਂ ਨੂੰ ਸਾਰਾ ਸਾਲ ਗੈਰ ਵਿਦਿਅਕ ਕੰਮਾਂ 'ਚ ਉਲਝਾਉਣਾ ਬੰਦ ਕਰਵਾਉਣ ਦੀਆਂ ਮੁੱਖ ਮੰਗਾਂ ਨੂੰ ਲੈਕੇ, ਪੰਜਾਬ ਭਰ ਦੇ ਅਧਿਆਪਕ ਵਰਗ ਅੰਦਰ ਉੱਠੇ ਰੋਹ ਫੁਟਾਰੇ ਤੇ ਭੇੜੂ ਰੌਂਅ ਦਾ ਪ੍ਰਗਟਾਵਾ! ਕੈਪਟਨ ਸਰਕਾਰ ਦਬਾਅ ਹੇਠ। 27 ਅਪ੍ਰੈਲ 2018 ਨੂੰ ਮੁੱਖ ਮੰਤਰੀ ਨਾਲ ਸਾਂਝੇ ਅਧਿਆਪਕ ਮੋਰਚੇ ਦੀ ਮੀਟਿੰਗ ਤਹਿ ਕਰਨ ਦੀ ਲਿਖਤੀ ਚਿੱਠੀ ਜਾਰੀ ਕਰਨ ਲਈ ਮਜ਼ਬੂਰ!

**ਸਰਕਾਰਾਂ ਦੇ ਹਮਲਿਆਂ ਨੂੰ ਉਭਾਰੋ-ਬੁਨਿਆਦੀ ਨੀਤੀ-ਏਜੰਡੇ ਦੇ ਸੰਦਰਭ 'ਚ ਰੱਖ ਕੇ !**

• ਸਾਂਝੇ ਅਧਿਆਪਕ ਮੋਰਚੇ ਦੇ ਸੰਘਰਸ਼ ਦੀਆਂ ਮੁੱਖ ਮੰਗਾਂ ਕੈਪਟਨ ਸਰਕਾਰ ਦੇ ਤਾਜ਼ਾ ਹਮਲਿਆਂ 'ਚੋਂ ਹੀ ਪੈਦਾ ਹੋਈਆਂ ਹਨ, ਪਰ ਹਨ ਇਹ ਅੰਸ਼ਿਕ ਤੇ ਫੌਰੀ ਮੰਗਾਂ। ਇਹ ਫੌਰੀ ਤੇ ਅੰਸ਼ਿਕ ਮੰਗਾਂ/ਮੁੱਦੇ ਸਰਕਾਰਾਂ ਦੇ ਕਿਸ ਨੀਤੀ-ਏਜੰਡੇ ਦਾ ਹਿੱਸਾ ਹਨ, ਉਸ ਨੀਤੀ-ਏਜੰਡੇ ਦੀਆਂ ਤੰਦਾਂ ਕਿਥੋਂ ਤੱਕ ਫੈਲੀਆਂ ਹੋਈਆਂ ਹਨ ਤੇ ਉਸਦੀਆਂ ਦੂਰਗਾਮੀ ਕੀ ਅਰਥ-ਸੰਭਾਵਨਾਵਾਂ ਹਨ, ਬੇਹੱਦ ਜ਼ਰੂਰੀ ਹੈ ਇਸ ਨੂੰ ਸਮਝਣਾ।

• ਅਧਿਆਪਕ ਲਹਿਰ ਨੂੰ ਦਰਪੇਸ਼ ਚੁਣੌਤੀਆਂ ਤੇ ਵੰਗਾਰਾਂ ਦੀ ਗੰਭੀਰਤਾ ਦਾ ਅਹਿਸਾਸ ਅਤੇ ਉਨ੍ਹਾਂ ਸੰਗ ਭਿੜਨ ਲਈ ਲਹਿਰ ਦੇ ਵੇਗ ਤੇ ਸੰਘਰਸ਼ ਦੀ ਧਾਰ ਦਾ ਨਿਰਣਾ, ਹਾਕਮਜਮਾਤੀ ਪਾਰਟੀਆਂ ਦੀਆਂ ਵੱਖ-ਵੱਖ ਵੰਨਗੀਆਂ ਦੀਆਂ ਸਰਕਾਰਾਂ ਦੇ ਨੀਤੀ-ਏਜੰਡੇ ਨੂੰ ਸਮਝੇ-ਬੁੱਝੇ ਬਿਨਾਂ ਨਹੀਂ ਹੋਣਾ ਸੰਭਵ।

• ਇਹ ਨੀਤੀ-ਏਜੰਡਾ ਹੈ, ਸਾਮਰਾਜੀ ਵਿੱਤੀ ਸੰਸਥਾਵਾਂ, ਸੰਸਾਰ ਬੈਂਕ-ਮੁਦਰਾ ਕੋਸ਼ ਵੱਲੋਂ ਨਿਰਦੇਸ਼ਤ, ਨਵ-ਉਦਾਰਵਾਦੀ 'ਕਾਰਪੋਰੇਟ ਪੱਖੀ ਆਰਥਿਕ ਵਿਕਾਸ ਮਾਡਲ' ਦੀ ਸਿਰਜਣਾ! ਅਕਾਲੀ, ਭਾਜਪਾ, ਕਾਂਗਰਸ ਆਦਿ ਸਭ ਹਾਕਮ ਜਮਾਤੀ ਪਾਰਟੀਆਂ ਦੀਆਂ ਕੇਂਦਰੀ ਤੇ ਰਾਜ ਸਰਕਾਰਾਂ, ਇਸ ਏਜੰਡੇ ਤੇ ਹਨ ਇੱਕ ਮੱਤ! ਇਸ 'ਵਿਕਾਸ ਮਾਡਲ' ਦੀ ਮੁੱਖ ਚੂਲ ਹੈ, ਸਰਕਾਰੀ ਵਿਭਾਗਾਂ/ ਅਦਾਰਿਆਂ/ਖੇਤਰਾਂ ਦਾ ਨਿੱਜੀਕਰਨ! ਇਸ ਨੀਤੀ-ਏਜੰਡੇ ਰਾਹੀਂ ਸੰਸਾਰ ਬੈਂਕ ਆ ਵੜਿਆ ਹੈ; ਸਾਡੇ ਸਕੂਲਾਂ, ਦਫਤਰਾਂ, ਘਰਾਂ, ਮਨਾਂ, ਖੇਤਾਂ-ਖਲਿਆਣਾਂ ਤੇ ਵਿਹੜਿਆਂ ਅੰਦਰ! ਅਮੀਰੀ-ਗਰੀਬੀ ਦੇ ਪਾੜੇ ਨੂੰ ਹੋਰ ਵਧਾਉਣ ਵਾਲੇ ਇਸ ਜੀ.ਡੀ.ਪੀ. ਮਾਰਕਾ, ਰੁਜ਼ਗਾਰ-ਰਹਿਤ 'ਵਿਕਾਸ ਮਾਡਲ' ਨੇ ਭਰੀਆਂ ਹਨ, ਦੇਸੀ-ਵਿਦੇਸੀ ਕਾਰਪੋਰੇਟ ਘਰਾਣਿਆਂ ਦੀਆਂ ਤਿਜੌਰੀਆਂ! ਪਰ ਮੁਲਕ ਭਰ ਅੰਦਰ ਮਜਦੂਰਾਂ-ਕਿਸਾਨਾਂ, ਮੁਲਾਜਮਾਂ, ਵਿਦਿਆਰਥੀਆਂ ਤੇ ਛੋਟੇ ਕਾਰੋਬਾਰੀਆਂ ਦੀਆਂ ਜ਼ਿੰਦਗੀਆਂ 'ਚ ਮਚਾਈ ਹੋਈ ਹੈ ਭਾਰੀ ਖ਼ਲਬਲੀ।

• ਸਾਡਾ ਸਮੁੱਚਾ ਸਿੱਖਿਆ-ਤੰਤਰ ਵੀ ਆ ਗਿਆ ਹੈ ਇਸੇ 'ਵਿਕਾਸ ਮਾਡਲ' ਦੀ ਲਪੇਟ 'ਚ। ਹੌਲੀ-ਹੌਲੀ ਪ੍ਰਾਇਮਰੀ ਤੋਂ ਲੈਕੇ ਯੂਨੀਵਰਸਟੀ ਪੱਧਰ ਤੱਕ ਦੀਆਂ ਸਰਕਾਰੀ ਸਿੱਖਿਆ ਸੰਸਥਾਵਾਂ ਦਾ ਭੋਗ ਪਾਕੇ ਉਨ੍ਹਾਂ ਨੂੰ ਸੌਂਪਿਆ ਜਾ ਰਿਹਾ ਹੈ ਕਾਰਪੋਰੇਟ ਘਰਾਣਿਆਂ ਦੇ ਹੱਥਾਂ 'ਚ। ਬੇਹੱਦ ਮਹਿੰਗੀ ਹੋ ਰਹੀ ਸਿੱਖਿਆ ਹੋ ਗਈ ਹੈ, ਗਰੀਬ ਤੇ ਮੱਧ ਵਰਗੀ ਮਾਪਿਆਂ ਦੇ ਬੱਚਿਆਂ ਦੀ ਪਹੁੰਚ ਤੋਂ ਬਾਹਰ। ਸਿੱਖਿਆ ਖੇਤਰ ਨਹੀਂ ਰਿਹਾ ਹੁਣ ਸਰਕਾਰਾਂ ਲਈ ਇੱਕ ਅਹਿਮ ਤਰਜੀਹੀ ਖੇਤਰ! ਕੀਤੀ ਜਾ ਰਹੀ ਹੈ, ਕੇਂਦਰੀ ਤੇ ਰਾਜ ਸਰਕਾਰਾਂ ਵੱਲੋਂ ਸਿੱਖਿਆ ਬਜਟਾਂ 'ਚ ਲਗਾਤਾਰ ਕਟੌਤੀ। ਦਹਾਕਿਆਂ ਤੋਂ ਚਲੀ ਆ ਰਹੀ ਰੈਗੂਲਰ ਭਰਤੀ ਕਰਨ ਦੀ ਨੀਤੀ ਨੂੰ ਦਰ ਕਿਨਾਰ ਕਰਕੇ ਲਾਗੂ ਕੀਤੀ ਜਾ ਰਹੀ ਹੈ, ਨਿਗੂਣੀਆਂ ਤਨਖਾਹਾਂ ਉੱਪਰ ਠੇਕਾ ਭਰਤੀ। ਤੇ ਇਸ ਖ਼ਾਤਰ ਢੌਂਗ ਰਚਿਆ ਜਾ ਰਿਹਾ ਹੈ, ਆਦਰਸ਼ ਸਕੂਲਾਂ/ਮਾਡਲ ਸਕੂਲਾਂ ਤੇ ਪੀ. ਪੀ. ਪੀ. ਮਾਡਲਾਂ ਦਾ! ਬਹਾਨਾ ਬਣਾਇਆ ਜਾ ਰਿਹਾ ਹੇ, ਐਸ.ਐਸ.ਏ./ਰਮਸਾ/ਰੂਸਾ ਵਰਗੀਆਂ ਕੇਂਦਰੀ ਸਕੀਮਾਂ ਦਾ। ਸਿੱਖਿਆ ਨੂੰ ਵੀ ਮੰਡੀ 'ਚ ਖਰੀਦੀ-ਵੇਚੀ ਜਾਣ ਵਾਲੀ ਇੱਕ ਜਿਨਸ ਬਣਾਕੇ, ਸਿੱਖਿਆ ਦੇ ਮੂਲ ਪਰਉਪਕਾਰੀ ਉਦੇਸਾਂ ਨਾਲ ਕੀਤਾ ਜਾ ਰਿਹਾ ਹੈ ਖਿਲਵਾੜ। ਮੁੱਢਲੀ ਸਿੱਖਿਆ ਤੋਂ ਲੈਕੇ ਯੂਨੀਵਸਟੀ ਪੱਧਰ ਤੱਕ ਦੀ ਸਿੱਖਿਆ ਦੇ ਪਾਠ ਕ੍ਰਮਾਂ-ਸਿਲੇਬਸਾਂ ਨੂੰ ਵੀ ਢਾਲਿਆ ਜਾ ਰਿਹਾ ਹੈ, ਇਸ 'ਕਾਰਪੋਰੇਟ ਵਿਕਾਸ ਮਾਡਲ' ਦੇ ਸਾਂਚੇ 'ਚ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਤਿਆਰ ਕੀਤੀ ਜਾ ਰਹੀ 'ਨਵੀਂ ਸਿੱਖਿਆ ਨੀਤੀ' ਰਾਹੀਂ ਬਣਾਏ ਜਾ ਰਹੇ ਹਨ, ਪੁਰਾਤਨ ਰੂੜੀਵਾਦੀ-ਅੰਧ ਵਿਸ਼ਵਾਸੀ ਕਦਰਾਂ-ਕੀਮਤਾਂ ਵਾਲੇ ਪਾਠਕ੍ਰਮ! ਤਾਂ ਜੋ ਵਿਦਿਆਰਥੀਆਂ ਅੰਦਰ ਵਿਗਿਆਨਕ, ਤਰਕਸ਼ੀਲ ਅਤੇ ਆਲੋਚਨਾਤਮਿਕ ਦ੍ਰਿਸ਼ਟੀਕੋਣ ਵਿਗਸਣ ਦੇ ਰਾਹ 'ਚ ਲਾਇਆ ਜਾ ਸਕੇ ਮੋਂਦਾ। ਤੇ ਸਿੱਖਿਆ ਖੇਤਰ ਅੰਦਰ ਸਰਕਾਰਾਂ ਦੇ ਇਸ ਨੀਤੀ-ਏਜੰਡੇ ਨੂੰ ਲਾਗੂ ਕਰਨ ਤੇ ਸਿਰੇ ਚੜ੍ਹਾਉਣ ਲਈ ਅੰਨ੍ਹੇ-ਵਾਹਕ ਬਣੇ ਹੋਏ ਹਨ, ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਵਰਗੇ ਸੰਵੇਦਨਹੀਣ ਅਫਸਰਸ਼ਾਹੀ-ਪੁਰਜੇ।

• ਇਸੇ 'ਕਾਰਪੋਰੇਟ ਵਿਕਾਸ' ਮਾਡਲ ਦੇ ਨੀਤੀ-ਏਜੰਡੇ ਦੀਆਂ ਲੋੜਾਂ ਤਹਿਤ ਹੀ, ਕਾਰਪੋਰੇਟ ਘਰਾਣਿਆਂ ਦਾ ਢਿੱਡ ਭਰਨ ਲਈ, ਉਨ੍ਹਾਂ ਸਿਰ ਚੜ੍ਹੇ ਅਰਬਾਂ-ਖਰਬਾਂ ਰੁਪਏ ਦੇ ਕਰਜਿਆਂ ਤੇ ਟੈਕਸਾਂ ਨੂੰ ਮੁਆਫ਼ ਕਰਨ ਲਈ, ਬੱਚਤ ਦੇ ਨਾਂ ਹੇਠ ਹੋਰਨਾਂ ਮੁਲਾਜਮਾਂ ਵਾਂਗ ਅਧਿਆਪਕ ਵਰਗ ਦੀਆਂ ਤਨਖਾਹਾਂ-ਭੱਤਿਆਂ, ਪੈਨਸ਼ਨਾਂ ਆਦਿ ਉਪਰ ਲਾਈਆਂ ਜਾ ਰਹੀਆਂ ਹਨ ਕਟੌਤੀਆਂ ਤੇ ਬੰਦੀਆਂ। ਤੇ ਬੰਦ ਕੀਤੇ ਜਾ ਰਹੇ ਹਨ ਸਰਕਾਰੀ ਸਕੂਲ, ਸਰਕਾਰੀ ਥਰਮਲ ਤੇ ਹੋਰ ਸਰਕਾਰੀ ਅਦਾਰੇ। 'ਰੈਸ਼ਨੇਲਾਈਜੇਸ਼ਨ' ਤੇ ਪੁਨਰਗਠਨ ਦੀ ਆੜ 'ਚ ਬਣਾਈਆਂ ਜਾ ਰਹੀਆਂ ਹਨ, ਸਿੱਖਿਆ ਸਮੇਤ ਸਭਨਾਂ ਜਨਤਕ ਭਲਾਈ ਦੇ ਖੇਤਰਾਂ/ ਵਿਭਾਗਾਂ ਅੰਦਰ ਛਾਂਟੀਆਂ ਤੇ ਆਸਾਮੀਆਂ ਦੀ ਕਟੌਤੀ ਦੀਆਂ ਯੋਜਨਾਵਾਂ। ਇਹ ਹੈ ਸਰਕਾਰਾਂ ਦਾ ਉਹ ਨੀਤੀ ਏਜੰਡਾ ਜਿਸ ਦੇ ਸੰਦਰਭ 'ਚ ਰੱਖ ਕੇ ਹੀ ਫੌਰੀ ਤੇ ਅੰਸ਼ਕ ਮੰਗਾਂ ਨੂੰ ਉਭਾਰਨਾ ਤੇ ਇਸ ਨੀਤੀ-ਏਜੰਡੇ ਨੂੰ ਵੀ ਚੋਟ-ਨਿਸ਼ਾਨਾ ਬਣਾਉਣਾ, ਸੰਘਰਸ਼ ਦੀ ਪਾਏਦਾਰੀ ਤੇ ਸਫਲਤਾ ਲਈ ਹੈ ਬੇਹੱਦ ਲਾਜ਼ਮੀ।

**'ਸਾਂਝੇ ਅਧਿਆਪਕ ਮੋਰਚੇ ਨੂੰ ਕਰੋ, ਹੋਰ ਵਿਸ਼ਾਲ ਤੇ ਮਜਬੂਤ।**

ਇਸ ਨੂੰ ਪੜੁੱਲ ਬਣਾਉ, ਇੱਕ ਮੁੱਠ ਸਾਂਝੀ ਅਧਿਆਪਕ ਜਥੇਬੰਦੀ ਦੀ ਉਸਾਰੀ ਦਾ।

• ਸਮੁੱਚੇ ਸਿੱਖਿਆ ਖੇਤਰ ਨੂੰ ਦਰਪੇਸ਼ ਉਕਤ ਗੰਭੀਰ ਚੁਣੌਤੀਆਂ ਤੇ ਵੰਗਾਰਾਂ ਸੰਗ ਭਿੜਨ ਲਈ ਲੋੜੀਂਦੀ ਹੈ, ਇੱਕ ਮੁੱਠ ਸਾਂਝੀ ਅਧਿਆਪਕ ਲਹਿਰ ਅਤੇ ਦ੍ਰਿੜ੍ਹ, ਖਾੜਕੂ, ਲੰਬੇ ਘੋਲ। ਤੇ ਇਸਦਾ ਤੋੜ ਹੈ, ਜਮਹੂਰੀ ਤੇ ਵਿਗਿਆਨਕ ਲੀਹਾਂ 'ਤੇ ਉਸਰੀ ਇੱਕੋ ਇੱਕ ਸਾਂਝੀ ਅਧਿਆਪਕ ਜਥੇਬੰਦੀ। 1986 ਦੀ ਫੁੱਟ ਤੋਂ ਬਾਅਦ ਤਿੰਨ ਦਹਾਕਿਆਂ ਤੋਂ ਰੜਕ ਰਹੀ ਹੈ, ਜਿਸ ਦੀ ਘਾਟ। ਫਾਕਾਂ 'ਚ ਵੰਡੀ ਅਧਿਆਪਕ ਲਹਿਰ, ਚੁਣੌਤੀਆਂ ਤੇ ਵੰਗਾਰਾਂ ਦੇ ਮੇਚ ਤੋਂ ਨਿਬੜ ਰਹੀ ਹੈ ਊਣੀ। ਸਗੋਂ ਜਾਤ, ਕਾਡਰ ਤੇ ਕੈਟਾਗਰੀ ਆਧਾਰਿਤ ਅਧਿਆਪਕ ਜਥੇਬੰਦੀਆਂ ਖੜ੍ਹੀਆਂ ਹੋਣ ਲਈ ਮੁਹੱਈਆ ਕਰਵਾ ਰਹੀ ਹੈ, ਜਰਖੇਜ਼ ਭੋਇੰ। ਵਿਸ਼ੇਸ਼ ਕਰਕੇ ਠੇਕਾ ਭਰਤੀ ਅਧਿਆਪਕ ਕੈਟਾਗਰੀਆਂ ਦੀਆਂ ਮੰਗਾਂ/ ਮੁੱਦਿਆਂ ਦੀ ਤਿੱਖੀ ਚੋਭ ਉਨ੍ਹਾਂ ਨੂੰ ਧੱਕ ਰਹੀ ਹੈ, ਖੁਦ ਜਥੇਬੰਦ ਹੋਣ ਤੇ ਤਿੱਖੇ ਸੰਘਰਸ਼ਾਂ ਦੇ ਰਾਹ ਪੈਣ ਵੱਲ।

• 21 ਜਥੇਬੰਦੀਆਂ 'ਤੇ ਆਧਾਰਿਤ ਸੰਘਰਸ਼ਸ਼ੀਲ, ਮੌਜੂਦਾ 'ਸਾਂਝਾ ਅਧਿਆਪਕ ਮੋਰਚਾ' ਜਿਥੇ ਸਾਂਝੀ ਅਧਿਆਪਕ ਜਥੇਬੰਦੀ ਦੀ ਤਾਂਘ ਦਾ ਹੈ ਇਜ਼ਹਾਰ ਉਥੇ ਇਸ ਦੀ ਅਣਹੋਂਦ ਦੇ ਇਸ ਖੱਪੇ ਨੂੰ ਵੀ ਪੂਰਨ ਦਾ ਹੈ ਇੱਕ 'ਆਰਜੀ ਪ੍ਰਬੰਧ'। ਮੌਜੂਦਾ ਕੈਪਟਨ ਸਰਕਾਰ ਵੱਲੋਂ ਅਧਿਆਪਕ ਵਰਗ ਉਪਰ ਵਰ੍ਹਾਏ ਗਏ ਤੇਜ ਕੁਹਾੜੇ ਨੇ ਹੀ ਇਧਰ ਨੂੰ ਤੋਰਿਆ ਹੈ ਸਭਨਾ ਜਥੇਬੰਦੀਆਂ ਨੂੰ।

• ਅਧਿਆਪਕ ਵਰਗ ਦੀ ਏਕਤਾ ਤਾਂਘ ਦੇ ਇਜ਼ਹਾਰ 'ਤੇ ਫੁੱਲ ਚੜਾਂਉਂਦੇ ਹੋਏ ਅੱਜ ਦੀ ਪਹਿਲ-ਪ੍ਰਿਥਮੇ ਅਹਿਮ ਲੋੜ ਹੈ, ਇਸ ਸਾਂਝੇ ਅਧਿਆਪਕ ਮੋਰਚੇ 'ਦੇ ਥੜੇ ਨੂੰ ਬਚਾਅ ਕੇ ਰੱਖਣਾ। ਸਗੋਂ ਇਸ ਨੂੰ ਲੰਬੇ ਸਮੇਂ ਤੱਕ ਸੰਘਰਸ਼ਸ਼ੀਲ ਰੱਖਦੇ ਹੋਏ, ਹੋਰ ਵਿਸ਼ਾਲ ਤੇ ਮਜਬੂਤ ਕਰਦੇ ਹੋਏ, 'ਇੱਕ ਕਿੱਤਾ-ਇਕ ਯੂਨੀਅਨ' ਦੇ ਦਰੁਸਤ ਸਿਧਾਂਤ/ਅਸੂਲ ਦੇ ਆਧਾਰ 'ਤੇ ਸਮੁੱਚੇ ਅਧਿਆਪਕ ਵਰਗ ਦੀ ਇੱਕੋ ਇੱਕ ਸਾਂਝੀ ਜਥੇਬੰਦੀ ਦੀ ਉਸਾਰੀ ਵੱਲ ਵੱਧਣ ਦਾ ਇੱਕ ਪੜੁੱਲ ਬਣਾਉਣਾ। ਤੇ ਸਰਕਾਰਾਂ ਦੇ ਨੀਤੀ-ਏਜੰਡੇ ਦੀ ਮਾਰ ਹੇਠ ਆਏ ਹੋਰਨਾਂ ਤਬਕਿਆਂ, ਮਜ਼ਦੂਰਾਂ-ਮੁਲਾਜਮਾਂ, ਕਿਸਾਨਾਂ, ਵਿਦਿਆਰਥੀਆਂ ਤੇ ਛੋਟੇ ਕਾਰੋਬਾਰੀਆਂ ਨਾਲ ਭਰਾਤਰੀ ਸਹਿਯੋਗ ਵਧਾਉਣਾ।

• ਸਾਂਝੇ ਅਧਿਆਪਕ ਮੋਰਚਿਆਂ ਦੇ ਬਣਨ, ਚਲਣ ਤੇ ਖਿੰਡਣ ਦੇ ਪਿਛਲੇ ਸਮਿਆਂ ਦੇ ਨਾਂਹਪੱਖੀ ਤਜਰਬੇ ਤੇ ਅਮਲ ਤੋਂ ਸਬਕ ਸਿਖਦਿਆਂ, ਮੌਜੂਦਾ 'ਸਾਂਝੇ ਅਧਿਆਪਕ ਮੋਰਚੇ' ਦੀ ਪਾਏਦਾਰੀ ਤੇ ਹੰਡਣਸਾਰਤਾ ਲਈ ਜ਼ਰੂਰੀ ਹੈ ਕਿ (ੳ) ਇਸ ਵਿੱਚ ਸ਼ਾਮਲ ਵੱਡੀਆਂ-ਛੋਟੀਆਂ ਸਭਨਾਂ ਜਥੇਬੰਦੀਆਂ ਦਾ ਕਾਇਮ ਰੱਖਿਆ ਜਾਵੇ, ਰੁਤਬਾ ਤੇ ਮਾਨ ਸਨਮਾਨ। (ਅ) ਘੱਟੋ ਘੱਟ ਸਾਂਝੇ ਪ੍ਰੋਗਰਾਮ ਅਤੇ ਸਾਂਝੇ ਫੈਸਲਿਆਂ ਉਪਰ ਦਿੱਤਾ ਜਾਵੇ ਪਹਿਰਾ। (ਸ) ਫੈਸਲਿਆਂ 'ਚ ਸਭਨਾਂ ਦੀ ਸ਼ਮੂਲੀਅਤ ਬਣਾਈ ਜਾਏ ਯਕੀਨੀ। (ਹ) ਸਾਂਝੇ ਅਦਾਰੇ/ਥੜੇ ਦੇ ਤਕਾਜ਼ਿਆਂ ਨੂੰ ਧਿਆਨ 'ਚ ਰਖਦਿਆਂ, ਜਥੇਬੰਦੀਆਂ ਆਪਣੀ ਹੀ ਸੰਕੀਰਨ ਸੋਚ ਠੋਸਣ ਤੋਂ ਕਰਨ ਗੁਰੇਜ਼। ਇਸ ਸੰਦਰਭ 'ਚ, ਵੱਖ-ਵੱਖ ਵਿਭਾਗਾਂ ਦੀਆਂ ਲਗਭਗ 25 ਠੇਕਾ ਮੁਲਾਜ਼ਮ ਜਥੇਬੰਦੀਆਂ 'ਤੇ ਆਧਾਰਿਤ ਉਸਰਿਆ, ਲੰਬੇ ਸਮੇਂ ਤੋਂ ਸੰਘਰਸ਼ਸ਼ੀਲ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਦਾ ਹਾਂ ਪੱਖੀ ਤਜਰਬਾ ਤੇ ਅਮਲ ਹੋ ਸਕਦਾ ਹੈ, ਰਾਹ ਦਰਸਾਵਾ।

---




**ਦੋਸਤੋ ਇਹ ਚਿੱਠੀ ਸਿੰਗਾਪੁਰ ਵਿੱਚ ਮਜ਼ਦੂਰੀ ਕਰਦੀ ਇੱਕ ਪੰਜਾਬਣ ਔਰਤ ਦੀ ਹੈ**

(ਦੋਸਤੋ ਇਹ ਚਿੱਠੀ ਸਿੰਗਾਪੁਰ ਵਿੱਚ ਮਜ਼ਦੂਰੀ ਕਰਦੀ ਇੱਕ ਪੰਜਾਬਣ ਔਰਤ ਦੀ ਹੈ ਜੋ ਕਿ 'ਮਜ਼ਦੂਰ ਬਿਗੁਲ' ਨਾਮ ਦੇ ਹਿੰਦੀ ਅਖ਼ਬਾਰ ਵਿੱਚੋਂ ਲਈ ਗਈ ਹੈ ? ਇਹ ਚਿੱਠੀ ਅਤੇ ਇਸ ਵਿੱਚ ਬਿਆਨ ਹਾਲਾਤ ਇਹੀ ਦਰਸਾਉਂਦੇ ਹਨ ਕਿ ਮਜ਼ਦੂਰ ਜਿੱਥੇ ਵੀ ਜਾਣ, ਉਹਨਾਂ ਨੂੰ ਹਰ ਥਾਂ ਮਾਲਕਾਂ ਦੀ ਲੁੱਟ ਸਹਿਣੀ ਹੀ ਪੈਂਦੀ ਹੈ? ਸਾਰੇ ਸੰਸਾਰ ਦੇ ਮਜ਼ਦੂਰਾਂ ਦੀਆਂ ਜਿਉਣ ਹਾਲਤਾਂ ਅਤੇ ਤੰਗੀਆਂ ਲਗਭਗ ਇੱਕੋ ਜਿਹੀਆਂ ਹੀ ਹਨ, ਫਿਰ ਭਾਵੇਂ ਉਹ ਕਨੇਡਾ ਹੋਵੇ ਜਾਂ ਭਾਰਤ, ਆਸਟਰੇਲੀਆ ਹੋਵੇ ਜਾਂ ਯੂਰਪ-ਸਭ ਥਾਈਂ ਲੁੱਟੇ ਜਾਣ ਵਾਲਾ ਸਮਾਜ ਦਾ ਇੱਕ ਵੱਡਾ ਹਿੱਸਾ ਹੁੰਦਾ ਹੈ ਅਤੇ ਉਸ ਦੀ ਲੁੱਟ 'ਤੇ ਪਲਣ ਵਾਲਾ ਇੱਕ ਛੋਟਾ ਪਰਜੀਵੀ ਤਬਕਾ? ਇਸ ਲਈ ਭਾਵੇਂ ਭਾਰਤ ਅੰਦਰ ਵੱਖ-ਵੱਖ ਸੂਬਿਆਂ ਦੇ ਮਿਹਨਤਕਸ਼ ਹੋਣ 'ਤੇ ਭਾਵੇਂ ਬਾਹਰ ਕਰਦੇ ਵੱਖ-ਵੱਖ ਮੁਲਕਾਂ ਦੇ ਕਾਮੇ, ਮਜ਼ਦੂਰਾਂ ਦਾ ਏਕਾ ਇੱਕ ਹੈ)

**ਕੋਈ ਕਹਿੰਦਾ ਹੈ ਇੰਗਲਿਸ਼ ਵਿੱਚ ਮੇਡ**
**ਕੋਈ ਕਹਿੰਦਾ ਹੈਲਪਰ**
**ਕੋਈ ਵਰਕਰ ਤਾਂ ਕੋਈ ਨੌਕਰਾਣੀ...**
**ਤੁਸੀਂ ਲੋਕ ਬੱਸ ਸਾਨੂੰ ਨਾਮ ਦਿੰਦੇ ਹੋ...**
**ਸਾਡੇ ਘਰ ਦੇ ਹਾਲਾਤ ਕੀ ਹਨ,**
**ਤੁਹਾਨੂੰ ਨਹੀਂ ਪਤਾ,**
**ਸਾਡੀ ਭਾਸ਼ਾ ਵਿੱਚ ਏਥੇ ਰਹਿਣ ਨੂੰ**
**ਬੱਸ ਮਜਬੂਰੀ ਦਾ ਨਾਮ ਦਿੰਦੇ ਹਨ ?**

ਮੇਰਾ ਨਾਮ ਬਿੰਦਰ ਕੌਰ ਹੈ ਅਤੇ ਮੇਰੀ ਉਮਰ 25 ਸਾਲ ਹੈ? ਅਸੀਂ ਪੰਜਾਬ ਦੇ ਰਹਿਣ ਵਾਲੇ ਹਾਂ? ਸਾਡੇ ਕੋਲ ਭਾਰਤ ਵਿੱਚ ਕੋਈ ਕੰਮ ਨਹੀਂ ਸੀ, ਇਸ ਲਈ ਅਸੀਂ ਸਿੰਗਾਪੁਰ ਵਿੱਚ ਕੰਮ ਕਰਨ ਲਈ ਆਏ, ਘਰ ਦਾ ਸਾਰਾ ਕੰਮ, ਖਾਣਾ ਬਣਾਉਣ ਆਦਿ ਕਰਨ ?

22 ਸਤੰਬਰ 2017 ਨੂੰ ਮੈਂ ਸਿੰਗਾਪੁਰ ਵਿੱਚ ਆਈ? ਮੈਂ ਜਿਵੇਂ-ਜਿਵੇਂ ਕੁੜੀਆਂ ਨੂੰ ਮਿਲਦੀ ਗਈ, ਉਵੇਂ-ਉਵੇਂ ਪਤਾ ਚੱਲਦਾ ਗਿਆ ਕਿ ਉਹ ਕਿਵੇਂ ਰਹਿੰਦੀਆਂ ਹਨ, ਉਹਨਾਂ ਨੂੰ ਕੀ-ਕੀ ਸਹਿਣਾ ਪੈਂਦਾ ਹੈ, ਏਥੇ ਛੋਟੀ-ਛੋਟੀ ਗੱਲ 'ਤੇ ਝਗੜਾ, ਗਾਲ਼ਾਂ ਸਹਿਣਾ, ਅੱਧਾ ਭੁੱਖਾ ਰਹਿਣਾ, ਘਰ ਵਿੱਚ ਕੈਦ ਰਹਿਣਾ ਅਤੇ ਹਮੇਸ਼ਾ ਡਰ ਦੇ ਹੇਠਾਂ ਦੱਬੇ ਰਹਿਣਾ ਇੱਕ ਆਮ ਗੱਲ ਹੈ?

ਇੱਕ ਦਿਨ ਜਦ ਅਸੀਂ ਏਜੰਸੀ ਵਿੱਚ ਗਏ ਤਾਂ ਕੀ ਦੇਖਦੇ ਹਾਂ ਕਿ ਇੱਕ ਕੁੜੀ ਘਰ ਤੋਂ ਭੱਜਕੇ ਆਈ ਹੋਈ ਹੈ? ਪੁੱਛਣ 'ਤੇ ਪਤਾ ਚੱਲਿਆ ਕਿ ਜਿਸ ਘਰ ਵਿੱਚ ਉਹ ਕੰਮ ਕਰਦੀ ਸੀ, ਉਹ ਘਰਵਾਲੇ ਉਸ ਨੂੰ ਬਹੁਤ ਤੰਗ ਕਰਦੇ ਸਨ? ਜਦ ਉਹ ਲੋਕ ਘਰ ਵਿੱਚ ਹੁੰਦੇ ਸਨ ਤਾਂ ਉਸ ਤੋਂ ਕੰਮ ਕਰਵਾਉਂਦੇ, ਜਦੋਂ ਘਰ ਤੋਂ ਬਾਹਰ ਜਾਂਦੇ ਤਾਂ ਉਸ ਨੂੰ ਘਰੇ ਬੰਨ ਕੇ ਜਾਂਦੇ ਸਨ? ਏਥੋਂ ਤੱਕ ਕਿ ਗਲਤੀ ਹੋਣ 'ਤੇ ਉਸ ਨੂੰ ਕੁੱਟਦੇ ਸਨ, ਥੱਪੜ ਜਾਂ ਜੁੱਤਿਆਂ ਨਾਲ, ਅਤੇ ਉਸ ਦੇ ਵਾਲ਼ ਫੜਕੇ ਵੀ ਕੁੱਟਦੇ ਸਨ? ਉਸ ਦਾ ਬਾਹਰ ਆਉਣਾ-ਜਾਣਾ ਤਾਂ ਬੰਦ ਸੀ ਹੀ, ਉਸ ਦਾ ਫ਼ੋਨ ਵੀ ਤੋੜ ਦਿੱਤਾ ਗਿਆ? ਜਦੋਂ ਇੱਕ ਦਿਨ ਉਹ ਲੋਕ ਉਸ ਨੂੰ ਬੰਨਕੇ ਨਹੀਂ ਗਏ ਤਾਂ ਉਹ ਬਾਰੀ ਰਾਹੀਂ ਭੱਜ ਆਈ? ਉਸ ਦਾ ਪਾਸਪੋਰਟ ਵੀ ਉਸ ਕੋਲ ਨਹੀਂ ਸੀ? ਐਤਵਾਰ ਨੂੰ ਸਭ ਨੂੰ ਛੁੱਟੀ ਹੁੰਦੀ ਹੈ ? ਮੈਂ ਐਤਵਾਰ ਦੀ ਛੁੱਟੀ ਲਈ ਤਾਂ ਬਹੁਤ ਸਾਰੀਆਂ ਕੁੜੀਆਂ ਨਾਲ ਗੱਲ ਕਰਨ ਦਾ ਮੌਕਾ ਮਿਲਿਆ? ਉਹਨਾਂ ਵਿੱਚੋਂ ਇੱਕ ਕੁੜੀ ਨੇ ਦੱਸਿਆ ਕਿ ਮੈਥੋਂ ਤਿੰਨ-ਤਿੰਨ ਵਾਰ ਇੱਕ ਦਿਨ ਵਿੱਚ ਘਰ ਸਾਫ਼ ਕਰਾਉਂਦੇ ਹਨ ? ਇੱਕ ਹੋਰ ਕੁੜੀ ਨੇ ਦੱਸਿਆ ਕਿ ਮੈਥੋਂ ਗਲਤੀ ਨਾਲ ਕੱਪੜਾ ਸੜ ਗਿਆ ਤਾਂ ਮੈਡਮ ਨੇ ਮੇਰੀ ਢੂਈ 'ਤੇ ਪ੍ਰੈੱਸ ਬਕਸਾ ਲਾ ਦਿੱਤਾ? ਇੱਕ ਹੋਰ ਕੁੜੀ ਮਿਲੀ ਸੀ ਏਜੰਸੀ ਵਿੱਚ ਜਿਸ ਦਾ ਨਾਮ ਮਨਜਿੰਦਰ ਸੀ ਅਤੇ ਉਹ ਪਿੱਛੋਂ ਪੰਜਾਬ ਦੇ ਜਲੰਧਰ ਸ਼ਹਿਰ ਦੀ ਸੀ? ਉਹ ਐੱਮ.ਏ ਪਾਸ ਸੀ, ਖੇਡਦੀ ਵੀ ਸੀ, ਖੇਡਾਂ ਵਿੱਚ ਉਸ ਨੂੰ ਗੋਲਡ ਮੈਡਲ ਵੀ ਮਿਲ ਚੁੱਕਾ ਹੈ? ਉਹ ਮਜਬੂਰੀ ਵਿੱਚ ਸਿੰਗਾਪੁਰ ਆ ਗਈ? ਉਸ ਨੇ ਦੱਸਿਆ ਕਿ ਭੈਣ ਮੇਰੇ ਨਾਲ ਇਹ ਲੋਕ ਹਮੇਸ਼ਾ ਗੱਲਾਂ ਕੱਢਕੇ ਹੀ ਗੱਲ ਕਰਦੇ ਹਨ, ਕੋਈ ਗਲਤੀ ਹੋਵੇ ਤਾਂ ਬੋਲਦੇ ਹਨ- ਅਨਪੜ੍ਹ, ਪੇਂਡੂ ਕਿਸੇ ਥਾਂ ਦੀ, ਪਤਾ ਨਹੀਂ ਕਿੱਥੋਂ ਆਈ ਹੈ, ਪੂਰਾ ਦਿਨ ਇੱਕ ਕੰਮ ਹੀ 2-2 ਜਾਂ 3-3 ਵਾਰ ਕਰਾਉਂਦੇ ਹਨ, ਛੁੱਟੀ ਦੇ ਪੈਸੇ ਵੀ ਨਹੀਂ ਦਿੰਦੇ, 6 ਮਹੀਨੇ ਹੋ ਗਏ ਇੱਕ ਵੀ ਛੁੱਟੀ ਨਹੀਂ ਦਿੱਤੀ, ਬਾਹਰ ਜਾਂਦੇ ਹਨ ਤਾਂ ਜਿੰਦਾ ਲਾ ਕੇ ਜਾਂਦੇ ਹਨ?

ਬੇਸ਼ੱਕ ਖੂਬਸੂਰਤ ਹੋਣਗੀਆਂ,
ਪੱਥਰ ਅਤੇ ਸ਼ੀਸ਼ੇ ਦੀਆਂ ਇਮਾਰਤਾਂ
ਪਰ ਕੈਦ ਨੇ ਏਥੇ
ਮਾਵਾਂ, ਭੈਣਾਂ, ਧੀਆਂ...
ਅਤੇ ਕੈਦ ਨੇ ਉਹਨਾਂ ਦੀਆਂ ਅੱਖਾਂ ਦੇ ਸੁਪਨੇ

ਤੁਹਾਡੀ ਸਾਥਣ
ਬਿੰਦਰ ਕੌਰ, ਸਿੰਗਾਪੁਰ

# ਕਾਰਲ ਮਾਰਕਸ : ਜੀਵਨ ਅਤੇ ਸਿਧਾਂਤ

ਜਗਦੇਵ ਸਿੱਧੂ

ਮੈਂ ਲਗਾਤਾਰ ਕਬਰ ਦੇ ਕਿਨਾਰੇ ਫਿਰ ਰਿਹਾਂ ਸਾਂ ਇਸ ਲਈ ਮੈਂ ਆਪਣੀ ਜ਼ਿੰਦਗੀ ਦਾ ਹਰੇਕ ਪਲ-ਖਿਣ ਕਿਤਾਬ ਨੂੰ ਮੁਕੰਮਲ ਕਰਨ ਵਿੱਚ ਝੋਕ ਦਿੱਤਾ ਜਿਸਨੇ ਮੇਰੀ ਸਿਹਤ ਮੇਰੀਆਂ ਖੁਸ਼ੀਆਂ ਅਤੇ ਮੇਰੇ ਪਰਿਵਾਰ ਦੀ ਬਲੀ ਲੈ ਲਈ।" ਇਹ ਸ਼ਬਦ ਕਾਰਲ ਮਾਰਕਸ ਨੇ 1867 ਵਿੱਚ ਆਪਣੀ ਪੁਸਤਕ ਬਸਰਮਾਇਆ. (ਜਰਮਨ ਭਾਸ਼ਾ ਵਿੱਚ ਬਦਾਸ ਕੈਪੀਟਲ. ਲਿਖਣ ਮਗਰੋਂ ਇੱਕ ਪੱਤਰ ਵਿੱਚ ਜ਼ਾਹਰ ਕੀਤੇ ਸਨ। ਉਸਦੇ ਇਨ੍ਹਾਂ ਸ਼ਬਦਾਂ ਵਿੱਚ ਉਸਦੀ ਜ਼ਿੰਦਗੀ, ਉਸ ਦੀਆਂ ਪ੍ਰਾਪਤੀਆਂ, ਉਸਦੀ ਘਾਲਣਾ ਅਤੇ ਦੁਨੀਆਂ ਨੂੰ ਉਸਦੀ ਸਦੀਵੀਂ ਦੇਣ ਦੀ ਝਲਕ ਛੁਪੀ ਹੋਈ ਹੈ।

ਇਸ ਸਾਲ ਮਈ 2018 ਨੂੰ ਕਾਰਲ ਮਾਰਕਸ ਦਾ ਦੋ ਸੌ ਸਾਲਾ ਜਨਮ-ਦਿਨ ਬੜੇ ਵੱਡੇ ਪੱਧਰ 'ਤੇ ਵਿਸ਼ਵ ਭਰ ਵਿੱਚ ਮਨਾਇਆ ਜਾ ਰਿਹਾ ਹੈ। ਪਰੱਸ਼ੀਆ (ਹੁਣ ਜਰਮਨੀ) ਦੇ ਸ਼ਹਿਰ ਟਰੀਅਰ ਵਿਖੇ 5 ਮਈ 1818 ਨੂੰ ਕਾਰਲ ਮਾਰਕਸ ਦਾ ਜਨਮ ਹੋਇਆ। ਮੁੱਢਲੀ ਪੜ੍ਹਾਈ ਇਸੇ ਸ਼ਹਿਰ ਵਿੱਚ ਕਰਨ ਮਗਰੋਂ ਪਹਿਲਾਂ ਬੌਨ ਅਤੇ ਫੇਰ ਬਰਲਿਨ ਯੂਨੀਵਰਸਿਟੀ ਵਿੱਚ ਕਾਨੂੰਨ, ਇਤਿਹਾਸ ਅਤੇ ਫਿਲਾਸਫੀ ਦੇ ਵਿਸ਼ਿਆਂ ਦੀ ਪੜ੍ਹਾਈ ਕੀਤੀ। ਉਸਨੇ 1841 ਵਿੱਚ ਆਪਣਾ ਡਾਕਟਰੇਟ (ਪੀ.ਐਚ.ਡੀ) ਦਾ ਥੀਸਿਸ ਐਪੀਕਿਉਰਸ ਦੀ ਫਿਲਾਸਫੀ ਬਾਰੇ ਮੁਕੰਮਲ ਕੀਤਾ। ਮਾਰਕਸ ਅਕਤੂਬਰ 1842 ਵਿੱਚ ਬੌਨ ਤੋਂ ਕੋਲੋਨ ਚਲਾ ਗਿਆ। ਇੱਥੇ ਉਹ ਇੱਕ ਪੇਪਰ ਬਰ੍ਹਾਈਨਿਸ਼ ਜ਼ਾਈਤੁੰਗ. ਦਾ ਐਡੀਟਰ-ਇਨ-ਚੀਫ਼ ਦੇ ਤੌਰ 'ਤੇ ਸੰਪਾਦਨ ਕਰਦਾ ਰਿਹਾ। ਇਸ ਪਰਚੇ ਵਿਚਲੇ ਲੇਖ ਸਰਕਾਰ ਵਿਰੋਧੀ ਅਤੇ ਤਤਕਾਲੀਨ ਫਿਲਾਸਫਰ ਹੇਜਲ ਦੇ ਮਜ਼ਦੂਰ-ਪੱਖੀ ਵਿਚਾਰਾਂ ਵਾਲੇ ਹੋਣ ਕਰਕੇ ਸਰਕਾਰ ਨੇ ਇਸ ਪਰਚੇ ਦੀ ਛਪਾਈ 'ਤੇ ਸੈਂਸਰ ਲਾ ਦਿੱਤਾ ਜਿਸ ਕਾਰਨ ਕਾਰਲ ਮਾਰਕਸ 1 ਜਨਵਰੀ 1843 ਨੂੰ ਇਸਦੀ ਸੰਪਾਦਕੀ ਤੋਂ ਅਸਤੀਫ਼ਾ ਦੇ ਗਿਆ। ਮਾਰਚ 1843 ਤੋਂ ਇਹ ਪਰਚਾ ਬਾਕਾਇਦਾ ਛਪਣਾ ਬੰਦ ਹੋ ਗਿਆ।

ਇਸ ਸਾਲ ਕਾਰਲ ਮਾਰਕਸ ਦਾ ਵਿਆਹ ਉਸਦੇ ਬਚਪਨ ਦੀ ਦੋਸਤ ਜੈਨੀ ਵੌਨ ਵੈਸਟਫਾਲਨ ਨਾਲ ਹੋ ਗਿਆ, ਜੋ ਇੱਕ ਤਕੜੇ ਖਾਨਦਾਨ ਦੀ ਧੀ ਸੀ। ਜੈਨੀ ਮਾਰਕਸ ਦੇ ਕਾਰਜ ਨੂੰ ਖੂਬ ਸਮਝਦੀ ਸੀ, ਇਸ ਲਈ ਉਸਨੇ ਆਪਣਾ ਜੀਵਨ ਮਾਰਕਸ ਦੀ ਦੇਖਭਾਲ ਅਤੇ ਉਸਦੇ ਕਾਰਜ ਪ੍ਰਤੀ ਪੂਰੀ ਤਰ੍ਹਾਂ ਅਰਪਣ ਕਰ ਦਿੱਤਾ ਜਿਸ ਕਾਰਨ ਮਾਰਕਸ ਆਪਣੇ ਮਨਸੂਬੇ ਪੂਰੇ ਕਰਨ ਵਿੱਚ ਕਾਮਯਾਬ ਹੋਇਆ। ਉਸ ਮਹਾਨ ਔਰਤ ਦੀ ਘਾਲਣਾ, ਸਮਝਦਾਰੀ ਅਤੇ ਸਬਰ ਨੂੰ ਸਵੀਕਾਰ ਕਰਨਾ ਅਤੇ ਉਸਨੂੰ ਥਾਂ-ਸਿਰ ਰੱਖ ਕੇ ਸਤਿਕਾਰ ਦੇਣਾ ਬਣਦਾ ਹੈ।

ਸਤੰਬਰ 1844 ਵਿੱਚ ਮਾਰਕਸ ਦਾ ਮੇਲ ਫਰੈਡਰਿਕ ਐਂਗਲਜ ਨਾਲ ਪੈਰਿਸ ਵਿੱਚ ਹੋਇਆ ਅਤੇ ਦੋਵੇਂ ਜਣੇ ਉਮਰ ਭਰ ਲਈ ਹਮ-ਖਿਆਲੀ ਗੂੜ੍ਹੇ ਸਾਥੀ ਬਣ ਗਏ। ਇੱਥੇ ਉਹ ਦੋਵੇਂ ਕਿਰਤੀ-ਕਾਮਿਆਂ ਦੇ ਹੱਕ ਵਿੱਚ ਸਰਗਰਮੀ ਨਾਲ ਇਨਕਲਾਬੀ ਸਫਾਂ ਵਿੱਚ ਸ਼ਾਮਲ ਹੋ ਗਏ। ਉਹ ਨੀਮ-ਬੁਰਜੁਆਜ਼ੀ ਸਮਾਜਵਾਦ ਦੇ ਖਿਲਾਫ਼ ਜੱਦੋ-ਜਹਿਦ ਵਿੱਢ ਕੇ ਅਸਲੀ ਪ੍ਰੋਲਤਾਰੀ ਸਮਾਜਵਾਦ (ਕਮਿਊਨਿਜ਼ਮ) ਦੇ ਹੱਕ ਵਿੱਚ ਇਨਕਲਾਬੀ ਸਿਧਾਂਤ ਅਤੇ ਦਾਅ-ਪੇਚ ਅਪਨਾਉਣ ਵਿੱਚ ਜੁਟ ਗਏ। ਜਦੋਂ 1845 ਵਿੱਚ ਪਰੱਸੀਅਨ ਸਰਕਾਰ ਦੇ ਦਬਾਅ ਹੇਠ ਮਾਰਕਸ ਨੂੰ ਪੈਰਿਸ ਤੋਂ ਦੇਸ਼-ਨਿਕਾਲਾ ਦੇ ਦਿੱਤਾ ਗਿਆ ਤਾਂ ਉਹ ਬਰੱਸਲਜ਼ ਚਲਾ ਗਿਆ। ਮਾਰਕਸ ਅਤੇ ਐਂਗਲਜ ਦੋਵੇਂ 1847 ਵਿੱਚ ਇੱਕ ਗੁਪਤ ਪ੍ਰਾਪੇਗੰਡਾ-ਸੰਸਥਾ ਬਕਮਿਊਨਿਸਟ ਲੀਗ. ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੀ ਕਾਰਗਰ ਅਗਵਾਈ ਹੇਠ ਤਿਆਰ ਕੀਤਾ ਬਕਮਿਊਨਿਸਟ ਮੈਨੀਫੈਸਟੋ. ਫ਼ਰਵਰੀ 1847 ਵਿੱਚ ਐਲਾਨ ਕੀਤਾ ਗਿਆ ਜਿਹੜਾ ਕਿ ਪ੍ਰੋਲਤਾਰੀ ਸਮਾਜ ਦੀ ਸਥਾਪਨਾ ਲਈ ਇਤਿਹਾਸਕ ਇਨਕਲਾਬੀ ਦਸਤਾਵੇਜ਼ ਬਣ ਗਿਆ।

ਮਾਰਕਸ ਜਨਵਰੀ 1848 ਤੋਂ ਮਈ 1849 ਤੱਕ ਬਨਿਊਰਾਈਨਿਸ਼ ਜਾਈਤੁੰਗ. ਪਰਚੇ ਦਾ ਸੰਪਾਦਨ ਕਰਦਾ ਰਿਹਾ। ਇਨ੍ਹਾਂ ਸਮਿਆਂ ਅੰਦਰ ਦੁਨੀਆਂ ਭਰ ਵਿੱਚ ਅਤੇ ਖਾਸ ਕਰਕੇ ਯੂਰਪੀਨ ਦੇਸ਼ਾਂ ਵਿੱਚ ਕਿਰਤੀ ਲਹਿਰਾਂ ਪਨਪ ਅਤੇ ਫੈਲ ਰਹੀਆਂ ਸਨ; ਜਮਹੂਰੀਅਤ ਦੇ ਹੱਕ ਵਿੱਚ ਉੱਥਲ-ਪੁਥਲ ਹੋ ਰਹੀ ਸੀ ਅਤੇ ਮਾਰਕਸ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਹੋ ਰਹੀ ਸੀ। ਜਦੋਂ ਮਾਰਕਸ ਨੂੰ ਇੱਕ ਵਾਰ ਫੇਰ ਪਹਿਲਾਂ ਜਰਮਨੀ ਅਤੇ ਮਗਰੋਂ ਪੈਰਿਸ ਤੋਂ ਦੇਸ਼-ਨਿਕਾਲਾ ਦਿੱਤਾ ਗਿਆ ਤਾਂ ਉਹ 13 ਜੂਨ 1849 ਨੂੰ ਹਮੇਸ਼ਾਂ ਲਈ ਲੰਦਨ ਚਲਾ ਗਿਆ ਜਿੱਥੇ ਉਹ ਆਪਣੀ ਬਾਕੀ ਸਾਰੀ ਉਮਰ ਆਪਣੇ ਸਿਧਾਂਤਾਂ ਦੀ ਉਸਾਰੀ ਵਿੱਚ ਰੁੱਝਿਆ ਰਿਹਾ। ਉਸਦੇ ਪੁੱਤਰ ਐਡਗਰ ਦੀ ਅੱਠ ਸਾਲ ਦੀ ਉਮਰ ਵਿੱਚ 1855 ਵਿੱਚ ਮੌਤ ਹੋ ਗਈ। ਉਸਦੀ ਪਤਨੀ ਜੈਨੀ 2 ਦਸੰਬਰ 1881 ਨੂੰ ਉਸਨੂੰ ਸਦੀਵੀਂ ਵਿਛੋੜਾ ਦੇ ਗਈ। ਧੀ ਜੈਨੀ 1883 ਦੇ ਸ਼ੁਰੂ ਵਿੱਚ ਸਦਾ ਦੀ ਨੀਂਦ ਸੌਂ ਗਈ। ਉਸ ਦੀਆਂ ਤਿੰਨ ਧੀਆਂ ਇਲੀਨਰ ਐਵਲਿੰਗ, ਲਾਰਾ ਲਫ਼ਾਰਗ ਅਤੇ ਜੈਨੀ ਲੌਂਗਟ ਅੰਗ੍ਰੇਜ਼ ਅਤੇ ਫਰਾਂਸੀਸੀ ਸਮਾਜਵਾਦੀ ਪਰਿਵਾਰਾਂ ਵਿੱਚ ਵਿਆਹੀਆਂ ਹੋਈਆਂ ਸਨ।

ਲੰਦਨ ਵਿੱਚ ਰਹਿਣ ਸਮੇਂ ਮਾਰਕਸ ਕੋਲ ਆਮਦਨ ਦਾ ਕੋਈ ਸਾਧਨ ਨਹੀਂ ਸੀ ਪਰ ਉਹ ਆਪਣਾ ਸਾਰਾ ਸਮਾਂ ਅਧਿਐਨ ਵਿੱਚ ਲਾ ਰਿਹਾ ਸੀ। ਲੋੜ ਪੈਣ 'ਤੇ ਐਂਗਲਜ ਵਿੱਤ ਮੁਜਬ ਮਾਇਕ ਸਹਾਇਤਾ ਕਰਦਾ ਰਿਹਾ। ਮਾਰਕਸ 1851 ਤੋਂ ਨਿਊਯਾਰਕ ਡੇਲੀ ਟ੍ਰਿਬਿਊਨ ਨੂੰ ਹਫ਼ਤਾਵਾਰੀ ਲੇਖ ਭੇਜਦਾ ਰਿਹਾ। ਇਹ ਸਿਲਸਿਲਾ ਦਸ ਸਾਲ ਤੱਕ ਜਾਰੀ ਰਿਹਾ। ਕਾਰਲ ਮਾਰਕਸ ਨੇ ਦਿਨ-ਰਾਤ ਇੱਕ ਕਰਕੇ ਇਤਿਹਾਸ, ਵਿਗਿਆਨ ਅਰਥ-ਸ਼ਾਸ਼ਤਰ, ਫਿਲਾਸਫੀ ਅਤੇ ਹੋਰ ਵਿਸ਼ਿਆ ਬਾਰੇ ਬੜੇ ਵਿਸ਼ਾਲ ਪੈਮਾਨੇ 'ਤੇ ਪੁਸਤਕਾਂ, ਦਸਤਾਵੇਜਾਂ, ਪੱਤ੍ਰਕਾਵਾਂ ਆਦਿ ਦਾ ਬੜਾ ਡੂੰਘਾ ਅਧਿਐਨ ਕੀਤਾ। ਇਸ ਸਾਰੇ ਵੱਖ-ਵੱਖ ਤਰ੍ਹਾਂ ਦੇ ਗਿਆਨ ਦਾ ਮੰਥਨ ਕਰਕੇ ਉਸਨੇ ਆਪਣੇ ਵਿਲੱਖਣ ਵਿਗਿਆਨਕ ਨਜ਼ਰੀਏ ਤੋਂ ਪਦਾਰਥਵਾਦ, ਸਿਆਲੀ ਅਰਥਚਾਰੇ ਅਤੇ ਵਿਗਿਆਨਕ ਸਮਾਜਵਾਦ ਦੇ ਇਨਕਲਾਬੀ ਸਿਧਾਂਤ ਪੇਸ਼ ਕੀਤੇ।

ਕਾਰਲ ਮਾਰਕਸ ਨੇ ਆਪਣੀ ਪੁਸਤਕ-ਲੜੀ ਦੀ ਪਹਿਲੀ ਜਿਲਦ ਬਸਰਮਾਇਆ. (ਦਾਸ ਕੈਪੀਟਲ) 1867 ਵਿੱਚ ਪ੍ਰਕਾਸ਼ਿਤ ਕਰਵਾਈ ਜਿਸਦੇ ਆਉਣ ਨਾਲ ਅਰਥ-ਵਿਗਿਆਨੀਆਂ ਅਤੇ ਦਾਰਸ਼ਨਿਕ-ਸੰਸਾਰ ਅੰਦਰ ਤਰਥਲੀ ਮੱਚ ਗਈ। ਇਹ ਉਸ ਦੀ ਕੋਈ ਪੱਚੀ ਸਾਲਾਂ ਦੀ ਅਣਥੱਕ ਮਿਹਨਤ ਅਤੇ ਤਕਰੀਬਨ 1500 ਕਿਤਾਬਾਂ-ਦਸਤਾਵੇਜ਼ਾਂ ਦੇ ਡੂੰਘੇ ਅਧਿਐਨ ਦਾ ਨਤੀਜਾ ਸੀ। ਬਸਰਮਾਇਆ. (ਦਾਸ ਕੈਪੀਟਲ) ਦੀ ਦੂਜੀ ਜਿਲਦ ਮਾਰਕਸ ਦੀ ਮੌਤ ਤੋਂ ਮਗਰੋਂ 1885 ਅਤੇ ਤੀਜੀ ਜਿਲਦ 1894 ਵਿੱਚ ਫਰੈਡਰਿਕ ਐਂਗਲਜ ਨੇ ਛਪਵਾਈਆਂ। ਆਖਰੀ ਤੇ ਚੌਥੀ ਜਿਲਦ ਮਗਰੋਂ ਜਾ ਕੇ ਰੂਸ ਵਿੱਚ ਛਪਵਾਈ ਗਈ।

ਐਂਗਲਜ 1870 ਵਿੱਚ ਆਪਣੇ ਕਾਰੋਬਾਰ ਤੋਂ ਵਿਹਲਾ ਹੋ ਕੇ ਪੱਕੇ ਤੌਰ 'ਤੇ ਲੰਦਨ ਆ ਗਿਆ ਅਤੇ ਮਾਰਕਸ ਨਾਲ ਮਹਾਨ ਕਾਰਜ ਵਿੱਚ ਜੁਟ ਗਿਆ। ਸੰਨ 1871 ਵਿੱਚ ਸੰਸਾਰ ਦੇ ਇਤਿਹਾਸ ਦੀ ਪਹਿਲੀ ਆਪਣੀ ਕਿਸਮ ਦੀ ਮਹਾਨ ਘਟਨਾ ਫਰਾਂਸ ਵਿੱਚ ਵਾਪਰੀ ਜਦੋਂ ਆਮ ਲੋਕਾਂ ਨੇ ਵਿਸ਼ਵ ਦੀ ਪਹਿਲੀ ਮਜ਼ਦੂਰ ਹਕੂਮਤ ਪੈਰਿਸ ਵਿੱਚ ਕਾਇਮ ਕੀਤੀ ਜਿਸਨੂੰ ਬਪੈਰਿਸ ਕਮਿਊਨ. ਦੇ ਨਾ ਨਾਲ ਜਾਣਿਆ ਜਾਂਦਾ ਹੈ ਭਾਵੇਂ ਇਹ ਸਿਰਫ਼ 81 ਦਿਨ ਤੱਕ ਹੀ ਰਹੀ। ਮਾਰਕਸ ਨੇ ਇਸ ਘਟਨਾ ਦਾ ਸਪੱਸ਼ਟ ਅਤੇ ਭਰਪੂਰ ਸ਼ਬਦਾਂ 'ਚ ਇਨਕਲਾਬੀ ਨਜ਼ਰੀਏ ਤੋਂ ਵਿਸਲੇਸ਼ਣ ਪੇਸ਼ ਕੀਤਾ। ਮਾਰਕਸ ਦੀ ਅਗਵਾਈ ਹੇਠ 28 ਸਤੰਬਰ 1864 ਨੂੰ ਲੰਦਨ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਸੰਘ (ਇੰਟਰਨੈਸ਼ਨਲ ਵਰਕਿੰਗ ਮੈਨਜ ਐਸੋਸੀਏਸ਼ਨ) ਦੀ ਸਥਾਪਨਾ ਹੋਈ। ਇਸ ਐਸੋਸੀਏਸ਼ਨ ਦੀ ਹੇਗ ਵਿਖੇ ਹੋਈ ਕਾਨਫਰੰਸ ਤੋਂ ਮਗਰੋਂ 1872 ਵਿੱਚ ਇਸਦੀ ਜਨਰਲ ਕੌਂਸਲ ਨੂੰ ਨਿਊਯਾਰਕ ਵਿੱਚ ਤਬਦੀਲ ਕਰ ਦਿੱਤਾ ਗਿਆ। ਮਾਰਕਸ ਨੇ ਅਨੇਕਾਂ ਮੁਲਕਾਂ ਵਿੱਚ ਚੱਲ ਰਹੇ ਪ੍ਰੋਲਤਾਰੀ ਸੰਘਰਸ਼ਾਂ ਨੂੰ ਸੇਧ ਦੇਣ ਲਈ ਇਕਸਾਰ ਦਾਅ-ਪੇਚ ਪੇਸ਼ ਕੀਤੇ। ਇਸ ਸਮੇਂ ਤੱਕ ਕਈ ਮੁਲਕਾਂ ਅੰਦਰ ਮਜ਼ਦੂਰ ਲਹਿਰਾਂ ਜ਼ੋਰ ਫੜ ਰਹੀਆਂ ਸਨ ਅਤੇ ਭਾਰੀ ਗਿਣਤੀ ਵਿੱਚ ਮਜ਼ਦੂਰ ਜਮਾਤ ਨਾਲ ਸੰਬੰਧਤ ਪਾਰਟੀਆਂ ਹੋਂਦ ਵਿੱਚ ਆ ਚੁੱਕੀਆਂ ਸਨ।

ਮਾਰਕਸ ਆਪਣੇ ਮਜ਼ਦੂਰ ਮੁਕਤੀ ਦੇ ਕਾਰਜ ਅਤੇ ਵਿਗਿਆਨਕ ਸਮਾਜਵਾਦ ਸਥਾਪਨਾ ਦੇ ਯਤਨਾਂ ਵਿੱਚ ਇੰਨਾ ਮਸਰੂਫ਼ ਰਿਹਾ ਕਿ ਉਹ ਨਾ ਆਪਣੇ ਪਰਿਵਾਰ ਅਤੇ ਨਾ ਆਪਣੀ ਸਿਹਤ ਦਾ ਖਿਆਲ ਰੱਖ ਸਕਿਆ। ਉਹ ਇੱਕ ਬਹੁਤ ਸੁਹਿਰਦ ਅਤੇ ਵਧੀਆ ਮਨੁੱਖ ਸੀ। ਉਹ ਆਪਣੀ ਪਤਨੀ ਅਤੇ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਸੀ। ਉਨ੍ਹਾਂ ਦੀਆਂ ਰੀਝਾਂ ਪੂਰੀਆਂ ਕਰਨ ਦੀ ਕਮੀ ਤੋਂ ਉਹ ਦੁਖੀ ਵੀ ਸੀ। ਮਾਰਕਸ ਨੂੰ ਆਪਣੇ ਪੁੱਤਰ ਆਪਣੀ ਪਤਨੀ ਅਤੇ ਧੀ ਦੀ ਮੌਤ ਦਾ ਅਸਹਿ ਦੁੱਖ ਝੱਲਣਾ ਪਿਆ। ਉਹ ਆਪਣੀ ਖੁਰਾਕ ਅਤੇ ਸਿਹਤ ਦਾ ਵੀ ਖਿਆਲ ਨਹੀਂ ਰੱਖ ਸਕਿਆ ਅਤੇ ਨਾ ਹੀ ਮੋਇਆਂ ਦਾ ਵਿਛੋੜਾ ਜਰ ਸਕਿਆ। ਆਖ਼ਰ ਇਹ ਯੋਧਾ 14 ਮਾਰਚ 1883 ਨੂੰ ਸ਼ਾਮ ਦੇ 2.45 ਵਜੇ ਆਪਣੀ ਆਰਾਮ ਕੁਰਸੀ ਵਿੱਚ ਬੈਠਾ ਹੋਇਆ ਸਦਾ ਲਈ ਸ਼ਾਂਤ ਹੋ ਗਿਆ। ਮਾਰਕਸ ਨੂੰ ਲੰਦਨ ਦੇ ਹਾਈਗੇਟ ਵਿਚਲੇ ਕਬਰਿਸਤਾਨ ਵਿੱਚ ਉਸਦੀ ਪਤਨੀ ਜੈਨੀ ਦੀ ਕਬਰ ਦੇ ਨਾਲ ਹੀ ਦਫ਼ਨਾਇਆ ਗਿਆ। ਦੁਨੀਆਂ ਭਰ ਦੇ ਲੋਕ ਖਾਸ ਕਰਕੇ ਮਜ਼ਦੂਰ ਇੱਥੇ ਨਤ-ਮਸਤਕ ਹੁੰਦੇ ਹਨ।

ਮਾਰਕਸ ਇੱਕ ਮਹਾਨ ਇਨਕਲਾਬੀ ਅਤੇ ਵਿਗਿਆਨਕ ਸਮਾਜਵਾਦ ਦੇ ਸੰਕਲਪ ਦਾ ਜਨਮ-ਦਾਤਾ ਹੋਣ ਦੇ ਨਾਲ ਉੱਚ ਕੋਟੀ ਦਾ ਦਾਰਸ਼ਨਿਕ, ਅਦਭੁਤ ਬੁੱਧੀਮਾਨ (ਜੀਨੀਅਸ), ਮਹਾਨ ਅਰਥ-ਸ਼ਾਸਤਰੀ, ਜੁਝਾਰੂ ਅਧਿਆਪਕ ਅਤੇ ਫ਼ਰਿਸ਼ਤਾ ਸੀ ਜਿਸ ਦੀਆਂ ਲਿਖਤਾਂ, ਗ੍ਰੰਥ ਅਤੇ ਦਸਤਾਵੇਜ਼ ਮਾਨਵਤਾ ਦੇ ਸਦੀਵੀ ਅਮਨ ਖੁਸ਼ਹਾਲੀ ਅਤੇ ਤਰੱਕੀ ਦੇ ਰਾਹ ਵਿੱਚ ਚਾਨਣ-ਮੁਨਾਰੇ ਬਣੇ ਰਹਿਣਗੇ। ਉਹ ਇੱਕ ਯੁਗ-ਪੁਰਸ਼ ਨਾ ਹੋ ਕੇ ਆਉਣ ਵਾਲੇ ਸਾਰੇ ਯੁਗਾਂ ਦਾ ਸਰਬ-ਯੁਗ-ਪੁਰਸ਼ ਵਜੋਂ ਜਾਣਿਆ ਜਾਵੇਗਾ।

ਇੱਕ ਮਹੱਤਵਪੂਰਨ ਸਮਝ ਅਨੁਸਾਰ ਮਾਰਕਸਵਾਦ ਨੂੰ ਮਨੁੱਖਤਾ ਦੇ ਵਿਗਿਆਨਕ ਧਰਮ ਦੀ ਸੰਗਿਆ ਦੇ ਸਕਦੇ ਹਾਂ। ਮਾਰਕਸ ਉਹ ਸਮਾਜਕ ਢਾਂਚਾ ਹੈ ਜਿਸ ਵਿੱਚ ਮਨੁੱਖੀ ਜ਼ਿੰਦਗੀ ਦੀ ਫਿਲਾਸਫੀ ਦੇ ਅਰਥ ਸਮਾਏ ਹੋਏ ਹਨ ਅਤੇ ਇਸ ਵਿਚਲੇ ਮਾਪ-ਦੰਡਾਂ ਅਨੁਸਾਰ ਘਟਨਾਵਾਂ ਅਤੇ ਕਾਰਵਾਈਆਂ ਦਾ ਨਿਰੀਖਣ ਕੀਤਾ ਜਾ ਸਕਦਾ ਹੈ। ਇਹ ਢਾਂਚਾ ਉਨ੍ਹਾਂ ਮਨੋਰਥਾਂ ਲਈ ਰਾਹ-ਦਸੇਰਾ ਹੈ ਜਿਨ੍ਹਾਂ ਵਿੱਚ ਮਨੁੱਖਤਾ ਦੀ ਮੁਕਤੀ ਦਾ ਮਨਸੂਬਾ ਛੁਪਿਆ ਹੋਇਆ ਹੈ। ਇਹ ਉਨ੍ਹਾਂ ਬੁਰਾਈਆਂ ਦੀ ਵੀ ਨਿਸ਼ਾਨਦੇਹੀ ਕਰਦਾ ਹੈ ਜਿਨ੍ਹਾਂ ਤੋਂ ਮਨੁੱਖਤਾ ਨੂੰ ਬਚਾਉਣ ਦੀ ਲੋੜ ਹੈ।

ਮਾਰਕਸ ਨੂੰ ਇਤਿਹਾਸਕ ਅਤੇ ਸਮਕਾਲੀਨ ਹਾਲਤਾਂ ਉੱਪਰ ਕਮਾਲ ਦੀ ਮੁਹਾਰਤ ਹਾਸਲ ਸੀ। ਉਸ ਦੁਆਰਾ ਇਤਿਹਾਸ ਦੀ ਆਰਥਕ ਪੱਖ ਤੋਂ ਕੀਤੀ ਗਈ ਵਿਆਖਿਆ ਅੱਜ ਤੱਕ ਦੇ ਸਮਾਜ-ਸ਼ਾਸ਼ਤਰ ਦੀਆਂ ਸਭ ਤੋਂ ਮਹਾਨ ਪ੍ਰਾਪਤੀਆਂ ਵਿੱਚੋਂ ਇੱਕ ਹੈ। ਉਸਨੇ ਉਨ੍ਹਾਂ ਆਰਥਕ ਹਾਲਤਾਂ ਨੂੰ ਉਜਾਗਰ ਕੀਤਾ ਜਿਹੜੀਆਂ ਧਰਮ, ਅਧਿਆਤਮਵਾਦ, ਕਲਾ, ਸਦਾਚਾਰ ਅਤੇ ਸਿਆਸਤ ਨੂੰ ਨਿਰਧਾਰਤ ਕਰਦੀਆਂ ਹਨ ਅਤੇ ਜਿਹੜੀਆਂ ਹਾਲਤਾਂ ਦੁਆਰਾ ਇਨ੍ਹਾਂ ਦਾ ਉਭਾਰ ਅਤੇ ਪਤਨ ਹੁੰਦਾ ਹੈ। ਮਾਰਕਸ ਦੀ ਦਿਲਚਸਪੀ ਸਮਾਜਕ ਝੁੰਡਾਂ ਜਾਂ ਜਮਾਤਾਂ ਦੁਆਰਾ ਉਨ੍ਹਾਂ ਦੀ ਹੋਂਦ, ਸਥਿਤੀ ਅਤੇ ਵਿਵਹਾਰ ਨੂੰ ਸਮਝਣ ਵਿੱਚ ਸੀ। ਮਾਰਕਸ ਮੁਤਾਬਕ ਸਮਾਜ ਦਾ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ। ਉਸਦਾ ਸਿਧਾਂਤ ਸੀ ਕਿ ਬੁਨਿਆਦੀ ਤੌਰ 'ਤੇ ਦੋ ਜਮਾਤਾਂ ਹਨ: ਪਹਿਲੀ ਮਾਲਕ ਜਾਂ ਸਰਮਾਏਦਾਰ ਅਤੇ ਦੂਜੀ ਬੇ-ਮਾਲਕ ਜਿਹੜੇ ਆਪਣੀ ਮਜ਼ਦੂਰੀ ਵੇਚਣ ਲਈ ਮਜ਼ਬੂਰ ਹਨ ਭਾਵ ਮਜ਼ਦੂਰ ਜਮਾਤ ਜਾਂ ਪ੍ਰੋਲਤਾਰੀ। ਮਾਰਕਸ ਦਸਦਾ ਹੈ ਕਿ ਸਰਮਾਏਦਾਰੀ ਕਿਵੇਂ ਪੂੰਜੀ ਦੀ ਜਮਾਖੋਰੀ (ਇਕੱਤਰੀਕਰਨ) ਕਰਦੀ ਹੈ। ਇਸ ਜਮਾਖੋਰੀ ਦਾ ਬਹੁਤਾ ਹਿੱਸਾ ਸਰਮਾਏਦਾਰ ਦੇ ਮੁਨਾਫੇ ਤੋਂ ਆਉਂਦਾ ਹੈ, ਇਸ ਲਈ ਸਰਮਾਏਦਾਰ ਦਾ ਸਾਰਾ ਯਤਨ ਮੁਨਾਫਾ ਕਮਾਉਣ ਵਿੱਚ ਲੱਗਦਾ ਹੈ। ਕਿਸੇ ਕਾਰੋਬਾਰ ਨੂੰ ਸ਼ੁਰੂ ਕਰਨ ਲਈ ਸਾਧਨ ਜੁਟਾਉਣ ਵਾਸਤੇ ਦੂਜਿਆਂ ਦੀਆਂ ਬੱਚਤਾਂ ਜਾਂ ਬੈਂਕਾਂ ਤੋਂ ਉਧਾਰ ਲੈਂਣਾ ਪੈਂਦਾ ਹੈ। ਪੂੰਜੀਵਾਦ ਸਮਾਜ ਦੇ ਜਗੀਰਦਾਰੀ ਢਾਂਚੇ ਦੀ ਪੈਦਾਇਸ਼ ਹੈ। ਜਗੀਰਦਾਰੀ ਢਾਂਚੇ ਵਿੱਚ ਬਲ ਦੇ ਸਹਾਰੇ ਆਮ ਲੋਕਾਂ ਨੂੰ ਦਬਾਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਸੀ। ਮਾਰਕਸ ਪੂੰਜੀਵਾਦ ਨੂੰ ਸਮਾਜਿਕ ਪਰਿਪੇਖ ਤੋਂ ਪਰਿਭਾਸ਼ਤ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਪੂੰਜੀਵਾਦ ਦਾ ਖਾਸਾ ਪੈਦਾਵਾਰੀ ਸਾਧਨਾਂ ਉੱਪਰ ਨਿੱਜੀ ਕੰਟਰੋਲ ਦਾ ਹੋਣਾ ਹੈ। ਉਸਦਾ ਆਰਥਿਕ ਸਿਧਾਂਤ ਜਮਾਤਾਂ, ਜਮਾਤੀ ਹਿੱਤਾਂ, ਜਮਾਤੀ ਵਿਵਹਾਰਾਂ, ਜਮਾਤਾਂ ਦੇ ਆਪਸੀ ਤਬਾਦਲਿਆਂ, ਆਰਥਿਕ ਕੀਮਤਾਂ, ਮੁਨਾਫ਼ੇ, ਉਜਰਤਾਂ ਆਦਿ ਦਾ ਖੁੱਲ੍ਹ ਕੇ ਵਿਸ਼ਲੇਸ਼ਣ ਕਰਦਾ ਹੈ ਕਿ ਕਿਵੇਂ ਇਹ ਅਜਿਹੀ ਅਰਥ-ਵਿਧੀ ਸਿਰਜਦੇ ਹਨ ਜਿਹੜੀ ਦੂਸਰੀ ਆਰਥਿਕ ਦੁਨੀਆਂ ਨੂੰ ਜਨਮ ਦੇਣ ਵਾਲੀਆਂ ਹਾਲਤਾਂ ਪੈਦਾ ਕਰਦੀ ਹੈ।

ਮਾਰਕਸ ਆਰਥਿਕ ਸਿਧਾਂਤਕਾਰ ਵਜੋਂ ਬਹੁਤ ਸੰਪੰਨ ਮਾਹਿਰ ਸੀ। ਉਹ ਜੋ ਕੁਝ ਵੀ ਪੜ੍ਹਦਾ ਸੀ ਉਸਨੂੰ ਪੂਰੀ ਤਰ੍ਹਾਂ ਸਮਝ ਕੇ ਦਿਮਾਗ ਵਿੱਚ ਬਿਠਾ ਲੈਂਦਾ ਸੀ, ਹਰੇਕ ਵਿਸ਼ੇ ਨੂੰ ਪੜ੍ਹ ਕੇ ਵਿਚਾਰ ਕੇ ਘੋਖ ਕੇ, ਇਸਦੀ ਤਹਿ ਤੱਕ ਜਾ ਕੇ ਇਸਨੂੰ ਰੱਦ ਜਾਂ ਮਨਜ਼ੂਰ ਕਰਦਾ ਸੀ। ਉਸਨੇ ਅਸਲੋਂ ਨਵਾਂ ਸਿਧਾਂਤ ਦਿੱਤਾ ਕਿ ਹਰੇਕ ਵਸਤੂ ਦੀ ਕੀਮਤ ਉਸ ਵਸਤੂ ਵਿਚਲੇ ਮਜ਼ਦੂਰੀ-ਅੰਸ਼ ਦੇ ਮੁਤਾਬਕ ਹੁੰਦੀ ਹੈ ਜਿਹੜਾ ਮਜ਼ਦੂਰੀ ਦੇ ਘੰਟਿਆਂ 'ਤੇ ਆਧਾਰਤ ਹੈ। ਪੂੰਜੀ ਦੀ ਜੈਵਿਕ ਬਣਤਰ ਸਥਾਈ ਅਤੇ ਅਸਥਾਈ (ਕਾਂਸਟੈਂਟ ਅਤੇ ਵੇਰੀਏਬਲ ਕੈਪੀਟਲ) ਪੂੰਜੀ ਦੇ ਸੰਬੰਧਾਂ ਉੱਪਰ ਨਿਰਧਾਰਤ ਹੈ। ਸ਼ੋਸ਼ਣ ਪੂੰਜੀਵਾਦੀ ਢਾਂਚੇ ਦਾ ਪ੍ਰਮੁੱਖ ਲੱਛਣ ਹੈ। ਮਜ਼ਦੂਰ ਦਾ ਦਿਮਾਗ, ਪੱਠੇ ਅਤੇ ਨਸਾਂ ਪੂੰਜੀਵਾਦ ਦੀ ਪੂਰਤੀ ਲਈ ਲੋੜੀਂਦੀ ਜ਼ਰੂਰੀ ਮਜ਼ਦੂਰੀ ਦਾ ਭੰਡਾਰ ਹਨ। ਇਹ ਸੋਮਾ ਜਾਂ ਭੰਡਾਰ ਇੱਕ ਨਿਸ਼ਚਿਤ ਮਾਤਰਾ ਵਿੱਚ ਪੂੰਜੀਵਾਦੀ ਸਮਾਜ ਅੰਦਰ ਦੂਜੀਆਂ ਵਸਤਾਂ ਵਾਂਗ ਹੀ ਇੱਕ ਵਸਤੂ ਦੇ ਰੂਪ ਵਿੱਚ ਮੌਜੂਦ ਰਹਿੰਦਾ ਹੈ। ਕਿਉਂਕਿ ਮਜ਼ਦੂਰੀ ਇੱਕ ਵਸਤੂ (ਕਮਾਡਿਟੀ) ਹੈ ਇਸ ਲਈ ਕੀਮਤਾਂ ਦਾ ਨਿਯਮ ਇਸ ਉੱਪਰ ਵੀ ਲਾਗੂ ਹੁੰਦਾ ਹੈ। ਇਸਨੂੰ ਵੀ ਵਸਤਾਂ ਦੇ ਉਤਪਾਦਨ ਵਿੱਚ ਖਪਤ ਹੋਈ ਮਜ਼ਦੂਰੀ ਦੀ ਮਾਤਰਾ ਦੇ ਅਨੁਪਾਤ ਅਨੁਸਾਰ ਸਮਾਨਤਾ ਅਤੇ ਮੁਕਾਬਲੇ ਦੀ ਉਜਰਤ ਮਿਲਣੀ ਚਾਹੀਦੀ ਹੈ। ਜਿੰਨੇ ਘੰਟੇ ਮਜ਼ਦੂਰ ਦੀਆਂ ਰਹਿਣ-ਸਹਿਣ, ਖਾਣ-ਪੀਣ, ਪਹਿਨਣ, ਰੈਣ-ਬਸੇਰੇ ਆਦਿ ਲੋੜਾਂ ਦੀ ਪੂਰਤੀ ਦੇ ਸਾਧਨ ਪੈਦਾ ਕਰਨ ਲਈ ਲਗਦੇ ਹਨ ਉਤਨੇ ਹੀ ਘੰਟੇ ਮਜ਼ਦੂਰ ਦੀ ਚਮੜੀ ਅੰਦਰ ਜਮਾ ਹੋ ਕੇ ਜ਼ਰੂਰੀ ਮਜ਼ਦੂਰੀ ਭੰਡਾਰ (ਲੇਬਰ-ਸਟਾਕ) ਦੇ ਉਤਪਾਦਨ ਅੰਦਰ ਆ ਜਾਂਦੇ ਹਨ। ਇਹੋ ਉਸ ਮਜ਼ਦੂਰੀ-ਭੰਡਾਰ ਦੀ ਕੀਮਤ (ਵੈਲਿਊ) ਬਣਦੇ ਹਨ। ਜੇ ਉਹ ਮਜ਼ਦੂਰ ਇਸਦਾ ਕੁੱਝ ਹਿੱਸਾ ਘੰਟਿਆਂ, ਦਿਨਾਂ ਹਫਤਿਆਂ ਜਾਂ ਸਾਲ ਦੀ ਦਰ ਨਾਲ ਵੇਚਦਾ ਹੈ ਤਾਂ ਇਸੇ ਹਿੱਸੇ ਦੀ ਕੀਮਤ ਮੁਤਾਬਕ ਉਸਨੂੰ ਉਜਰਤ ਮਿਲਦੀ ਹੈ। ਜਦੋਂ ਸਰਮਾਏਦਾਰਾਂ ਨੂੰ ਇਹ ਹਿੱਸਾ ਮਿਲ ਜਾਂਦਾ ਹੈ ਉਹ ਇਸਨੂੰ ਇਸ ਤੋਂ ਜ਼ਿਆਦਾ ਸਮਾਂ ਕੰਮ ਲੈਣ ਦੀ ਹਾਲਤ ਵਿੱਚ ਹੁੰਦੇ ਹਨ। ਵਸਤੂ ਦੇ ਉਤਪਾਦਨ ਵਿੱਚ ਲੋੜੀਂਦੀ ਮਜ਼ਦੂਰੀ ਨਾਲੋਂ ਵੱਧ ਘੰਟੇ ਕੰਮ ਲਿਆ ਜਾਂਦਾ ਹੈ। ਇਸ ਤਰ੍ਹਾਂ ਉਹ ਸਰਮਾਏਦਾਰ ਮਜ਼ਦੂਰ ਨੂੰ ਦਿੱਤੀ ਗਈ ਉਜਰਤ ਨਾਲੋਂ ਜ਼ਿਆਦਾ ਕੰਮ, ਜ਼ਿਆਦਾ ਮਜ਼ਦੂਰੀ, ਜ਼ਿਆਦਾ ਕੀਮਤ ਵਸੂਲ ਕਰ ਲੈਂਦੇ ਹਨ। ਦਿੱਤੀ ਗਈ ਉਜਰਤ ਤੋਂ ਜਿੰਨੀ ਇਹ ਵੱਧ ਹੁੰਦੀ ਹੈ ਉਤਨਾ ਹੀ ਪੂੰਜੀਵਾਦੀ ਦਾ ਮੁਨਾਫਾ ਬਣ ਜਾਂਦੀ ਹੈ। ਇਸ ਨੂੰ ਵਾਧੂ ਕੀਮਤ (ਸਰਪਲੱਸ ਵੈਲਿਊ) ਦਾ ਨਾਂ ਦਿੱਤਾ ਗਿਆ ਹੈ। ਵਾਧੂ ਕੀਮਤ ਅਜੇ ਅਸਥਾਈ ਪੂੰਜੀ (ਮਜ਼ਦੂਰੀ ਭਾਵ ਉਜਰਤ) ਦੀ ਅਨੁਪਾਤ ਨੂੰ ਵਾਧੂ ਕੀਮਤ ਦੀ ਦਰ ਕਿਹਾ ਗਿਆ ਹੈ। ਸਰਮਾਏਦਾਰੀ ਜਮਾਤ ਦੀਆਂ ਅਜਿਹੀਆਂ ਬੱਚਤਾਂ ਅਸਲੀ ਪੂੰਜੀ ਵਿੱਚ ਅਨੁਪਾਤਕ ਵਾਧਾ ਬਣ ਜਾਂਦੀਆਂ ਹਨ। ਬੱਚਤ ਜਾਂ ਜਮਾਖੋਰੀ (ਇੱਕਤਰੀਕਰਨ) ਵਾਧੂ ਕੀਮਤ ਦੇ ਪੂੰਜੀ ਵਿੱਚ ਤਬਾਦਲੇ ਦੇ ਸਮਾਨ ਹੈ।

ਪੂੰਜੀਵਾਦੀ ਅਰਥਚਾਰੇ ਵਿੱਚ ਲਗਾਤਾਰ ਇਨਕਲਾਬੀ ਤਬਦੀਲੀ ਆਉਂਦੀ ਰਹਿੰਦੀ ਹੈ ਜਿਵੇਂ ਨਵੀਂਆਂ ਵਸਤਾਂ ਦਾ ਉਤਪਾਦਨ, ਉਤਪਾਦਨ ਦੇ ਨਵੇਂ ਢੰਗ-ਤਰੀਕੇ, ਨਵੇਂ ਕਾਰੋਬਾਰੀ ਮੌਕੇ ਜੋ ਸਨਅਤੀ ਬਣਤਰ ਅੰਦਰ ਪ੍ਰਵੇਸ਼ ਕਰਦੇ ਹਨ। ਸਨਅਤੀ ਪਲਾਂਟ (ਕਾਰਖਾਨੇ) ਦੇ ਆਕਾਰ ਅਤੇ ਗਿਣਤੀ ਵਿੱਚ ਵਾਧਾ ਹੁੰਦਾ ਰਹਿੰਦਾ ਹੈ। ਮੁਕਾਬਲੇਬਾਜ਼ੀ ਵਿੱਚ ਆ ਕੇ ਵਸਤਾਂ ਸਸਤੀਆਂ ਹੁੰਦੀਆਂ ਰਹਿੰਦੀਆਂ ਹਨ। ਇਸ ਵਰਤਾਰੇ ਅੰਦਰ ਵੱਡੇ ਪੂੰਜੀਵਾਦੀ ਛੋਟੇ-ਮੋਟਿਆਂ ਨੂੰ ਮਾਤ ਦਿੰਦੇ ਹਨ ਜਾਂ ਉਨ੍ਹਾਂ ਨੂੰ ਨਿਗਲ ਜਾਂਦੇ ਹਨ। ਇਸ ਤਰ੍ਹਾਂ ਉਤਪਾਦਨ ਵਿੱਚ ਬੇਰੋਕ ਇਨਕਲਾਬੀ ਵਾਧਾ ਹੁੰਦਾ ਹੈ। ਪੂੰਜੀਵਾਦ ਦੇ ਇਸ ਵਰਤਾਰੇ ਅੰਦਰ ਉਜਰਤਾਂ ਮੁਕਾਬਲਤਨ ਘਟਦੀਆਂ ਰਹਿੰਦੀਆਂ ਹਨ ਅਤੇ ਆਮ ਲੋਕਾਂ (ਪ੍ਰੋਲਤਾਰੀਆਂ) ਦਾ ਜੀਵਨ-ਪੱਧਰ ਡਿਗਦਾ ਰਹਿੰਦਾ ਹੈ। ਮਾਰਕਸ ਨੇ ਇਸਨੂੰ ਬਸਨਅਤੀ ਰਿਜ਼ਰਵ ਫੌਜ. ਦੇ ਸਿਧਾਂਤ ਦਾ ਨਾਂਅ ਦਿੱਤਾ ਹੈ। ਮਸ਼ੀਨੀਕਰਨ ਦੇ ਅਸਰ ਹੇਠ ਬੇਰੁਜ਼ਗਾਰਾਂ ਦੀ ਗਿਣਤੀ ਵਿੱਚ ਵਾਧਾ ਹੋਣ ਕਰਕੇ ਪੂੰਜੀਵਾਦੀ ਸਨਅਤਕਾਰਾਂ ਨੂੰ ਉਤਪਾਦਨ ਲਈ ਲੋੜੀਂਦੀ ਬਹੁਤ ਵੱਡੀ ਗਿਣਤੀ ਵਿੱਚ ਮਜ਼ਦੂਰ ਉਪਲੱਬਧ ਹੋ ਜਾਂਦੇ ਹਨ ਅਤੇ ਉਹ ਮਨ-ਮਰਜ਼ੀ ਅਨੁਸਾਰ ਉਨ੍ਹਾਂ ਨੂੰ ਘੱਟ ਉਜਰਤਾਂ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ।

**ਬਸਰਮਾਇਆ. ਦੇ ਬੱਤੀਵੇਂ ਚੈਪਟਰ ਅਨੁਸਾਰ:** — ਕੁੱਝ ਗਿਣਤੀ ਦੇ ਸਰਮਾਏਦਾਰਾਂ ਦੁਆਰਾ ਅਨੇਕਾਂ ਛੋਟੇ ਸਰਮਾਏਦਾਰਾਂ ਦੇ ਕਾਰੋਬਾਰ 'ਤੇ ਕਾਬਜ਼ ਹੋਣ ਨਾਲ ਵਿਸ਼ਵ-ਮੰਡੀ ਹਥਿਆਉਣ ਦੇ ਤਾਣੇ-ਬਾਣੇ ਵਿੱਚ ਸਾਰੇ ਮੁਲਕ ਉਲਝ ਜਾਂਦੇ ਹਨ ਅਤੇ ਇਸ ਤਰ੍ਹਾਂ ਪੂੰਜੀਵਾਦੀ ਢਾਂਚੇ ਦਾ ਅੰਤਰਰਾਸ਼ਟਰੀ ਨਿਜ਼ਾਮ ਵਿਕਸਿਤ ਹੁੰਦਾ ਹੈ। ਸਰਾਮਏਦਾਰੀ ਦੇ ਧੁਰੰਤਰਾਂ ਦੀ ਗਿਣਤੀ ਘਟਣ ਨਾਲ ਜਿਨ੍ਹਾਂ ਨੂੰ ਵੱਡੇ ਹੜੱਪ ਕਰ ਜਾਂਦੇ ਹਨ; ਅਜ਼ਾਰੇਦਰੀ ਦੀ ਵਿਵਸਥਾ ਹੋਂਦ ਵਿੱਚ ਆਉਂਦੀ ਹੈ ਜਿਸਦੇ ਤਹਿਤ ਮਜ਼ਦੂਰਾਂ ਦੀ ਗੁਲਾਮੀ, ਉਨਾਂ ਦਾ ਸ਼ੋਸ਼ਣ ਅਤੇ ਉਨ੍ਹਾਂ ਦੀ ਲੁੱਟ-ਖਸੁੱਟ ਵਿੱਚ ਹੋਰ ਵੀ ਵਾਧਾ ਹੋ ਜਾਂਦਾ ਹੈ। ਇਸਦੇ ਨਾਲ ਹੀ ਦਬੀ-ਕੁਚੱਲੀ ਉਸ ਮਜ਼ਦੂਰ ਜਮਾਤ ਅੰਦਰ ਰੋਹ ਵੀ ਉਪਜਦਾ ਹੈ। ਜਿਹੜੀ ਜਮਾਤ ਗਿਣਤੀ ਵਿੱਚ ਲਗਾਤਾਰ ਵੱਧ ਰਹੀ ਹੈ, ਜਿਹੜੀ ਇਸੇ ਪੂੰਜੀਵਾਦੀ ਉਤਪਾਦਨ ਦੀ ਪ੍ਰਕਿਰਿਆ ਦੇ ਸਿੱਟੇ ਵਜੋਂ ਅਨੁਸ਼ਾਸ਼ਿਤ, ਇੱਕ-ਜੁੱਟ ਅਤੇ ਸੰਗਠਿਤ ਹੋ ਰਹੀ ਹੈ। ਉਤਪਾਦਨ ਦਾ ਕੇਂਦਰੀਕਰਨ ਅਤੇ ਮਜ਼ਦੂਰੀ ਦਾ ਸਮਾਜੀਕਰਨ ਆਰਥਕਿ ਨੁਕਤੇ 'ਤੇ ਪਹੁੰਚਦੇ ਹਨ ਜਿੱਥੇ ਉਨ੍ਹਾਂ ਦਾ ਪੂੰਜੀਵਾਦੀ ਝਿੱਲੀਆਂ ਨਾਲ ਆਪਸੀ ਮੇਲ ਨਹੀਂ ਬੈਠਦਾ, ਇਹ ਝਿੱਲੀ ਫਟਦੀ ਹੈ। ਪੂੰਜੀਵਾਦੀ ਜ਼ਬਤ ਹੋ ਜਾਂਦੇ ਹਨ।—

ਮਾਰਕਸ ਦਾ ਮੰਨਣਾ ਹੈ ਕਿ ਜਨ-ਸਮੂਹ ਦਾ ਕਸ਼ਟ ਅਤੇ ਉਤਪੀੜਨ ਉਨ੍ਹਾਂ ਨੂੰ ਵਿਦਰੋਹ ਕਰਨ ਲਈ ਉਕਸਾਏਗਾ; ਪੂੰਜੀਵਾਦ ਦਾ ਵਿਨਾਸ਼ ਹੀ ਪੂੰਜੀਵਾਦੀ ਸਮਾਜ ਦੀਆਂ ਜੜ੍ਹਾਂ ਉਖਾੜ ਦੇਵੇਗਾ। ਮਾਰਕਸ ਦੇ ਸਾਰੇ ਸੰਕਲਪ ਅਤੇ ਸੁਝਾਅ ਆਰਥਿਕਤਾ ਅਤੇ ਸਮਾਜਿਕਤਾ ਨਾਲ ਸੰਬੰਧਤ ਹਨ। ਇਸ ਤਰ੍ਹਾਂ ਅਰਥਚਾਰੇ ਵਜੋਂ ਬਮਜ਼ਦੂਰੀ. ਅਤੇ ਸਮਾਜਕ ਜਮਾਤ ਵਜੋਂ ਬਪ੍ਰੋਲਤਾਰੀ. ਅਸਲ ਵਿੱਚ ਇੱਕ ਸਮਾਨ ਹਨ। ਮਾਰਕਸਵਾਦ ਅਨੁਸਾਰ ਪੂੰਜੀ ਜਾਂ ਸਰਮਾਇਆ ਉਹੀ ਹੈ ਜੋ ਪੂੰਜੀਵਾਦੀ ਸਮਾਜ ਦੇ ਹੱਥਾਂ ਵਿੱਚ ਹੈ। ਉਹੀ ਚੀਜਾਂ ਜੇ ਕਿਰਤੀਆਂ ਕੋਲ ਹੋਣ ਤਾਂ ਪੂੰਜੀ ਦਾ ਰੂਪ ਅਖ਼ਤਿਆਰ ਨਹੀਂ ਕਰਦੀਆਂ। ਇਹ ਵਿਸ਼ਲੇਸ਼ਣ ਇੱਕ ਬੜੇ ਵਿਸ਼ਾਲ ਖੇਤਰ ਨੂੰ ਕਲਾਵੇ ਵਿੱਚ ਲੈਂਦਾ ਹੈ। ਇਹ ਹਰੇਕ ਕਿਸਮ ਦੀ ਜਮਾਤੀ ਕਰਵਾਈ ਨੂੰ ਇਸ ਨਜ਼ਰੀਏ ਤੋਂ ਵੇਖਦਾ ਹੈ। ਲੜਾਈਆਂ, ਇਨਕਲਾਬ, ਹਰ ਕਿਸਮ ਦੇ ਵਿਧਾਨ (ਰੈਗੂਲੇਸ਼ਨ), ਸਰਕਾਰਾਂ ਦੀ ਬਣਤਰ ਵਿੱਚ ਤਬਦੀਲੀਆਂ, ਸੰਖੇਪ ਵਿੱਚ ਸਾਰੀਆਂ ਉਹ ਚੀਜ਼ਾਂ ਜਿਨ੍ਹਾਂ ਨੂੰ ਅਰਥਚਾਰੇ ਦੇ ਦੂਜੇ ਚਾਲੂ ਫਲਸਫੇ ਸਿਰਫ਼ ਬਾਹਰੀ ਛੇੜਖਾਨੀਆਂ ਗਿਣਦੇ ਹਨ; ਮਾਰਕਸੀ ਵਿਉਂਤ ਅਨੁਸਾਰ ਮਸ਼ੀਨਰੀ ਦੇ ਨਿਵੇਸ਼ ਸਣੇ ਇੱਕੋ ਵਿਆਖਿਆ ਦੇ ਨਾਪ-ਤੋਲ ਵਿੱਚ ਆਉਂਦੇ ਹਨ। ਮਾਰਕਸ ਦੀ ਨਿਗਾਹ ਵਿੱਚ ਲੜਾਈਆਂ, ਇਨਕਲਾਬੀ ਲਹਿਰਾਂ, ਖੁੱਲ੍ਹੀ ਮੰਡੀ, ਬਸਤੀਆਂ ਦਾ ਵਾਧਾ ਹਰੇਕ ਦੇਸ਼ ਦੀ ਹਰੇਕ ਸਮੇਂ ਦੀ ਪਾਰਟੀ ਸਿਆਸਤ ਵਗੈਰਾ ਸਭ ਮਾਰਕਸਵਾਦੀ ਅਰਥਚਾਰੇ ਦਾ ਵਿਸ਼ਾ ਹਨ। ਉਹ ਸਭ ਨੂੰ ਜਮਾਤੀ ਲੜਾਈ, ਸ਼ੋਸ਼ਣ ਦੇ ਵਿਰੁੱਧ ਵਿਦਰੋਹ, ਪੂੰਜੀ ਦਾ ਵਾਧਾ, ਪੂੰਜੀਵਾਦੀ ਬਣਤਰ ਦੀਆਂ

ਗੁਣਾਤਮਿਕ ਤਬਦੀਲੀਆਂ, ਵਾਧੂ ਕੀਮਤਾਂ ਦੀ ਦਰ ਅਤੇ ਮੁਨਾਫ਼ੇ ਦੀ ਦਰ ਦੇ ਸਮੀਕਰਣਾਂ ਨਾਲ ਨਜਿੱਠਦਾ ਹੈ। ਉਹ ਮਨੁੱਖਤਾ ਨੂੰ ਇਸਦੇ ਸੰਘਰਸ਼ਾਂ ਅੰਦਰਲੇ ਗੁੱਝੇ ਅਰਥ ਸਮਝਾਉਂਦਾ ਹੈ।

ਜਦੋਂ ਕੰਮ ਦੇ ਘੰਟੇ ਘਟਾਉਣ ਨਾਲ ਜਾਂ ਉਜਰਤਾਂ ਵਿੱਚ ਵਾਧਾ ਕਰਨ ਨਾਲ ਸਥਾਈ ਪੂੰਜੀ ਅਸਥਾਈ ਪੂੰਜੀ (ਮਜ਼ਦੂਰੀ ਪੂੰਜੀ) ਦੀ ਨਿਸਬਤ ਵੱਧ ਜਾਂਦੀ ਹੈ ਤਾਂ ਮੁਨਾਫ਼ੇ ਦੀ ਦਰ ਘਟਣ ਸਕਦਾ ਵਾਧੂ ਕੀਮਤ ਦਾ ਦਰ ਡਿੱਗ ਜਾਂਦੀ ਹੈ। ਇਸ ਸੂਰਤ ਵਿੱਚ ਪੂੰਜੀ ਅਜਿਹੇ ਦੇਸ਼ਾਂ ਵਿੱਚ ਪੈਰ ਪਸਾਰਦੀ ਹੈ ਜਿੱਥੇ ਮਜ਼ਦੂਰਾਂ ਦਾ ਸ਼ੋਸ਼ਣ ਕੀਤਾ ਜਾ ਸਕੇ ਅਤੇ ਜਿੱਥੇ ਅਜੇ ਮਸ਼ੀਨੀਕਰਣ ਦਾ ਅਮਲ ਪੂਰਾ ਵਿਕਸਿਤ ਨਹੀਂ ਹੋਇਆ। ਇਉਂ ਇਨ੍ਹਾਂ ਅਣ-ਵਿਕਸਿਤ ਜਾਂ ਵਿਕਾਸ-ਅਧੀਨ ਦੇਸ਼ਾਂ ਵਿੱਚ ਪੂੰਜੀ-ਨਿਵੇਸ਼, ਮਸ਼ੀਨਰੀ, ਸੰਦ ਜਾਂ ਖਪਤਕਾਰੀ ਵਸਤੂਆਂ ਦੀ ਸ਼ਕਲ ਵਿੱਚ ਕੀਤਾ ਜਾਂਦਾ ਹੈ ਤਾਂ ਜੋ ਸਸਤੀ ਮਜ਼ਦੂਰੀ ਖਰੀਦੀ ਜਾ ਸਕੇ। ਇਨ੍ਹਾਂ ਦੇਸ਼ਾਂ ਵਿੱਚ ਅਣ-ਸੁਖਾਵੇਂ ਮਾਹੌਲ ਜਾਂ ਸ਼ੋਸ਼ਣ ਕਰਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਤੋਂ ਬਚਣ ਲਈ ਜਾਂ ਦੂਜੇ ਪੂੰਜੀਵਾਦੀ ਦੇਸ਼ਾਂ ਦੇ ਸੰਭਾਵੀ ਮੁਕਾਬਲੇ ਤੋਂ ਨਿਵੇਸ਼ ਨੂੰ ਸੁਰੱਖਿਅਤ ਕਰਨ ਲਈ ਇਨ੍ਹਾਂ ਅਣ-ਵਿਕਸਿਤ ਦੇਸ਼ਾਂ ਨੂੰ ਸਿਆਸੀ ਅਧੀਨਗੀ ਅੰਦਰ ਲਿਆਂਦਾ ਜਾਂਦਾ ਹੈ। ਅਜਿਹਾ ਫੌਜੀ ਤਾਕਤ ਨਾਲ ਜਾਂ ਪੂੰਜੀਵਾਦੀ ਬਸਤੀਆਂ ਕਾਇਮ ਕਰਕੇ ਸੰਭਵ ਬਣਾਇਆ ਜਾਂਦਾ ਹੈ। ਕਮਿਊਨਿਸਟ ਮੈਨੀਫੈਸਟੋ ਵਿੱਚ ਇਸਨੂੰ ਇਸ ਤਰ੍ਹਾਂ ਬਿਆਨਿਆ ਗਿਆ ਹੈ, ਆਧੁਨਿਕ ਸਟੇਟ ਦੀ ਕਾਰਜਕਾਰਨੀ ਸਮੁੱਚੀ ਬੁਰਜੁਆਜ਼ੀ ਦੇ ਆਮ ਮਾਮਲਿਆਂ ਦਾ ਪ੍ਰਬੰਧ ਯਕੀਨੀ ਬਦਾਉਂਦੀ ਹੈ। ਪੂੰਜੀਵਾਦੀ ਮੁਲਕਾਂ ਦਰਮਿਆਨ ਖਿੱਚੋਤਾਣ ਅਤੇ ਸ਼ਰੀਕ ਬੁਰਜੁਆਜ਼ੀਆਂ ਵਿਚਕਾਰ ਲੜਾਈਆਂ ਹੋਣਗੀਆਂ। ਸਾਮਰਾਜਵਾਦ ਪੂੰਜੀਵਾਦ ਦਾ ਆਖਰੀ ਪੜਾਅ ਹੈ। ਇਹ ਉਦੋਂ ਸੰਭਵ ਹੋਵੇਗਾ ਜਦੋਂ ਸਨੱਅਤ ਉੱਪਰ ਪੂੰਜੀਵਾਦ ਦਾ ਸਿਰੇ ਦਾ ਗਲਬਾ ਭਾਵ ਕਬਜ਼ਾ ਹੋਵੇਗਾ ਅਤੇ ਜਦੋਂ ਮੰਡੀ ਵਿੱਚ ਉਸ ਕਿਸਮ ਦਾ ਮੁਕਾਬਲਾ ਘੱਟ ਹੁੰਦਾ ਜਾਵੇਗਾ ਜਿਸ ਕਿਸਮ ਦਾ ਛੋਟੇ ਜਾਂ ਦਰਮਿਆਨੇ ਅਦਾਰਿਆਂ ਵੇਲੇ ਹੁੰਦਾ ਹੋਵੇਗਾ। ਜਦੋਂ ਅਣ-ਵਿਕਸਿਤ ਦੇਸ਼ ਵੀ ਵਿਕਸਿਤ ਹੋ ਜਾਣਗੇ ਉਦੋਂ ਇਸ ਕਿਸਮ ਦੀ ਪੂੰਜੀ ਦੀ ਬਰਾਮਦ ਘੱਟ ਜਾਵੇਗੀ। ਅੰਤ ਵਿੱਚ ਉਤਪਾਦਕਾਂ ਦੀਆਂ ਵਸਤੂਆਂ ਦੀ ਬਰਾਮਦ ਵਿੱਚ ਵੀ ਕਮੀ ਆ ਜਾਵੇਗੀ। ਅਜਿਹਾ ਹੋਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਹਰੇਕ ਪੁਰਾਣੇ ਪੂੰਜੀਵਾਦੀ ਦੇਸ਼ਾਂ ਅਤੇ ਬਸਤੀਆਂ ਅੰਦਰ ਹੋਰ ਖਿੱਚੋ-ਤਾਣ ਦਾ ਕਾਰਨ ਬਨਣਗੀਆਂ। ਸਿੱਟੇ ਵਜੋਂ ਆਜ਼ਾਦੀ ਦੀਆਂ ਲੜਾਈਆਂ ਲੜੀਆਂ ਜਾਣਗੀਆਂ। ਵਾਧੂ ਉਤਪਾਦਨ ਸਮਰੱਥਾ, ਵਿਕਰੀ ਸੰਭਾਵਨਾਵਾਂ ਦੀ ਕਮੀ, ਆਖ਼ਰ ਵਿੱਚ ਕੌਮੀ ਦੀਵਾਲੀਆਪਣ ਅਤੇ ਹੋਰ ਤਬਾਹੀਆਂ ਹੋਣ ਦੀ ਸੂਰਤ ਵਿੱਚ ਵਿਸ਼ਵ-ਯੁੱਧ ਵੀ ਹੋ ਸਕਦੇ ਹਨ ਜਿਹੜੇ ਨਿਰੋਲ ਪੂੰਜੀਵਾਦੀ ਨਿਰਾਸ਼ਾ ਦਾ ਸਿੱਟਾ ਹੋਣਗੇ।

ਮਾਰਕਸ ਦੇ ਅਧਿਐਨ ਦਾ ਘੇਰਾ ਇੰਨਾ ਵਿਸ਼ਾਲ ਸੀ ਕਿ ਉਸਨੇ ਧੁਰ ਦੱਖਣ ਅਤੇ ਨਵੀਂ ਦੁਨੀਆਂ ਦੀਆਂ ਸਾਰੀਆਂ ਘਟਨਾਵਾਂ ਅਤੇ ਉਥਲ-ਪੁਥਲ ਦਾ ਆਪਣੇ ਵਿਗਿਆਨਕ ਨਜ਼ਰੀਏ ਤੋਂ ਸਹੀ ਵਿਸ਼ਲੇਸ਼ਣ ਪੇਸ਼ ਕੀਤਾ। ਯੂਰਪੀਨ ਦੇਸ਼ਾਂ ਦੁਆਰਾ ਆਪਣੇ ਆਰਥਿਕ ਹਿਤਾਂ ਦੀ ਪੂਰਤੀ ਖਾਤਰ ਦੂਰ-ਦੁਰਾਂਡੇ ਦੇਸ਼ਾਂ ਵਿੱਚ ਆਪਣੀਆ ਬਸਤੀਆਂ ਸਥਾਪਤ ਕੀਤੀਆਂ ਗਈਆਂ। ਤਾਕਤ ਅਤੇ ਵਪਾਰ ਦੇ ਸਹਾਰੇ ਉੱਥੋਂ ਦੀ ਹਰ ਤਰ੍ਹਾਂ ਦੀ ਦੌਲਤ ਅਤੇ ਉੱਥੋਂ ਦੇ ਵਸੀਲਿਆਂ ਦੀ ਲੁੱਟ-ਖਸੁੱਟ ਬੜੀ ਬੇਸ਼ਰਮੀ ਅਤੇ ਬੇਰਹਿਮੀ ਨਾਲ ਕੀਤੀ ਗਈ। ਹਥਿਆਰਬੰਦ ਫੌਜਾਂ ਦੀ ਤਾਕਤ ਨਾਲ ਉੱਥੇ ਸਦੀਆਂ ਤੋਂ ਰਹਿਣ ਵਾਲੇ ਮੂਲ-ਨਿਵਾਸੀਆਂ ਨੂੰ ਖੂਬ ਦਬਾਇਆ ਅਤੇ ਸ਼ੋਸ਼ਿਤ ਕੀਤਾ ਗਿਆ। ਇੱਥੋਂ ਤੱਕ ਕਿ ਅਠਾਰਵੀਂ ਸਦੀ ਦੇ ਪੰਜਵੇਂ ਦਹਾਕੇ ਵਿੱਚ ਨੋਵਾ ਸਕਾਸ਼ੀਆ (ਕੈਨੇਡਾ) ਦੇ ਮਿਕਮੈਕ ਅਤੇ ਮਾਲੀਸੀਟ ਮੂਲ ਨਿਵਾਸੀਆਂ ਦੇ ਸਿਰਾਂ ਦੇ ਮੁੱਲ ਰੱਖੇ ਗਏ। ਅਫ਼ਰੀਕੀ ਲੋਕਾਂ ਨੂੰ ਗੁਲਾਮ ਬਣਾਕੇ ਅਮਰੀਕਾ ਦੀਆਂ ਬਸਤੀਆਂ ਦੀ ਮੰਡੀ ਵਿੱਚ ਬੋਲੀ ਲਾ ਕੇ ਪਸ਼ੂਆਂ ਵਾਂਗ ਵੇਚਿਆ ਗਿਆ ਜਿੱਥੇ ਉਨ੍ਹਾਂ ਗੁਲਾਮਾਂ ਤੋਂ ਸਰਮਾਏਦਾਰਾਂ ਨੇ ਦੱਬਕੇ ਉਤਪਾਦਨ ਕਰਵਾਇਆ। ਆਪਣੇ ਵਪਾਰਕ ਹਿੱਤਾਂ ਖਾਤਰ ਅਤੇ ਸਰਮਾਏਦਾਰਾਂ ਦੀ ਪੂੰਜੀ 'ਚ ਵਾਧਾ ਕਰਨ ਖਾਤਰ ਉਪਰੋਕਤ ਮੰਤਵ ਵਾਸਤੇ ਸਪੇਨੀ, ਬਰਤਾਨਵੀ ਅਤੇ ਫਰਾਂਸੀਸੀਆਂ ਦਰਮਿਆਨ ਹਥਿਆਰ ਬੰਦ ਫੌਜਾਂ ਦੀਆਂ ਲੜਾਈਆਂ ਹੋਈਆਂ। ਇੱਥੋਂ ਤੱਕ ਕਿ ਇਨ੍ਹਾਂ ਬਸਤੀਆਂ ਨੂੰ ਪਹਿਲੋਂ-ਪਹਿਲ ਮੁੱਖ ਤੌਰ 'ਤੇ ਪ੍ਰਾਈਵੇਟ ਕੰਪਨੀਆਂ ਨੇ ਫੌਜੀ ਬਲ ਨਾਲ ਕਾਇਮ ਕੀਤਾ। ਇਨ੍ਹਾਂ ਕੰਪਨੀਆਂ ਵਿੱਚ ਈਸਟ ਇੰਡੀਆ ਕੰਪਨੀ, ਹਡਜ਼ਨ ਬੇਅ ਕੰਪਨੀ, ਨਾਰਥ-ਵੈਸਟ ਕੰਪਨੀ, ਬ੍ਰਿਟਿਸ਼ ਸਾਊਥ ਅਫ਼ਰੀਕਾ ਕੰਪਨੀ ਆਦਿ ਸ਼ਾਮਲ ਸਨ। ਇਨ੍ਹਾਂ ਸਰਮਾਏਦਾਰ ਕੰਪਨੀਆਂ ਨੇ ਇੱਥੋਂ ਦੇ ਮੂਲ ਨਿਵਾਸੀਆਂ ਦਾ ਉਜਾੜਾ ਅਤੇ ਸ਼ੋਸ਼ਣ ਕਰਕੇ ਉਨ੍ਹਾਂ ਦੀਆਂ ਜ਼ਮੀਨਾਂ ਹੀ ਨਹੀਂ ਖੋਹੀਆਂ ਸਗੋਂ ਉਨ੍ਹਾਂ ਦੇ ਕੁਦਰਤੀ ਵਸੀਲੇ-ਜਾਨਵਰਾਂ ਦੀ ਜੱਤ, ਖੱਲਾਂ, ਹੱਡੀਆਂ, ਕੋਲਾ, ਸੋਨਾ, ਤਾਂਬਾ, ਤੇਲ ਵਗੈਰਾ ਹਥਿਆ ਕੇ ਆਪਣੀ ਪੂੰਜੀ ਵਿੱਚ ਅਥਾਹ ਵਾਧਾ ਕੀਤਾ। ਇਸ ਮੁਕਾਬਲੇਬਾਜ਼ੀ ਨੇ ਯੂਰਪ ਅੰਦਰ ਵੀ ਇਨ੍ਹਾਂ ਦੇਸ਼ਾਂ ਅੰਦਰ ਕਈ ਲੜਾਈਆਂ ਨੂੰ ਜਨਮ ਦਿੱਤਾ ਜੋ 1700 ਤੋਂ ਸ਼ੁਰੂ ਹੋ ਕੇ ਕਈ ਸਾਲਾਂ ਤੱਕ ਲੜੀਆਂ ਜਾਂਦੀਆਂ ਰਹੀਆਂ।

ਕਾਰਲ ਮਾਰਕਸ ਦਾ ਪੱਕਾ ਵਿਸ਼ਵਾਸ ਸੀ ਕਿ ਸਮਾਜਵਾਦ ਜ਼ਰੂਰ ਆਵੇਗਾ। ਪੂੰਜੀਵਾਦੀ ਜਾਂ ਅਜਿਹਾ ਕੋਈ ਵੀ ਹੋਰ ਨਿਜ਼ਾਮ ਢਹਿ-ਢੇਰੀ ਹੋ ਜਾਵੇਗਾ। ਆਰਥਿਕ ਜਾਂ ਸਮਾਜਿਕ ਵਿਚਾਰ ਪੂੰਜੀਵਾਦ ਉੱਪਰ ਹਾਵੀ ਹੋ ਜਾਵੇਗਾ। ਜਦੋਂ ਤੱਕ ਸਮਾਜਵਾਦ ਨੂੰ ਪੂੰਜੀਵਾਦ ਦੇ ਗੈਰ-ਅਰਾਜਕਤਾ ਵਾਲੇ ਬਦਲ ਵਜੋਂ ਪੇਸ਼ ਜਾਂ ਪ੍ਰੀਭਾਸ਼ਤ ਨਹੀਂ ਕਰਦੇ ਉਦੋਂ ਤੱਕ ਹੋਰ ਤਰ੍ਹਾਂ ਦੇ ਨਿਜ਼ਾਮਾਂ ਅਤੇ ਰੱਦੋ-ਬਦਲ ਦੀਆਂ ਸੰਭਾਵਨਾਵਾਂ ਵੀ ਬਣੀਆਂ ਰਹਿਣਗੀਆਂ। ਮਾਰਕਸ ਸਮਾਜਵਾਦ ਦੇ ਉਭਾਰ ਲਈ ਜ਼ਰੂਰੀ ਸ਼ਰਤਾਂ ਜਾਂ ਹਾਲਤਾਂ ਦਾ ਬਿਉਰਾ ਇਉਂ ਦਿੰਦਾ ਹੈ: ਜਦੋਂ ਇੱਕ ਪਾਸੇ ਦੱਬੇ-ਕੁਚਲੇ ਗੁਲਾਮ ਬਣਾਏ ਸ਼ੋਸ਼ਿਤ ਲੋਕ ਬਹੁਤ ਜ਼ਿਆਦਾ ਗਿਣਤੀ ਵਿੱਚ ਹੋਣਗੇ ਤੇ ਉਹ ਅਨੁਸ਼ਾਸ਼ਿਤ, ਇੱਕਜੁੱਟ ਅਤੇ ਸੰਗਠਿਤ ਪ੍ਰੋਲਤਾਰੀ ਦੀ ਸ਼ਕਲ ਅਖ਼ਤਿਆਰ ਕਰ ਲੈਣਗੇ ਪਰ ਨਾਲ ਹੀ ਦੂਜੇ ਪਾਸੇ ਸਨਅਤੀ ਕੰਟਰੋਲ ਦੇ ਵਿਸ਼ਾਲ ਦਿਉ-ਕੱਦ ਆਦਾਰੇ ਹੋਣਗੇ ਜਿਹੜੇ ਸ਼ਰਤੀਆ ਸਮਾਜਵਾਦੀ ਪ੍ਰਕਿਰਿਆ ਨੂੰ ਸਹੂਲਤ ਪ੍ਰਦਾਨ ਕਰਨਗੇ। ਇਸਦਾ ਮਤਲਬ ਹੈ ਕਿ ਦੋਵਾਂ ਜਮਾਤਾਂ ਪੂੰਜੀਵਾਦ ਅਤੇ ਪ੍ਰੋਲਤਾਰੀ ਦਰਮਿਆਨ ਆਖਰੀ ਫੈਸਲਾਕੁਨ ਲੜਾਈ ਲੜੀ ਜਾਵੇਗੀ ਜਿਸਦੇ ਸਿੱਟੇ ਵਜੋਂ ਪ੍ਰੋਲਤਾਰੀ ਦੀ ਜਿੱਤ ਹੋਵੇਗੀ। ਉਹ ਆਪਣੀ ਪ੍ਰੋਲਤਾਰੀ ਤਾਨਾਸ਼ਾਹੀ ਨਾਲ ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਣ ਨੂੰ ਸਦਾ ਲਈ ਖ਼ਤਮ ਕਰ ਦੇਵੇਗੀ ਅਤੇ ਜਮਾਤ-ਰਹਿਤ ਸਮਾਜ ਦੀ ਸਥਾਈ ਸਥਾਪਨਾ ਕਰੇਗੀ। ਸ਼ਮੌਲਰ ਇਸ ਪ੍ਰਕਿਰਿਆ ਨੂੰ ਪ੍ਰਗਤੀਸ਼ੀਲ ਤੰਤਰਸ਼ਾਹੀ ਕੌਮੀਕਰਨ ਦੀ ਵਿਧੀ ਦੱਸਦਾ ਹੈ ਜਿਸਦਾ ਆਖਰੀ ਸਿੱਟਾ ਰਾਜਕੀ ਸਮਾਜਵਾਦ ਹੋਵੇਗਾ।

ਕਾਰਲ ਮਾਰਕਸ ਉਹ ਯੁੱਗ-ਪੁਰਸ਼ ਸੀ ਜਿਸ ਬਾਰੇ ਉਸਦੇ ਸਮਕਾਲੀਆਂ ਤੋਂ ਲੈ ਕੇ ਹੁਣ ਤੱਕ ਦੇ ਨਾਂ-ਸਿਰਫ਼ ਵਿਦਵਾਨ ਲੇਖਕਾਂ ਨੇ ਸਗੋਂ ਫਿਲਾਸਫਰਾਂ ਅਤੇ ਇਨਕਲਾਬੀਆਂ ਨੇ ਆਪੋ-ਆਪਣੇ ਵਿੱਤ ਮੁਜਬ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਵਿੱਚ ਉਸਦਾ ਸਾਥੀ ਫਰੈਡਰਿਕ ਐਂਗਲਜ, ਮਹਾਨ ਇਨਕਲਾਬੀ ਵਲਾਦੀਮੀਰ ਇਲੀਅਚ ਲੈਨਿਨ, ਮਹਾਨ ਇਨਕਲਾਬੀ ਕਵੀ ਅਤੇ ਸੰਗਰਾਮੀਆਂ ਚੀ-ਗੁਵੇਰਾ ਵਰਗੇ ਸ਼ਾਮਲ ਹਨ। ਅੱਜ ਦੁਨੀਆਂ ਦਾ ਕੋਈ ਅਜਿਹਾ ਦੇਸ਼ ਨਹੀਂ ਜਿੱਥੇ ਮਾਰਕਸਵਾਦ ਵਿਚਾਰਧਾਰਾ ਦੇ ਪੈਰੋਕਾਰ ਜਾਂ ਸੰਸਥਾਵਾਂ ਜਾਂ ਜਮਹੂਰੀ ਪ੍ਰੋਲਤਾਰੀ ਲਹਿਰਾਂ ਦਿਖਾਈ ਨਾ ਦੇਣ। ਉਸਦੇ ਮਹਾਨ ਗ੍ਰੰਥਾਂ-ਸਰਮਾਇਆ (ਦਾਸ ਕੈਪੀਟਲ) ਦੀਆਂ ਚਾਰੇ ਜਿਲਦਾਂ ਦਾ ਅਧਿਐਨ ਨਾ ਸਿਰਫ਼ ਪ੍ਰੋਲਤਾਰੀਆਂ ਨੇ ਕੀਤਾ ਹੈ ਸਗੋਂ ਸਰਮਾਏਦਾਰਾਂ ਨੇ ਵੀ ਇਨ੍ਹਾਂ ਨੂੰ ਗੌਰ ਨਾਲ ਵਾਚਿਆ ਹੈ ਜਿਸਦੀ ਰੌਸ਼ਨੀ 'ਚ ਘਬਰਾ ਕੇ ਸਰਮਾਏਦਾਰਾਂ ਨੇ ਉਤਪਾਦਨ ਅਤੇ ਮਜ਼ਦੂਰੀ ਦੇ ਤੌਰ-ਤਰੀਕੇ ਬਦਲ ਕੇ ਸਮਾਜਵਾਦ ਦੀ ਆਮਦ-ਰਫ਼ਤਾਰ ਨੂੰ ਮੱਠਾ ਕਰਨ ਦਾ ਯਤਨ ਕੀਤਾ ਹੈ।

# ਤੇਲ ਪਾਈਪ ਲਾਈਨਾਂ ਦੇ ਨਾਂ ਤੇ ਅਲਬਰਟਾ ਅਤੇ ਬੀ. ਸੀ. 'ਚ ਚੱਲ ਰਹੀ ਲੜਾਈ ਬਨਾਮ ਲੋਕ ਵਿਰੋਧੀ ਸਿਆਸਤ ਤੇ ਕਾਰਪੋਰੇਸ਼ਨਾਂ ਦੀ ਮੁਨਾਫਾਖੋਰੀ!

(ਸਫ਼ਾ 1 ਦੀ ਬਾਕੀ)

ਇਹ ਪ੍ਰੌਜੈਕਟ ਬੰਦ ਹੋ ਗਿਆ ਸੀ। ਇਸੇ ਤਰ੍ਹਾਂ 2010 ਵਿੱਚ ਸ਼ੁਰੂ ਹੋਇਆ 'ਨੌਰਦਰਨ ਗੇਟਵੇਅ ਪਾਈਪਲਾਈਨ' ਪ੍ਰੌਜੈਕਟ ਵੀ ਲਿਬਰਲ ਸਰਕਾਰ ਵਲੋਂ ਠੱਪ ਕਰਵਾ ਦਿੱਤਾ ਗਿਆ ਸੀ। ਪਰ ਹੁਣ ਇਸੇ ਟਰੂਡੋ ਸਰਕਾਰ ਵਲੋਂ ਆਪਣੀਆਂ ਨਵੀਆਂ ਸਿਆਸੀ ਗਿਣਤੀਆਂ ਮਿਣਤੀਆਂ ਅਧੀਨ ਤੇ 2019 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ 'ਕਿੰਡਰ ਮੌਰਗਨ ਪਾਈਪਲਾਈਨ' ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਕਾਰਨਾਂ ਕਰਕੇ ਪਹਿਲੇ ਦੋ ਪ੍ਰੌਜੈਕਟ ਰੱਦ ਕੀਤੇ ਗਏ ਸਨ ਜਾਂ ਭਾਰੀ ਪਾਬੰਧੀਆਂ ਲਗਾਈਆਂ ਗਈਆਂ ਸਨ, ਉਨ੍ਹਾਂ ਕਾਰਨਾਂ ਕਰਕੇ ਹੀ ਮੌਜੂਦਾ 'ਕਿੰਡਰ ਮੌਰਗਨ ਪਾਈਪਲਾਈਨ' ਦਾ ਵਿਰੋਧ ਹੋ ਰਿਹਾ ਹੈ। ਫਿਰ ਇਸਨੂੰ ਮਨਜ਼ੂਰੀ ਕਿਉਂ ਦਿੱਤੀ ਜਾ ਰਹੀ ਹੈ? ਹੁਣ ਦੇਖਣਾ ਹੋਵੇਗਾ ਕਿ ਕੀ ਨੇਟਿਵ ਲੋਕਾਂ, ਬੀ ਸੀ ਸਰਕਾਰ, ਵਾਤਾਵਰਣ ਪ੍ਰੇਮੀਆਂ ਆਦਿ ਦੇ ਦਬਾਅ ਅਧੀਨ, ਇਹ ਪ੍ਰੌਜੈਕਟ ਸਿਰੇ ਚੜ੍ਹੇਗਾ ਜਾਂ ਪਹਿਲਿਆਂ ਵਾਂਗ ਠੱਪ ਹੋ ਜਾਵੇਗਾ? ਆਓ! ਦੇਖੀਏ ਕਿ ਇਸਦੇ ਬਣਨ ਜਾਂ ਨਾ ਬਣਨ ਦੇ ਲਾਭ ਜਾਂ ਨੁਕਸਾਨ ਕੀ ਹਨ?

ਜੇ ਸਾਡੀਆਂ ਸੂਬਾਈ ਜਾਂ ਫੈਡਰਲ ਸਰਕਾਰਾਂ ਦਾ ਪਿਛਲਾ ਇਤਿਹਾਸ ਦੇਖੀਏ ਤਾਂ ਕੰਜਰਵੇਟਿਵ ਪਾਰਟੀ ਨੇ ਹਮੇਸ਼ਾਂ ਵੱਡੀਆਂ ਕਾਰਪੋਰੇਸ਼ਨਾਂ ਤੇ ਅਮੀਰਾਂ ਦੇ ਹਿੱਤਾਂ ਦੀ ਹੀ ਰਾਖੀ ਕੀਤੀ ਹੈ। ਲਿਬਰਲ ਸਰਕਾਰ ਨੇ ਹਮੇਸ਼ਾਂ ਵਿੱਚ ਵਿਚਾਲੇ ਵਾਲਾ ਰਾਹ ਚੁਣਿਆ ਹੈ, ਭਾਵੇਂ ਕਿ ਲਿਬਰਲ ਪਾਰਟੀ ਵੀ ਪੂੰਜੀਪਤੀ ਸਿਸਟਮ ਤੇ ਅਮੀਰਾਂ ਦੀ ਹੀ ਪਾਰਟੀ ਹੈ, ਪਰ ਇਸ ਵਲੋਂ ਸਮੇਂ ਸਮੇਂ ਕਈ ਅਜਿਹੇ ਫੈਸਲੇ ਵੀ ਕੀਤੇ ਜਾਂਦੇ ਹਨ, ਜਿਸ ਨਾਲ ਨਵੇਂ ਇਮੀਗਰੈਂਟਸ ਦੀਆਂ ਵੋਟਾਂ ਖਿੱਚੀਆਂ ਜਾ ਸਕਣ। ਇਸੇ ਤਰ੍ਹਾਂ ਐਨ ਡੀ ਪੀ ਭਾਵੇਂ ਪੂਰੀ ਸਮਾਜਵਾਦੀ ਪਾਰਟੀ ਨਹੀਂ, ਪਰ ਫਿਰ ਵੀ ਉਹ ਕਿਸੇ ਹੱਦ ਤੱਕ ਕਨੇਡਾ ਦੇ ਮੌਜੂਦਾ ਪੂੰਜਵਾਦੀ ਸਿਸਟਮ ਦੀਆਂ ਸੀਮਤਾਈਆਂ ਵਿੱਚ ਆਮ ਲੋਕਾਂ ਦੇ ਹੱਕਾਂ ਦੀ ਗੱਲ ਕਰਦੀ ਹੈ। ਪਰ ਇਹ ਸਾਰੀਆਂ ਪਾਰਟੀਆਂ, ਜੋ ਵੀ ਫੈਸਲੇ ਕਰਦੀਆਂ ਹਨ, ਉਸ ਵਿੱਚ ਲੋਕ ਹਿੱਤ ਬਾਅਦ ਵਿੱਚ ਹੁੰਦੇ ਹਨ ਤੇ ਉਨ੍ਹਾਂ ਦੇ ਆਪਣੇ ਹਿੱਤ ਤੇ ਸਿਆਸੀ ਗਿਣਤੀਆਂ ਮਿਣਤੀਆਂ ਪਹਿਲਾਂ ਹੁੰਦੀਆਂ ਹਨ। ਇੱਕ ਪਾਸੇ ਲਿਬਰਲ ਸਰਕਾਰ ਪਹਿਲੇ ਪ੍ਰੌਜੈਕਟਾਂ ਦਾ ਵਿਰੋਧ ਕਰਦੀ ਸੀ, ਹੁਣ ਹੱਕ ਵਿੱਚ ਖੜ ਰਹੀ ਹੈ। ਇਸੇ ਤਰ੍ਹਾਂ ਅਲਬਰਟਾ ਐਨ ਡੀ ਪੀ ਹੁਣ ਤੱਕ ਇਨ੍ਹਾਂ ਪਾਈਪਲਾਈਨਾਂ ਦਾ ਵਿਰੋਧ ਕਰਦੀ ਰਹੀ ਹੈ, ਤੇ ਹੁਣ ਸਿਰਫ 2019 ਦੀਆਂ ਇਲੈਕਸ਼ਨਾਂ ਜਿੱਤਣ ਦੀ ਲਾਲਸਾ ਅਧੀਨ ਉਲਟ ਸਟੈਂਡ ਲੈ ਰਹੀ ਹੈ। ਬੀਸੀ ਦੀ ਐਨ ਡੀ ਪੀ ਭਾਵੇਂ ਇਸ ਵਕਤ ਆਪਣੇ ਪਹਿਲੇ ਸਟੈਂਡ ਮੁਤਾਬਿਕ ਵਿਰੋਧ ਕਰ ਰਹੀ ਹੈ, ਭਾਵੇਂ ਇਸ ਵਾਰ ਅਲਬਰਟਾ ਐਨ ਡੀ ਪੀ ਨਾਲ ਰਲ਼ ਕੇ ਵੱਖਰਾ ਰੁੱਖ ਲੈ ਸਕਦੀ ਸੀ, ਪਰ 'ਗਰੀਨ ਪਾਰਟੀ' ਦੇ ਸਹਿਯੋਗ ਨਾਲ ਚੱਲ ਰਹੀ ਘੱਟ ਗਿਣਤੀ ਸਰਕਾਰ ਨੇ 'ਗਰੀਨ ਪਾਰਟੀ' ਦੇ ਦਬਾਅ ਹੇਠ ਅਲਬਰਟਾ ਐਨ ਡੀ ਪੀ ਦੇ ਖਿਲਾਫ ਤੇ ਆਪਣੀ ਵੋਟ ਰਾਜਨੀਤੀ ਅਧੀਨ ਵਿਰੋਧੀ ਸਟੈਂਡ ਲਿਆ ਹੈ। ਫੈਡਰਲ ਐਨ ਡੀ ਪੀ ਆਗੂ ਜਗਮੀਤ ਸਿੰਘ ਨੇ ਵੀ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਅਧੀਨ ਅਲਬਰਟਾ ਐਨ ਡੀ ਪੀ ਦੀ ਥਾਂ ਬੀ ਸੀ ਐਨ ਡੀ ਪੀ ਨਾਲ ਖੜਨ ਦਾ ਫੈਸਲਾ ਕੀਤਾ ਹੈ ਕਿਉਂਕਿ ਅਲਬਰਟਾ ਵਿਚੋਂ ਕਿਸੇ ਸੀਟ ਦੀ ਆਸ ਨਹੀਂ, ਪਰ ਬੀ ਸੀ ਵਿਚੋਂ ਕੁਝ ਫੈਡਰਲ ਸੀਟਾਂ ਮਿਲ ਸਕਦੀਆਂ ਹਨ।

ਆਓ ਦੇਖੀਏ ਕਿ ਇਨ੍ਹਾਂ ਪਾਈਪਲਾਈਨਾਂ ਦਾ ਅਸਲ ਵਿਰੋਧ ਕੀ ਹੈ? ਪਾਈਪਲਾਈਨਾਂ ਰਾਹੀਂ ਜੋ ਕੱਚਾ ਤੇਲ ਵੈਨਕੂਵਰ ਜਾਂ ਮੌਂਟਰੀਅਲ ਦੇ ਸਮੁੰਦਰੀ ਤੱਟ ਲਿਜਾਇਆ ਜਾਣਾ ਹੈ, ਉਹ ਹਜਾਰਾਂ ਮੀਲ ਦੀ ਜਿਸ ਧਰਤੀ ਅਧੀਨ ਜਾਣਾ ਹੈ, ਉਥੇ ਵਸਦੇ ਲੱਖਾਂ ਨੇਟਿਵ ਲੋਕ ਪਾਈਪਲਾਈਨਾਂ ਵਿਚੋਂ ਤੇਲ ਲੀਕ ਹੋਣ ਨਾਲ ਇਸਨੂੰ ਆਪਣੇ ਜੀਵਨ, ਧਰਤੀ, ਪਾਣੀ, ਜੰਗਲ ਤੇ ਵਾਤਾਵਰਣ ਲਈ ਖਤਰਾ ਮੰਨਦੇ ਹਨ।ਵਾਤਾਵਰਣ ਪ੍ਰੇਮੀ ਵੀ ਇਸਦੇ ਵੱਡੇ ਵਿਰੋਧ ਵਿੱਚ ਹਨ, ਕਿਉਂਕਿ ਪਹਿਲਾਂ ਪਾਈਪ ਲਾਈਨਾਂ ਤੇ ਫਿਰ ਸਮੁੰਦਰੀ ਟੈਂਕਰਾਂ ਰਾਹੀਂ ਵੱਡੇ ਪੱਧਰ ਤੇ ਤੇਲ ਲਿਜਾਣ ਨਾਲ, ਜਿਥੇ ਪਾਈਪ ਲਾਈਨਾਂ ਦੇ ਲੀਕ ਹੋਣ ਨਾਲ ਧਰਤੀ ਹੇਠਲੇ ਪਾਣੀ ਦੇ ਪ੍ਰਦੂਸ਼ਤ ਹੋਣ, ਅੱਗਾਂ ਲੱਗਣ ਨਾਲ ਜੰਗਲ ਤੇ ਪਸ਼ੂ-ਪੰਛੀਆਂ ਦੇ ਜੀਵਨ ਤਬਾਹ ਹੋਣ ਦਾ ਖਤਰਾ ਹੈ, ਉਥੇ ਟੈਂਕਰਾਂ ਦੇ ਸ਼ੋਰ ਸ਼ਰਾਬੇ ਤੇ ਲੀਕ ਹੋਣ ਨਾਲ ਲੱਖਾਂ ਤਰ੍ਹਾਂ ਦੇ ਪਾਣੀ ਵਿਚਲੇ ਜੀਵ ਜੰਤੂਆਂ ਦਾ ਜੀਵਨ ਖਤਰੇ ਵਿੱਚ ਹੈ। ਪਿਛਲੇ 50 ਸਾਲਾਂ ਵਿੱਚ 100 ਦੇ ਕਰੀਬ ਤੇਲ ਲੀਕ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ, ਜਿਸ ਨਾਲ ਨਾ ਸਿਰਫ ਧਰਤੀ ਹੇਠਲਾ ਸਗੋਂ ਸਮੁੰਦਰਾਂ ਦਾ ਪਾਣੀ ਵੀ ਪ੍ਰਦੂਸ਼ਤ ਹੋਇਆ ਹੈ। ਇੱਕ ਬੈਰੈਲ ਤੇਲ ਦੇ ਪਾਣੀ ਜਾਂ ਧਰਤੀ ਵਿੱਚ ਲੀਕ ਹੋਣ ਨਾਲ ਹਜਾਰਾਂ ਲੀਟਰ ਪਾਣੀ ਹਮੇਸ਼ਾਂ ਲਈ ਪ੍ਰਦੂਸ਼ਤ ਹੋ ਜਾਂਦਾ ਹੈ। ਇਸ ਨਾਲ ਜੰਗਲੀ ਤੇ ਪਾਣੀ ਵਿਚਲਾ ਜੀਵ ਜੰਤੂਆਂ ਦਾ ਜੀਵਨ ਖਤਮ ਹੋ ਰਿਹਾ ਹੈ ਪੈਟਰੋਲ ਤੇ ਡੀਜਲ ਦੀ ਪਿਛਲੇ 50 ਸਾਲਾਂ ਤੋਂ ਦਿਨੋ ਦਿਨ ਵਧ ਰਹੀ ਖਪਤ ਨੇ ਗਲੋਬਲ ਵਾਰਮਿੰਗ ਤੇ ਪ੍ਰਦੂਸ਼ਣ ਰਾਹੀਂ ਮਨੁੱਖਤਾ ਨੂੰ ਪਹਿਲਾਂ ਹੀ ਤਬਾਹੀ ਦੇ ਕਿਨਾਰੇ ਲਿਆ ਖੜਾ ਕੀਤਾ ਹੈ। ਮਨੁੱਖ ਨੇ ਆਪਣੀਆਂ ਬੇਹਿਸਾਬੀਆਂ ਲੋੜਾਂ (ਬੇਲੋੜਾਂ) ਦੀ ਹਵਸ ਅਧੀਨ ਜੰਗਲਾਂ ਤੇ ਜੰਗਲੀ ਜੀਵਨ ਦਾ ਵੱਡੇ ਪੱਧਰ ਤੇ ਖਾਤਮਾ ਕੀਤਾ ਹੈ। ਜਿਸ ਨਾਲ ਧਰਤੀ ਤੇ ਮੀਂਹ, ਹਵਾ, ਪਾਣੀ, ਤਾਪਮਾਨ, ਬਰਫ ਆਦਿ ਦਾ ਤਵਾਜਨ ਦਿਨੋ ਦਿਨ ਵਿਗੜ ਰਿਹਾ ਹੈ। ਵਾਤਾਵਰਣ ਮਾਹਿਰਾਂ ਅਨੁਸਾਰ ਜੇ ਧਰਤੀ ਦੇ ਟੈਂਪਰੇਚਰ ਨੂੰ ਅਸੀਂ ਹੁਣ ਕੰਟਰੋਲ ਨਾ ਕੀਤਾ ਤਾਂ ਅਗਲੇ 50 ਸਾਲਾਂ ਤੱਕ ਇਸ ਧਰਤੀ ਤੇ ਨਾ ਸਿਰਫ ਰਹਿਣਾ ਮੁਸ਼ਕਿਲ ਹੋ ਜਾਵੇਗਾ, ਸਗੋਂ ਸੁਨਾਮੀਆਂ, ਸੋਕੇ, ਹੜ੍ਹਾਂ ਨਾਲ ਸਭ ਕੁਝ ਤਬਾਹ ਹੋ ਸਕਦਾ ਹੈ। ਸਮੁੰਦਰ, ਜੰਗਲ, ਵਾਤਾਵਰਣ ਤੇ ਮਨੁੱਖੀ ਜੀਵਨ ਵਿੱਚ ਵਿਗਾੜ ਪੈਦਾ ਕਰਨ ਲਈ ਸਰਮਾਏਦਾਰੀ ਸਿਸਟਮ ਦੀ ਵੱਧ ਮੁਨਾਫੇ ਦੀ ਹਵਸ ਨੇ ਇਸ ਵਿੱਚ ਵੱਡਾ ਰੋਲ ਅਦਾ ਕੀਤਾ ਹੈ।

ਅੱਜ ਵੀ ਕੈਨੇਡਾ ਤੇ ਖਾਸਕਰ ਅਲਬਰਟਾ ਦੇ ਲੋਕ, ਸਿਆਸੀ ਪਾਰਟੀਆਂ ਤੇ ਤੇਲ ਕਾਰਪੋਰੇਸ਼ਨਾਂ, ਇਸ ਖਤਰੇ ਨੂੰ ਮਹਿਸੂਸ ਕੀਤੇ ਬਗੈਰ, ਸਿਰਫ ਕੁਝ ਹਜ਼ਾਰ ਜੌਬਾਂ ਅਤੇ ਕੁਝ ਕਾਰਪੋਰੇਸ਼ਨਾਂ ਤੇ ਸਰਕਾਰੀ ਖਜ਼ਾਨੇ ਲਈ ਕੁਝ ਮਿਲੀਅਨ ਡਾਲਰਾਂ ਖਾਤਰ, ਮਨੁੱਖਤਾ ਨੂੰ ਤਬਾਹੀ ਵੱਲ ਧੱਕ ਰਹੇ ਹਨ। ਜਿਤਨਾ ਪੈਸਾ ਅਸੀਂ ਪਾਈਪਲਾਈਨਾਂ, ਤੇਲ ਕੱਢਣ, ਫਿਰ ਉਸ ਰਾਹੀਂ ਫੈਲ ਰਹੇ ਪ੍ਰਦੂਸ਼ਣ ਨੂੰ ਠੀਕ ਕਰਨ ਲਈ, ਵਾਤਾਵਰਣ ਨੂੰ ਸਾਫ ਕਰਨ ਤੇ ਕਾਰਬਨ ਟੈਕਸਾਂ ਆਦਿ ਰਾਹੀਂ ਖਰਚ ਕਰਨਾ ਚਾਹੁੰਦੇ ਹਾਂ ਜਾਂ ਕਰ ਰਹੇ ਹਾਂ, ਕੀ ਉਸ ਨਾਲ ਵਾਤਾਵਰਣ ਫਰੈਂਡਲੀ, ਅਲਟਰਨੇਟ ਅਨਰਜ਼ੀ ਸਾਧਨਾਂ (ਬਦਲਵੇਂ ਸਾਧਨਾਂ) ਨੂੰ ਵਿਕਸਤ ਕਰਨ ਤੇ ਖੋਜਣ ਨਾਲ ਵੀ ਜੌਬਾਂ ਨਹੀਂ ਪੈਦਾ ਕਰ ਸਕਦੇ? ਪਰ ਸਾਡੀਆਂ ਲੋਕ ਵਿਰੋਧੀ ਸਰਕਾਰਾਂ ਤੇ ਲੋਕ ਵਿਰੋਧੀ ਕਾਰਪੋਰੇਸ਼ਨਾਂ, ਜਦੋਂ ਤੱਕ ਸੌਖੇ ਢੰਗ ਨਾਲ ਪੈਸਾ ਬਣਦਾ ਹੈ, ਬਣਾਉਣ ਵਿੱਚ ਹੀ ਆਪਣਾ ਭਲਾ ਸਮਝੀਆਂ ਹਨ, ਉਨ੍ਹਾਂ ਨੂੰ ਮਨੁੱਖਤਾ ਨਾਲ ਕੋਈ ਹਮਦਰਦੀ ਨਹੀਂ। ਪਿਛਲੀ ਸਦੀ ਦੇ ਤਜਰਬੇ ਨੇ ਸਾਬਿਤ ਕੀਤਾ ਹੈ ਕਿ ਧਰਤੀ ਹੇਠੋਂ ਕੱਢੇ ਗਏ ਤੇਲ ਦੀ ਵੱਧ ਵਰਤੋਂ ਨਾਲ ਪ੍ਰਦੂਸ਼ਣ ਵਧਿਆ ਹੈ ਤੇ ਵਾਤਾਵਰਣ ਦਾ ਤਵਾਜਨ ਵਿਗੜਿਆ ਹੈ, ਉਸ ਤੋਂ ਸਬਕ ਸਿੱਖਣ ਦੀ ਥਾਂ ਆਪਣੀਆਂ ਥੋੜ ਚਿਰੀਆਂ ਸਿਆਸੀ, ਆਰਥਿਕ ਤੇ ਮੁਨਾਫੇ ਦੀਆਂ ਲੋੜਾਂ ਨੂੰ ਮੁੱਖ ਰੱਖ ਅਸੀਂ ਮਨੁੱਖਤਾ ਨੂੰ ਖਤਰੇ ਵਿੱਚ ਪਾ ਰਹੇ ਹਾਂ। ਪਿਛਲਾ ਤਜਰਬਾ ਇਹ ਵੀ ਦੱਸਦਾ ਹੈ ਕਿ ਪਾਈਪਲਾਈਨਾਂ ਰਾਹੀਂ ਤੇਲ ਦੇ ਲੀਕ ਹੋਣ ਜਿਥੇ ਧਰਤੀ ਹੇਠਲਾ ਪਾਣੀ ਗੰਦਾ ਹੋ ਰਿਹਾ ਹੈ, ਉਥੇ ਸਮੁੰਦਰ ਵਿੱਚ ਹੋਈ ਲੀਕ ਨਾਲ ਲੱਗੀਆਂ ਅੱਗਾਂ ਨਾਲ ਲੱਖਾਂ ਸਮੁੰਦਰੀ ਜੀਵ ਜੰਤੂ ਮਾਰੇ ਗਏ ਹਨ।ਕੁਦਰਤ ਨੇ ਇਹ ਧਰਤੀ ਸਿਰਫ ਮਨੁੱਖ ਲਈ ਹੀ ਨਹੀਂ ਸਗੋਂ ਹਜਾਰਾਂ ਤਰ੍ਹਾਂ ਦੇ ਸਮੁੰਦਰੀ ਤੇ ਜੰਗਲੀ ਜੀਵਾਂ-ਜੰਤੂਆਂ, ਪਸ਼ੂਆਂ, ਪੰਛੀਆਂ ਲਈ ਵੀ ਬਣਾਈ ਹੈ, ਆਪਣੀਆਂ ਜੌਬਾਂ, ਆਪਣੇ ਮੁਨਾਫੇ ਤੇ ਆਪਣੀ ਸਿਆਸੀ ਭੁੱਖ ਲਈ ਕੀ ਅਸੀਂ ਆਪਣੀਆਂ ਆਉਣ ਵਾਲ਼ੀਆਂ ਜਨਰੇਸ਼ਨਾਂ ਦੇ ਨਾਲ-ਨਾਲ, ਧਰਤੀ ਅਤੇ ਸਮੁੰਦਰ ਵਿੱਚ ਵਸਦੇ ਦੂਜੇ ਜੀਵ-ਜੰਤੂਆਂ, ਪਸ਼ੂਆਂ-ਪੰਛੀਆਂ ਦਾ ਜੀਵਨ ਤੇ ਭਵਿੱਖ ਦਾਅ ਤੇ ਨਹੀਂ ਲਗਾ ਰਹੇ? ਉਹ ਨੇਟਿਵ ਲੋਕ ਜੋ ਹਜ਼ਾਰਾਂ ਸਾਲਾਂ ਤੋਂ ਪਹਿਲਾਂ ਫਰੈਂਚ ਤੇ ਫਿਰ ਬਸਤੀਵਾਦੀ ਗੋਰਿਆਂ ਦੇ ਜ਼ੁਲਮਾਂ ਦਾ ਸ਼ਿਕਾਰ ਰਹਿ ਕੇ ਵੀ ਕਿਸੇ ਤਰ੍ਹਾਂ ਆਪਣੀ ਹੋਂਦ ਬਚਾ ਕੇ ਅੱਜ ਵੀ ਜੰਗਲਾਂ ਵਿੱਚ ਨਰਕੀ ਜੀਵਨ ਬਿਤਾ ਰਹੇ ਹਨ, ਅਸੀਂ 21ਵੀਂ ਸਦੀ ਦੇ ਅਖੌਤੀ ਲੋਕਤੰਤਰੀ ਤੇ ਵਿਗਿਆਨਕ ਯੁਗ ਵਿੱਚ ਉਨ੍ਹਾਂ ਤੋਂ ਇਹ ਹੱਕ ਵੀ ਖੋਹਣਾ ਚਾਹੁੰਦੇ ਹਾਂ? ਇਹ ਉਨ੍ਹਾਂ ਦੀਆਂ ਅਗਲੀਆਂ ਜਨਰੇਸ਼ਨਾਂ ਦੀ ਹੋਂਦ ਦਾ ਸਵਾਲ ਹੈ? ਕੀ ਸਾਡੀਆਂ ਕੁਝ ਹਜ਼ਾਰ ਜੌਬਾਂ ਤੇ ਕੁਝ ਬਿਲੀਅਨ ਡਾਲਰ, ਉਨ੍ਹਾਂ ਦੇ ਜੀਵਨ, ਉਨ੍ਹਾਂ ਦੀ ਧਰਤੀ, ਉਨ੍ਹਾਂ ਦੇ ਪਾਣੀ ਤੋਂ ਵੱਧ ਮਹੱਤਵ ਰੱਖਦੇ ਹਨ?

ਸਾਡੀ ਮੌਜੂਦਾ ਫੈਡਰਲ ਲਿਬਰਲ ਤੇ ਅਲਬਰਟਾ ਐਨ ਡੀ ਪੀ ਸਰਕਾਰ ਸਮੇਤ ਸਾਰੀਆਂ ਸੂਬਾਈ ਤੇ ਫੈਡਰਲ ਪਾਰਟੀਆਂ ਤੇ ਸਰਕਾਰਾਂ ਅਤੇ ਤੇਲ ਕੰਪਨੀਆਂ ਨੂੰ ਇਹੀ ਅਪੀਲ ਹੈ ਕਿ ਉਹ ਆਪਣੇ ਸਿਆਸੀ ਤੇ ਮੁਨਾਫੇ ਵਾਲੇ ਹਿੱਤਾਂ ਤੋਂ ਉਪਰ ਉਠ ਕੇ ਮਨੁੱਖਤਾ ਤੇ ਵਾਤਾਵਰਣ ਦੇ ਉਚੇ ਆਦਰਸ਼ਾਂ ਤੇ ਭਲਾਈ ਦੇ ਪੱਖ ਨੂੰ ਮੁੱਖ ਰੱਖ ਕੇ ਫੈਸਲੇ ਕਰਨ। ਫੌਸਿਲ ਫਿਊਲ (ਧਰਤੀ ਤੋਂ ਕੱਢਿਆ ਜਾਂਦਾ ਤੇਲ) ਰਾਹੀਂ ਹੋ ਚੁੱਕੇ ਤੇ ਹੋ ਰਹੇ ਨੁਕਸਾਨ ਨੂੰ ਮੁੱਖ ਰੱਖ ਕੇ ਅਲਟਰਨੇਟ ਅਨਰਜੀ ਦੇ ਸਾਧਨ ਖੋਜਣ ਤੇ ਵਰਤਣ ਲਈ ਯਤਨ ਕਰਨ ਤਾਂ ਕਿ ਅਸੀਂ ਮਨੁੱਖਤਾ ਨੂੰ ਤਬਾਹੀ ਤੋਂ ਬਚਾ ਸਕੀਏ? ਫੈਡਰਲ ਸਰਕਾਰ ਨੂੰ ਪਹਿਲ ਦੇ ਅਧਾਰ ਤੇ ਅਲਬਰਟਾ ਸਰਕਾਰ ਦੀ ਇਸ ਖੇਤਰ ਵਿੱਚ ਮੱਦਦ ਕਰਨ ਦੀ ਲੋੜ ਹੈ? ਤੇਲ ਦੀ ਵਰਤੋਂ ਘਟਾਉਣ ਲਈ ਲੋਕਾਂ ਵਿੱਚ ਅਵੇਅਰਨੈਸ ਦੀ ਬਹੁਤ ਲੋੜ ਹੈ, ਜਿਸਨੂੰ ਕਰਨਾ ਸਾਡੀਆਂ ਸਰਕਾਰਾਂ, ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਸੰਸਥਾਵਾਂ ਤੇ ਮੀਡੀਏ ਦਾ ਕੰਮ ਹੈ? ਅਲਬਰਟਾ ਐਨ ਡੀ ਪੀ ਸਰਕਾਰ ਨੂੰ ਥੋੜ ਆਪਣੇ ਚਿਰੇ ਸਿਆਸੀ ਲਾਭਾਂ ਦੀ ਥਾਂ ਲੰਬੇ ਸਮੇਂ ਲਈ ਅਲਬਰਟਾ ਤੇ ਮਨੁੱਖਤਾ ਦੇ ਹਿੱਤਾਂ ਲਈ ਕੰਮ ਕਰਨ ਦੀ ਲੋੜ ਹੈ।ਯੁਨਾਈਟਡ ਕੰਜਰਵੇਟਿਵ ਪਾਰਟੀ, ਜੋ ਕਿ ਅਲਬਰਟਾ ਵਿੱਚ ਬੜੀ ਤੇਜੀ ਨਾਲ ਆਪਣਾ ਪ੍ਰਭਾਵ ਵਧਾ ਰਹੀ ਹੈ, ਉਸਦਾ ਮੁਕਾਬਲਾ ਕਰਨ ਲਈ ਉਨ੍ਹਾਂ ਵਾਲੇ ਢੰਗ ਤਰੀਕੇ ਅਪਨਾਉਣ ਦੀ ਥਾਂ ਅਲਬਰਟਾ ਐਨ ਡੀ ਪੀ ਨੂੰ ਲੋਕ ਪੱਖੀ ਫੈਸਲੇ ਲੈਣਾ ਹੀ ਸਮੇਂ ਦੀ ਮੰਗ ਹੈ! ਕਨੇਡਾ ਦੀਆਂ ਫੈਡਰਲ ਸਰਕਾਰਾਂ ਨੇ ਅਲਬਰਟਾ ਨਾਲ ਹਮੇਸ਼ਾਂ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਅਲਬਰਟਾ ਦੇ ਤੇਲ ਦੀ ਕਮਾਈ ਵਿਚੋਂ ਤਾਂ ਉਹ ਵੱਡਾ ਹਿੱਸਾ ਲੈ ਜਾਂਦੀਆਂ ਰਹੀਆਂ ਹਨ, ਪਰ ਅਲਬਰਟਾ ਦੀ ਡਿਵੈਲਪਮੈਂਟ ਲਈ ਹਿੱਸਾ ਦੇਣ ਵੇਲੇ ਪਾਪੂਲੇਸ਼ਨ ਦਾ ਹਿਸਾਬ ਰੱਖਿਆ ਜਾਂਦਾ ਹੈ।ਅਲਬਰਟਾ ਵਿੱਚ ਫੈਡਰਲ ਦੀਆਂ ਸਿਰਫ 32 ਸੀਟਾਂ ਹਨ, ਜੋ ਕਿ ਤਕਰੀਬਨ ਸਾਰੀਆਂ ਪੱਕੇ ਤੌਰ 'ਤੇ ਕੰਜਰਵੇਟਿਵ ਨੂੰ ਜਾਂਦੀਆਂ ਹਨ, ਜਿਸ ਕਰਕੇ ਫੈਡਰਲ ਲਿਬਰਲ ਜਾਂ ਐਨ ਡੀ ਪੀ ਨੂੰ ਅਲਬਰਟਾ ਦੇ ਹਿੱਤਾਂ ਨਾਲ ਕਦੇ ਕੋਈ ਸਰੋਕਾਰ ਨਹੀਂ ਰਿਹਾ।ਕੰਜਰਵੇਟਿਵ ਅਬਰਟਾ ਨੂੰ ਘਰ ਦੀ ਮੁਰਗੀ ਸਮਝ ਕੇ ਜਦੋਂ ਔਟਵਾ ਵਿੱਚ ਸਰਕਾਰ ਬਣਾਉਂਦੇ ਹਨ ਤਾਂ ਈਸਟਰਨ ਕਨੇਡਾ ਵੱਲ ਹੀ ਧਿਆਨ ਰੱਖਦੇ ਹਨ ਕਿਉਂਕਿ ਮਜੌਰਟੀ ਸੀਟਾਂ ਉਧਰ ਹਨ।ਅਲਬਰਟਾ ਵਿੱਚ 40 ਸਾਲ ਰਾਜ ਕਰਦੀ ਰਹੀ ਕੰਜਰਵੇਟਿਵ ਸਰਕਾਰ ਨੇ ਤੇਲ ਤੋਂ ਬਣੇ ਪੈਸੇ ਨੂੰ ਲੁੱਟਣ, ਫਜ਼ੂਲ ਖਰਚੀ ਕਰਨ ਤੋਂ ਇਲਾਵਾ ਕੁਝ ਨਹੀਂ ਕੀਤਾ, ਜਿੰਨਾ ਪੈਸਾ ਅਲ਼ਬਰਟਾ ਕੋਲ ਆ ਰਿਹਾ ਸੀ, ਉਸ ਨਾਲ ਅਨਰਜੀ ਦੇ ਬਦਲਵੇਂ ਸਾਧਨਾਂ ਦੇ ਨਾਲ-ਨਾਲ ਇੰਡਸਟਰੀ ਨੂੰ ਵੀ ਸਿਰਫ ਤੇਲ ਦੀ ਥਾਂ ਬਹੁ ਪੱਖੀ ਬਣਾਉਣ ਦੀ ਲੋੜ ਸੀ। ਹੁਣ ਅਲ਼ਬਰਟਾ ਕੋਲ ਤੇਲ ਕੱਢਣ ਤੇ ਵਾਤਾਵਰਣ ਵਿਗਾੜਨ ਤੋਂ ਬਿਨਾਂ ਕੋਈ ਰਾਹ ਨਹੀਂ। ਮੌਜੂਦਾ ਲਿਬਰਲ ਸਰਕਾਰ ਤੇ ਬਾਕੀ ਫੈਡਰਲ ਆਪੋਜ਼ੀਸ਼ਨ ਪਾਰਟੀਆਂ ਨੂੰ ਰਲ਼ ਕੇ ਅਲਬਰਟਾ ਦੇ ਹਿੱਤਾਂ ਵੱਲ ਧਿਆਨ ਦੇਣ ਦੀ ਲੋੜ ਹੈ। ਦੂਜਿਆਂ ਸੂਬਿਆਂ ਨੂੰ ਖੁਸ਼ ਕਰਕੇ ਅਲਬਰਟਾ ਨਾਲ ਵਿਤਕਰਾ ਕਦੋਂ ਤੱਕ ਜਾਰੀ ਰਹੇਗੀ? ਅਲਬਰਟਾ ਦੇ ਲੋਕਾਂ ਨੂੰ ਵੀ ਤੇਲ ਦੀ ਇੰਡਸਟਰੀ ਤੋਂ ਨਿਰਭਰਤਾ ਘਟਾਉਣ ਦੇ ਨਾਲ-ਨਾਲ ਕੰਜਰਵੇਟਿਵਾਂ ਤੋਂ ਵੀ ਨਿਰਭਰਤਾ ਘਟਾਉਣ ਦੀ ਲੋੜ ਸਮੇਂ ਦੀ ਮੰਗ ਹੈ ਤਾਂ ਕਿ ਦੂਜੀਆਂ ਫੈਡਰਲ ਪਾਰਟੀਆਂ ਨੂੰ ਵੀ ਸੂਬੇ ਵਿੱਚ ਕੋਈ ਦਿਲਚਸਪੀ ਬਣੇ।

# Ontario's high-stakes election campaign: parties going "all in"



**Trish Hennessy, Sheila Block and Ricardo Tranjan**

They promised free child care, more support for dental care and drugs, and a reinvestment in health care—bankrolling it by deficit spending for the next six years.

That left the opposition parties with two options: they could call the Liberals on a bluff or they could raise the stakes.

New PC Leader Doug Ford is raising the stakes by tearing up his predecessor's comprehensive, fully costed platform and promising five planks—as yet not revealed to the public.

Green Party Leader Mike Schreiner, whose party does not have a seat in the provincial legislature, has thrown all of his chips in the game, too: promoting a broad-ranging platform that includes measures to reduce economic inequality and to address climate change.

Last move, NDP Leader Andrea Horwath. Today, she showed her hand by releasing a fully costed platform (with the Kevin Page seal of costing approval) that goes big on health care spending, promises $12 a day child care (free for households making less than $40,000), a commitment to build 65,000 more affordable homes, and a much needed raise in social assistance rates.

This increased commitment to public services means an additional $5.4 billion going to essential public services in 2018-19, rising to $15.8 billion in 2022-23.

The NDP have a plan to raise taxes on businesses and the wealthy to pay for these promises—and that plan includes smaller deficits than the Liberals'. It seems they have upped the stakes in this dramatic pre-election period.

We read the 100-page platform document so you don't have to, but you can review it for yourself on their website. Here, we break down some of the planks of the NDP platform.

Health care investment: By focusing on eliminating "hallway medicine", the NDP is raising the stakes by promising to increase hospital spending by 5.3 per cent for the next four years, and to top that up with an additional $312 to $364 million per year for new beds. The Liberal platform includes a 4.6 per cent increase for next year.

Child care improvements: How can you trump a Liberal promise to let kids aged 2.5 to 4 go to child care for free? The NDP is promising $12 a day child care for everyone, offering free coverage for households earning less than $40,000. It also commits to expanding the number of not-for-profit, licensed, affordable child care spaces by 202,000 spaces. The Liberals have promised 14,000 new spaces over the next six years.

Affordable housing expansion: The NDP is promising to fund the province's one-third share of repairing social housing, to build 65,000 new affordable homes over the next decade, and to invest $3 million to seed co-op bid development.

Universal pharmacare and dental care: As we've written elsewhere, the NDP had already announced universal free pharmacare by 2020 and dental care for everyone. It would also expand public dental services with $25 million in capital investments.

Long-term and home care: The NDP has committed to building 15,000 more long-term care beds over the next five years, rising to 40,000 new beds by 2028. It would increase home care funding by $300 million to eliminate wait lists, increase service hours, and offer more respite care for family caregivers.

Public education: The Canadian Centre for Policy Alternatives has long been calling on the province to fix its flawed education funding formula. The NDP promises to re-write that formula, hire more teachers and educational assistants, cap kindergarten classroom sizes at 26 students, invest $16 billion to repair crumbling schools, and put an end to EQAO testing.

Post-secondary education: Already announced, the NDP promises that every student who qualifies for OSAP will get a non-repayable grant instead of a loan and it will wipe out student loan interest owed or paid to the province for anyone who still is repaying a provincial student loan. It will also implement a "faculty renewal strategy" to convert contractors to full-time professors.

Public transit: The NDP is promising to cover 50 per cent of operating costs for municipal transit. It's also addressing some regional transit issues: there would be two-way all-day GO rail service between Kitchener-Waterloo and Toronto; year-round GO rail service between Niagara and Toronto; restoration of Ontario Northlander's passenger service and supports to the Huron Central and Algoma Central Rail Lines; it would build Toronto's downtown relief line right away and it would do the same for Hamilton's LRT plans.

Return hydro into public hands: The NDP is the only party going into this election with a commitment to buy back Hydro One shares so the government can return hydro into public hands.

Boost incomes for low-wage workers: If elected, the NDP would stick with the Liberal plan to raise the minimum wage to $15 an hour on January 1, 2019.

Raise social assistance rates: Successive Liberal governments have moved away from the harsh political anti-poor tone and policies that defined the Harris era, and softened the rough edges with welcomed regulatory tweaks. They have also implemented incremental increases in social assistance incomes. But those increases haven't even kept up with inflation, nor have they made up for the dramatic 21.6 per cent cut in the 1990s. Over the next three years, the NDP would raise social assistance rates by 22 per cent for Ontario Works (OW) clients and by 15 per cent for Ontario Disability Support Program (ODSP) clients, as recommended by the Provincial Income Security Reform Working Groups. The Liberals, in turn, are promising to increase rates for by 9 per cent over the next three years.

Jobs: Among the highlights, the NDP is promising workers the right to card-based union certification and first-contract arbitration; it would expand Community Benefit Agreements, making them integral to all infrastructure projects; it would implement a plan for auto and manufacturing jobs; it would invest $57 million from the Jobs and Prosperity Fund to create new opportunities in the trades; it would also create opportunities for mid-career education, offering training for people who are working and those who are between jobs.

Turning to the wealthy to contribute more: The NDP would make Ontario's income tax system more progressive by raising the marginal income tax by one percentage point for those earning over $220,000 and by two percentage points for those earning more than $300,000. This would raise an estimated $606 million in the first year. It would tax luxury cars—those going for $90,000 and up, raising $12 million annually. And it would mirror the B.C. home speculation tax for investors who don't live in Ontario, raising $671 million annually.

Turning to businesses to contribute more: The NDP would raise the corporate income tax by one percentage point in 2020 and by another half a percentage point in 2022. That would result in a 13 per cent corporate income tax rate, keeping Ontario competitive with jurisdictions in the U.S. and Canada. It would raise an additional $1 billion by 2022-23 by increasing the education property tax rate on businesses, a recommendation from the Drummond report in 2012. It would also reduce the threshold for Employer Health Tax exemption from companies with $5 million or more annual payroll down to $1.5 million.

It also tells you something about the shifting political landscape in Ontario: just one provincial election ago, no political party was forthright enough to go into an election saying Ontario needs to substantively raise new sources of revenue to pay for the things we need.

The NDP is breaking new ground by implementing a suite of taxes that are progressive and substantial enough to cut the Liberals' projected deficit in half in 2018-2019 and below the Liberal projected deficits for the next three years landing on a $1.9 billion deficit in 2022-23. These new revenue sources would also enable the government to maintain and expand services as well as stop the flow of privatization schemes that have become the norm since the mid-1990s.

Why do taxes matter? Ontario has a revenue problem—the direct result of tax cut politics that led to a form of perma-austerity, where program spending failed to keep up with population growth, inflation, and the growing needs of an aging boomer generation. It also allowed public infrastructure to deteriorate.


For years, the Canadian Centre for Policy Alternatives has highlighted the need for Ontario to address its revenue challenge. Several years ago, Alex and Jordan Himelfarb co-edited a book entitled Tax Is Not A Four Letter Word. It was a clarion call to governments who say they want to be activist, who say they want to reduce income inequality and improve public services. It was a basic reminder that previous generations of Canadians expanded the social safety net and built the physical infrastructure we rely on to this day through the collective action of paying our taxes once a year. For the common good.

In their report, Canada's Quiet Bargain, Hugh Mackenzie and Richard Shillington showed that middle-income Canadian families enjoy public services worth about $41,000—or 62 per cent—of their income. Even households earning $80,000 to $90,000 enjoy public services benefits equivalent to about half of their income. That's why they call taxes Canada's quiet bargain.

Going into an election with clear-eyed measures to raise the revenue needed to pay for platform promises shouldn't be seen as a bold gamble; it should be viewed as the responsible thing to do. On the tax front, the NDP has differentiated itself from its competitors.

Authors' Note: We are monitoring major proposals from all of the parties in the lead up to the June 7 election, analyzing their implications on income inequality, decent work, public services, climate change, and ensuring a just transition that works for all.

**Trish Hennessy is director of the Canadian Centre for Policy Alternatives' (CCPA) Ontario office. Sheila Block is a senior economist and Ricardo Tranjan is a senior researcher both with the CCPA-Ontario.**



Sheila Block

# Tax cuts won't cut it : Low wage workers need a raise

A month ago, PC Leader Doug Ford floated a trial balloon: he would freeze Ontario's minimum wage at $14 but take everyone making less than $30,000 a year off of the income tax rolls.

At that time, I checked the math and concluded that a $15 minimum wage would leave more dollars in those workers' pockets.

This week's announcement by Ford contains more detail, so it's only fair to update my analysis.

If elected, Ford would provide a tax credit for minimum wage earners to reduce their income taxes to zero. The press release that accompanied this announcement provides an estimate of taxes payable for someone working full-time, 50 weeks a year, and making $28,000.

The PC estimate is that a full-time minimum wage earner who makes $28,000 a year would save $817 in personal income taxes under this promise. That number only takes into account the basic personal exemption.

To be clear, this policy would freeze the minimum wage at $14 instead of raising it to $15 an hour on January 1, 2019—which is the current government's schedule. A $15 minimum wage would increase a full-time minimum wage worker's pre-tax earnings by $2,000.

Under the current rules, the maximum Ontario income tax that you would pay on that $2,000 raise is an additional $101.

So, which option puts more money back in the pocket of the minimum wage worker?

The trade off for minimum wage workers is between taking home at least $1,899 (post tax) more in wages (at $15/hour), or staying at $14/hour and getting a refund of $817.

But it is likely that tax refund




would be less than $817. In fact, Canada Revenue Agency (CRA) data shows that the average Ontario taxes paid for people making between $25,000 and $29,999 is about $703. That is because other deductions and credits reduce the payable tax. If a minimum wage worker has other deductions, like child care expenses, it would reduce the benefit of this promise. If they were eligible for a credit for the cost of tuition fees, medical costs, or other such credits, that would also reduce what they owe in taxes.

There is another fundamental problem with this policy. As the system presently stands it is impossible to provide a tax credit based on hourly earnings. There is no way for the CRA to tell the difference between a minimum wage worker working full-time for a month making $2,240 and a high-priced $500/hour lawyer who worked four hours last month. Personal income taxes are based on annual earnings, not hourly earnings.

Bottom line: minimum wage earners would be about $1,100 better off with a $15 minimum wage increase, as opposed to a tax cut. And for some minimum wage earners, the benefit of a $15 an hour minimum wage would be even higher.

**Sheila Block is a senior economist with the Canadian Centre for Policy Alternatives' Ontario office. Follow Sheila on Twitter: @Sheila_M_Block.**

## Karl Marx (5 May 1818-14 March 1883)



Red Salute to great leader of working class Karl Marx, who paved the path of emancipation of working class, on his death anniversary 14 March.,

Exploiting capitalist class crying for more than 100 years that Marxism is failed, it is no more but spectre of Marxism and scientific Socialism is haunting them continuosly. They r afraid of unity of working class because they know that this unity will dig out the grave of their exploitation based social system and will bury it. And that is why they r afraid of the leaders of working class.

Remembering Marx in that spirit which unites and rejuvenates workering class and haunts exploiters, capitalist class.

135th death anniversary of the great teacher and emancipater of the world proletariat.

# The students, teachers and employees of Punjabi University, Patiala joined

The students, teachers and employees of Punjabi University, Patiala joined together in very large numbers to form a human chain around arts and science blocks in the university campus to protest against Kathua and Unnao Gang Rape Cases. It was jointly organized by DSO, PSU, PSU (Lalkaar), SFI and AISF along with teaching, Non-teaching, and other employees of the university. After forming the human chain for almost an hour, the protesters gathered in the lawn at the back of Sri Guru Granth Sahib Bhawan



where representatives of student organizations, teachers and non teaching expressed their opinions on the issue. Dharamveer Gandhi, Member of Parliament, also joined the protest and addressed the gathering. The protest was followed by a Nukkad Natak. The organizers called for a united front against structural violence on universities, women, Dalits, minorities and tribals. Prof. Surjit (Dept of Punjabi), Prof Charanjeet Kaur (Dept of Punjabi), Prof Balwinder Singh Tiwana (Dept of Economics), Prof Joga Singh (Dept of Linguistics) and PS Dhillon (Non-teaching) were the main speakers along with speakers from the student organizations. Prof Monica (Dept of English) co-ordinated the event.

# Toll Lanes on Hwy 410 and 427- people of Brampton are absolutely stunned


Finance Minister Charles Sousa announced in May 2013 provincial budget that high occupancy vehicle toll lanes will more than double around the region— including possibly Hwy. 410.

Sousa said HOT lanes could raise between $200 million and $300 million. An earlier report on revenue tools for Metroline suggested they could raise $250 annually by 2020. Revenue for existing HOV lanes is about $25 million annually.

The flaw in Ontario with the population expected to grow significantly in the next 20 years, there won't be enough lane space in the HOV lanes to make them attractive.

Ontario NDP Leader Andrea Horwath disparaged the HOT lanes as "Lexus lanes" available only to those who can afford to pay. "The one thing (in the budget) that's supposed to be about transit isn't really about transit. It discourages people from taking transit and it creates Lexus lanes in the province," she said.

But Sousa says HOT lanes are about offering transportation alternatives. "We want to be able



to offer choice to those who choose to use them and pay for them," he said.

"The people of Brampton are being absolutely stunned," as this lane on 410 and 427 going to be open any time sooner and "It's not right." Hwy. 410 is already jammed solid in rush hour.

The Ontario government is telling people who wants to reach at their destination within limited time are facing problems. With the addition of a toll lane, many commuters will not be able to use that lane because of the fees being implement. This will lead to less traffic in the toll lane and heavy traffic in the other lanes, therefore eliminating a progress made by widening the highways. Taxes are collected from the residents to help fix our roads and widen highways when needed; recently an 8% increase on gasoline was implemented, but the government is creating new ways to take hard-earned money from public.

Where does all the money go? The population is increasing; more people are paying the taxes, why is the government looking for even more ways to take from its people said Kuldip Boparai who is planning to start petition to fight its public right? We are sending letters to Queens Park and all the area MPP's, Mayor and Councils said Harbans Singh who is a partner with Boparai , they requesting everyone to call and write to your councils , MPP's , Mayor to put a cap on this toll lane.

Recently, the Federal government gave billions of dollars to the Ontario government for the upgrading of the transportation infrastructure. Why are Brampton area federal members (MP) not asking the Ontario government to help with widening of both highway 410 and 427; why are the residents of Ontario still paying on top of their already high taxes for the widening of the highway Boparai added.

We are strongly opposing the planned toll on Highways 427 and 410 and we are not willing to let it go easily. Once the government implements this toll, there is no telling what else can be tolled. Hospital Emergency Services? Will people who can afford tolls get better services than ones will who cannot said Harbans Singh?

We are not in a position to use the heavily tolled Highway 407, even though the highway goes through Brampton. If it was more affordable to residents of the GTA, traffic could easily be lowered on our highways and streets.

When this new toll takes effect, we will not be in a position to use the extra lane the government has made to alleviate the traffic congestion, which brings us back to the traffic position we are in today.

**- Surjit Singh Flora**

# ਗ੍ਰਾਊਂਡ ਰਿਪੋਰਟ: ਕਠੂਆ ਵਿੱਚ ਜਿੱਥੇ ਰੇਪ ਹੋਇਆ ਉੱਥੇ ਹੁਣ ਕੀ ਹਨ ਹਾਲਾਤ ?



ਫ਼ੈਸਲ ਮੁਹੰਮਦ ਅਲੀ

ਕਠੂਆ ਦੇ ਇਸ ਪਿੰਡ ਦਾ ਉਹ ਘਰ ਬਿਲਕੁਲ ਖ਼ਾਲੀ ਹੈ। ਚੁੱਲ੍ਹਾ ਲਿੱਪ ਦਿੱਤਾ ਗਿਆ ਹੈ, ਦਰਵਾਜ਼ੇ 'ਤੇ ਲੱਗੇ ਤਾਲੇ ਉੱਤੇ ਲਾਲ ਧਾਗੇ ਵਾਲੀ ਹਰੀ ਤਾਬੀਜ਼ ਹੈ। ਸ਼ਾਇਦ ਘਰ ਦੀ ਹਿਫ਼ਾਜ਼ਤ ਦੀਆਂ ਦੁਆਵਾਂ ਦੇ ਨਾਲ।

ਪਰ ਦੁਆਵਾਂ ਉਸਦੀ ਹਿਫ਼ਾਜ਼ਤ ਨਾ ਕਰ ਸਕੀਆਂ ਜਾਂ ਸ਼ਾਇਦ ਬਦਦੁਆਵਾਂ ਵਿੱਚ ਅਸਰ ਵੱਧ ਸੀ।

ਪੁਲਿਸ ਮੁਤਾਬਕ ਅੱਠ ਸਾਲ ਦੀ ਉਸ ਬੱਚੀ ਨੂੰ ਦੇਵ ਸਥਾਨ (ਪੂਜਾ ਸਥਲ) ਵਿੱਚ ਕੈਦ ਰੱਖਿਆ ਗਿਆ। ਹਫ਼ਤਾ ਭਰ ਉਸਦੇ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ।

ਇੱਥੋ ਤੱਕ ਕਿ ਗਲਾ ਘੋਟ ਕੇ ਮਾਰੇ ਜਾਣ ਤੋਂ ਕੁਝ ਮਿੰਟ ਪਹਿਲਾਂ ਤੱਕ ਬਲਾਤਕਾਰ ਹੁੰਦਾ ਰਿਹਾ ਅਤੇ ਫਿਰ ਲਾਸ਼ ਜੰਗਲ ਵਿੱਚ ਸੁੱਟ ਦਿੱਤੀ ਗਈ।



10 ਜਨਵਰੀ ਨੂੰ ਲਾਪਤਾ ਹੋਣ ਤੋਂ ਲੈ ਕੇ 17 ਜਨਵਰੀ ਤੱਕ ਉਸਦਾ ਗਲਾ ਘੋਟਣ ਤੱਕ ਪੂਰਾ ਇੱਕ ਹਫ਼ਤਾ ਉਸ ਨੂੰ ਨਸ਼ੇ ਦੀ ਦਵਾਈ ਦਿੱਤੀ ਜਾਂਦੀ ਰਹੀ।

ਇਸ ਦੌਰਾਨ ਮੁਲਜ਼ਮਾਂ ਵਿੱਚੋਂ ਇੱਕ ਨੇ ਆਪਣੇ ਇੱਕ ਰਿਸ਼ਤੇਦਾਰ ਨੂੰ ਉੱਤਰ ਪ੍ਰਦੇਸ਼ ਤੋਂ ਇਹ ਕਹਿ ਕੇ ਬੁਲਾ ਲਿਆ ਕਿ 'ਆ ਜਾਓ ਜੇਕਰ ਮਜ਼ਾ ਲੈਣ ਹੈ ਤਾਂ'। ਜੱਜ ਦੇ ਸਾਹਮਣੇ ਪੇਸ਼ ਚਾਰਜਸ਼ੀਟ ਵਿੱਚ ਇਹ ਜਾਣਕਾਰੀ ਮੌਜੂਦ ਹੈ।

**ਕਰਾਇਮ ਬ੍ਰਾਂਚ 'ਤੇ ਭਰੋਸਾ ਨਹੀਂ ?**

ਪਰ ਗੱਲ ਇੱਥੇ ਨਹੀਂ ਰੁਕੀ। ਇੱਕ ਨਾਬਾਲਿਗ ਦੇ ਰੇਪ ਮਾਮਲੇ ਵਿੱਚ ਵੀ 'ਹਿੰਦੂ-ਮੁਸਲਮਾਨ' ਦਾ ਫ਼ਰਕ ਪੈਦਾ ਹੋ ਗਿਆ ਹੈ।

ਹਿੰਦੂ ਔਰਤਾਂ ਦਾ ਇੱਕ ਗਰੁੱਪ ਨੇੜੇ ਦੇ ਬਾਜ਼ਾਰ ਵਿੱਚ 13 ਦਿਨਾਂ ਤੋਂ ਵਰਤ 'ਤੇ ਬੈਠਾ ਹੈ। ਉਨ੍ਹਾਂ ਦੀ ਮੰਗ ਹੈ ਕਿ ਇਸਦੀ ਜਾਂਚ ਸੀਬੀਆਈ ਨੂੰ ਸੌਂਪੀ ਜਾਵੇ।





ਪਿੱਪਲ ਦੇ ਸੰਘਣੇ ਦਰਖ਼ਤ ਦੇ ਹੇਠਾਂ ਵਰਤ ਰੱਖ ਕੇ ਬੈਠੀਆਂ ਮਹਿਲਾਵਾਂ ਦੇ ਕੋਲ ਬੈਠੇ ਇੱਕ ਸਾਬਕਾ ਸਰਪੰਚ ਨੇ ਕਿਹਾ ਕਿ ਉਨ੍ਹਾਂ ਲੋਕਾਂ ਨੂੰ ਕਰਾਇਮ ਬ੍ਰਾਂਚ ਦੀ ਜਾਂਚ 'ਤੇ ਭਰੋਸਾ ਨਹੀਂ ਹੈ।

ਇਸਦਾ ਕਾਰਨ ਉਹ ਨਵੇਦ ਪੀਰਜ਼ਾਦਾ ਅਤੇ ਇਫ਼ਤਖ਼ਾਰ ਵਾਨੀ ਨੂੰ ਜਾਂਚ ਕਮੇਟੀ ਵਿੱਚ ਸ਼ਾਮਲ ਕੀਤੇ ਜਾਣ ਨੂੰ ਦੱਸਦੇ ਹਨ।

ਨਵੇਦ ਪੀਰਜ਼ਾਦਾ ਜੰਮੂ-ਕਸ਼ਮੀਰ ਕਰਾਇਮ ਬ੍ਰਾਂਚ ਵਿੱਚ ਡੀਐਸਪੀ ਹਨ। ਪਰ ਇਹ ਪੂਰੀ ਜਾਂਚ ਐਸਐਸਪੀ ਰਮੇਸ਼ ਜੱਲਾ ਦੀ ਦੇਖ-ਰੇਖ ਵਿੱਚ ਹੋ ਰਹੀ ਹੈ।

ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਜਾਂਚ ਕਮੇਟੀ ਦੇ ਮੁਖੀ ਤਾਂ ਕਸ਼ਮੀਰੀ ਪੰਡਿਤ ਹਨ ਤਾਂ ਵਰਤ 'ਤੇ ਬੈਠੀ ਇੱਕ ਔਰਤ ਮਧੂ ਗੁੱਸੇ ਵਿੱਚ ਕਹਿੰਦੀ ਹੈ, "ਉਨ੍ਹਾਂ ਨੂੰ (ਰਮੇਸ਼ ਜੱਲਾ) ਕੁਝ ਨਹੀਂ ਦੱਸਿਆ ਜਾਂਦਾ ਬਲਕਿ ਜਦੋਂ ਸਾਰੇ ਫ਼ੈਸਲੇ ਲੈ ਲਏ ਜਾਂਦੇ ਹਨ ਉਦੋਂ ਉਨ੍ਹਾਂ ਤੱਕ ਗੱਲ ਪਹੁੰਚਦੀ ਹੈ।"

**ਮੁਲਜ਼ਮ ਨੂੰ ਬਚਾਉਣ ਲਈ ਤਿਰੰਗੇ ਦੀ ਵਰਤੋਂ**

ਜੰਮੂ-ਕਸ਼ਮੀਰ ਦੇ ਪੁਲਿਸ ਮੁਖੀ ਐਸਪੀ ਵੈਦਿਆ ਨੇ ਕਿਹਾ,"ਜਦੋਂ ਸੂਬੇ ਦੀ ਪੁਲਿਸ ਅੱਤਵਾਦੀਆਂ ਨਾਲ ਨਿਪਟ ਸਕਦੀ ਹੈ ਤਾਂ ਇਸ ਕੇਸ ਦੀ ਜਾਂਚ ਕਿਉਂ ਨਹੀਂ ਕਰ ਸਕਦੀ ਹੈ।"

ਉੱਧਰ, ਕਸ਼ਮੀਰ ਦੇ ਇੱਕ ਨੌਜਵਾਨ ਨੇ ਸਾਡੇ ਤੋਂ ਪੁੱਛਿਆ ਕਿ ਜਦੋਂ ਇਹੀ ਪੁਲਿਸ ਕਸ਼ਮੀਰੀ ਕੱਟੜਪੰਥੀਆਂ ਤੋਂ ਨਿਪਟਦੀ ਹੈ ਤਾਂ ਬਾਕੀ ਲੋਕਾਂ ਨੂੰ ਲਗਦਾ ਹੈ ਕਿ ਸਭ ਠੀਕ ਹੈ, ਪਰ ਜੰਮੂ ਦੇ ਖੇਤਰ ਵਿੱਚ ਹੋਏ ਇੱਕ ਬਲਾਤਕਾਰ ਦੇ ਮਾਮਲੇ ਵਿੱਚ ਪੁਲਿਸ 'ਤੇ ਸਵਾਲ ਚੁੱਕ ਰਹੇ ਹਨ।

ਮੁੱਖ ਮੁਲਜ਼ਮ ਸਾਂਜੀ ਰਾਮ ਦੇ ਚਾਚਾ ਬਿਸ਼ਨਦਾਸ ਸ਼ਰਮਾ ਕਹਿੰਦੇ ਹਨ ਕਿ ਉਨ੍ਹਾਂ ਦੇ ਭਤੀਜੇ ਅਤੇ ਦੂਜੇ ਲੋਕਾਂ ਨੂੰ 'ਬਕਰਵਾਲਾ ਦੇ ਨੇਤਾ ਤਾਲਿਬ ਹੁਸੈਨ ਦੇ ਕਹਿਣ 'ਤੇ ਫਸਾਇਆ ਗਿਆ ਹੈ।'

ਤਾਲਿਬ ਹੁਸੈਨ ਨਾਲ ਦੁਸ਼ਮਣੀ ਦਾ ਕਾਰਨ ਪੁੱਛਣ 'ਤੇ ਉਨ੍ਹਾਂ ਨੇ ਕਿਹਾ ਕਿ ਉਹ ਉਸਦਾ ਮੂਲ ਕਾਰਨ ਨਹੀਂ ਦੱਸ ਸਕਦੇ 'ਕਿਉਂਕਿ ਉਦੋਂ ਉਹ ਫੌਜ ਨੌਕਰੀ ਕਾਰਨ ਬਾਹਰ ਸੀ।'

ਹਿੰਦੂ ਬਹੁਲ ਇਸ ਖੇਤਰ ਵਿੱਚ ਇਸ ਮਾਮਲੇ ਤੋਂ ਬਾਅਦ ਹਿੰਦੂ ਏਕਤਾ ਮੰਚ ਨਾਮ ਦਾ ਪੁਰਾਣਾ ਸੰਗਠਨ ਮੁੜ ਤੋਂ ਸਰਗਰਮ ਹੋ ਗਿਆ ਹੈ ਅਤੇ ਉਸਦੇ ਬੈਨਰ ਹੇਠ ਕਈ ਵਿਰੋਧ-ਪ੍ਰਦਰਸ਼ਨ ਵੀ ਹੋਏ ਹਨ ਜਿਨ੍ਹਾਂ ਵਿੱਚੋਂ ਕੁਝ ਲੋਕਾਂ ਦੇ ਹੱਥ ਵਿੱਚ ਝੰਡਾ ਵੀ ਸੀ।

ਇਸ ਨੂੰ ਲੈ ਕੇ ਮੀਡੀਆ ਦੇ ਇੱਕ ਹਿੱਸੇ ਵਿੱਚ ਸਵਾਲ ਵੀ ਉੱਠ ਰਹੇ ਹਨ ਕਿ ਰੇਪ ਦੇ ਮੁਲਜ਼ਮਾਂ ਦੇ ਬਚਾਅ ਵਿੱਚ ਹੋ ਰਹੇ ਇਸ ਪ੍ਰੋਗ੍ਰਾਮ ਵਿੱਚ ਭਾਰਤ ਦਾ ਝੰਡਾ ਕਿਵੇਂ ਵਰਤਿਆ ਗਿਆ।

ਸੋਸ਼ਲ ਮੀਡੀਆ ਵਿੱਚ ਕੁਝ ਥਾਵਾਂ 'ਤੇ ਰੇਪ ਅਤੇ ਦਾਦਰੀ ਦੇ ਅਖ਼ਲਾਕ ਬੀਫ਼ ਮਾਮਲੇ ਨੂੰ ਇੱਕੋ ਜਿਹਾ ਦੱਸਿਆ ਜਾ ਰਿਹਾ ਸੀ। ਕਿਉਂਕਿ ਅਖ਼ਲਾਕ ਦੇ ਕਤਲ ਦੇ ਮੁਲਜ਼ਮ ਦੀ ਮੌਤ ਤੋਂ ਬਾਅਦ ਉਸ ਨੂੰ ਨਰਿੰਦਰ ਮੋਦੀ ਸਰਕਾਰ ਦੇ ਮੰਤਰੀ ਦੇ ਸਾਹਮਣੇ ਤਿਰੰਗੇ ਵਿੱਚ ਲਪੇਟਿਆ ਗਿਆ ਸੀ।



**ਕੀ ਇਹ ਮਾਮਲਾ ਜ਼ਮੀਨ ਨਾਲ ਜੁੜਿਆ ਹੈ ?**

ਇੱਧਰ ਪੁਲਿਸ ਦੀ ਚਾਰਜਸ਼ੀਟ ਮੁਤਾਬਿਕ ਮੁੱਖ ਮੁਲਜ਼ਮ ਸਾਂਜੀ ਰਾਮ, ਬਕਰਵਾਲ ਭਾਈਚਾਰੇ ਦੇ ਇਸ ਇਲਾਕੇ ਵਿੱਚ ਵਸਣ ਦੇ ਵਿਰੋਧ ਵਿੱਚ ਸੀ ਅਤੇ ਪੀੜਤਾ ਦੇ ਪਰਿਵਾਰ ਨੂੰ ਜ਼ਮੀਨ ਵੇਚੇ ਜਾਣ ਦੇ ਖ਼ਿਲਾਫ਼ ਇੱਕ ਮਾਮਲਾ ਹਾਈਕੋਰਟ ਤੱਕ ਗਿਆ ਸੀ।

ਰਸਾਨਾ ਪਿੰਡ ਵਿੱਚ ਹਾਲ ਹੀ ਵਿੱਚ



ਤਿੰਨ ਬਕਰਵਾਲ ਪਰਿਵਾਰ ਨੇ ਆ ਕੇ ਘਰ ਬਣਾ ਲਿਆ ਹੈ। ਨੇੜੇ ਦੇ ਦੂਜੇ ਪਿੰਡਾਂ ਅਤੇ ਜ਼ਿਲ੍ਹਿਆਂ ਵਿੱਚ ਵੀ ਬਕਰਵਾਲ ਅਤੇ ਗੁੱਜਰ ਵਸਣ ਲੱਗੇ ਹਨ। ਮਵੇਸ਼ੀਆਂ ਨੂੰ ਚਰਾ ਕੇ ਗੁਜ਼ਾਰਾ ਕਰਨ ਵਾਲੇ ਇਹ ਲੋਕ ਮੁਸਲਮਾਨ ਹਨ ਜਦਕਿ ਅਜਿਹਾ ਹੀ ਇੱਕ ਭਾਈਚਾਰਾ ਗੱਦੀ ਹਿੰਦੂ ਧਰਮ ਨਾਲ ਸਬੰਧ ਰੱਖਦਾ ਹੈ।

ਬਿਸ਼ਨਦਾਸ ਸ਼ਰਮਾ ਕਹਿੰਦੇ ਹਨ, "ਅਸੀਂ ਲੋਕ ਬਕਰਵਾਲਾ ਅਤੇ ਗੁੱਜਰਾਂ ਨੂੰ ਕਦੇ ਚਰਾਈ ਲਈ ਜ਼ਮੀਨ ਨਹੀਂ ਦਿੰਦੇ ਸੀ। ਹਾਂ ਗੱਦੀਆਂ ਨੂੰ ਦੇ ਦਿੰਦੇ ਸੀ।"

ਪੀੜਤਾ ਦੇ ਪਿੰਡ ਅਤੇ ਕਠੂਆ ਵਿੱਚ ਸਾਨੂੰ ਇਹ ਦੱਸਿਆ ਗਿਆ ਕਿ ਜਿਸ ਦਿਨ ਪੀੜਤਾ ਦਾ ਚੌਥਾ ਹੋਇਆ, ਉਸ ਦਿਨ ਪਿੰਡ ਵਿੱਚ ਸੈਂਕੜੇ ਮੁਸਲਮਾਨ ਪਹੁੰਚ ਗਏ ਅਤੇ ਪਾਕਿਸਤਾਨ ਜ਼ਿੰਦਾਬਾਦ ਅਤੇ ਭਾਰਤ ਮੁਰਦਾਬਾਦ ਦੇ ਨਾਅਰੇ ਲਗਾਏ ਗਏ।

ਹੁਣ ਤੱਕ ਬਕਰਵਾਲਾਂ ਅਤੇ ਗੁੱਜਰਾਂ ਦਾ, ਜਿਨ੍ਹਾਂ ਨੂੰ ਸੂਬੇ ਵਿੱਚ ਅਨੁਸੂਚਿਤ ਜਨਜਾਤੀ ਵਿੱਚ ਮੰਨਿਆ ਜਾਂਦਾ ਹੈ, ਕਸ਼ਮੀਰ ਮਾਮਲੇ ਵਿੱਚ ਵੱਖਵਾਦੀਆਂ ਦਾ ਸਾਥ ਦੇਣ ਦਾ ਮਾਮਲਾ ਸਾਹਮਣੇ ਨਹੀਂ ਆਇਆ ਹੈ।

**'ਜਿੱਥੇ ਦੁਸ਼ਮਣ ਨਹੀਂ ਉੱਥੇ ਪੈਦਾ ਕਰ ਰਹੇ ਹਨ'**

ਕੱਟੜਪੰਥੀ ਵਿਚਾਰਧਾਰਾ ਨਾਲ ਜੁੜੇ ਇੱਕ ਸ਼ਖ਼ਸ ਕਹਿੰਦੇ ਹਨ ਕਿ ਇਹ ਅਜਿਹਾ ਮਾਮਲਾ ਹੈ ਜਿੱਥੇ ਕੋਈ ਦੁਸ਼ਮਣ ਨਾ ਹੋਵੇ ਤਾਂ ਉੱਥੇ ਪੈਦਾ ਕਰੋ।


ਜੰਮੂ ਵਿੱਚ ਕਾਨੂੰਨ ਦੀ ਪੜ੍ਹਾਈ ਕਰ ਰਹੇ ਕਠੂਆ ਨਿਵਾਸੀ ਧੀਰਜ ਬਿਸਮਿਲ ਕਹਿੰਦੇ ਹਨ ਕਿ ਜੰਮੂ ਅਤੇ ਕਸ਼ਮੀਰ ਘਾਟੀ ਦੇ ਵਿਚਾਲੇ ਦੀ ਖੱਡ ਜਿਹੜੀ ਹਮੇਸ਼ਾ ਤੋਂ ਮੌਜੂਦ ਰਹੀ ਹੈ ਉਹ ਇਸ ਮਾਮਲੇ ਤੋਂ ਬਾਅਦ ਹੋਰ ਵੀ ਵੱਡੀ ਹੋ ਗਈ ਹੈ।

ਧੀਰਜ ਬਿਸਮਿਲ ਪਹਿਲੇ ਵਾਲੀ ਸਿਆਸੀ ਖੱਡ ਨੂੰ ਹੁਣ ਸਮਾਜਿਕ ਮੁੱਦਿਆਂ ਵਿੱਚ ਵੀ ਦੇਖਦੇ ਹਨ।

ਪਰ ਉਨ੍ਹਾਂ ਮੁਤਾਬਕ ਇਹ ਖੱਡ ਅਤੇ ਹਿੰਦੂ-ਮੁਸਲਮਾਨ ਦਾ ਭੇਦ 2008 ਅਮਰਨਾਥ ਹੰਗਾਮੇ ਨਾਲ ਸ਼ੁਰੂ ਹੋਇਆ ਸੀ।



ਉਨ੍ਹਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਦੂਰੀਆਂ ਹੋਰ ਵਧਣ ਵਾਲੀਆਂ ਹਨ। "ਨਾਲ ਹੀ ਵਧੀਆਂ ਹਨ ਇਸ ਖੇਤਰ ਵਿੱਚ ਬੀਜੇਪੀ ਦੀਆਂ ਸੀਟਾਂ ਜਿਹੜੀਆਂ ਹੁਣ ਜੰਮੂ-ਕਸ਼ਮੀਰ ਦੀ ਸੱਤਾ ਵਿੱਚ ਹਿੱਸੇਦਾਰ ਹਨ।"



ਬੇਅੰਤ ਕੌਰ ਗਿੱਲ ਮੋਗਾ
94656-06210

# ਚੰਗੇ ਸਮਾਜ ਲਈ ਰੂੜੀਵਾਦੀ ਸੋਚ ਤਿਆਗਣੀ ਪਵੇਗੀ

ਨਿੱਤ ਦਿਹਾੜੇ ਵਾਪਰਦੀਆਂ ਰੇਪ ਵਰਗੀਆਂ ਘਟਨਾਵਾਂ ਕਿਸੇ ਵੀ ਸਮਾਜ ਲਈ ਘਾਤਕ ਹੁੰਦੀਆਂ ਹਨ। 'ਦਰਦ ਏ ਦਾਸਤਾਂ' ਬਿਆਨ ਕਰਨਾ ਉਦੋਂ ਬਹੁਤ ਹੀ ਦੁਖਦਾਈ ਹੁੰਦਾ ਹੈ,ਜਦੋਂ ਜਾਲਮ ਲੋਕ ਛੋਟੀਆਂ ਬੱਚੀਆਂ ਨੂੰ ਵੀ ਨਹੀਂ ਬਖਸ਼ਦੇ, ਕਦੇ ਸੱਤ ਸਾਲ ਦੀ ਬੱਚੀ, ਕਦੇ ਸੱਤ ਮਹੀਨੇ, ਕਦੇ-ਕਦੇ ਤਾਂ ਦੋ ਜਾਂ ਤਿੰਨ ਮਹੀਨਿਆਂ ਦੀਆਂ ਬੱਚੀਆਂ ਵੀ ਇਹਨਾਂ ਦਰਿੰਦਿਆਂ ਦੀ ਨਜਰੀ ਚੜ ਜਾਂਦੀਆਂ ਹਨ। ਭਾਵੇਂ ਇਹ ਲੋਕ ਨਸ਼ਈ ਹੋਣ ਜਾਂ ਪੂਰੀ ਹੋਸ਼ ਹਵਾਸ ਵਿੱਚ,ਗੱਲ ਤਾਂ ਬੱਚੀਆਂ ਤੇ ਹੋ ਰਹੇ ਜੁਲਮ ਦੀ ਹੈ। ਬੇਟੀ ਬਚਾਓ, ਬੇਟੀ ਪੜਾਓ ਤੇ ਕਦੇ ਨੰਨੀਆਂ ਛਾਵਾਂ ਦੀ ਰਾਖੀ ਕਰਦੀਆਂ ਸੰਸਥਾਵਾਂ ਆਖਰ ਇਸ ਸਭ ਦੇ ਬਾਅਦ ਵੀ ਚੁਪੀ ਕਿਉਂ ਧਾਰ ਲੈਂਦੀਆਂ ਹਨ ?ਸਰਕਾਰੀ ਲੋਕ ਨਾਅਰੇ ਲਗਾਉਂਦੇ ਹਨ ਕਿ ਉਹਨਾਂ ਦਰਿੰਦਿਆਂ ਨੂੰ ਚੁਰਸਤੇ ਵਿੱਚ ਮੌਤ ਦੀ ਸਜਾ ਦੇਣੀ ਚਾਹੀਦੀ ਹੈ ।ਕੋਈ ਸ਼ੱਕ ਨਹੀਂ ਅਜਿਹਾ ਹੋਣਾ ਚਾਹੀਦਾ ਹੈ ਪਰ ਇਹ ਸਭ ਹੋਣ ਤੋਂ ਪਹਿਲਾਂ ਕੁਝ ਸਖਤ ਕਨੂੰਨ ਕਿਉਂ ਨਹੀਂ ਬਣਦੇ ? ਅਸੀਂ ਉਦੋਂ ਹੀ ਬੋਲਦੇ ਹਾਂ ਜਦ ਕੋਈ ਨੰਨੀ ਪਰੀ ਜਾਨ ਗੁਵਾ ਚੁੱਕੀ ਹੁੰਦੀ ਹੈ। ਅਜਿਹੀਆਂ ਧੀਆਂ ਦੇ ਮਾਪੇ ਕਿਵੇਂ ਜਿਉਂਦੇ ਹੋਣਗੇ ? ਅਸੀਂ ਨਹੀਂ ਸੋਚਦੇ ਕਿਉਂਕਿ ਦੂਸਰੇ ਘਰ ਲੱਗੀ ਅੱਗ ਸਾਨੂੰ ਬੈਸੰਤਰ ਲੱਗਦੀ ਹੈ। ਸਿਰਫ ਇਹਨਾਂ ਦਰਿੰਦਿਆਂ ਨੂੰ ਸਜਾ ਦੇ ਦੇਣ ਨਾਲ ਹੀ ਮਸਲੇ ਹੱਲ ਨਹੀਂ ਹੋਣਗੇ। ਬਿਮਾਰ ਲੋਕਾਂ ਦਾ ਇਲਾਜ ਕਰਕੇ ਡਾਕਟਰ ਨੂੰ ਸੁਰਖਰੂ ਹੋ ਜਾਣ ਦਾ ਹੱਕ ਨਹੀਂ ਹੈ। ਬਿਮਾਰੀ ਕਿੱਥੋਂ ਆਈ ? ਕਿਵੇਂ ਆਈ ? ਕੀ ਕਿਸੇ ਵੀ ਡਾਕਟਰ ਨੂੰ ਇਸਦੀ ਤਹਿ ਤੱਕ ਨਹੀਂ ਜਾਣਾ ਚਾਹੀਦਾ ? ਮਲੇਰੀਏ ਅਤੇ ਡੇਂਗੂ ਵਰਗੀਆਂ ਬਿਮਾਰੀਆਂ ਹੋ ਜਾਣ ਤੋਂ ਬਾਅਦ ਸਪਰੇਅ ਛਿੜਕਣਾ ਸਾਡੇ ਜਿੰਮੇਵਾਰ ਅਹੁਦੇਦਾਰਾਂ ਦੇ ਹਿੱਸੇ ਆਇਆ ਹੈ। ਖੁਦਕੁਸ਼ੀ ਤੋਂ ਬਾਅਦ ਕਿਸਾਨਾਂ ਨੂੰ ਮਾਲੀ ਸਹਾਇਤਾ ਦੇ ਦੇਣਾ ਤੁਹਾਡੀ ਵਜ਼ੀਰੀ ਦਾ ਹਿੱਸਾ ਨਹੀਂ ਹੈ। ਸਮਝਣਾ ਪਵੇਗਾ,ਤਹਿ ਤੱਕ ਜਾਣਾ ਪਵੇਗਾ। ਆਖਿਰ ਜੜ੍ਹ ਕੀ ਹੈ ? ਇਲਾਜ ਜੜ੍ਹਾਂ ਤੋਂ ਕਰਨਾ ਪਵੇਗਾ। ਬੱਚੀਆਂ ਨਾਲ ਜਬਰ ਕਰਦੇ ਦਰਿੰਦੇ, ਇੱਕ ਦਿਨ ਵਿੱਚ ਦਰਿੰਦੇ ਨਹੀਂ ਬਣਦੇ,ਉਹਨਾਂ ਨੂੰ ਸਮਾਜ ਨੇ ਕਦੇ ਨਾ ਕਦੇ ਦੁਰਕਾਰਿਆ ਹੋਇਆ ਹੋ ਸਕਦਾ, ਮੈਂ ਅਜਿਹੇ

> ਵਹਿਸ਼ੀ ਲੋਕਾਂ ਦਾ ਸਮਾਜ ਵਿੱਚ ਹੋਣਾ ਖਤਰਨਾਕ ਮੰਨਦੀ ਹਾਂ। ਮਹਿਸੂਸ ਕਰਦੀ ਹਾਂ ਕਿ ਅਜਿਹਾ ਨਹੀਂ ਹੋਣਾ ਚਾਹੀਦਾ ਤੇ ਹਰਗਿਜ਼ ਨਹੀਂ ਹੋਣਾ ਚਾਹੀਦਾ, ਪਰ ਸਾਡਾ ਸਮਾਜ, ਸਾਡੀ ਅਫਸਰਸ਼ਾਹੀ ਵੀ ਇਹਨਾਂ ਗੁਨਾਹਾਂ ਵਿੱਚ ਬਰਾਬਰ ਦੀ ਹਿੱਸੇਦਾਰ ਹੈ। ਦੋ ਜਵਾਨ ਲੋਕਾਂ ਨੂੰ ਘੂਰਦੀਆਂ ਨਜਰਾਂ, ਪਾਰਕ ਵਿੱਚ ਦੋ ਗੈਰ ਇਨਸਾਨਾਂ ਨੂੰ ਆਪਸ ਵਿੱਚ ਬੋਲਦਿਆਂ-ਮਿਲਦਿਆਂ ਦੇਖ ਕਿਉਂ ਤਿਲਮਿਲਾਉਂਦੇ ਹਾਂ ਅਸੀਂ ? ਕਿਉਂ ਰੋਕਦੇ ਹਾਂ ਅਸੀਂ ਬਾਲਗ ਲੋਕਾਂ ਨੂੰ ਆਪਣੇ ਹਿੱਸੇ ਆਉਂਦੀ ਸਰੀਰਕ ਅਜ਼ਾਦੀ ਮਾਨਣ ਤੋਂ ? ਹਜ਼ਾਰਾਂ ਵਿਧਵਾਵਾਂ ਤੇ ਰੰਡੇਪਾ ਕੱਟ ਰਹੇ ਲੋਕ, ਤਲਾਕਸ਼ੁਦਾ ਜਵਾਨ ਔਰਤਾਂ ਅਤੇ ਮਰਦਾਂ ਨੂੰ ਅਸੀਂ ਕਿਉਂ ਨਹੀਂ ਅੱਜ ਤੱਕ ਹੱਕ ਦੇ ਸਕੇ ਆਪਣੀ ਜਿੰਦਗੀ ਨੂੰ ਮਾਨਣ ਦੇ ? ਹੋ ਸਕਦਾ ਮੈਂ ਗਲਤ ਹੋਵਾਂ ।ਪਰ ਸਾਡੀਆਂ ਲਗਾਈਆਂ ਹੋਈਆਂ ਬੰਦਸ਼ਾਂ ਜੁਲਮ ਵਿੱਚ ਵਾਧਾ ਕਰਦੀਆਂ ਹਨ ।ਇਹ ਸੱਚ ਹੈ ਕਿ ਲੁਕੀਆਂ ਹੋਈਆਂ ਚੀਜ਼ਾਂ ਜਾਂ ਸਥਿਤੀਆਂ ਨੂੰ ਵੇਖਣ ਦੀ ਲਾਲਸਾ ਇਨਸਾਨੀ ਬਿਰਤੀ ਵਿੱਚ ਜਿਆਦਾ ਪਾਈ ਗਈ ਹੈ ।ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜਦੇ ਬੱਚਿਆਂ ਨੂੰ ਅਸੀਂ ਇਕੱਠੇ ਦੇਖ ਕਿਉਂ ਨਜਰਾਂ ਨਾਲ ਘੂਰਦੇ ਹਾਂ ।ਜਦ ਬੰਦਸ਼ਾਂ ਵਿੱਚ ਨਰੜੇ ਲੋਕਾਂ ਨੂੰ ਥੋੜੀ ਜਿਹੀ ਵੀ ਛੋਟ ਮਿਲੇਗੀ ਤਾਂ ਉਹ ਆਪਣੀਆਂ ਜਰੂਰਤਾਂ ਪੂਰੀਆਂ ਕਰਨ ਅਤੇ ਜੁਲਮ ਨੂੰ ਲੁਕਾਉਣ ਲਈ ਅਜਿਹੇ ਕਾਰਨਾਮੇ ਕਰਨਗੇ ,ਜੋ ਅਸਹਿਣਯੋਗ ਹਨ। ਅਕਸਰ ਦੇਖਦੀ ਹਾਂ ਪਾਰਕਾਂ ਵਿੱਚ ਇੱਕਠੇ ਬੈਠੇ ਜਵਾਨ ਬੱਚਿਆਂ ਨੂੰ ਸਮਾਜ ਅਤੇ ਵਰਦੀਧਾਰੀ ਲੋਕਾਂ ਦੇ ਤਿੱਖੇ ਪ੍ਰਤੀਕਰਮ ਦਾ ਸਾਹਮਣਾ ਕਰਦਿਆਂ। ਜਦੋਂ ਅਸੀਂ ਉਹਨਾਂ ਜਵਾਨ ਬੱਚਿਆਂ ਨੂੰ ਇੱਕਠੇ ਬੈਠਣ ਵੀ ਨਹੀਂ ਦਿਆਂਗੇ ਤਾਂ ਉਹ ਕਿਤੇ ਦੂਰ ਭੱਜਣ ਦੀਆਂ ਸਾਜਿਸ਼ਾਂ ਰਚਣਗੇ। ਮਾਪਿਆਂ ਅਤੇ ਸਮਾਜ ਵੱਲੋਂ ਸਦਾ ਲਈ ਦੁਰਕਾਰੇ ਜਾਣਗੇ। ਅਜਿਹਾ ਮਾਹੌਲ ਬੱਚਿਆਂ ਜਾਂ ਨੌਜਵਾਨਾਂ ਨੇ ਨਹੀਂ ਬਣਾਇਆ, ਅਸੀਂ ਬਣਾਇਆ ਹੈ, ਖੁਦ ਅਸੀਂ। ਜਿਸ ਵਿੱਚ ਮੈਂ ਵੀ ਸ਼ਾਮਿਲ ਹਾਂ। ਇਹ ਜਾਣਦਿਆਂ ਹੋਇਆ ਵੀ ਕਿ ਕੁਦਰਤ ਨੇ ਆਦਮੀ ਅਤੇ ਔਰਤ ਨੂੰ ਅਧੂਰੇ ਬਣਾਇਆ ਹੈ। ਉਹਨਾਂ ਦੋਹਾਂ ਦਾ ਮਿਲਣਾ ਹੀ ਸੰਪੂਰਨਤਾ ਹੈ। ਫਿਰ ਵੀ ਅਸੀਂ ਮੁੰਡੇ, ਕੁੜੀਆਂ, ਧਰਮਾਂ, ਨਸਲਾਂ ਤੇ ਜਾਤਾਂ ਦੇ ਨਾਂ 'ਤੇ ਸਮਾਜ ਵਿੱਚ ਦੀਵਾਰਾਂ ਖੜ੍ਹੀਆਂ ਕਰ ਦਿੱਤੀਆਂ ਹਨ। ਮੈਂ ਭਾਵੇਂ ਵਿਆਹ ਤੋਂ ਪਹਿਲਾਂ ਸਰੀਰਕ ਸੰਬੰਧਾਂ ਦੇ ਹੱਕ ਵਿੱਚ ਨਹੀਂ ਹਾਂ। ਪਰ ਤੁਹਾਨੂੰ ਆਪਣੇ ਬੱਚਿਆਂ 'ਤੇ ਭਰੋਸਾ ਕਰਨਾ ਪਵੇਗਾ। ਸਮਾਜ ਤੇ ਪੁਲਿਸ ਨੂੰ ਬਦਲਣਾ ਪਵੇਗਾ ਆਪਣਾ ਰਵੱਈਆ। ਇੱਕ ਪਾਸੇ ਜਵਾਨ ਵਿਧਵਾ ਔਰਤਾਂ ਜਿਨ੍ਹਾਂ ਨੂੰ ਸਮਾਜ ਸਵੀਕਾਰ ਨਹੀਂ ਕਰਦਾ ਤੇ ਉਹ ਆਪਣੀਆਂ ਸਰੀਰਕ ਲੋੜਾਂ ਨੂੰ ਸਮਾਜ ਦੇ ਡਰੋਂ ਦਬਾਉਂਦੀਆਂ ਹਨ। ਦੂਸਰੇ ਪਾਸੇ ਨੌਜਵਾਨ ਆਪਣੀਆਂ ਲੋੜਾਂ ਦੀ ਪੂਰਤੀ ਲਈ ਦਰਿੰਦਗੀ ਦੀਆਂ ਹੱਦਾਂ ਪਾਰ ਕਰਦੇ ਹਨ ਤੇ ਛੋਟੀਆਂ ਬੱਚੀਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ ਤੇ ਖਤਮ ਕਰ ਦਿੰਦੇ ਹਨ ।ਤਾਂ ਜੋ ਉਨ੍ਹਾਂ ਦਾ ਗੁਨਾਹ ਲੁਕ ਸਕੇ। ਅਸੀਂ ਕਿਉਂ ਭੁੱਲ ਜਾਂਦੇ ਹਾਂ ਕਿ ਨੌਜਵਾਨਾਂ ਦੀਆਂ ਵੀ ਸਰੀਰਕ ਲੋੜਾਂ ਹਨ। ਜਿੰਨੀ ਦੇਰ ਸਮਾਜ ਉਹਨਾਂ ਦੀਆਂ ਲੋੜਾਂ ਵਿੱਚ ਅੜਿੱਕਾ ਬਣੇਗਾ, ਪਿਆਰੀਆਂ ਬਾਲੜੀਆਂ ਜੁਲਮ ਦਾ ਸ਼ਿਕਾਰ ਹੁੰਦੀਆਂ ਰਹਿਣਗੀਆਂ। ਇਹਨਾਂ ਨੰਨ੍ਹੀਆਂ ਪਰੀਆਂ ਨੂੰ ਬਚਾਉਣ ਲਈ ਸਾਨੂੰ ਬਦਲਣੇ ਪੈਣਗੇ ਸਾਡੇ ਰਵੱਈਏ, ਰੂੜੀਵਾਦੀ ਸੋਚ ਅਤੇ ਦੇਣੀ ਪਵੇਗੀ ਨੌਜਵਾਨ ਬੱਚਿਆਂ ਨੂੰ ਖੁੱਲ ਕੇ ਜਿਉਣ ਦੀ ਅਜ਼ਾਦੀ ।ਭਾਵੇਂ ਅਸੀਂ ਪੱਛਮੀ ਕਲਚਰ ਨੂੰ ਅਪਣਾਉਣ ਤੋਂ ਇਨਕਾਰੀ ਹਾਂ ਪਰ ਇਹ ਵੀ ਸੱਚ ਹੈ ਕਿ ਉਧਰ ਨੌਜਵਾਨ ਮੁੰਡੇ ਕੁੜੀਆਂ ਨੂੰ ਅਜ਼ਾਦੀ ਹਾਸਿਲ ਹੈ ਅਤੇ ਉਧਰ ਅਜਿਹੇ ਘਿਨਾਉਣੇ ਕਾਰਨਾਮੇ ਨਹੀਂ ਹੁੰਦੇ। ਅਜਿਹੀ ਅਜ਼ਾਦੀ ਮਿਲਣ ਨਾਲ ਨੌਜਵਾਨਾਂ ਦੇ ਮਸਤਕ ਵਿੱਚ ਘਟੀਆ ਵਿਚਾਰ ਨਹੀਂ ਆਉਣਗੇ।

ਪਰਦੇ ਦੀਆਂ ਪਰਤਾਂ-12

# ਵਿਸ਼ਵੀਕਰਨ ਦੇ ਦੌਰ ਵਿੱਚ ਧਰਮ ਆਧਾਰਿਤ ਹਿੰਦੀ ਸਿਨੇਮਾ


## ('ਉਹ ਮਾਈ ਗਾਡ' ਅਤੇ 'ਪੀ.ਕੇ' ਫਿਲਮਾਂ ਦੇ ਸੰਦਰਭ ਵਿੱਚ)




ਕੁਲਦੀਪ ਕੌਰ
98554-04330

ਆਧੁਨਿਕ ਦੌਰ ਵਿੱਚ ਮਨੁੱਖੀ ਹੋਂਦ ਦਾ ਕੋਈ ਵੀ ਹਿੱਸਾ ਵਿਸ਼ਵੀਕਰਣ ਤੋਂ ਅਛੂਤਾ ਨਹੀਂ ਰਿਹਾ। ਵਿਸ਼ਵੀਕਰਣ ਵਿੱਚ ਸੰਚਾਰ ਦੇ ਸਾਧਨਾਂ ਜਿਵੇਂ ਅਖਬਾਰਾਂ, ਰੇਡੀਓ, ਟੀ.ਵੀ, ਸਿਨੇਮਾ ਤੇ ਇੰਟਰਨੈਂਟ ਨੇ ਫੈਸਲਾਕੁੰਨ ਭੂਮਿਕਾ ਅਦਾ ਕੀਤੀ ਹੈ। ਸੂਚਨਾ-ਕ੍ਰਾਂਤੀ ਅਤੇ ਜਾਣਕਾਰੀ ਦੇ ਭੰਡਾਰਾਂ ਨੇ ਦੁਨੀਆਂ ਦੇ ਵੱਖ-ਵੱਖ ਖਿੱਤਿਆਂ, ਸੱਭਿਆਚਾਰਾਂ ਤੇ ਵਿਲੱਖਣਤਾਵਾਂ ਸਬੰਧੀ ਆਪਸੀ ਸਮਝ ਬਣਾਉਣ ਵਿੱਚ ਵੀ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇਸ ਦੇ ਨਾਲ ਹੀ ਵਿਸ਼ਵੀਕਰਣ ਨੇ ਮਨੁੱਖੀ ਸਮਾਜ ਦੇ ਮਹੱਤਵਪੂਰਨ ਪਹਿਲੂਆਂ ਜਿਵੇਂ ਫਲਸਫਾ, ਮਨੋਵਿਗਿਆਨ, ਧਰਮ ਤੇ ਤਰਕ-ਸ਼ਾਸਤਰ ਦੀ ਪੇਸ਼ਕਾਰੀ ਤੇ ਵਿਆਖਿਆ ਨੂੰ ਵੀ ਨਵੇਂ ਅਰਥ ਦਿੱਤੇ ਹਨ। ਸਿਨੇਮਾ ਜਨ-ਸੰਚਾਰ ਦਾ ਸਮਰੱਥ ਮਾਧਿਅਮ ਹੋਣ ਦੇ ਨਾਲ ਨਾਲ ਸਮਾਜਿਕ-ਧਾਰਮਿਕ ਵਰਤਾਰਿਆਂ ਅਤੇ ਪ੍ਰੰਪਰਾਵਾਂ ਦੇ ਪ੍ਰਚਾਰ ਤੇ ਪ੍ਰਸਾਰ ਦਾ ਜ਼ਰੀਆਂ ਵੀ ਬਣਦਾ ਰਿਹਾ ਹੈ। ਵਿਸ਼ਵ-ਪੱਧਰ ਤੇ ਸਿਨੇਮਾ ਦੀ ਸ਼ੁਰੂਆਤ ਤੋਂ ਹੀ ਧਰਮ ਬਹੁਤ ਸਾਰੀਆਂ ਫਿਲਮਾਂ ਦਾ ਆਧਾਰ ਬਣਦਾ ਰਿਹਾ ਹੈ। ਭਾਰਤੀ ਸਿਨੇਮਾ ਦੀ ਪਹਿਲੀ ਫਿਲਮ 'ਰਾਜਾ ਹਰੀਸ਼ ਚੰਦਰ' (1913) ਤੋਂ ਲੈਕੇ





ਅੱਜ ਤੱਕ ਧਰਮ ਤੇ ਮਿਥਿਹਾਸ ਸਿਨੇਮਾ ਵਿੱਚ ਬਹੁਤ ਸਾਰੀਆਂ ਫਿਲਮੀ ਪਟਕਥਾਵਾਂ ਦਾ ਆਧਾਰ ਬਣਦਾ ਰਿਹਾ ਹੈ। ਵਿਸ਼ਵ ਸਿਨੇਮਾ ਦੀ ਤਰਜ਼ ਤੇ ਹਿੰਦੀ ਸਿਨੇਮਾ ਵਿੱਚ ਵੀ ਧਰਮ ਨੂੰ ਕਈ ਫਿਲਮਾਂ ਦੇ ਕੇਂਦਰੀ-ਧੁਰੇ ਦੇ ਤੌਰ 'ਤੇ ਪ੍ਰਸਤੁਤ ਕੀਤਾ ਗਿਆ ਹੈ। ਵਿਸ਼ਵੀਕਰਣ ਦੇ ਦੌਰ ਨੇ ਧਰਮ ਦੇ ਸੰਸਥਾਤਮਿਕ ਰੂਪ ਤੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਹਨ। ਵੱਖ-ਵੱਖ ਅਧਿਐਨ ਇਸ ਸਾਬਿਤ ਕਰਦੇ ਹਨ ਕਿ ਧਰਮ ਦਾ ਮੌਜੂਦਾ ਸਰੂਪ ਵਪਾਰਿਕ ਅਤੇ ਸ਼ੌਸ਼ਣ ਕਰਨ ਵਾਲਾ ਹੈ। ਇਸ ਵਿਚਾਰ







ਚਰਚਾ ਲਈ ਹਿੰਦੀ ਫਿਲ਼ਮਾਂ 'ਓਹ ਮਾਈ ਗਾਡ' ਅਤੇ 'ਪੀ.ਕੇ' ਦੀ ਚੋਣ ਕੀਤੀ ਗਈ ਹੈ ਜਿਸ ਦਾ ਆਧਾਰ ਇਹਨਾਂ ਫਿਲ਼ਮਾਂ ਦੀ ਰਿਲ਼ੀਜ਼ ਸਮੇਂ ਹੋਏ ਵਿਵਾਦਾਂ ਅਤੇ 'ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ' ਦੇ ਇਲਜ਼ਾਮਾਂ ਦੀਆਂ ਖਬਰਾਂ ਨੂੰ ਬਣਾਇਆ ਗਿਆ ਹੈ। ਇਹ ਪਰਚਾ 2103 ਵਿੱਚ ਰਿਲੀਜ਼ ਹੋਈ ਫਿਲਮ 'ਓਹ ਮਾਈ ਗਾਡ' ਅਤੇ 2014 ਵਿੱਚ ਰਿਲੀਜ਼ ਹੋਈ ਫਿਲਮ 'ਪੀ.ਕੇ' ਵਿੱਚ ਧਰਮ ਦੀ ਪੇਸ਼ਕਾਰੀ ਦੇ ਤਰੀਕਿਆਂ ਦੀ ਪੜਚੋਲ਼ ਤੇ ਆਧਾਰਿਤ ਹੈ ਜਿਸ ਰਾਹੀ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਫਿਲਮਸ਼ਾਜਾਂ ਨੇ ਇਹਨਾਂ ਫਿਲਮਾਂ ਵਿੱਚ ਧਰਮ ਦੀ ਧਾਰਨਾ ਅਤੇ ਧਰਮ ਨੂੰ ਵਿਚਾਰਧਾਰਕ ਤੌਰ 'ਤੇ ਕਿਵੇਂ ਪੇਸ਼ ਕੀਤਾ? ਇਸ ਪੇਸ਼ਕਾਰੀ ਨਾਲ ਖੜ੍ਹੇ ਹੋਏ ਵਿਵਾਦਾਂ ਦਾ ਆਧਾਰ ਕੀ ਸੀ? ਇਸ ਧਾਰਨਾ ਦੀ ਪੇਸ਼ਕਾਰੀ ਨੂੰ ਸਮਝਣ ਲਈ ਨਿਰਧਾਰਤ ਫਿਲਮਾਂ 'ਉਹ ਮਾਈ ਗਾਡ' ਅਤੇ 'ਪੀ.ਕੇ' ਦੇ ਵਿਸ਼ਾ-ਵਸਤੂ, ਕਹਾਣੀ, ਸੁਨੇਹੇ, ਕਿਰਦਾਰਾਂ ਅਤੇ ਪਟਕਥਾ ਨੂੰ ਘੋਖਿਆ ਗਿਆ ਹੈ।

ਦਸੰਬਰ 1895 ਨੂੰ ਜਦੋਂ ਲਿਊਮੀਅਰ ਭਰਾਵਾਂ ਨੇ ਆਪਣੀ ਪਹਿਲੀ ਫਿਲਮ ਦਾ ਪਹਿਲਾ ਸ਼ੋਅ ਦਿਖਾਇਆ ਤਾਂ ਦਰਸ਼ਕ ਜੀਸਸ ਕ੍ਰਾਈਸਟ ਨੂੰ ਪਰਦੇ ਤੇ ਚਲਦੇ-ਫਿਰਦੇ ਦੇਖਕੇ ਹੈਰਾਨ ਹੋ ਗਏ। ਉਸ ਸ਼ੋਅ ਤੋਂ ਬਾਅਦ ਵਿਸ਼ਵ-ਸਿਨੇਮਾ ਵਿੱਚ ਧਰਮ ਨੂੰ ਅਧਾਰ ਬਣਾਕੇ ਹਜ਼ਾਰਾਂ ਫਿਲਮਾਂ ਬਣੀਆ ਹਨ। ਸਿਨੇਮਾ ਚਿੰਤਕ ਆਂਦਰੇ ਬਜ਼ੇਨ ਦੇ ਕਥਨ ਅਨੁਸਾਰ, 'ਸਿਨੇਮਾ ਦੀ ਤਾਂ ਹਮੇਸ਼ਾ ਹੀ ਧਰਮ ਵਿੱਚ ਦਿਲਚਸਪੀ ਰਹੀ ਹੈ"। ਜੀਸਸ ਤੋਂ ਬਿਨਾਂ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਦੇ ਫਿਲਮਸ਼ਾਜ਼ਾਂ ਨੇ ਧਰਮ ਅਤੇ ਧਾਰਮਿਕ ਸ਼ਖਸ਼ੀਅਤਾਂ ਦੀ ਜ਼ਿੰਦਗੀ ਤੇ ਸਿੱਖਿਆਵਾਂ ਨੂੰ ਫਿਲਮਾਂ ਦੀ ਪਟਕਥਾ ਲਿਖਣ ਲਈ ਵਰਤਿਆ ਹੈ।

ਸਿਨੇਮਾ ਅਤੇ ਧਰਮ ਦੇ ਆਪਸੀ ਰਿਸ਼ਤੇ ਨੂੰ ਸਮਝਣ ਲਈ ਤਿੰਨ ਧਾਰਨਾਵਾਂ ਮਹੱਤਵਪੂਰਣ ਮੰਨੀਆ ਜਾਂਦੀਆਂ ਹਨ। ਪਹਿਲੀ ਧਾਰਨਾ ਹੈ, 'ਫਿਲਮ ਵਿੱਚ ਧਰਮ' ਜਿਸ ਅਨੁਸਾਰ ਕਿਸੇ ਫਿਲਮ ਵਿੱਚ ਧਰਮ ਨਾਲ ਜੁੜੇ ਮੁੱਦਿਆਂ/ਵਿਸ਼ਵਾਸ਼ਾਂ/ਰਵਾਇਤਾਂ/ਕਰਮ-ਕਾਡਾਂ ਨੂੰ ਫਿਲਮ ਦੇ ਵਿਸ਼ਾ-ਵਸਤੂ ਵਿੱਚ ਕਿਵੇਂ ਫਿਲਮਾਇਆ ਜਾਂਦਾ ਹੈ, ਉਸ ਦਾ ਅਧਿਐਨ ਕਰਨਾ। ਦੂਜੀ ਧਾਰਨਾ ਹੈ, 'ਫਿਲਮ ਧਰਮ ਤੇ ਤੌਰ ਤੇ' ਜਿਸ ਅਨੁਸਾਰ ਫਿਲਮ ਅਤੇ ਧਰਮ ਵਿੱਚਕਾਰ ਪਾਈਆ ਜਾਂਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਦੀ ਘੋਖ ਕੀਤੀ ਜਾਂਦੀ ਹੈ। ਤੀਸਰੀ ਧਾਰਨਾ ਵਿੱਚ 'ਫਿਲਮ ਅਤੇ ਦਰਸ਼ਕ' ਦੇ ਆਪਸੀ ਰਿਸ਼ਤੇ ਦੀ ਪੜ੍ਹਚੋਲ ਕੀਤੀ ਜਾਂਦੀ ਹੈ

ਭਾਰਤ ਵਿੱਚ ਸਿਨੇਮਾ ਬਸਤੀਵਾਦੀ ਦੌਰ ਵਿੱਚ ਸ਼ੁਰੂ ਹੋਇਆ ਪਰ ਇਸ ਵਿੱਚ ਸ਼ਾਮਿਲ ਫਿਲਮਾਂ ਦਾ ਵਿਸ਼ਾਂ-ਵਸਤੂ ਅਤੇ ਪਟਕਥਾ ਭਾਰਤੀ ਇਤਿਹਾਸ ਅਤੇ ਮਿਥਿਹਾਸ ਦੇ ਘੇਰਿਆਂ ਦੇ ਅੰਦਰ ਹੀ ਵਿਚਰਦੀ ਰਹੀ।ਭਾਰਤ ਵਿੱਚ ਸਿਨੇਮਾ ਨੇ ਮੂਲ ਰੂਪ ਵਿੱਚ ਭਾਰਤੀ ਜਨਤਾ ਦੇ ਦਿਲੋਂ-ਦਿਮਾਗਾਂ ਅੰਦਰ 'ਭਾਰਤੀ ਰਾਸ਼ਟਰ' ਅਤੇ 'ਭਾਰਤੀ ਧਰਮ' ਦੀਆਂ ਧਾਰਨਾਵਾਂ ਬਣਾਉਣ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਈ ਹੈ। ਭਾਰਤੀ ਸਿਨੇਮਾ ਵਿੱਚ ਸਮੇਂ-ਸਮੇਂ ਤੇ ਅਜਿਹੀਆਂ ਅਨੇਕਾਂ ਫਿਲ਼ਮਾਂ ਬਣੀਆਂ ਹਨ ਜਿਹਨਾਂ ਵਿੱਚ ਧਾਰਮਿਕ ਰੀਤੀ-ਰਿਵਾਜਾਂ, ਧਾਰਮਿਕ ਭਾਈਚਾਰਾ, ਧਾਰਮਿਕ ਭਾਵਨਾਵਾਂ ਅਤੇ ਧਰਮ ਦੀ ਮਨੁੱਖੀ ਜੀਵਨ ਵਿੱਚ ਸਾਰਥਿਕਤਾ ਨੂੰ ਸੰਗੀਤ ਅਤੇ ਢੁੱਕਵੀਂ ਦ੍ਰਿਸ਼ਾਂਵਲੀ ਨਾਲ ਫਿਲਮਾਇਆ ਗਿਆ ਹੈ।

2013 ਵਿੱਚ ਰਿਲੀਜ਼ ਹੋਈ ਫਿਲਮ 'ਉਹ ਮਾਈ ਗਾਡ' ਧਰਮ ਦੀ ਸੰਸਥਾ ਤੇ ਤਿੱਖਾ ਵਿਅੰਗ ਕਰਦੀ ਹੈ। ਫਿਲਮ ਦੀ ਕਹਾਣੀ ਗੁਜਰਾਤੀ ਭਾਸ਼ਾਂ ਦੇ ਨਾਟਕ, 'ਕਾਂਝੀ ਵਿਰੁੱਧ ਕਾਂਜੀ 'ਤੇ ਆਧਾਰਿਤ ਹੈ। ਫਿਲਮ ਪੁਰਾਣੀਆਂ ਕਲਾਤਮਿਕ ਵਸਤਾਂ ਜਿਹਨਾਂ ਵਿੱਚ ਰੱਬ ਦੀਆਂ ਮੂਰਤੀਆਂ ਵੀ ਸ਼ਾਮਲ ਹਨ, ਦੇ ਥੋਕ ਦੇ ਵਪਾਰੀ ਕਾਂਝੀਲਾਲ ਮਹਿਤਾ ਦੀ ਧਰਮ ਦੇ ਵਪਾਰੀਕਰਣ ਅਤੇ ਗਲਤ ਵਿਆਖਿਆਂ ਨਾਲ ਟਕਤਾਉ ਤੇ ਆਧਾਰਿਤ ਹੈ। ਭੂਚਾਲ ਕਰਨ ਢਹਿ ਗਈ ਆਪਣੀ ਦੁਕਾਨ ਦੀ ਤਬਾਹੀ ਲਈ ਰੱਬ ਨੂੰ ਜ਼ਿੰਮੇਵਾਰ ਠਹਿਰਾਕੇ ਕਾਂਜੀ ਅਦਾਲਤ ਵਿੱਚ ਰੱਬ ਤੇ ਮਕੁੱਦਮਾ ਕਰ ਦਿੰਦਾ ਹੈ। ਉਸਦੀ ਦਲੀਲ ਬਿਲਕੁੱਲ ਸ਼ਪਸ਼ੱਟ ਹੈ ਕਿ ਉਸ ਦੀ ਦੁਕਾਨ ਦਾ ਮੁਆਵਜ਼ਾ ਥਾਂ-ਥਾਂ ਤੇ ਖੁੱਲੇ 'ਰੱਬ ਦੇ ਘਰਾਂ' ਨੂੰ ਅਦਾ ਕਰਨਾ ਚਾਹੀਦਾ ਹੈ ਕਿਉਂਕਿ ਉਹ ਹੀ ਆਮ ਜਨਤਾ ਅਤੇ ਰੱਬ ਦੇ ਵਿਚਕਾਰ ਮਾਧਿਅਮ ਦਾ ਕੰਮ ਕਰਦੇ ਹਨ। ਇਸ ਮਾਧਿਅਮ ਦੀ ਆੜ ਵਿੱਚ ਐਸ਼ਪ੍ਰਸਤੀ ਦੀ ਜ਼ਿੰਦਗੀ ਜਿਉਂ ਰਹੇ ਅਤੇ ਰੱਬੀ ਗਿਆਨ ਤੋਂ ਕੋਰੇ ਪੰਡਿਤਾਂ ਅਤੇ ਉਹਨਾਂ ਦੇ ਚੇਲਿਆਂ ਨੂੰ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ।ਉਹ ਆਪਣੇ ਸਿਆਸੀ ਪ੍ਰਭੂਆਂ ਦੇ ਸਹਾਰੇ ਕਾਂਜੀ ਦੀ ਜ਼ਿੰਦਗੀ ਨਰਕ ਬਣਾ ਦਿੰਦੇ ਹਨ। ਅੱਧ ਤੋਂ ਬਾਅਦ ਫਿਲਮ ਕਮਜ਼ੋਰ ਪੈ ਕੇ ਰੱਬ ਦੀ ਮੌਜੂਦਗੀ ਦੀ ਤਸਦੀਕ ਕਰ ਦਿੰਦੀ ਹੈ। ਇਸ ਦੇ ਬਾਵਜੂਦ ਫਿਲਮ ਦੀ ਸਫਲਤਾ ਧਰਮ ਨੂੰ 'ਵਿਸ਼ਵਾਸ਼ ਦੇ ਤੌਰ 'ਤੇ ਅਤੇ ਧਰਮ ਨੂੰ ਇੱਕ 'ਉਪਰੀ ਬਾਣੇ ਦੇ ਤੌਰ ਤੇ' ਦਰਸ਼ਕਾਂ ਨਾਲ ਸੰਵਾਦ ਰਚਾਉਣ ਵਿੱਚ ਪਈ ਹੈ। ਫਿਲਮ ਦੇ ਕੇਂਦਰੀ ਧੁਰਾ ਧਰਮ ਨੂੰ ਵਿਅਕਤੀ ਦੇ ਨਿੱਜੀ ਮਸਲੇ ਦੇ ਤੌਰ ਤੇ ਸਥਾਪਿਤ ਕਰਣਾ ਹੈ।

ਫਿਲਮ ਧਰਮ ਦੇ ਨਾਮ ਤੇ ਧਰਮ ਗੁਰੂਆਂ ਦੀ ਲਾਲਸਾ ਅਤੇ ਪਾਖੰਡ ਨੂੰ ਨੰਗਿਆ ਕਰਦੀ ਹੈ। ਫਿਲਮ ਵਿੱਚ ਹਰ ਧਰਮ ਦੀਆਂ ਖੋਖਲੀਆਂ ਰਸਮਾਂ ਤੇ ਸਵਾਲ ਚੁੱਕਿਆਂ ਗਿਆ ਹੈ ਜਿਵੇਂ ਕਿ-

-ਧਰਮ ਅਸਥਾਨਾਂ ਦੀ ਆਮਦਨ ਦਾ ਕੋਈ ਵੇਰਵਾ ਜਨਤਕ ਕਿਉਂ ਨਹੀ ਕੀਤਾ ਜਾਂਦਾ ਜਦਕਿ ਹਰ ਸੰਸਥਾ ਦੀ ਤਰ੍ਹਾਂ ਧਾਰਮਿਕ ਸੰਸਥਾ ਵੀ ਆਰਥਿਕ ਸਿਧਾਤਾਂ ਤੇ ਹੀ ਕੰਮ ਕਰਦੀ ਹੈ।

-ਜੇਕਰ ਧਰਮ ਅਸਥਾਨ ਰੱਬ ਦੇ ਘਰ ਹਨ ਤਾਂ ਉੱਥੇ ਕੁਝ ਲੋਕਾਂ ਲਈ ਉਚੇਚ ਕਿਉਂ ਕੀਤੀ ਜਾਂਦੀ ਹੈ ਜਦਕਿ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਭੇਦਭਾਵ ਕੀਤਾ ਜਾਂਦਾ ਹੈ।

-ਧਾਰਮਿਕ ਸੰਸਥਾਵਾਂ ਸਮਾਜਿਕ ਵੰਡੀਆਂ ਪ੍ਰਤੀ ਸ਼ੰਵੇਦਨਸ਼ੀਲ ਨਾ ਹੋਕੇ ਖੁਦ ਵੀ ਸ਼ੌਸ਼ਣ-ਕਰਤਾ ਦਾ ਰੂਪ ਧਾਰ ਲੈਂਦੀਆਂ ਹਨ।

-ਕੀ ਧਾਰਮਿਕ ਸੰਸਥਾ ਤੋਂ ਨਿਰਾਸ਼ ਤੇ ਬੇਮੁੱਖ ਲੋਕਾਂ ਲਈ ਕੋਈ ਸਮਾਜਿਕ ਢਾਹਰ ਨਹੀਂ?

-ਕੀ ਧਰਮ ਵੀ ਇੱਕ ਸੱਤਾ ਹੀ ਹੈ ਜੋ ਸਿਆਸੀ ਸੱਤਾ ਨੂੰ ਸਮਾਜਿਕ ਤੌਰ ਤੇ ਨੈਤਿਕ ਮਨਜ਼ੂਰੀ ਦਿਵਾਉਣ ਲਈ 'ਵਿਸ਼ਵਾਸ਼' ਦੇ ਸੰਦ ਦੀ ਸਹਾਇਤਾ ਲੈਂਦੀ ਹੈ।

ਫਿਲਮ ਵਿੱਚ ਫਿਲਮਸ਼ਾਜ਼ ਉਪਰੋਕਤ ਵਰਤਾਰਿਆਂ ਅਤੇ ਰਿਵਾਇਤਾਂ ਸਬੰਧੀ ਧਾਰਮਿਕ ਚਿੰਨ੍ਹਾਂ ਅਤੇ ਸੰਕੇਤਾਂ ਦੀ ਵਰਤੌਂ ਕਰਦਾ ਹੈ। ਉਹ ਕੈਮਰੇ ਦੀ ਅੱਖ ਰਾਹੀ ਅਤੇ ਧਾਰਮਿਕ ਆਗੂਆਂ ਦੇ ਵਿਵਹਾਰ ਰਾਹੀ ਉਪਰੋਕਤ ਸਵਾਲਾਂ ਦੇ ਜਵਾਬ ਤਲਾਸ਼ਦਾ ਹੈ। ਉਦਾਹਰਣ ਦੇ ਤੌਰ ਤੇ ਨਿਮਨਲ਼ਿਖਤ ਸੰਵਾਦ ਦੇਖੇ ਜਾ ਸਕਦੇ ਹਨ-

'ਜਹਾਂ ਧਰਮ ਹੈ ਵਹਾਂ ਸੱਤਿਆ ਕੀ ਜਗਹ ਨਹੀਂ ਹੈ, ਔਰ ਜਹਾਂ ਸੱਤਿਆ ਹੈ ਵਹਾਂ ਧਰਮ ਕੀ ਜ਼ਰੂਰਤ ਹੀ ਨਹੀਂ।'


'ਹਨੂੰਮਾਨ ਇਤਨੀ ਚਿੱਲਰ ਕਾ ਕਿਆ ਕਰੇਗੇਂ?'

'ਯੇ ਲੋਗ ਮੁਝੇ ਭਗਵਦ ਗੀਤ ਸਿਖਾਏਗੇਂ? ਇਨ ਲੋਗੋਨ ਕੀ ਆਈ ਕਿਊ ਰੂਮ ਟੈਪਰੇਚਰ ਸੇ ਭੀ ਕਮ ਹੈ'

ਇਸ ਫਿਲਮ ਦਾ ਅੰਤ ਕਾਲਪਨਿਕ ਅਤੇ ਉਪਦੇਸ਼ਾਤਮਿਕ ਹੋਣ ਦੇ ਬਾਵਜੂਦ ਫਿਲਮ ਦਰਸ਼ਕਾਂ ਨੂੰ ਇਹ ਸੁਨੇਹਾ ਦੇਣ ਵਿਚ ਕਾਮਯਾਬ ਰਹਿੰਦੀ ਹੈ ਕਿ ਵਿਸ਼ਵੀਕਰਣ ਦੇ ਮੌਜੂਦਾ ਦੌਰ ਵਿਚ ਧਰਮ ਦੀਆਂ ਵੇਲਾ-ਵਿਹਾ ਚੁੱਕੀਆਂ ਰਸਮਾਂ ਅਤੇ ਧਾਰਨਾਵਾਂ ਨਾਲ ਸੰਵਾਦ ਰਚਾਉਣਾ ਜ਼ਰੂਰੀ ਹੈ। ਫਿਲਮ ਧਰਮ ਨੂੰ ਤਰਕ ਅਤੇ ਦਲੀਲ ਨਾਲ ਜੋੜਣ ਦੇ ਕੇਂਦਰੀ ਨੁਕਤੇ ਦੇ ਦੁਆਲੇ ਘੁੰਮਦੀ ਹੈ।

ਦੂਜੀ ਫਿਲਮ 'ਪੀ.ਕੇ' ਸੰਨ 2014 ਵਿੱਚ ਰਿਲੀਜ਼ ਹੋਈ। ਇਸ ਫਿਲਮ ਨਾਲ ਜੁੜੇ ਹੋਏ ਵਿਵਾਦ ਜ਼ਿਆਦਾ ਤਿੱਖੇ ਸਨ। ਇਸ ਫਿਲਮ ਲਈ ਫਿਲਮਸ਼ਾਜ਼ ਨੇ ਬਿਲਕੁੱਲ ਵੱਖਰੀ ਤਰ੍ਹਾਂ ਦੀ ਪਟਕਥਾਂ ਦੀ ਚੋਣ ਕੀਤੀ। ਫਿਲਮ ਦੀ ਪਟਕਥਾ ਆਮ ਲੋਕਾਂ ਦੀ ਜੀਵਨ-ਜਾਂਚ ਵਿੱਚ ਗੁੰਨੀ ਤੇ ਪਰੋਈ ਧਾਰਮਿਕ ਚੇਤਨਾ ਨੂੰ ਆਲੋਚਨਾਤਲਿਮ ਢੰਗ ਨਾਲ ਸੰਬੋਧਿਤ ਹੁੰਦੀ ਹੈ। ਫਿਲਮਸ਼ਾਜ਼ ਇਸ ਫਿਲਮ ਲਈ ਇੱਕ ਅਨੋਖੇ ਕਿਰਦਾਰ ਦੀ ਰਚਨਾ ਕਰਦਾ ਹੈ ਜਿਸ ਦਾ ਨਾਮ ਪੀ.ਕੇ ਹੈ ਅਤੇ ਜੋ ਗਲਤੀ ਨਾਲ ਆਪਣੇ ਗ੍ਰਹਿ ਤੋਂ ਵਿਛੜਕੇ ਧਰਤੀ ਤੇ ਆ ਗਿਆ ਹੈ। ਫਿਲਮਸ਼ਾਜ਼ ਉਸ ਨੂੰ ਇੱਕ ਕੋਰੀ ਸਲੇਟ ਦੀ ਤਰ੍ਹਾਂ ਪੇਸ਼ ਕਰਦਾ ਹੈ ਜਿਹੜਾ ਧਰਮ ਦੇ ਵਪਾਰੀਕਰਣ ਅਤੇ ਤਰਕਹੀਣਤਾ ਤੇ ਸਵਾਲ ਖੜ੍ਹੇ ਕਰਦਾ ਹੈ।

ਇਸ ਫਿਲਮ ਨੂੰ ਰਾਜੂ ਹਿਰਾਨੀ ਦੀ ਸੁਪਰਹਿੱਟ ਫਿਲਮ 'ਥ੍ਰੀ ਈਡੀਅਟਜ਼'ਨਾਲ ਜੋੜ੍ਹਕੇ ਵੀ ਪੜਿਆਂ ਜਾ ਸਕਦਾ ਹੈ।'ਥ੍ਰੀ ਈਡੀਅਟਜ਼' ਦੇ ਇੱਕ ਦ੍ਰਿਸ਼ ਵਿੱਚ ਇੰਜਨੀਅਰਿੰਗ (ਆਧੁਨਿਕ ਗਿਆਨ) ਦਾ ਪੈਪਰ ਦੇਣ ਜਾ ਰਹੇ ਵਿਦਿਆਰਥੀਆਂ ਨੂੰ 'ਪਾਸ' ਹੋਣ ਲਈ ਰੱਬ ਨਾਲ ਡੀਲ ਕਰਦਿਆਂ ਦਿਖਾਇਆ ਗਿਆ ਹੈ।ਕੋਈ ਉਸ ਦੀ ਮੂਰਤੀ ਅੱਗੇ ਨਾਰੀਅਲ ਤੋੜਦਾ ਹੈ ਤੇ ਕੋਈ ਆਰਤੀ ਕਰਦਾ ਹੈ। ਇਸ ਤਰ੍ਹਾਂ ਫਿਲ਼ਮਸ਼ਾਜ਼ ਇਹ ਦਿਖਾਉਣ ਵਿੱਚ ਕਾਮਯਾਬ ਰਿਹਾ ਹੈ ਕਿ ਵਿਸ਼ਵੀਕਰਣ ਦੇ ਇਸ ਦੌਰ ਵਿੱਚ ਵੀ ਵਿਗਿਆਨਕ ਚੇਤਨਾ ਧਰਮ ਅੱਗੇ ਹਾਰ ਜਾਂਦੀ ਹੈ। ਇਸੇ ਦਲੀਲ ਨੂੰ ਉਹ 'ਪੀ.ਕੇ' ਵਿੱਚ ਉਹ ਹੋਰ ਵਿਸਥਾਰ ਨਾਲ ਫਿਲਮਾਉਂਦਾ ਹੈ। ਦਿਲਚਸਪ ਤੱਥ ਇਹ ਹੈ ਕਿ ਜਿੱਥੇ 'ਥ੍ਰੀ ਈਡੀਅਟਜ਼' ਦੇ ਇਸ ਪੱਖ ਤੇ ਕਿਸੇ ਨੇ ਕੋਈ ਧਿਆਨ ਨਹੀਂ ਦਿੱਤਾ, 'ਪੀ.ਕੇ' ਪੋਸਟਰ ਰਿਲੀਜ਼ ਹੁੰਦਿਆ ਹੀ ਖਬਰਾਂ ਵਿੱਚ ਉਲਝ ਗਈ। ਫਿਲ਼ਮ ਵਿੱਚ ਧਰਮ ਦੇ ਨਾਮ ਤੇ ਹੁੰਦੇ ਅੰਧਵਿਸ਼ਵਾਸ਼ਾਂ, ਕੁਰੀਤੀਆਂ ਅਤੇ ਸ਼ੋਸਣ ਦੇ ਆਮ ਵਿਅਕਤੀ ਨਾਲ ਹੁੰਦੇ ਪਾਖੰਡਾਂ ਅਤੇ ਧੋਖੇ ਦਾ ਸ਼ੰਵੇਦਨਸ਼ੀਲ ਚਿਤਰਣ ਕੀਤਾ ਗਿਆ।





ਫਿਲਮ ਆਪਣਾ ਸੁਨੇਹਾ ਦੇਣ ਲਈ ਦੂਜੇ ਗ੍ਰਹਿ ਤੋਂ ਆਏ ਅਜਿਹੇ ਇੱਕ ਅਜਿਹੇ ਕਿਰਦਾਰ ਦੀ ਵਰਤੋਂ ਕਰਦੀ ਹੈ ਜਿਸ ਦਾ ਕਦੇ ਧਰਮ ਅਤੇ ਇਸ ਦੀ ਵਿਸੰਗਤੀਆਂ ਨਾਲ ਵਾਹ ਨਹੀਂ ਪਿਆ ਅਤੇ ਉਪਰੋਂ ਉਹ ਹਰ ਧਾਰਮਿਕ ਵਰਤਾਰੇ ਨੂੰ ਵਿਗਿਆਨਕ ਨਜ਼ਰੀਏ ਨਾਲ ਦੇਖਦਾ ਹੈ। ਆਪਣੇ ਵਾਪਸ ਜਾਣ ਵਾਲੇ ਰਮੋਟ ਨੂੰ ਪ੍ਰਾਪਤ ਕਰਣ ਦੀ ਜੱਦੋ- ਜਹਿਦ ਵਿੱਚ ਉਸਦਾ ਵਾਹ ਜਦੋਂ ਧਰਮ ਦੇ ਮੱਠਾਂ ਨਾਲ ਪੈਂਦਾ ਹੈ ਤਾਂ ਉਸ ਨੂੰ ਸਮਝ ਆਉਂਦੀ ਹੈ ਕਿ ਧਰਮ ਜੀਵਣ-ਜਾਂਚ ਸਿਖਾਉਣ ਦੀ ਬਿਜਾਏ ਇੱਕ ਵਪਾਰਕ ਸੰਗਠਨ ਬਣ ਚੁੱਕਾ ਹੈ। ਇਸ ਤਰ੍ਹਾਂ ਇਹ ਫਿਲਮ ਵਿਸ਼ਵੀਕਰਣ ਦੇ ਦੌਰ ਵਿੱਚ ਧਰਮ ਦੀ ਸਮਾਜਿਕ ਸਾਰਥਿਕਤਾ ਅਤੇ ਇਸ ਦੀਆਂ ਬਦਲ ਚੁੱਕੀਆਂ ਕਦਰਾਂ-ਕੀਮਤਾਂ ਤੇ ਵਿਅੰਗ ਕਰਦੀ ਹੈ।

ਇਹਨਾਂ ਦੋਵਾਂ ਫਿਲਮਾਂ ਦਾ ਵਿਸ਼ਵ-ਹਿੰਦੂ ਪ੍ਰੀਸ਼ਦ ਅਤੇ ਕੁਝ ਮੁਸਲਿਮ ਸੰਗਠਨਾਂ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ। 'ਹਿੰਦੂ ਰਾਸ਼ਟਰ' ਦੀ ਧਾਰਨਾ ਦੇ ਆਧਾਰ ਤੇ ਸੱਤਾ ਵਿੱਚ ਆਈ ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਸਹਿਯੋਗੀ ਸੰਗਠਨਾਂ ਵੱਲੋਂ ਇਸ ਨੂੰ 'ਲਵ-ਜੇਹਾਦ' ਨਾਲ ਜੋੜਕੇ ਭਾਰਤ-ਪਾਕਿਸਤਾਨ ਵਿਚਲੀ ਕੁੜੱਤਣ ਨੂੰ ਹਵਾ ਦੇਣ ਦੀ ਕੋਸ਼ਿਸ਼ ਕੀਤੀ ਗਈ। ਭਾਰਤ ਦੇ ਯੋਗਾ ਗੁਰੂ ਬਾਬਾ ਰਾਮਦੇਵ ਨੇ ਭਾਰਤੀ ਜਨਤਾ ਨੂੰ ਫਿਲਮ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ। ਦੂਜੇ ਪਾਸੇ ਭਾਰਤ ਦੀ ਸਰਵਉੱਚ ਅਦਾਲਤ ਨੇ ਫਿਲਮ ਤੇ ਟਿੱਪਣੀ ਕਰਦਿਆ ਕਿਹਾ ਕਿ ਭਾਰਤੀ ਨੌਜਵਾਨ ਇੰਨਾ ਬੇਵਕੂਫ ਨਹੀਂ ਕਿ ਉਹ ਇੱਕ ਫਿਲਮ ਨੂੰ ਆਪਣੇ ਧਰਮ ਤੇ ਖਤਰਾ ਮੰਨ ਲਵੇ।

ਇਹਨਾਂ ਦੋਵਾਂ ਫਿਲਮ ਦਾ ਤਿੱਖਾ ਵਿਰੋਧ ਇਹ ਦਰਸਾਉਂਦਾ ਹੈ ਕਿ ਜਿੱਥੇ ਵਿਸ਼ਵੀਕਰਣ ਨੇ ਮਨੁੱਖੀ ਸੋਚ ਅਤੇ ਸਮਝ ਦੇ ਸਾਰੇ ਪਹਿਲੂਆਂ ਨੂੰ ਨਵੇਂ ਸਿਰਿਉਂ ਘੜ੍ਹਣ ਦੀ ਕੋਸ਼ਿਸ਼ ਕੀਤੀ ਹੈ, ਉੱਥੇ ਧਰਮ ਨਾਲ ਜੁੜੇ ਵਰਤਾਰਿਆਂ ਦੀ ਜੜ੍ਹਤਾ ਨੂੰ ਇਹ ਕਿਸੇ ਵੀ ਪੱਧਰ ਤੇ ਸੰਬੋਧਿਤ ਹੋਣ ਵਿੱਚ ਕਾਮਯਾਬ ਨਹੀਂ ਰਿਹਾ। ਇਹਨਾਂ ਫਿਲਮਾਂ ਤੋਂ ਪਹਿਲਾ ਵੀ ਜਦੋਂ ਦੀਪਾ ਮਹਿਤਾ ਨੇ ਫਿਲਮ 'ਫਾਇਰ' ਅਤੇ 'ਵਾਟਰ' ਰਾਹੀ ਹਿੰਦੂ ਧਰਮ ਦੀ ਨਵੀਂ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਜਾਨੋਂ ਮਾਰਨ ਤੱਕ ਦੀਆਂ ਧਮਕੀਆਂ ਦਾ ਸਾਹਮਣਾ ਕਰਣਾ ਪਿਆ। ਦੂਜੇ ਪਾਸੇ ਵਿਰੋਧ ਕਰਣ ਵਾਲਿਆਂ ਦੀ ਸਿਆਸਤ ਦਾ ਮੁੱਖ ਧੁਰਾ ਵੀ ਧਰਮ ਹੀ ਹੈ। ਇਹਨਾਂ ਫਿਲਮਾਂ ਰਾਹੀ ਜਿੱਥੇ ਕਲਾਤਮਿਕ ਢੰਗ ਨਾਲ ਸਿਆਸਤ ਅਤੇ ਧਰਮ ਦੇ ਆਪਸੀ ਰਿਸ਼ਤਿਆਂ ਨੂੰ ਸੂਤਰਬੱਧ ਕੀਤਾ ਗਿਆ ਉੱਥੇ ਸਿਨੇਮਾ ਵਰਗੇ ਸਮਰੱਥ ਸੰਚਾਰ ਮਾਧਿਅਮ ਦੁਆਰਾ ਧਰਮ ਦੀ ਵਿਆਖਿਆ ਦਾ ਯਤਨ ਵੀ ਅਕਾਰਥ ਨਹੀਂ ਗਿਆ।

# ਲੋਕ ਕਵੀ ਸੰਤ ਰਾਮ ਉਦਾਸੀ ਦਾ ਪਿੰਡ – ਰਾਏਸਰ



ਰਣਦੀਪ ਸੰਗਤਪੁਰਾ




ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣਨ ਵਾਲੇ ਕਵੀ ਸੰਤ ਰਾਮ ਉਦਾਸੀ ਦਾ ਪਿੰਡ ਰਾਏਸਰ ਬਰਨਾਲਾ ਤੋਂ 14 ਕਿਲੋਮੀਟਰ ਦੀ ਦੂਰੀ 'ਤੇ ਵਸਿਆ ਹੋਇਆ ਹੈ।

ਕਿਸੇ ਸਮੇਂ ਇਹ ਪਿੰਡ ਰਾਏਕੋਟ ਦੇ ਮੁਸਲਿਮਾਂ ਦੀ ਜਾਗੀਰ ਹੁੰਦਾ ਸੀ। ਹੁਣ ਪਿੰਡ ਦੇ ਦੋ ਹਿੱਸੇ ਹਨ—ਰਾਏਸਰ ਪੰਜਾਬ, ਦੂਜਾ ਰਾਏਸਰ ਪਟਿਆਲਾ।

1947 ਤੋਂ ਪਹਿਲਾਂ ਰਾਏਸਰ ਪਟਿਆਲਾ 'ਤੇ ਮਹਾਰਾਜਾ ਪਟਿਆਲਾ ਦਾ ਕਬਜ਼ਾ ਸੀ, ਜਦੋਂਕਿ ਰਾਏਸਰ ਪੰਜਾਬ ਅੰਗਰੇਜ਼ਾਂ ਦੇ ਅਧੀਨ ਸੀ।

ਮੌਜੂਦਾ ਸਮੇਂ ਪਿੰਡ ਦੀ ਆਬਾਦੀ ਕਰੀਬ 9,000 ਹੈ, ਜਿਸ 'ਚੋਂ 3100 ਵੋਟਰ ਹਨ।

ਪਿੰਡ ਦਾ ਲੋਕ—ਪੱਖੀ ਲਹਿਰਾਂ 'ਚ ਬਹੁਤ ਯੋਗਦਾਨ ਰਿਹਾ ਹੈ। ਇੱਥੋਂ ਦੇ ਆਜ਼ਾਦੀ ਘੁਲਾਟੀਆਂ 'ਚੋਂ ਅਰਜੁਨ ਮੁਨੀ ਨੇ ਜਵਾਹਰ ਲਾਲ ਨਹਿਰੂ ਨਾਲ ਜੇਲ੍ਹ ਕੱਟੀ ਸੀ। ਸੁਰਜਣ ਸਿੰਘ ਭੁੱਲਰ ਆਜ਼ਾਦ ਹਿੰਦ ਫੌਜ਼ ਦਾ ਸਿਪਾਹੀ ਸੀ।

ਨਕਸਲਬਾੜੀ ਲਹਿਰ ਦੌਰਾਨ ਪਿੰਡ ਦੇ ਸ਼ਹੀਦ ਮਿਹਰ ਸਿੰਘ ਮੰਡਵੀ, ਕਾਮਰੇਡ ਕਰਨੈਲ ਸਿੰਘ, ਜਥੇਦਾਰ ਹਰਜੀਤ ਸਿੰਘ, ਸੰਤ ਰਾਮ ਉਦਾਸੀ ਸਰਗਰਮ ਰਹੇ ਸਨ। ਲਹਿਰ ਦਾ ਹਿੱਸਾ ਰਹੇ ਕਾਮਰੇਡ ਕਰਨੈਲ ਸਿੰਘ ਦੱਸਦੇ ਹਨ ਕਿ ਹਕੂਮਤੀ ਜ਼ਬਰ ਦੌਰਾਨ ਉਹਨਾਂ 6 ਸਾਲ 3 ਮਹੀਨੇ ਕੈਦ ਕੱਟੀ ਸੀ, ਹਕੂਮਤ ਨੇ ਉਸਦੇ ਘਰ ਨੂੰ ਅੱਗ ਲਗਵਾ ਦਿੱਤੀ ਸੀ ਅਤੇ ਜਥੇਦਾਰ ਹਰਜੀਤ ਸਿੰਘ ਦੀ ਫਸਲ ਬਰਬਾਦ ਕਰ ਦਿੱਤੀ ਸੀ।

1947 ਦੇ ਬਟਵਾਰੇ ਦੌਰਾਨ ਕਰੀਬ 50 ਘਰ ਪਾਕਿਸਤਾਨ ਤੋਂ ਆ ਕੇ ਇੱਥੇ ਵਸੇ, ਇਨ੍ਹਾਂ 'ਚ ਗਰੇਵਾਲ, ਸੇਖੋਂ, ਧਾਲੀਵਾਲ, ਗਿੱਲ, ਸਿੱਧੂ, ਖਿੰਦ, ਬਾਸੀ ਅਤੇ ਚੀਮਾਂ ਗੋਤ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਹਨ।

ਬਟਵਾਰੇ ਦੌਰਾਨ ਪਿੰਡ ਦੇ ਕਹਿੰਦੇ ਕਹਾਉਂਦੇ ਵੈਲੀ ਬਰਖਰਦਾਰ ਨੂੰ ਮੁਸਲਿਮ ਹੋਣ ਕਾਰਨ ਘਰ ਛੱਡ ਕੇ ਪਾਕਿਸਤਾਨ ਜਾਣਾ ਪਿਆ ਸੀ। ਉਸ ਦਾ ਘਰ ਮਿੱਤ ਸਿੰਘ ਸੂਬੇਦਾਰ ਨੂੰ ਅਲਾਟ ਹੋ ਗਿਆ ਸੀ। ਇਸ ਘਰ 'ਚ ਅੱਜ ਕੱਲ੍ਹ ਜੋਗਿੰਦਰ ਸਿੰਘ ਬੇਰ ਵਾਲੇ ਰਹਿ ਹਨ। ਦੱਸਿਆ ਜਾਂਦਾ ਹੈ ਕਿ ਬਟਵਾਰੇ ਤੋਂ ਪਹਿਲਾਂ ਬਰਖਰਦਾਰ ਅਤੇ ਪਿੰਡ ਦੇ ਹੀ ਜਰਨੈਲ ਸਿੰਘ ਵਿਚਕਾਰ ਕੱਟੜ ਦੁਸ਼ਮਣੀ ਸੀ।

1947 ਬਾਅਦ ਪਕਾਸਿਤਾਨ ਤੋਂ ਇੱਕ ਵਾਰ ਬਰਖਦਾਰ ਪਿੰਡ ਦੇ ਲੋਕਾਂ ਨੂੰ ਮਿਲਣ ਆਇਆ ਤਾਂ ਜਰਨੈਲ ਸਿੰਘ ਨੇ ਦੁਸ਼ਮਣੀ ਭੁਲਾ ਮਿੱਤਰਤਾ ਦਾ ਸੰਦੇਸ਼ ਦਿੰਦਿਆਂ ਬਰਖਰਦਾਰ ਦਾ ਸਵਾਗਤ ਕੀਤਾ ਸੀ। ਉਹ ਉਸਨੂੰ ਆਉਣ ਵੇਲੇ ਅੱਡੇ ਤੋਂ ਲੈ ਕੇ ਆਇਆ ਅਤੇ ਜਾਣ ਵੇਲੇ ਪਿੰਡ ਦੀ ਜੂਹ ਲੰਘਾ ਕੇ ਅਇਆ ਸੀ।

1984 ਵੇਲੇ ਦਿੱਲੀ ਦੇ ਦੰਗਿਆਂ ਤੋਂ ਪੀੜਿਤ ਇੱਕ ਪਰਿਵਾਰ ਵੀ ਇੱਥੇ ਆ ਕੇ ਵਸਿਆ ਹੋਇਆ ਹੈ।

1953—54 'ਚ ਬਰਨਾਲਾ ਦੇ ਖਿਡਾਰੀ ਪਟਿਆਲਾ ਰਾਜ ਘਰਾਣੇ ਵੱਲੋਂ ਕਰਵਾਏ ਕਬੱਡੀ ਮੁਕਾਬਲੇ ਨੂੰ ਜਿੱਤ ਕੇ ਲਿਆਏ ਸਨ, ਪ੍ਰੰਤੂ ਨਾਈਵਾਲਾ ਵਿਖੇ ਹੋਏ ਇੱਕ ਮੁਕਾਬਲੇ ਦੌਰਾਨ ਰਾਏਸਰ ਦੀ ਟੀਮ ਨੇ ਬਰਨਾਲਾ ਟੀਮ ਨੂੰ ਹਰਾ ਕੇ ਬੱਲੇ—ਬੱਲੇ ਕਰਵਾ ਦਿੱਤੀ ਸੀ, ਇਸ ਟੀਮ 'ਚ ਗੁਰਦੇਵ ਸਿੰਘ ਢੈਪਈ ਵਾਲੇ, ਸੁਰਜੀਤ ਬੀਹਲਾ, ਸ਼ੇਰ ਸਿੰਘ ਸਰਪੰਚ ਅਤੇ ਜ਼ੋਗਿੰਦਰ ਸਿੰਘ ਬੇਰ ਵਾਲੇ ਸਾਮਲ ਸਨ।

1962 ਦੇ ਭਾਰਤ—ਚੀਨ ਯੁੱਧ ਦੌਰਾਨ ਪਿੰਡ ਦੇ ਫੌਜੀ ਰਘਵੀਰ ਸਿੰਘ ਗਰੇਵਾਲ ਅਤੇ ਦਰਬਾਰਾ ਸਿੰਘ ਸ਼ਹੀਦ ਹੋਏ ਸਨ। ਪਿੰਡ 'ਚ ਰਘਵੀਰ ਸਿਘ ਗਰੇਵਾਲ ਦੀ ਯਾਦ 'ਚ ਬੁੱਤ ਵੀ ਸਥਾਪਿਤ ਕੀਤਾ ਗਿਆ ਹੈ। ਪ੍ਰੰਤੂ ਦਰਬਾਰਾ ਸਿੰਘ ਦੀ ਸ਼ਹਾਦਤ ਅਣਗੌਲੀ ਹੈ, ਉਸਦੀ ਯਾਦਗਾਰ ਬਣਾਉਣ ਲਈ ਕਿਸੇ ਨੇ ਹੰਭਲਾ ਨਹੀਂ ਮਾਰਿਆ। ਮੌਜੂਦਾ ਸਮੇਂ ਪਿੰਡ 'ਚ ਪੰਜਾਬ ਪੱਤੀ, ਪਟਿਆਲਾ ਪੱਤੀ, ਕਾਲਸਾਂ ਪੱਤੀਆਂ ਹਨ।

ਪਿੰਡ 'ਚ ਜੱਟ ਸਿੱਖ, ਮਜ਼ਬੀ ਸਿੱਖ, ਰਾਮਗੜ੍ਹੀਆ ਸਿੱਖ, ਨਾਈ, ਮਰਾਸੀ, ਮਹਿਰੇ, ਬ੍ਰਾਹਮਣ, ਖੱਤਰੀ ਜਾਂਤਾਂ ਦੇ ਲੋਕ ਵਸਦੇ ਹਨ। ਜਿਹਨਾਂ 'ਚ ਗਿੱਲ, ਗਰੇਵਾਲ, ਸਿੱਧੂ, ਧਾਲੀਵਾਲ, ਬਾਸੀ, ਸੇਖੋਂ, ਬੁੱਟਰ, ਧੰਜਲ, ਘਨੌੜੇ, ਭੱਠਲ, ਸੂਚ, ਸ਼ਰਮਾਂ ਗੋਤਾਂ ਦੇ ਪਰਿਵਾਰ ਸ਼ਾਮਲ ਹਨ। ਪਿੰਡ 'ਚ ਇੱਕ—ਦੋ ਘਰ ਮੁਸਲਮਾਨਾਂ ਦੇ ਵੀ ਹਨ। ਇਸ ਤੋਂ ਇਲਾਵਾ ਹੁਣ ਪ੍ਰਵਾਸੀ ਬਿਹਾਰੀਏ ਵੀ ਆਣ ਵਸੇ ਹਨ। ਇੱਥ ਘਰ ਖੁਸਰਿਆਂ ਦਾ ਵੀ ਹੈ। ਪਿੰਡ ਦੇ ਇੱਕ ਮੇਘਰਾਜ ਨਾਮੀਂ ਵੈਦ ਹੋਏ ਹਨ। ਉਹਨਾਂ ਕੋਲ 10—10 ਪਿੰਡਾਂ ਦੇ ਲੋਕ ਦਵਾਈ ਲੈਣ ਆਉਂਦੇ ਸਨ। ਇਲਾਜ ਸਸਤਾ ਹੋਣ ਕਾਰਨ ਉਹਨਾਂ ਦੀ ਪ੍ਰਸਿੱਧੀ ਦੂਰ ਦੂਰ ਤੱਕ ਸੀ।

ਪਿੰਡ ਦੇ ਹੀ ਨਿਰਮਲ ਸਿੰਘ ਧੰਜਲ (ਮਿਸਤਰੀ) ਨੇ ਥਾਪਰ ਯੂਨੀਵਰਸਿਟੀ ਤੋਂ ਡਿਪਲੋਮਾ ਕੀਤਾ ਸੀ, ਰੋਪੜ ਅਤੇ ਲਹਿਰਾ ਮੁਹੱਬਤ ਥਰਮਲ ਪਲਾਂਟ ਦਾ ਨਕਸ਼ਾ ਬਣਾਉਣ 'ਚ ਉਸਦੀ ਅਹਿਮ ਭੂਮਿਕਾ ਸੀ, ਅੱਜ—ਕੱਲ੍ਹ ਉਹ ਕੁਵੈਤ 'ਚ ਸਟੀਲ ਇੰਡਸਟਰੀ ਚਲਾ ਰਿਹਾ ਹੈ।

ਪਿੰਡ 'ਚੋਂ ਕਰੀਬ 30 ਪਰਿਵਾਰ ਵਿਦੇਸ਼ਾਂ 'ਚ ਜਾ ਵਸੇ ਹਨ।

ਪਿੰਡ 'ਚ ਧਾਰਮਿਕ ਸਥਾਨ ਵੱਡੀ ਗਿਣਤੀ 'ਚ ਹਨ, ਜਿਹਨਾਂ 'ਚ 7 ਗੁਰਦੁਆਰਾ ਸਾਹਿਬ, ਇੱਕ ਮੰਦਿਰ ਅਤੇ ਕੁਲਵੰਤ ਮੁਨੀ ਦਾ ਡੇਰਾ ਸ਼ਾਮਲ ਹਨ।

ਨਾਮਧਾਰੀ ਕੂਕਿਆਂ ਦੀ ਯਾਦ 'ਚ ਇੱਥੇ ਇੱਕ ਥੜ੍ਹਾ ਵੀ ਉਸਾਰਿਆ ਹੋਇਆ ਹੈ।

ਪਿੰਡ 'ਚ ਦੋ ਬੈਂਕ ਐਚ ਡੀ ਐਫ ਸੀ ਅਤੇ ਸਟੇਟ ਬੈਂਕ ਆਫ ਪਟਿਆਲਾ ਸਥਾਪਤ ਹਨ।

ਰਾਜਾ ਰਾਏਸਰੀਆ ਕਬੱਡੀ ਦਾ ਅੰਤਰ—ਰਾਸ਼ਟਰੀ ਖਿਡਾਰੀ ਹੈ।

ਧੰਨਵਿੰਦਰ ਸਿੰਘ ਅਤੇ ਗੁਰਜੀਤ ਸਿੰਘ ਵੱਲੋਂ ਸਾਹਿਬਜਾਦਾ ਅਜੀਤ ਸਿੰਘ ਫਾਂਊਡੇਸ਼ਨ ਸਥਾਪਤ ਕੀਤੀ ਗਈ ਹੈ, ਜੋ ਪਿਛਲੇ 10 ਸਾਲ ਤੋਂ ਹਰ ਸਾਲ 11 ਕੁੜੀਆਂ ਦੇ ਵਿਆਹ ਕਰਦੀ ਆ ਰਹੀ ਹੈ।

ਸਾਬਕਾ ਸਰਪੰਚ ਜਮਨਾ ਦੇਵੀ, ਗੁਰਜੰਟ ਸਿੰਘ, ਦਰਸ਼ਨ ਸਿੰਘ ਸੂਬਾ, ਡਾ. ਬਿੱਲੂ ਰਾਏਸਰ, ਰਾਜਾ ਧਾਲੀਵਾਲ ਦੀ ਅਗਵਾਈ 'ਚ ਕੰਮ ਕਰਦੇ ਭਾਈ ਘਨੱਈਆ ਬੇਸਹਾਰਾ ਕਲੱਬ ਵੱਲੋਂ ਸਰਕਾਰੀ ਸਕੂਲ ਨੂੰ 4 ਲੱਖ ਰੁਪਏ ਦੀ ਮਦਦ ਕੀਤੀ ਗਈ ਹੈ, ਹਰ ਸਾਲ ਛੋਟੇ ਸਾਹਿਬਜਾਦਿਆਂ ਦੀ ਯਾਦ 'ਚ ਮਹਿਲ ਕਲਾਂ ਵਿਖੇ ਲੰਗਰ ਲਗਾਇਆ ਜਾਂਦਾ ਹੈ, ਪਿੰਡ ਨੂੰ ਐਂਬੂਲੈਂਸ ਵੈਨ ਦੀ ਸਹੂਲਤ ਦਿੱਤੀ ਹੈ ਅਤੇ ਹਰ ਸਾਲ ਬੱਚੀਆਂ ਦੀ ਲੋਹੜੀ ਵੀ ਮਨਾਉਂਦੇ ਹਨ।

ਪਿੰਡ ਦੇ ਹੀ ਡਾ. ਬਿੱਲੂ ਰਾਏਸਰ ਨੇ ਖਾਲਿਸਤਾਨੀ ਲਹਿਰ 'ਤੇ ਆਧਾਰਿਤ ਨਾਵਲ "ਤੇ ਲਹੂ ਵਹਿੰਦਾ ਰਿਹਾ" ਅਤੇ ਕਬੱਡੀ ਖਿਡਾਰੀ ਅੰਬੀ ਹਠੂਰ ਬਾਰੇ ਪੁਸਤਕ "ਅੰਬੀ ਹਠੂਰ ਨੂੰ ਯਾਦ ਕਰਦਿਆ" ਲਿਖੀ ਹੈ, ਇਸ ਤੋਂ ਇਲਾਵਾ ਉਹ ਸੰਤ ਰਾਮ ਉਦਾਸੀ ਬਾਰੇ ਵੀ ਪੁਸਤਕ ਲਿਖ ਰਹੇ ਹਨ। ਮੌਜੂਦਾ ਸਮੇਂ ਰਾਏਸਰ ਪੰਜਾਬ ਦੇ ਸਰਪੰਚ ਸ਼੍ਰੀਮਤੀ ਸਵਰਨ ਕੌਰ, ਰਾਏਸਰ ਪਟਿਆਲਾ ਦੇ ਸਰਪੰਚ ਜਗਦੇਵ ਕੁਮਾਰ ਭੋਲਾ ਹਨ। ਇਕਬਾਲ ਉਦਾਸੀ, ਸੁਰਿੰਦਰ ਸ਼ਰਮਾਂ, ਡਾ. ਬਿੱਲੂ, ਕਾਮਰੇਡ ਕਰਨੈਲ ਸਿੰਘ, ਗੁਰਜੰਟ ਸਿੰਘ, ਗੁਰਪ੍ਰੀਤ ਸਿੰਘ ਗੋਪੀ ਹਰ ਸਾਲ 6 ਨਵੰਬਰ ਨੂੰ ਸੰਤ ਰਾਮ ਉਦਾਸੀ ਯਾਦਗਾਰ ਕਮੇਟੀ ਵੱਲੋਂ ਪ੍ਰੋਗਰਾਮ ਕਰਵਾਉਂਦੇ ਹਨ।

ਪਿੰਡ ਦੇ ਬਾਹਰ ਸੰਤ ਰਾਮ ਉਦਾਸੀ ਯਾਦਗਾਰੀ ਗੇਟ ਵੀ ਸਥਾਪਿਤ ਕੀਤਾ ਗਿਆ ਹੈ। 2010 'ਚ ਸਰਕਾਰੀ ਸਕੂਲ ਅਪਗ੍ਰੇਡ ਹੋਣ ਵੇਲੇ ਲੋਕਾਂ ਦੀ ਮੰਗ 'ਤੇ ਸਕੂਲ ਦਾ ਨਾਂਅ ਸੰਤ ਰਾਮ ਉਦਾਸੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਖਣ ਦੀ ਪ੍ਰਵਾਨਗੀ ਮਿਲ ਗਈ ਸੀ।

98556-95905

# ਵਿੰਨੀਪੈਗ ਵਿਖੇ ਪੰਜਾਬੀਆਂ ਨੇ ਭਾਰੀ ਉਤਸ਼ਾਹ ਨਾਲ ਮਨਾਈ ਵਿਸਾਖੀ





ਵਿੰਨੀਪੈਗ, (ਸੁਰਿੰਦਰ ਮਾਵੀ) : ਕੈਨੇਡਾ 'ਚ ਵੀ ਪੰਜਾਬ ਵਾਂਗ ਬਹੁਤ ਧੂੰਮ-ਧਾਮ ਨਾਲ ਵਿਸਾਖੀ ਮਨਾਈ ਜਾਂਦੀ ਹੈ। ਪੰਜਾਬੀ ਇਸ ਦਿਨ ਵਿਦੇਸ਼ 'ਚ ਵੀ ਪੰਜਾਬ ਵਰਗਾ ਮਾਹੌਲ ਬਣਾ ਦਿੰਦੇ ਹਨ। ਕੈਨੇਡਾ ਦੇ ਸੂਬੇ ਵਿਨੀਪੈਗ ਦੇ ਪੰਜਾਬ ਕਲਚਰਲ ਸੈਂਟਰ ਵਿਖੇ ਪੰਜਾਬ ਫਾਊਂਡੇਸ਼ਨ ਆਫ ਮੈਨੀਟੋਬਾ ਵੱਲੋਂ ਮਨਾਏ ਗਏ ਵਿਸਾਖੀ ਮੇਲੇ 'ਚ ਲੋਕਾਂ ਨੇ ਵੱਡੇ ਪੱਧਰ 'ਤੇ ਸ਼ਿਰਕਤ ਕੀਤੀ। ਮੇਲੇ ਦੇ ਮੁੱਖ ਪ੍ਰਬੰਧਕ, ਕੁਲਜੀਤ ਘੁੰਮਣ, ਜਸਵਿੰਦਰ ਸ਼ੀੜ੍ਹਾ , ਕੈਂਡੀ ਗਿੱਲ, ਗੁਰਪ੍ਰੀਤ ਗਿੱਲ ਅਤੇ ਤੇਜ਼ ਬੈਂਸ ਵੱਲੋਂ ਕੀਤੇ ਵਿਸ਼ੇਸ਼ ਉਪਰਾਲੇ ਤੇ ਸੁਚੱਜੇ ਪ੍ਰਬੰਧਾਂ ਕਰ ਕੇ ਮੇਲਾ ਸਫਲ ਹੋ ਨਿਬੜਿਆ। ਵਿਸਾਖੀ ਮੇਲੇ ਦੀ ਪੇਸ਼ਕਾਰੀ ਧਾਰਮਿਕ ਗੀਤ ਨਾਲ ਕੀਤੀ ਗਈ, ਦੇਸੀ ਭੰਗੜਾ ਦੀਆਂ ਮੁਟਿਆਰਾਂ ਨੇ ਗਿੱਧੇ ਤੇ ਡਾਂਸ ਰਾਹੀਂ ਖ਼ੂਬ ਰੰਗ ਬੰਨ੍ਹਿਆ। ਪੱਤ ਸਰਦਾਰਾਂ ਦੇ ਗਰੁੱਪ , ਮਿਸਿਜ਼ ਭੰਗੜਾ ਗਰੁੱਪ ਨੇ ਭੰਗੜੇ, ਸੁਖਦੀਪ ਝੱਜ ਦ ਟੀਮ ਨੇ ਲਹਿੰਦੇ ਪੰਜਾਬ ਦੇ ਗਿੱਧੇ ਖ਼ੂਬ ਵਾਹ-ਵਾਹ ਖੱਟੀ , ਵਿਦੇਸ਼ਾਂ ਵਿਚ ਅਲੋਪ ਹੋ ਲੋਕ ਰਹੇ ਲੋਕ ਨਾਚ "ਲੁੱਡੀ" ਦੀ ਲਾ-ਜਵਾਬ ਪੇਸ਼ਕਾਰੀ ਕਰ ਕੇ ਮੇਲੇ ਦੀ ਰੌਣਕ ਦੀ ਦਿਲਚਸਪੀ ਨੂੰ ਸਿਖ਼ਰਾਂ 'ਤੇ ਪਹੁੰਚਾਇਆ। ਹਰਪ੍ਰੀਤ ਤੇ ਜਸਪ੍ਰੀਤ ਗਿੱਲ ਵੱਲੋਂ "ਗੱਡੀਆਂ ਵਾਲੀ" ਸਕਿੱਟ ਪੇਸ਼ ਕਰ ਕੇ ਆਪਣੇ ਟੈਲੇਂਟ ਦੀ ਦਰਸ਼ਕਾਂ ਤੇ ਅਨੋਖੀ ਛਾਪ ਛੱਡੀ। ਇਸ ਤੋਂ ਬਿਨਾਂ ਸਥਾਨਕ ਗਾਇਕਾਂ ਵੱਲੋਂ ਸਮਾਜਿਕ ਕੁਰੀਤੀਆਂ 'ਤੇ ਆਧਾਰਿਤ ਗੀਤਾਂ ਦੀ ਪੇਸ਼ਕਾਰੀ ਤੇ ਅਨੇਕਾਂ ਵੰਨ-ਸੁਵੰਨੀਆਂ ਪੇਸ਼ਕਾਰੀਆਂ ਨੇ ਸਰੋਤਿਆਂ ਨੂੰ ਕੀਲੀ ਰੱਖਿਆ। ਢੋਲੀ ਵਿੰਦਰ ਉਸਤਾਦ ਵੱਲੋਂ ਤਿਆਰ ਕੀਤਾ ਗਿੱਧਾ ਲੋਕਾਂ ਦੀ ਖ਼ਾਸ ਪਸੰਦ ਬਣੇ। ਬਾਬਾ ਦੀਪ ਸਿੰਘ ਗਤਕਾ ਗਰੁੱਪ ਵਿਨੀਪੈਗ ਵੱਲੋਂ ਗਤਕਾ ਦੇ ਜੌਹਰ ਦਿਖਾਏ ਗਏ। ਉਸ ਤੋ ਪਹਿਲਾਂ ਸਵੇਰੇ ਸਿਟੀ ਹਾਲ ਵਿਚ ਮੇਅਰ ਬ੍ਰਾਊਨ ਬੋਮਨ, ਸਿਟੀ ਕਾਂਊਸਲਰਾਂ 'ਤੇ ਸਿੱਖ ਸੰਗਤ ਦੁਆਰਾ ਕੈਨੇਡਾ ਦੇ ਝੰਡਾ ਦੇ ਨਾਲ ਖ਼ਾਲਸਾਈ ਝੰਡਾ ਵੀ ਝੁਲਾਇਆ ਗਿਆ। ਵਿਨੀਪੈਗ ਦੇ ਸਾਰੇ ਹੀ ਗੁਰੂ ਘਰਾਂ ਵਿਚ ਵਿਸਾਖੀ ਦਾ ਤਿਉਹਾਰ ਸ਼ਰਧਾ ਨਾਲ ਮਨਾਇਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਨੇ ਗੁਰਦੁਆਰਿਆਂ 'ਚ ਮੱਥਾ ਟੇਕਿਆ, ਕੀਰਤਨ ਸਰਵਣ ਕੀਤਾ। ਗੁਰਦਵਾਰਾ ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਵਿਖੇ ਵਿਸਾਖੀ ਦੀਆਂ ਰੌਣਕਾਂ ਲੱਗੀਆਂ ਅਤੇ ਸੰਗਤਾਂ ਦਾ ਉਤਸ਼ਾਹ ਨਾਲ ਭਰਿਆ ਇਕੱਠ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਪਹੁੰਚਿਆ। ਵਿਸਾਖੀ ਮੇਲੇ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਮੇਅਰ ਬ੍ਰਾਊਨ ਬੋਮਨ, ਪੀ. ਸੀ. ਪਾਰਟੀ ਦੇ ਐਮ ਐਲ ਏ ਜੌਨ ਰੇਅ, ਐਂਡਰਿਊ ਸਮਿਥ, ਐਮ ਐਲ ਏ ਸਿੰਡੀ ਲੈਮਰੂਸ ਅਤੇ ਐਮ. ਪੀ. ਕੈਵਿਨ ਲੈਮਰੂਸੂ 'ਤੇ ਸਕੂਲ ਟਰਸਟੀ ਡੈਰਿਕ ਡੈਬੀ ਸਮੇਤ ਭਾਈਚਾਰੇ 'ਚੋਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ। ਐਮ ਪੀ ਟੈਰੀ ਡੁੱਗਡ ਨੇ ਪ੍ਰਧਾਨ ਮੰਤਰੀ ਵੱਲੋਂ ਵਿਸਾਖੀ ਦੀਆਂ ਵਧਾਈਆਂ ਕਹਿੰਦਿਆਂ ਕਿਹਾ ਕਿ ਅੱਜ ਕੈਨੇਡਾ ਤੇ ਪੂਰੀ ਦੁਨੀਆ 'ਚ ਵੱਸਦੇ ਸਿੱਖ ਭਾਈਚਾਰੇ ਲਈ ਬਹੁਤ ਹੀ ਖ਼ਾਸ ਦਿਨ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੇ ਕੈਨੇਡਾ ਨੂੰ ਬਹੁਤ ਕੁੱਝ ਦਿੱਤਾ ਹੈ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਕਿਸ ਤਰ੍ਹਾਂ ਸਖ਼ਤ ਮਿਹਨਤ ਕਰ ਕੇ ਕੈਨੇਡੀਅਨ ਮੁੱਲਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਕੈਨੇਡੀਅਨ ਸਿੱਖਾਂ ਨੇ ਸਾਡੇ ਦੇਸ਼ ਨੂੰ ਬਣਾਉਣ 'ਚ ਬਹੁਤ ਮਦਦ ਕੀਤੀ ਹੈ ਤੇ ਰੋਜ਼ਾਨਾ ਸਾਡੇ ਸਮਾਜ 'ਚ ਯੋਗਦਾਨ ਦਿੱਤਾ ਹੈ। ਮੇਅਰ ਬਰਾਊਨ ਬੋਮਨ ਨੇ ਕਿਹਾ ਮੈਂ ਸਮੂਹ ਸਿੱਖ ਭਾਈਚਾਰੇ ਨੂੰ ਅਤੇ ਕੈਨੇਡਾ ਤੇ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਵੱਸਣ ਵਾਲੇ ਸਾਰੇ ਪੰਜਾਬੀਆਂ ਨੂੰ ਵਧਾਈ ਤੇ ਸ਼ੁੱਭ ਇੱਛਾਵਾਂ ਪੇਸ਼ ਕਰਦਾ ਹਾਂ। ਮੰਤਰੀ ਰੌਨ ਸ਼ੂਲਰ ਵੱਲੋਂ ਪ੍ਰੀਮੀਅਰ ਦਾ ਸੁਨੇਹਾ ਪੜ੍ਹ ਕਿ ਸੁਣਾਇਆ, ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਹਰ ਸਾਲ ਸਿੱਖ ਭਾਈਚਾਰੇ ਵਿਚ ਇਹ ਤਿਉਹਾਰ ਬਹੁਤ ਹੀ ਸ਼ਿੱਦਤ ਨਾਲ ਮਨਾਇਆ ਜਾਂਦਾ ਹੈ। ਇਸ ਨਾਲ ਸਾਲ 1699 ਵਿਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਦੀ ਸਾਜਨਾ ਕੀਤੇ ਜਾਣ ਦੀ ਯਾਦ ਤਾਜ਼ਾ ਹੁੰਦੀ ਹੈ। ਪੰਜਾਬੀ ਖਾਣੇ ਦੇ ਸਟਾਲਾਂ ਤੇ ਲੋਕਾਂ ਨੇ ਲਾਜਵਾਬ ਖਾਣੇ ਦਾ ਖ਼ੂਬ ਅਨੰਦ ਮਾਣਿਆਂ। ਇਸ ਮੇਲੇ ਵਿਚ ਪ੍ਰਬੰਧਕਾਂ ਨੂੰ ਇਕ ਗੱਲ ਰੜਕਦੀ ਰਹੀ ਕਿ ਦਰਸ਼ਕਾਂ ਵੱਲੋਂ ਖਾਣਾ ਖਾਣ ਤੋਂ ਬਾਅਦ ਆਪਣੀ ਪਲੇਟਾਂ, ਨੈਪਕਿਨ ਪੇਪਰ 'ਤੇ ਪਾਣੀ ਵਾਲੀਆਂ ਬੋਤਲਾਂ ਗਾਰਵੇਜ਼ ਬੈਗਾਂ ਵਿਚ ਪਾਉਣ ਦੀ ਬਜਾਏ ਆਪਣੀ ਕੁਰਸੀ ਥੱਲੇ ਜਾਂ ਫਿਰ ਸਾਹਮਣੇ ਵਾਲੇ ਦੀ ਕੁਰਸੀ ਥੱਲੇ ਰੱਖੀਆਂ ਸਨ। ਖਚਾ ਖੱਚ ਭਰੇ ਹਾਲ ਵਿਚ ਦਰਸ਼ਕਾਂ ਨੂੰ ਸੀਟਾਂ ਨਾ ਮਿਲਣ ਕਾਰਨ ਜਲਦੀ ਜਾਣਾ ਪਿਆ। ਸਟੇਜ ਦੀ ਸੰਚਾਲਨਾ ਨਵਰੂਪ ਝੰਡ ਅਤੇ ਪਰਮਿੰਦਰ ਵੱਲੋਂ ਬਾਖ਼ੂਬੀ ਨਿਵਾਈ ਗਈ। ਪੰਜਾਬ ਫਾਊਂਡੇਸ਼ਨ ਆਫ਼ ਮੈਨੀਟੋਬਾ ਵੱਲੋਂ ਇਸ ਵਿਸਾਖੀ ਮੇਲੇ ਦਾ ਮਕਸਦ ਪੰਜਾਬੀਆਂ ਨੂੰ ਆਪਣੇ ਵਿਰਸੇ ਨਾਲ ਫਿਰ ਤੋਂ ਜੋੜਨਾ ਸੀ। ਸਭਿਆਚਾਰਕ ਮੇਲੇ ਦੇ ਨਾਲ-ਨਾਲ ਲੋਕਾਂ ਨੇ ਪੰਜਾਬੀ ਪਹਿਰਾਵੇ ਅਤੇ ਗਹਿਣੇ-ਗੱਟਿਆਂ ਦੀਆਂ ਨੁਮਾਇਸ਼ਾਂ ਦਾ ਫ਼ਾਇਦਾ ਉਠਾਇਆ।

# ਟੋਬਾ ਹਾਕੀ ਗੋਲਡ ਕੱਪ ਕੈਲਗਰੀਕਿੰਗਜ਼ ਇਲੈਵਨ .ਫੀਲਡ ਹਾਕੀ ਕਲੱਬ ਨੇ ਜਿੱਤਿਆ



ਵਿਨੀਪੈਗ, (ਸੁਰਿੰਦਰ ਮਾਵੀ)-ਟੋਬਾ ਵਾਰੀਅਰਸ ਫ਼ੀਲਡ ਹਾਕੀ ਸਪੋਰਟਸ ਕਲੱਬ ਮੈਨੀਟੋਬਾ ਵੱਲੋਂ 1717 ਗੇਟ ਵੇ ਰਿਕਰੇਸ਼ਣ ਸੈਂਟਰ ਵਿਨੀਪੈਗ ਵਿਚ ਕਰਵਾਏ ਹਾਕੀ ਟੂਰਨਾਮੈਂਟ ਵਿਚ ਕੁੱਲ 9 ਟੀਮਾਂ ਨੇ ਹਿੱਸਾ ਲਿਆ, ਜਿਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ। ਪੂਲ "ਏ" ਵਿਚ ਟੋਬਾ ਵਾਰੀਅਰਸ, ਸੁਰਿੰਦਰ ਇਲੈਵਨ ਸੀਨੀਅਰ ਸਰੀ, ਕੈਲਗਰੀ ਹਾਕਸ, ਟੋਬਾ ਗੋਲਡ ਫ਼ੀਲਡ ਹਾਕੀ ਕਲੱਬ ਜਦ ਕਿ ਪੂਲ 'ਬੀ' ਵਿਚ ਵਿਨੀਪੈਗ ਕਿੰਗਜ਼ ਇਲੈਵਨ 'ਏ', ਸੁਰਿੰਦਰ ਇਲੈਵਨਜੂਨੀਅਰ ਸਰੀ, ਕੈਲਗਰੀਕਿੰਗਜ਼ ਇਲੈਵਨ, ਐਡਮਿੰਟਨ ਹਾਕੀ ਕਲੱਬ ਅਤੇ ਵਿਨੀਪੈਗ ਕਿੰਗਜ਼ 'ਬੀ' ਹਾਕੀ ਕਲੱਬ ਦੀਆਂ ਟੀਮਾਂ ਸ਼ਾਮਲ ਸਨ। ਫਾਈਨਲ ਮੁਕਾਬਲਾ ਸੁਰਿੰਦਰ ਇਲੈਵਨ ਸੀਨੀਅਰ ਸਰੀ.ਫ਼ੀਲਡ ਹਾਕੀ ਕਲੱਬ ਅਤੇਕੈਲਗਰੀਕਿੰਗਜ਼ ਇਲੈਵਨ ਵਿਚਾਲੇ ਹੋਇਆ ਜੋ ਬਹੁਤ ਦਿਲਚਸਪ ਰਿਹਾ। ਜਿਸ ਨੂੰ ਕੈਲਗਰੀਕਿੰਗਜ਼ ਇਲੈਵਨਨੇ ਚਾਰ ਦੇ ਮੁਕਾਬਲੇ ਇਕ ਗੋਲ ਨਾ ਜਿਤਿਆ।ਫਾਈਨਲ ਮੈਚ ਦੀ ਸ਼ੁਰੂਆਤ ਬਹੁਤ ਹੀ ਰੋਮਾਂਚਕ ਰਹੀ। ਦੋਵਾਂ ਟੀਮਾਂ ਵਿਚ ਸ਼ਾਮਲ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦਿਆਂ ਤੇਜ਼ ਤੇ ਤਕਨੀਕੀ ਖੇਡ ਖੇਡਦਿਆਂ ਸਮਾਂ ਬੰਨ੍ਹੀ ਰੱਖਿਆ। ਕੈਲਗਰੀਕਿੰਗਜ਼ ਇਲੈਵਨ ਫ਼ੀਲਡ ਹਾਕੀ ਕਲੱਬ ਦੇ ਬੱਲੀ ਕਲੇਰ ਨੇ ਪਹਿਲੇ ਹਾਫ਼ ਦੇ17ਵੇਂ ਮਿੰਟ ਵਿਚ ਪੈਨਲਟੀ ਕਾਰਨਰ ਦੁਆਰਾ ਗੋਲ ਕਰ ਕਿ ਆਪਣੀ ਟੀਮ ਨੂੰ ਬੜ੍ਹਤ ਦੁਆਈ ਜਿਸ ਨਾਲ ਕੈਲਗਰੀਕਿੰਗਜ਼ ਇਲੈਵਨ ਪਹਿਲੇ ਹਾਫ਼ ਵਿਚਜ਼ੀਰੋ ਦੇ ਮੁਕਾਬਲੇ ਇਕ ਗੋਲ ਨਲ ਅੱਗੇ ਸੀ। ਦੂਜੇ ਹਾਫ਼ ਦੀ ਸ਼ੁਰੂਆਤ ਬੜੀ ਹੀ ਤੇਜ ਤਰਾਰ ਰਹੀ ਜਿਸ ਵਿਚਦੋਨਾਂ ਟੀਮਾਂ ਨੇ ਜਿੱਤਣ ਲਈ ਪੂਰੀ ਵਾਹ ਲਾਈ ਪਰ ਕੈਲਗਰੀਕਿੰਗਜ਼ ਇਲੈਵਨ ਦੇ ਗਗਨਦੀਪ ਸਿੰਘ ਨੇ 32 ਵੇਂ ਮਿੰਟ ਵਿਚਪੈਨਲਟੀ ਸਟਰੋਕ ਨੂੰਗੋਲ ਵਿਚਤਬਦੀਲ ਕਰ ਕੇਆਪਣੀ ਟੀਮ ਦੀ ਬੜ੍ਹਤ ਮਜ਼ਬੂਤ ਕੀਤੀ। ਪਰ ਸੁਰਿੰਦਰ ਇਲੈਵਨ ਸੀਨੀਅਰ ਸਰੀਦੇ ਹਰਮਨਦੀਪ ਹੇਅਰ ਨੇ33ਮਿੰਟ ਵਿਚਮਿਲੇ ਪੈਨਲਟੀ ਸਟਰੋਕ ਨੂੰਗੋਲ ਵਿਚਬਦਲ ਕਿ ਮੈਚ ਵਿਚ ਆਪਣੀ ਟੀਮ ਦੀ ਵਾਪਸੀ ਕੀਤੀ। ਪਰ ਕੈਲਗਰੀਕਿੰਗਜ਼ ਇਲੈਵਨ ਫ਼ੀਲਡ ਹਾਕੀ ਕਲੱਬ ਦੇ ਬੱਲੀ ਕਲੇਰ ਦੇ ਅਗਲੇ ਪੰਜ ਮਿੰਟਾਂ ਵਿਚ ਲਗਾਤਾਰ ਦੋ ਫ਼ੀਲਡ ਗੋਲਾਂ ਸਦਕਾ ਇਹ ਮੁਕਾਬਲਾ ਕੈਲਗਰੀਕਿੰਗਜ਼ ਇਲੈਵਨ ਫ਼ੀਲਡ ਹਾਕੀ ਕਲੱਬ ਦੀਝੋਲੀ ਵਿਚ ਪਿਆ। ਪੂਲ ਮੈਚਾਂ ਵਿਚ ਦੋਵੇਂ ਹੀ ਟੀਮਾਂ ਨੇ ਬਿਨਾਂ ਕੋਈਮੈਚ ਗੁਆਏ ਆਪਣੇ-ਆਪਣੇ ਪੂਲ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਪਹਿਲੇ ਸੈਮੀ-ਫਾਈਨਲ ਮੁਕਾਬਲੇ ਵਿਚਸੁਰਿੰਦਰ ਇਲੈਵਨ ਸਰੀ ਸੀਨੀਅਰ ਨੇ ਸੁਰਿੰਦਰ ਇਲੈਵਨ ਸਰੀਜੂਨੀਅਰ ਨੂੰ ਰੂਪ ਵਿਰਦੀ ਤੇ ਮਨਪ੍ਰੀਤ ਵਿਰਕ ਦੇ ਦੋ ਦੋ ਗੋਲਾਂ ਸਦਕੇ ਪੰਜ ਦੇ ਮੁਕਾਬਲੇ ਇਕ ਗੋਲ ਨਾਲ ਮਾਤ ਦਿੱਤੀ।ਦੂਜੇ ਸੈਮੀ-ਫਾਈਨਲ ਵਿਚ ਕੈਲਗਰੀਕਿੰਗਜ਼ ਇਲੈਵਨ ਨੇ ਕੈਲਗਰੀ ਹਾਕਸ ਨੂੰ ਚਾਰ ਦੇ ਮੁਕਾਬਲੇ ਦੋ ਗੋਲਾਂ ਨਾਲ ਹਰਾ ਕਿ ਫਾਈਨਲ 'ਚਪੁੱਜੀ।ਸੁਰਿੰਦਰ ਇਲੈਵਨ ਸਰੀਜੂਨੀਅਰ ਨੇ ਤੀਜੀ ਪੁਜ਼ੀਸ਼ਨ ਹਾਸਲ ਕੀਤੀ। ਇਸ ਟੂਰਨਾਮੈਂਟ ਵਿਚ ਦਰਸ਼ਕਾਂ ਵੱਲੋਂਓਲੰਪੀਅਨ ਕੈਂਨੀ ਪ੍ਰੈਰਾ , ਜਗਦੀਸ਼ ਗਿੱਲ ਤੋਂ ਇਲਾਵਾ ਕਿਊਬਾ ਹਾਕੀ ਟੀਮ ਤੋਂ ਨੈਸ਼ਨਲ ਖੇਡ ਚੁੱਕੇ ਖਿਡਾਰੀਆਂ ਦੀ ਖ਼ੂਬਪ੍ਰਸੰਸਾ ਕੀਤੀ ਗਈ। ਇਸ ਤੋ ਇਲਾਵਾ ਕੈਨੇਡਾ ਦੇ ਬਹੁਤ ਸਾਰੇ ਜੂਨੀਅਰ ਸੂਅਕੈਡ ਦੇ ਖਿਡਾਰੀਆਂ ਨੇ ਵੀ ਆਪਣੇਸੱਕਿਲ ਨਾਲ ਵਾਹ ਵਾਹ ਖੱਟੀ । ਇਸ ਟੂਰਨਾਮੈਂਟ ਦੌਰਾਨ ਵਿਨੀਪੈਗ ਦੀ ਜੂਨੀਅਰ ਟੀਮ ਨੇ ਬਹੁਤ ਹੀ ਵਧੀਆ ਖੇਡ ਦਾ ਮੁਜਾਹਰਾ ਕੀਤਾ। ਇਸ ਟੂਰਨਾਮੈਂਟ ਨੂੰਸਵਰਨ ਸਿੰਘਧਾਲੀਵਾਲ, ਮਨਜੀਤ ਸਿੰਘਗਿੱਲ, ਮਰਵਿੰਦਰ ਸਿੰਘ, ਐਕਸਟ ਟਰਾਂਜ਼ਿਟ, ਆਰ ਐਂਡ ਵੀ ਹੋਮਜ਼, ਸਨ ਰੋਅਜ਼ ਕਾਰ ਵਾਸ, ਡਾ. ਨਰਿੰਦਰ ਸਿੰਘ, ਡਾ. ਨਵਦੀਪ ਰੰਧਾਵਾ, ਡਾ. ਜੈਕਬ ਥਾਮਸ, ਡਾ. ਤੇਜਿੰਦਰ ਤੂੰਗ, ਕਿੰਗਜ਼ ਟਰੱਕ ਐਂਡ ਟਰੇਲਰ, ਦੀਪ ਗਰੇਵਾਲ, ਗ.ਗਨਵੀਰ, ਗਿੱਲ ਗਰੌਸਰੀ ਸਟੋਰ, ਸਵੇਗ ਟਰਾਂਸਪੋਰਟ, ਮਹਿਤੋਜ ਟਰਾਂਸਪੋਰਟ, ਪਰਮ ਸਿੱਧੂ, ਰੈਪਿਡ ਟਰਾਂਸਪੋਰਟ 'ਤੇਰਾਏ ਆਟੋ ਵੱਲੋਂ ਸਪਾਂਸਰ ਕੀਤਾ ਗਿਆ। ਪਰ ਇਸ ਪੂਰੇ ਟੂਰਨਾਮੈਂਟ ਦੌਰਾਨ ਦਰਸ਼ਕਾਂ ਦੀ ਕਮੀ ਮਹਿਸੂਸ ਹੁੰਦੀ ਰਹੀ। ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ2500 ਡਾਲਰ, ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 1500 ਡਾਲਰ ਦੇਨਕਦ ਇਨਾਮਾਂ ਤੋਂ ਇਲਾਵਾਮੈਡਲ ਤੇ ਟਰਾਫ਼ੀਆਂ ਵੀ ਦਿੱਤੀਆਂ ਗਈਆਂ। ਇਸਦੌਰਾਨ ਕਲੱਬ ਦੇ ਪ੍ਰ ਬੰਧਕਾਂ ਜਸਵੀਰ ਗਿੱਲ, ਡਾ. ਜੈਕਬ ਥਾਮਸ, ਡਾ. ਤੇਜਿੰਦਰ ਤੂੰਗ, ਪੁਖਰਾਜ ਸਿੰਘ, ਸੁਰਜੀਤ ਸਿੰਘ, ਜੱਸੀ, ਸ਼ਮਸ਼ੇਰ ਸਿੰਘ, ਜਗਮੋਹਨ ਸਿੰਘ, ਸੁਖਮਿੰਦਰ ਸਿੰਘ, ਕਰਨ, ਸੁਰਿੰਦਰ ਸਿੱਧੂ, ਅਮਰਦੀਪ ਵੀਰਾ, ਸੁਰਿੰਦਰ ਮਾਵੀ, ਸੁੱਖੀ ਕੰਗ, ਪ੍ਰੀਤ, ਵਿਲੀਅਮ ਜੀਤ, ਪਰਮਜੀਤ ਸਿੰਘ, ਗੁਰਿੰਦਰ ਸਿੰਘਤੇ ਸਤਨਾਮ ਸਿੰਘਵੱਲੋਂ ਖਿਡਾਰੀਆਂ, ਦਰਸ਼ਕਾਂ 'ਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ।

## ਟੋਬਾ ਵਾਰੀਅਰਸ .ਫੀਲਡ ਹਾਕੀ ਵਲੋਂ ਅਕੈਡਮੀ ਦਾ ਆਗਾਜ਼



ਵਿਨੀਪੈਗ, (ਸੁਰਿੰਦਰ ਮਾਵੀ) : ਟੋਬਾ ਵਾਰੀਅਰਸ ਫ਼ੀਲਡ ਹਾਕੀ ਸਪੋਰਟਸ ਕਲੱਬ ਮੈਨੀਟੋਬਾ ਵੱਲੋਂ ਮੈਪਲ ਕਮਿਊਨਿਟੀ ਸੈਂਟਰ 434 ਐਡਸਮ ਡਰਾਈਵ ਵਿਨੀਪੈਗ ਵੱਲੋਂ ਵਿਨੀਪੈਗ 'ਚ ਹਾਕੀ ਦੀ ਖੇਡ ਨੂੰ ਪ੍ਰਫੁੱਲਿਤ ਕਰਨ 'ਤੇ ਹਾਕੀ ਦੀ ਨਵੀਂ ਪਨੀਰੀ ਤਿਆਰ ਕਰਨ ਦੀ ਪਹਿਲਕਦਮੀ ਕਰਦੇ ਹੋਏ ਫ਼ੀਲਡ ਹਾਕੀ ਅਕੈਡਮੀ ਦਾ ਆਗਾਜ਼ ਕੀਤਾ ਗਿਆ। ਇਸ ਵਿਚ ਬੱਚਿਆਂ ਨੂੰ ਹਾਕੀ ਦੇ ਮਾਹਿਰ ਕੋਚਾਂ ਵੱਲੋਂ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਇਹ ਬੱਚੇ ਭਵਿੱਖ 'ਚ ਹਾਕੀ ਖੇਡ 'ਚ ਰਾਸ਼ਟਰੀ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਸਕਣ। ਕੋਚ ਪਰਮਜੀਤ ਧਾਲੀਵਾਲ ਦੇ ਅਨੁਸਾਰ ਉਨ੍ਹਾਂ ਦਾ ਮੁੱਖ ਮੰਤਵ ਇਸ ਖੇਡ ਦੇ ਲਈ ਨਵੀਂ ਪਨੀਰੀ ਨੂੰ ਤਿਆਰ ਕਰਨਾ ਹੈ। ਇਸੇ ਮਕਸਦ ਦੇ ਤਹਿਤ ਉਨ੍ਹਾਂ ਦੇ ਵੱਲੋਂ ਹੁਣ ਸ਼ੁਰੂਆਤ ਦੇ ਵਿਚ 30 ਬੱਚਿਆਂ ਦੇ ਨਾਲ ਕੋਚਿੰਗ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਸਾਰੇ ਬੱਚਿਆਂ ਦੀ ਉਮਰ 06 ਤੋਂ 10 ਸਾਲ ਦੇ ਵਿਚਕਾਰ ਹੈ। ਜਿਸ ਅਨੁਸਾਰ ਇਹਨਾਂ ਬੱਚਿਆਂ ਨੂੰ ਮੈਦਾਨ ਦੇ ਵਿਚ ਛੋਟੇ ਪੱਧਰ ਦੀ ਟੀਮ ਤੱਕ ਲੈ ਕੇ ਆਉਣ ਦੇ ਲਈ ਹਾਲੇ ਘੱਟ ਤੋਂ ਘੱਟ ਚਾਰ ਸਾਲ ਦਾ ਸਮਾਂ ਲੱਗੇਗਾ। ਪ੍ਰਬੰਧਕਾਂ ਦਾ ਕਹਿਣਾ ਸੀ ਹਾਕੀ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਲਈ ਅਤੇ ਲੋਕਾਂ ਵਿਚ ਫਿਰ ਤੋਂ ਇਸ ਖੇਡ ਪ੍ਰਤੀ ਰੁਚੀ ਪੈਦਾ ਕਰਨ ਦੇ ਲਈ ਇਸ ਖੇਡ ਦੇ ਨਾਲ ਜੁੜੇ ਲੋਕਾਂ ਦੇ ਵੱਲੋਂ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ।

ਕਲੱਬ ਵੱਲੋਂ ਬੱਚਿਆਂ ਦੀ ਪ੍ਰੈਕਟਿਸ ਮੈਪਲ ਕਮਿਊਨਿਟੀ ਸੈਂਟਰ ਵਿਚ ਹਰ ਸ਼ੁੱਕਰਵਾਰ ਸ਼ਾਮ ਸੱਤ ਵਜੇ ਤੋਂ ਸ਼ਾਮ ਨੌਂ ਵਜੇ ਤਕ ਮੁਫ਼ਤ ਚਲਾਇਆ ਜਾ ਰਿਹਾ। ਹੋਰ ਜਾਣਕਾਰੀ 204-294-6761 'ਤੇ 204-914-1000 ਤੇ ਫ਼ੋਨ ਕਰ ਕੇ ਲਈ ਜਾ ਸਕਦੀ ਹੈ। ਇਸ ਦੌਰਾਨ ਕਲੱਬ ਦੇ ਪ੍ਰਬੰਧਕਾਂ ਜਸਵੀਰ ਗਿੱਲ, ਡਾ. ਜੈਕਬ ਥਾਮਸ, ਡਾ. ਤੇਜਿੰਦਰ ਤੂੰਗ, ਪੁਖਰਾਜ ਸਿੰਘ, ਸੁਰਜੀਤ ਸਿੰਘ ,ਜੱਸੀ, ਸ਼ਮਸ਼ੇਰ ਸਿੰਘ, ਜਗਮੋਹਨ ਸਿੰਘ, ਸੁਖਮਿੰਦਰ ਸਿੰਘ, ਕਰਨ, ਸੁਰਿੰਦਰ ਸਿੱਧੂ, ਅਮਰਦੀਪ ਵੀਰਾ, ਸੁਰਿੰਦਰ ਮਾਵੀ, ਸੁੱਖੀ ਕੰਗ, ਪ੍ਰੀਤ, ਵਿਲੀਅਮ ਜੀਤ, ਪਰਮਜੀਤ ਸਿੰਘ, ਗੁਰਿੰਦਰ ਸਿੰਘ ਤੇ ਸਤਨਾਮ ਸਿੰਘ ਵੀ ਮੌਜੂਦ ਸਨ।

FOR ALL YOUR REAL ESTATE NEEDS
Contact Long time trusted name in the community
Gurbachan Singh Brar
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
* Free no obligation evaluation
* Full time commitment
* Assistance to arrange best mortgage rates
urban 1A-4101 19 ST N.E. CALGARY, AB T2E 6X3
Ph: 403-590-2233 Fax: 403-776-1942



For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE
MaxValue Reality Ltd.
Taranjit "T.J" Mand
Real Estate Associate




1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦਾ ਮਾਸਿਕ ਮੈਗਜੀਨ...
ਸਿੱਖ ਵਿਰਸਾ
ਸਾਡਾ ਵਿਰਸਾ
Ph: 403-250-8898 Fax: 403-250-8825
24 ਘੰਟੇ ਆਨ ਲਾਈਨ
ਰੇਡੀਓ ਸਾਂਝ
www.radiosanjh.com
Website : www.sikhvirsa.com, Email : virsa@sikhvirsa.com

# ਕ੍ਰਾਂਤੀ ਦੀ ਗਾਥਾ ਦਾ ਸ਼ਾਇਰ : ਸੰਤ ਰਾਮ ਉਦਾਸੀ

- ਅਜਮੇਰ ਸਿੱਧੂ

## (20 ਅਪ੍ਰੈਲ 1939- 6 ਨਵੰਬਰ 1986)




(ਪਿਛਲੇ ਅੰਕ ਦੀ ਬਾਕੀ)

ਇਸ ਵਿੱਚ ਉਦਾਸੀ ਨੂੰ ਰਗੜਾ ਲਾਇਆ ਜਾ ਰਿਹਾ ਹੈ ਜਾਂ ਉਹਦੀ ਲਹਿਰ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆਂਦਾ ਜਾ ਰਿਹਾ ਹੈ। ਉਦਾਸੀ ਉੱਤੇ ਵਾਰ-ਵਾਰ ਹਮਲੇ ਹੋਣ ਦਾ ਕਾਰਨ ਉਸਦਾ ਆਰਥਿਕ ਤੌਰ 'ਤੇ ਸਾਧਨ ਵਿਹੂਣੇ ਹੋਣਾ, ਉਸਦੇ ਪਰਿਵਾਰ ਦੇ ਮੈਂਬਰਾਂ ਦਾ (ਇਕਬਾਲ ਕੌਰ ਉਦਾਸੀ ਨੂੰ ਛੱਡ ਕੇ) ਬੱਝਵਾਂ ਰਾਜਨੀਤਕ ਵਿਚਾਰਧਾਰਕ ਨਜ਼ਰੀਆ ਨਾ ਹੋਣਾ, ਉਦਾਸੀ ਦਾ ਅੰਤਲੇ ਦਿਨਾਂ ਵਿੱਚ ਡਿਸਟਰਬ ਹੋਣਾ, ਦਾਰੂ ਦੀ ਕਮਜ਼ੋਰੀ ਅਤੇ ਅਣਆਈ ਮੌਤ ਦੱਸਿਆ ਜਾ ਰਿਹਾ ਹੈ। ਪੈਸੇ ਦੀ ਥੁੜ ਕਾਰਨ ਉਸਨੂੰ ਗੁਰਦੁਆਰਿਆਂ ਦੀਆਂ ਸਟੇਜਾਂ 'ਤੇ ਵੀ ਗੀਤ ਗਾਉਣ ਜਾਣਾ ਪੈਂਦਾ ਸੀ। ਉਹ ਜੀਉਂਦਾ ਜਾਗਦਾ ਇਨਕਲਾਬੀ ਸ਼ਾਇਰ ਵਜੋਂ ਵਿਚਰਿਆ ਪਰ ਉਸਦੀ ਮੌਤ ਇਨਕਲਾਬੀਆਂ ਵਾਲੀ ਨਹੀਂ ਹੋਈ। ਉਸਦੀ ਮੌਤ ਤੋਂ ਬਾਅਦ ਉਸਨੂੰ ਹਰ ਕੋਈ ਵਰਤਣਾ ਚਾਹੁੰਦਾ ਹੈ। ਇਹ ਉਸਦੇ ਪਰਿਵਾਰ, ਉਸਦੀ ਲਹਿਰ ਅਤੇ ਪਾਰਟੀ ਦੀ ਕਮਜ਼ੋਰੀ ਵੀ ਹੈ।

ਇਨ੍ਹਾਂ ਸਾਲਾਂ ਵਿੱਚ ਉਦਾਸੀ ਨੂੰ ਦਲਿਤ ਕਵੀ ਵਜੋਂ ਪ੍ਰਚਾਰਿਆ ਅਤੇ ਵਰਤਿਆ ਜਾ ਰਿਹਾ ਹੈ। ਉਸਦੇ ਗੀਤ ਸਿੱਖੀ ਬਿੰਬਾਂ ਅਤੇ ਇਤਿਹਾਸਕਾਰੀ ਵਾਲੇ ਹੋਣ ਕਾਰਨ ਖਾਲਿਸਤਾਨੀ ਲਹਿਰ ਦੌਰਾਨ ਉਨ੍ਹਾਂ ਦੀ ਖ਼ੂਬ ਵਰਤੋਂ ਹੋਈ। ਉਸਦਾ ਅਕਸ ਖਾਲਿਸਤਾਨੀ ਲਹਿਰ ਦੇ ਹਮਾਇਤੀ ਵਾਲਾ ਵੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ।

ਸੰਤ ਰਾਮ ਉਦਾਸੀ ਦੀ ਪਾਰਟੀ ਸੀ. ਪੀ. ਆਈ. (ਐਮ. ਐਲ.) ਪੂਲਾ ਰੈਡੀ ਸਮਝਦੀ ਸੀ ਕਿ ਪੰਜਾਬ ਦੀਆਂ ਗੜਬੜ ਵਾਲੇ ਹਲਾਤ ਲਈ ਭਾਰਤ ਦੇਸ਼ ਦਾ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰਕ ਢਾਂਚਾ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਫਿਰਕੂ ਤੇ ਧਾਰਮਿਕ ਕੱਟੜ ਪੰਥੀ ਸ਼ਕਤੀਆਂ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਭਾਰਤ ਦੇ ਲੁਟੇਰੇ ਹਾਕਮਾਂ ਦੀਆਂ ਨੀਤੀਆਂ (ਲੋਕਾਂ ਵਿੱਚ ਧਰਮ, ਫਿਰਕੇ, ਜਾਤ, ਬੋਲੀ ਅਤੇ ਇਲਾਕੇ ਦੇ ਨਾਂ 'ਤੇ ਫੁੱਟ ਪਾਓ ਅਤੇ ਰਾਜ ਕਰੋ) ਨੂੰ ਅਮਲ ਵਿੱਚ ਲਿਆ ਰਹੀਆਂ ਹਨ। ਹਾਕਮ ਧਿਰ ਸੁਚੇਤ ਤੇ ਚੇਤਨ ਰੂਮ ਵਿੱਚ ਫਿਰਕੂ ਜਨੂੰਨੀਆਂ ਅਤੇ ਧਾਰਮਿਕ ਕੱਟੜ ਪੰਥੀਆਂ ਦਾ ਯੋਜਨਾਬੱਧ ਚੰਗ ਨਾਲ ਫਾਇਦਾ ਲੈ ਰਹੀ ਹੈ। ਇਹ ਪਾਰਟੀ ਪੰਜਾਬ ਸਮੱਸਿਆ ਲਈ ਕਾਂਗਰਸ ਪਾਰਟੀ ਨੂੰ ਮੁੱਖ ਦੋਸ਼ੀ ਸਮਝਦੀ ਸੀ ਅਤੇ ਦੂਜੇ ਨੰਬਰ 'ਤੇ ਅਕਾਲੀ ਦਲ ਦੀ ਫਿਰਕੂ ਧਾਰਮਿਕ ਰਾਜਨੀਤੀ ਨੂੰ ਜ਼ਿੰਮੇਵਾਰ ਸਮਝਦੀ ਸੀ। ਇਹ ਭਾਰਤ ਵਿੱਚ ਕੌਮੀ ਸਵਾਲ ਨੂੰ ਅਣਸੁਲਝਿਆ ਮੰਨਦੇ ਸਨ। ਇਹ ਪੰਜਾਬ ਮਸਲੇ ਨੂੰ ਅਮਨ ਤੇ ਕਾਨੂੰਨ ਦੀ ਬਜਾਏ ਰਾਜਨੀਤਕ ਮਸਲਾ ਸਮਝਦੇ ਸਨ ਅਤੇ ਇਸਨੂੰ ਹੱਲ ਕਰਨ ਉੱਤੇ ਜ਼ੋਰ ਦਿੰਦੇ ਸਨ। ਇਹ ਪੁਲਿਸ ਵੱਲੋਂ ਖਾਲਿਸਤਾਨੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਿਰੋਧ ਕਰਦੇ ਸਨ। ਨਾਲ ਹੀ ਖਾਲਿਸਤਾਨੀਆਂ ਵੱਲੋਂ ਕਮਿਊਨਿਸਟਾਂ, ਨਿਰਦੋਸ਼ ਲੋਕਾਂ, ਹਿੰਦੂਆਂ ਅਤੇ ਪੁਲਿਸ ਕਰਮਚਾਰੀਆਂ ਦੇ ਪਰਿਵਾਰਾਂ ਦੇ ਕਤਲਾਂ ਦੀ ਨਿੰਦਾ ਕਰਦੇ ਸਨ। ਇਨ੍ਹਾਂ ਨੇ ਸਾਕਾ ਨੀਲਾ ਤਾਰਾ ਵੇਲੇ ਹਰਮਿੰਦਰ ਸਾਹਿਬ ਉੱਤੇ ਹੋਏ ਭਾਰਤੀ ਫ਼ੌਜੀ ਹਮਲੇ ਦੀ ਸਖਤ ਨਿਖੇਧੀ ਕੀਤੀ ਸੀ। ਇਨ੍ਹਾਂ ਨੇ ਦਿੱਲੀ ਅਤੇ ਭਾਰਤ ਦੇ ਹੋਰ ਖਿੱਤਿਆਂ ਵਿੱਚ ਸਿੱਖਾਂ ਦੇ ਕਤਲੇਆਮ ਦਾ ਵਿਰੋਧ ਮੁਜ਼ਾਹਰਿਆਂ ਰਾਹੀਂ ਕੀਤਾ ਸੀ।

[ਸੀ. ਪੀ. ਆਈ. (ਐਮ. ਐਲ.) (ਨਿਊ ਡੈਮੋਕਰੈਸੀ) ਦੇ ਸੂਬਾਈ ਆਗੂ ਕਾ. ਸਰਦਾਰਾ ਸਿੰਘ ਮਾਹਿਲ ਅਤੇ ਕਾ. ਕੁਲਵਿੰਦਰ ਸਿੰਘ ਵੜੈਚ ਨਾਲ ਹੋਈ ਮੁਲਾਕਾਤ ਦੇ ਆਧਾਰ 'ਤੇ]

ਸੰਤ ਰਾਮ ਉਦਾਸੀ ਵੀ ਪਾਰਟੀ ਦੀ ਤਰਜ਼ 'ਤੇ ਪੰਜਾਬ ਨੂੰ ਕੇਂਦਰ ਵੱਲੋਂ ਲੁੱਟਣ, ਕੁੱਟਣ, ਹਰਮਿੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ, 1984 ਦੇ ਸਿੱਖ ਕਤਲੇਆਮ, ਪੰਜਾਬੀਆਂ ਦੇ ਕਤਲਾਂ ਅਤੇ ਖਾਸ ਤੌਰ 'ਤੇ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਿਰੋਧ ਕਰਦਾ ਸੀ। 1984 ਵਿੱਚ ਫ਼ੌਜੀ ਪੈਰਾਂ ਹੇਠ ਦਰੜੀ ਗਈ ਪੰਜਾਬ ਦੀ ਧਰਤੀ ਦੀ ਪੀੜਾ 'ਤੇ ਸੀ. ਪੀ. ਆਈ. (ਐਮ. ਐਲ.) ਪੂਲਾ ਰੈਡੀ ਦਾ ਆਗੂ ਕਾ. ਬਲਦੇਵ ਸਿੰਘ ਮਾਨ ਕਲਮ ਚਲਾ ਰਿਹਾ ਸੀ-

"ਪੰਜਾਬ ਦੀ ਧਰਤੀ 'ਤੇ ਕੀਤਾ ਗਿਆ ਇੰਦਰਾ ਸਰਕਾਰ ਦਾ ਫ਼ੌਜੀ ਐਕਸ਼ਨ ਇਤਿਹਾਸ ਵਿੱਚ ਕਾਲੇ ਅੱਖਰਾਂ ਨਾਲ ਉੱਕਰਿਆਂ ਜਾਵੇਗਾ ਜੋ ਆਉਣ ਵਾਲੀਆਂ ਪੀੜ੍ਹੀਆਂ ਦੀ ਇਸ ਭਿਆਨਕ ਕਤਲੋਗਾਰਦ ਦਾ ਦ੍ਰਿਸ਼ ਅਨੁਭਵ ਕਰਦੀਆਂ ਰਹਿਣਗੀਆਂ। ਜਿਸ ਵਿੱਚ ਪੰਜਾਬ ਦੀ ਧਰਤੀ ਨੂੰ ਫੌਜੀ ਬੂਟਾਂ ਹੇਠ ਲਿਤਾੜਿਆਂ ਗਿਆ ਅਤੇ ਸੰਗੀਨਾਂ ਦੀਆਂ ਨੋਕਾਂ ਨਾਲ ਆਪਣੇ ਹੀ ਦੇਸ ਦੇ ਲੋਕਾਂ ਦੀਆਂ ਛਾਤੀਆਂ ਵਿੰਨੀਆਂ ਗਈਆਂ। ਕਿੱਡਾ ਵੱਡਾ ਭਰਮ ਸੀ ਪੰਜਾਬੀ ਕੌਮ ਨੂੰ ਕਿ ਹਿੰਦੁਸਤਾਨ ਦੀ ਫੌਜ ਸਿਰਫ਼ ਦੇਸ਼ ਦੀਆਂ ਸਰਹੱਦਾਂ ਤੇ ਲੜਨ ਵਾਲੀ ਸੈਨਾ ਹੈ ਪਰ ਅੱਜ ਇਹਨਾਂ ਫੌਜੀ ਸੈਨਿਕਾਂ ਲਈ ਪੰਜਾਬ ਦਾ ਹਰ ਬੱਚਾ ਦੁਸ਼ਮਣ ਹੈ, ਹਰ ਨੌਜਵਾਨ ਬਾਗੀ ਹੈ ਅਤੇ ਹਰ ਬਜ਼ੁਰਗ ਦੇਸ ਦੀ ਸੁੱਰਖਿਆ ਲਈ ਖ਼ਤਰਾ ਹੈ।"

ਪੰਜਾਬ ਦੇ ਨਕਸਲੀ ਗਰੁੱਪ ਕੇਂਦਰ ਸਰਕਾਰ ਦੀਆਂ ਵਧੀਕੀਆਂ ਅਤੇ ਪੰਜਾਬ ਦੇ ਲੋਕਾਂ ਨੂੰ ਬਲੀ ਦਾ ਬੱਕਰਾ ਬਣਾਏ ਜਾਣ ਦਾ ਵਿਰੋਧ ਕਰਦੇ ਸਨ। ਪੰਜਾਬ ਦੇ ਮਾੜੇ ਹਲਾਤਾਂ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦੇ ਸਨ। ਸਰਕਾਰ ਅਤੇ ਪੁਲਿਸ 'ਤੇ ਤਿੱਖੇ ਹਮਲੇ ਕਰਦੇ ਸਨ। ਸੰਤਾਲੀ ਦੇ ਭਾਰਤ ਪਾਕਿ ਦੰਗੇ ਫਸਾਦਾਂ ਦੇ ਹਵਾਲੇ ਨਾਲ ਖਾਲਿਸਤਾਨੀਆਂ ਨੂੰ ਹਿੰਦੂ ਸਿੱਖ ਏਕਤਾ ਦਾ ਪਾਠ ਪੜ੍ਹਾਉਂਦੇ ਸਨ। ਉਨ੍ਹਾਂ ਪ੍ਰਤੀ ਨਰਮ ਵੀ ਸਨ। ਖਾਲਿਸਤਾਨੀ ਹਥਿਆਰਬੰਦ ਗਰੁੱਪਾਂ ਨੇ ਨਕਸਲੀ ਆਗੂਆਂ ਅਤੇ ਕਾਰਕੁਨਾਂ ਦੇ ਬੇਰਹਿਮੀ ਨਾਲ ਕਤਲ ਕਰਨੇ ਸ਼ੁਰੂ ਕਰ ਦਿੱਤੇ। ਜਦੋਂ ਉੱਪਰਲੀਆਂ ਲਾਈਨਾਂ ਲਿਖਣ ਵਾਲੇ ਕਾਮਰੇਡ ਬਲਦੇਵ ਮਾਨ ਦਾ ਖਾਲਿਸਤਾਨ ਕਮਾਂਡੋ ਫੋਰਸ ਵੱਲੋਂ ਅਤੇ ਉਸਦੇ ਹੋਰ ਸਾਥੀਆਂ ਦੇ ਕਤਲ ਕਰਨੇ ਸ਼ੁਰੂ ਕਰ ਦਿੱਤੇ। ਸੀ. ਪੀ. ਆਈ. (ਐਮ. ਐਲ) ਪੂਲਾ ਰੈਡੀ ਨੇ ਸਰਕਾਰੀ ਤੇ ਖਾਲਿਸਤਾਨੀ ਦਹਿਸ਼ਤਗਰਦੀ ਨੂੰ ਬਰਾਬਰ ਦੇ ਦੋਸ਼ੀ ਮੰਨ ਕੇ ਸਰਗਰਮੀਆਂ ਸ਼ੁਰੂ ਕੀਤੀਆਂ। ਸੰਤ ਰਾਮ ਉਦਾਸੀ ਪਹਿਲੇ ਹਲਾਤਾਂ ਦੇ ਮੁਤਾਬਕ ਪੰਜਾਬ ਦੀਆਂ ਮੰਗਾਂ ਦੇ ਹੱਕ ਵਿੱਚ ਅਤੇ ਪੰਜਾਬ ਦੀ ਤਬਾਹੀ ਦਾ ਵਿਰੋਧ ਕਰ ਰਿਹਾ ਸੀ। ਜਦੋਂ ਤੱਕ ਕਿ ਦੂਜੀ ਸਟੇਜ ਆਈ ਭਾਵ ਨਕਸਲੀ ਕਾਰਕੁਨਾਂ ਦੇ ਖਾਲਿਸਤਾਨੀਆਂ ਵੱਲੋਂ ਕਤਲ ਹੋਣ ਲੱਗੇ, ਉਦੋਂ ਤੱਕ ਉਦਾਸੀ ਆਪ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਬਲਦੇਵ ਸਿੰਘ ਮਾਨ ਦੀ ਸ਼ਹਾਦਤ ਅਤੇ ਉਦਾਸੀ ਦੇ ਵਿਛੋੜੇ ਤੋਂ ਪਹਿਲਾਂ ਨਕਸਲੀ ਧਿਰਾਂ ਦਾ ਮੰਨਣਾ ਸੀ ਕਿ ਕੇਂਦਰ ਪੰਜਾਬ ਦੇ ਲੋਕਾਂ ਨਾਲ ਧੱਕਾ ਕਰ ਰਿਹਾ ਹੈ। ਉਦਾਸੀ ਵੀ ਇਸੇ ਤਰਜ਼ 'ਤੇ ਵਿਰੋਧ ਕਰ ਰਿਹਾ ਸੀ। ਮਾਨ ਦੇ ਕਤਲ ਤੋਂ ਬਾਅਦ ਨਕਸਲੀ ਆਗੂਆਂ ਦੇ ਕਤਲਾਂ ਵਿੱਚ ਵਾਧਾ ਹੋਣ ਲੱਗਾ। ਭਾਰਤੀ ਹਕੂਮਤੀ ਜਬਰ ਅਤੇ ਹਕੂਮਤੀ ਅਪਰੇਸ਼ਨਾਂ ਦਾ ਤਿੱਖਾ ਵਿਰੋਧ ਕਰਨ ਵਾਲੀ ਧਿਰ ਕਮਿਊਨਿਸਟ ਇਨਕਲਾਬੀ ਕੇਂਦਰ ਭਾਰਤ (ਮ.ਲ.) ਦੇ ਮਲਕੀਤ ਸਿੰਘ ਮੱਲਾ (ਸਾਬਕਾ ਸੂਬਾ ਸਕੱਤਰ ਪੀ. ਐਸ. ਯੂ.) ਦਾ ਖਾਲਿਸਤਾਨੀਆਂ ਵੱਲੋਂ ਕਤਲ ਕਰ ਦਿੱਤਾ ਗਿਆ। ਹਾਕਮ ਸਿੰਘ ਸਮਾਓਂ ਦੀ ਲਿਬਰੇਸ਼ਨ ਧਿਰ (ਇੰਡੀਅਨ ਪੀਪਲਜ਼ ਫਰੰਟ) ਜੋ ਖਾਲਿਸਤਾਨੀਆਂ ਦੇ ਪੁਲਿਸੀ ਜਬਰ ਵਿਰੁੱਧ ਥਾਣਿਆਂ ਵਿੱਚ ਵੀ ਘੁਸ ਜਾਂਦੀ ਸੀ, ਦੇ ਆਗੂ ਅਮਰ ਸਿੰਘ ਅੱਚਰਵਾਲ ਨੂੰ ਖ਼ਤਮ ਕਰ ਦਿੱਤਾ ਗਿਆ। ਜਦੋਂ ਇਹ ਧਿਰਾਂ ਖਾਲਿਸਤਾਨੀਆਂ ਵੱਲੋਂ ਕਤਲਾਂ ਦਾ ਵਿਰੋਧ ਕਰਨ ਲੱਗੀਆਂ, ਉਦੋਂ ਉਦਾਸੀ ਸਰੀਰਕ ਤੌਰ 'ਤੇ ਵਿਛੋੜਾ ਦੇ ਗਿਆ ਸੀ।

ਐਮਰਜੈਂਸੀ ਟੁੱਟਣ ਤੋਂ ਬਾਅਦ ਕ੍ਰਾਂਤੀਕਾਰੀ ਲਹਿਰ ਨੂੰ ਕਾਫ਼ੀ ਵੱਡੀ ਸੈਟ ਬੈਕ ਲੱਗੀ। ਲਹਿਰ ਕਈ ਗਰੁੱਪਾਂ ਵਿੱਚ ਵੰਡੀ ਗਈ। ਲੇਖਕ ਤੇ ਬੁੱਧੀਜੀਵੀ ਤਬਕਾ ਵੀ ਨਿਰਾਸ਼ਾ ਦੇ ਆਲਮ ਵਿੱਚ ਗੁਜ਼ਰਨ ਲੱਗਾ। ਇਸ ਸਮੇਂ ਦੌਰਾਨ ਜੁਝਾਰਵਾਦੀ ਕਵੀਆਂ ਦੀ ਵੀ ਵੰਡ ਹੋ ਗਈ। ਮੈਂ ਇਨ੍ਹਾਂ ਨੂੰ ਚਾਰ ਖਾਨਿਆਂ ਵਿੱਚ ਵੰਡਦਾ ਹਾਂ।

(ੳ) ਇਹ ਉਹ ਸ਼ਾਇਰ ਸਨ ਜਿਨ੍ਹਾਂ ਆਪਣੇ ਆਪ ਨੂੰ ਵਿਦੇਸ਼ਾਂ ਵਿੱਚ ਸੈਟਲ ਕਰ ਲਿਆ, ਦੇਸ ਨੌਕਰੀਆਂ ਕਰ ਲਈਆਂ ਜਾਂ ਆਪਣੇ ਘਰਾਂ ਦੇ ਕੰਮਾਂ ਵਿੱਚ ਮਸ਼ਰੂਫ ਹੋ ਗਏ ਪਰ ਇਹ ਲਹਿਰ ਅਤੇ ਵਿਚਾਰਧਾਰਾ ਦੇ ਹਮਦਰਦ ਬਣੇ ਰਹੇ।

(ਅ) ਇਹ ਉਹ ਸ਼ਾਇਰ ਹਨ, ਜਿਹੜੇ ਪਾਰਟੀ ਜਾਂ ਵਿਚਾਰਧਾਰਾ ਨੂੰ ਬੇਦਾਵਾ ਲਿਖ ਗਏ। ਉਹ ਵਿਰੋਧੀ ਪਾਰਟੀਆਂ ਵਿੱਚ ਚਲੇ ਗਏ। ਜਾਂ ਆਪਣੇ ਮੱਠ ਬਣਾ ਕੇ ਬੈਠ ਗਏ। ਉਹ ਜੀਵਨ ਵਿੱਚ ਸੈਟਲ ਹੋਣ ਲਈ ਵਿਦੇਸ਼ ਗਏ ਜਾਂ ਬੁਰਜੂਆ ਪਾਰਟੀਆਂ ਵਿੱਚ ਚਲੇ ਗਏ। ਇਹ ਲਹਿਰ ਉੱਤੇ ਅਤੇ ਸ਼ਹੀਦ ਹੋਏ ਕਾਰਕੁਨਾਂ ਉੱਤੇ ਵੀ ਕਿੰਤੂ ਪ੍ਰੰਤੂ ਕਰਦੇ ਰਹਿੰਦੇ ਹਨ।

(ੲ) ਇਹ ਉਹ ਸ਼ਾਇਰ ਹਨ, ਜਿਨ੍ਹਾਂ ਪਾਰਟੀ ਫੁੱਟਾਂ, ਸਰਕਾਰੀ ਅਤੇ ਗੈਰ ਸਰਕਾਰੀ ਜਬਰ ਦੇ ਬਾਵਜੂਦ ਆਪਣੀ ਵਿਚਾਰਧਾਰਾ 'ਤੇ ਡਟੇ ਰਹੇ। ਸਾਹਿਤ ਸਿਰਜਣਾ ਘੱਟ ਕਰਕੇ ਰਾਜਨੀਤਕ ਸਰਗਰਮੀਆਂ ਨੂੰ ਵੱਧ ਤਰਜੀਹ ਦਿੱਤੀ। ਇਨ੍ਹਾਂ ਹਰ ਤਰ੍ਹਾਂ ਦਾ ਨੁਕਸਾਨ ਸਹਿ ਕੇ ਵੀ ਲਹਿਰ ਤੇ ਵਿਚਾਰਧਾਰਾ ਪ੍ਰਤੀ ਪ੍ਰਤੀਬੱਧਤਾ ਬਣਾਈ ਰੱਖੀ। ਇਨ੍ਹਾਂ ਵਿੱਚ ਸ਼ਹੀਦ ਜੈਮਲ ਸਿੰਘ ਪੱਡਾ, ਦਰਸ਼ਨ ਦੁਸਾਂਝ ਹਰਭਜਨ ਸੋਹੀ, ਦਰਸ਼ਨ ਖਟਕੜ ....ਆਦਿ ਦੇ ਨਾਂ ਲਏ ਜਾ ਸਕਦੇ ਹਨ।

(ਸ) ਇਹ ਉਹ ਸ਼ਾਇਰ ਹਨ, ਜਿਨ੍ਹਾਂ ਲਹਿਰ ਦੀ ਚੜ੍ਹਤ ਵੇਲੇ ਵੱਡਾ ਸਾਹਿਤਕ ਯੋਗਦਾਨ ਪਾਇਆ। ਪੁਲਿਸ ਦੀ ਮਾਰ ਵੀ ਝੱਲੀ। ਘਰ ਵੀ ਬਰਬਾਦ ਕਰਵਾਏ ਪਰ ਬਾਅਦ ਵਿੱਚ ਨਾ ਇਨ੍ਹਾਂ ਵਿਚਾਰਧਾਰਾ ਨਾਲੋ ਨਾਤਾ ਤੋੜਿਆ। ਉਂਝ ਪਾਰਟੀ ਦੇ ਜਥੇਬੰਦਕ ਕੰਮ ਛੱਡ ਕੇ ਸਿਰਫ ਲਿਖਣ ਨੂੰ ਹੀ ਆਪਣੀ ਕਰਮ ਭੂਮੀ ਬਣਾ ਲਿਆ। ਪਾਸ਼, ਉਦਾਸੀ ਤੇ ਲਾਲ ਸਿੰਘ ਦਿਲ ਇਸੇ ਕੈਟਾਗਰੀ ਵਿੱਚ ਆਉਂਦੇ ਹਨ। ਇਹ ਅਤੇ ਹੋਰ ਸ਼ਾਇਰ ਆਪਣੇ ਆਪ ਨੂੰ ਅਤੇ ਪਰਿਵਾਰਾਂ ਨੂੰ ਵੀ ਸੈਟ ਕਰ ਰਹੇ ਸਨ। ਲੇਕਿਨ ਸਾਹਿਤ ਦੇ ਪੱਖ ਤੋਂ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ।

ਇਨ੍ਹਾਂ ਸਾਲਾਂ ਵਿੱਚ ਹੀ ਪੰਜਾਬ ਦੇ ਲੋਕਾਂ ਉੱਤੇ ਪੰਜਾਬ ਸਮੱਸਿਆ ਦੀ ਗਾਜ ਆ ਡਿੱਗੀ। ਇਹ ਸ਼ਾਇਰ ਮਾਨਵਵਾਦੀ ਸਨ। ਮਨੁੱਖੀ ਸੰਵੇਦਨਾ ਨੂੰ ਫੜਨ ਵਾਲੇ ਸਨ। ਜੋ ਪੰਜਾਬ ਨਾਲ ਹੋ ਰਿਹਾ ਸੀ, ਉਸ ਤੋਂ ਚਿੰਤਤ ਸਨ। ਬਲਦੇਵ ਮਾਨ ਦੇ ਕਤਲ ਤੋਂ ਪਿੱਛੋਂ ਸੰਤ ਰਾਮ ਉਦਾਸੀ 'ਕਿਸਨੂੰ ਵਤਨ ਕਹਾਂ' ਕਵਿਤਾ ਵਿੱਚ ਇਹ ਚਿੰਤਾ ਇਉਂ ਜਾਹਰ ਕਰਦਾ ਹੈ :

ਹਰ ਥਾਂ ਖੂਨੋਂ ਖੂਨ ਹੈ ਧਰਤੀ
ਹਰ ਥਾਂ ਕਬਰਾਂ ਦੀ ਚੁੱਪ ਵਰਤੀ
ਅਮਨ ਕਿੱਥੇ ਮੈਂ ਦਫ਼ਨ ਕਰੂੰਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ।
ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ
ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ
ਕਿਸ ਨੂੰ ਕਿਸ ਦਾ ਦਮਨ ਕਹੂੰਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ।

(ਸੰਤ ਰਾਮ ਉਦਾਸੀ ਸ਼ਖ਼ਸੀਅਤ ਅਤੇ ਸਮੁੱਚੀ ਰਚਨਾ ਪੰਨਾ 231)

ਕੇਂਦਰ ਦੀ ਇੰਦਰਾ ਸਰਕਾਰ ਨੇ ਸਰਕਾਰੀ ਏਜੰਸੀਆਂ, ਪੁਲਿਸ ਬਲਾਂ, ਫੌਜ ਅਤੇ ਦਹਿਸ਼ਤਗਰਦਾਂ ਰਾਹੀਂ ਪੰਜਾਬ ਨੂੰ ਕਬਰਸਤਾਨ ਬਣਾ ਛੱਡਿਆ ਸੀ। ਬਾਹਰਲੇ ਸੂਬਿਆਂ ਵਿੱਚ ਸਿੱਖਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਣ ਵਾਲਾ ਮਾਹੌਲ ਬਣਾ ਦਿੱਤਾ ਸੀ। ਪੰਜਾਬ ਦੇ ਬਹੁਤੇ ਸਿੱਖ ਜੋ ਉਨ੍ਹਾਂ ਭੈੜੇ ਹਾਲਾਤਾਂ ਵਿੱਚ ਦੂਜੇ ਸੂਬਿਆਂ ਵਿੱਚ ਗਏ, ਫਿਰਕਾਪ੍ਰਸਤੀ ਦਾ ਸ਼ਿਕਾਰ ਹੋਏ। ਸੰਤ ਰਾਮ ਉਦਾਸੀ ਦਾ ਆਗੂ ਸਾਬਕਾ ਸੂਬਾ ਸਕੱਤਰ ਕਾ. ਹਾਕਮ ਸਿੰਘ ਸਮਾਓ ਨੂੰ ਤਾਂ ਗੱਡੀ ਵਿੱਚੋਂ ਕੱਢ ਕੇ ਮਾਰਨ ਹੀ ਲੱਗੇ ਸਨ। ਉਸਦਾ ਇੱਕ ਹੋਰ ਸੂਬਾ ਆਗੂ ਕਾ. ਤਾਰਾ ਸਿੰਘ ਚਲਾਕੀ ਵੀ ਨਵੰਬਰ 1984 ਵਿੱਚ ਬਿਹਾਰ ਤੇ ਦਿੱਲੀ ਵਿੱਚ ਹਿੰਦੂ ਫਿਰਕੂ ਜਨੂਨੀਆਂ ਤੋਂ ਮਸਾਂ ਬਚਿਆ ਸੀ। ਇੱਥੋਂ ਤੱਕ ਉਸਦੇ ਭਰਾ ਗੁਰਦਾਸ ਸਿੰਘ ਘਾਰੂ ਦੀ ਘਰ ਵਾਪਸੀ ਵੀ ਬੜੀ ਮੁਸ਼ਕਲ ਨਾਲ ਹੋਈ ਸੀ।

"ਇਸੇ ਤਰ੍ਹਾਂ ਇੱਕ ਨਵੰਬਰ, 1984 ਦੀ ਸਵੇਰ ਨੂੰ ਜਦੋਂ ਕਾਮਰੇਡ ਅਮਰ (ਕਾਮਰੇਡ ਅਮਰ ਸਿੰਘ ਅੱਚਰਵਾਲ, ਜਿਨ੍ਹਾਂ ਦਾ ਹਥਿਆਰਬੰਦ ਖਾਲਿਸਤਾਨੀਆਂ ਨੇ 12 ਸਤੰਬਰ 1992 ਨੂੰ ਕਤਲ ਕਰ ਦਿੱਤਾ ਸੀ। -ਸੰਪਾਦਕ) ਸਮੇਤ ਅਸੀਂ ਪੰਜਾਬ ਦੇ ਛੇ ਸਾਥੀ ਕਲਕੱਤਾ ਵਿਖੇ ਹੋ ਰਹੀ ਇੰਡੀਅਨ ਪੀਪਲਜ਼ ਫਰੰਟ ਦੀ ਕੁਲ ਹਿੰਦ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ-ਕਾਲਕਾ ਮੇਲ ਰਾਹੀਂ ਚੰਡੀਗੜ੍ਹ ਤੋਂ ਦਿੱਲੀ ਪੁੱਜੇ, ਤਾਂ ਉਥੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਚੁੱਕਿਆ ਸੀ। ਕਿਉਂਕਿ ਸਾਡੇ ਵਿੱਚੋਂ ਇੱਕ ਸਾਥੀ ਨੂੰ ਛੱਡ ਅਸੀਂ ਬਾਕੀ ਪੰਜੇ ਸਾਥੀ ਪੱਗਾਂ ਤੇ ਦਾਹੜੀਆਂ ਕੇਸਾਂ ਵਾਲੇ ਸੀ, ਇਸ ਲਈ ਅਸੀਂ ਉਸ ਮਾਰੂ ਹਮਲੇ ਦਾ ਸਿੱਧਾ ਨਿਸ਼ਾਨਾ ਸੀ। ਸਾਡੇ ਦਿੱਲੀ ਵਾਲੇ ਸਾਥੀਆਂ ਨੇ ਆਉਂਦਿਆਂ ਹੀ ਸਾਨੂੰ ਗੱਡੀ ਦੇ ਡੱਬਿਆਂ ਵਿੱਚ ਚਲੇ ਜਾਣ ਅਤੇ ਬਾਹਰ ਨਾ ਨਿਕਲਣ ਲਈ ਕਿਹਾ। ਹਾਲਾਤ ਵੇਖ ਕੇ ਇੱਕ ਸਾਥੀ ਨੇ ਦਿੱਲੀ ਤੋਂ ਹੀ ਵਾਪਸ ਪੰਜਾਬ ਪਰਤਣ ਦੀ ਸਲਾਹ ਦਿੱਤੀ ਪਰ ਸਾਡੀ ਸਾਰਿਆਂ ਦੀ ਰਾਏ ਅੱਗੇ ਕਲਕੱਤਾ ਪਹੁੰਚਣ ਦੀ ਬਣੀ। ਗੱਡੀ ਚੱਲਣ ਤੇ ਅੱਗੇ ਸਟੇਸ਼ਨਾਂ ਉੱਤੇ ਥਾਂ-ਥਾਂ ਸਿੱਖ ਵਿਰੋਧੀ ਦੰਗਾ ਤੇ ਚੀਕ-ਚਿਹਾੜਾ ਤੇਜ਼ ਹੁੰਦਾ ਵੇਖਿਆ। ਸਟੇਸ਼ਨਾਂ ਨੇੜੇ ਅੱਗਾਂ ਲੱਗੀਆਂ ਹੋਈਆਂ ਨਜ਼ਰ ਆ ਰਹੀਆਂ ਸਨ ਅਤੇ ਨਜ਼ਰ ਆਉਂਦੇ ਸਿੱਖਾਂ ਨੂੰ ਮਾਰਿਆਂ ਤੇ ਸਾੜਿਆ ਜਾ ਰਿਹਾ ਸੀ। ਜਦੋਂ ਸਾਡੀ ਗੱਡੀ ਯੂ. ਪੀ. ਵਿੱਚ ਠੁੰਡਲਾ ਸਟੇਸ਼ਨ ਤੇ ਪੁੱਜੀ ਤਾਂ ਹੱਲਾ-ਗੁੱਲਾ ਮਚਾਉਂਦੀ ਇੱਕ ਵੱਡੀ ਭੀੜ ਸਾਡੇ ਡੱਬੇ ਵਿੱਚ ਵੀ ਆਣ ਵੜੀ ਅਤੇ ਸਾਡੇ ਉੱਪਰ ਹਮਲਾ ਬੋਲ ਦਿੱਤਾ। ਇਸ ਸਮੇਂ ਸਾਡੇ 'ਚੋਂ ਕੁਝ ਨਵੇਂ ਸਾਥੀ ਕਾਫੀ ਘਬਰਾਹਟ ਵਿੱਚ ਸਨ। ਬੇਸ਼ੱਕ ਅਸੀਂ ਪੱਗਾਂ ਉਤਾਰ ਕੇ ਭੇਸ ਵਟਾਉਣ ਦੀ ਕਾਫੀ ਕੋਸ਼ਿਸ਼ ਕੀਤੀ ਸੀ, ਪਰ ਆਪਣੇ ਦਾਹੜੀ ਕੇਸਾਂ ਕਾਰਨ ਮੈਂ ਹਮਲਾਵਰਾਂ ਦਾ ਮੁੱਖ ਨਿਸ਼ਾਨਾ ਸਾਂ। ਉਹ ਮੈਨੂੰ ਧੂਹ ਕੇ ਬਾਹਰ ਘਸੀਟਣ ਦੀ ਕੋਸ਼ਿਸ਼ ਕਰ ਰਹੇ ਸਨ। ਨਾਲ ਵਾਲੀਆਂ ਹਿੰਦੂ ਸਵਾਰੀਆਂ ਮੈਨੂੰ ਹਿੰਦੂ ਸੰਤ ਦਸ ਕੇ, ਮੇਰਾ ਬਚਾਓ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ ਪਰ ਭੀੜ ਸਾਡੇ ਮੱਥੇ ਅਤੇ ਪੁੜ-ਪੁੜੀਆਂ ਉੱਤੇ ਪਏ ਪੱਗਾਂ ਦੇ ਨਿਸ਼ਾਨਾਂ ਵੱਲ ਇਸ਼ਾਰੇ ਕਰਦੀ ਹੋਈ, ਮੁੜ-ਮੁੜ ਸਾਡੇ ਉੱਤੇ ਝਈਆਂ ਲੈ ਰਹੀ ਸੀ। ਕਾਮਰੇਡ ਅਮਰ ਦੇ ਕੇਸ ਕੱਟੇ ਹੋਏ ਸਨ, ਪਰ ਦਾਹੜੀ ਸੀ। ਇਸ ਕਰਕੇ ਪੱਗ ਉਤਾਰ ਦੇਣ ਮਗਰੋਂ ਉਸਦੀ ਸ਼ਕਲ ਮੁਸਲਮਾਨਾਂ ਵਰਗੀ ਲੱਗਦੀ ਸੀ। ਹਿੰਸਕ ਭੀੜ 'ਚੋਂ ਜਦੋਂ ਕੋਈ, ਕਾ. ਅਮਰ ਨੂੰ ਪੁੱਛਦਾ ਕਿ "ਤੂੰ ਕੌਣ ਹੈ?" ਤਾਂ ਉਹ ਜਵਾਬ ਦੇਣ ਦੀ ਥਾਂ, ਸ਼ੇਰ ਵਾਂਗ ਗੁਰਗਰਾਉਂਦਾ ਹੋਇਆ ਹੂੰ-ਅ-ਅ ਕਰ ਛੱਡਦਾ। ਅਸੀਂ ਤੇ ਡੱਬੇ ਵਿਚਲੀਆਂ ਹੋਰ ਸਵਾਰੀਆਂ ਕਹਿੰਦੀਆਂ ਕਿ ਇਹ ਸਿੱਖ ਨਹੀਂ-ਮੁਸਲਿਮ ਹੈ। ਐਨੀ ਭਿਆਨਕ ਹਾਲਤ ਵਿੱਚ ਸਾਥੀ ਅਮਰ ਬਿਨਾਂ ਕੋਈ ਘਬਰਾਹਟ ਵਿਖਾਏ, ਠਰੰਮੇ ਨਾਲ ਇਸ ਹਾਲਤ 'ਚੋਂ ਛੁਟਕਾਰਾ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਅਚਾਨਕ ਗੱਡੀ ਦੇ ਕਿਸੇ ਹੋਰ ਡੱਬੇ 'ਚੋਂ ਇੱਕ ਸਿੱਖ ਨੌਜਵਾਨ ਜਾਨ ਬਚਾਉਣ ਲਈ ਬਾਹਰ ਭੱਜ ਨਿਕਲਿਆ, ਇਸ ਤੇ ਭੀੜ ਦਾ ਵੱਡਾ ਹਿਸਾ ਵੀ ਸਾਡੇ ਵੱਲੋਂ ਹੱਟ ਕੇ ਉਸ ਮਗਰ ਪੈ ਗਿਆ। ਭੀੜ ਨੇ ਉਸ ਨੌਜਵਾਨ ਨੂੰ ਫੜ ਕੇ ਸਾੜ ਦਿੱਤਾ। ਭੀੜ ਘਟੀ ਵੇਖ ਕੇ ਬਾਕੀ ਦੇ ਦੰਗਾਕਾਰੀਆਂ ਨਾਲ ਗੁਥਮ-ਗੁਥਾਹ ਹੋ ਕੇ ਅਸੀਂ ਉਨ੍ਹਾਂ ਨੂੰ ਡੱਬੇ ਵਿੱਚੋਂ ਬਾਹਰ ਧੱਕ ਕੇ ਦਰਵਾਜ਼ੇ ਬੰਦ ਕਰਨ ਵਿਚ ਸਫ਼ਲ ਹੋ ਗਏ। ਮੈਂ ਵੇਖਿਆ ਕਿ ਇਸ ਸਾਰੇ ਸਮੇਂ ਦੌਰਾਨ ਸਾਥੀ ਅਮਰ ਦੇ ਚਿਹਰੇ ਉੱਤੇ ਡਰ ਜਾਂ ਚਿੰਤਾਂ ਦੇ ਕੋਈ ਚਿੰਨ੍ਹ ਨਹੀਂ ਸਨ ਉਭਰੇ, ਉਹ ਖਾਮੋਸ਼ੀ ਨਾਲ ਬਚਾਅ ਕਰਨ ਵਿੱਚ ਜੁੱਟੇ ਰਹੇ। ਟਰੇਨ ਦੇ ਪੱਛਮੀ ਬੰਗਾਲ ਦੇ ਵਰਧਮਾਨ ਜ਼ਿਲ੍ਹੇ 'ਚ ਦਾਖਲ ਹੋਣ ਤੱਕ, ਵਾਰ-ਵਾਰ ਹਿੰਸਕ ਭੀੜਾਂ ਸਾਡੇ ਉੱਤੇ ਚਿੰਘਾੜਦੀਆਂ ਰਹੀਆਂ, ਪਰ ਸਾਥੀ ਅਮਰ ਅਡੋਲ ਰਹੇ ਤੇ ਦੂਜੇ ਸਾਥੀਆਂ ਨੂੰ ਵੀ ਹੌਂਸਲਾ ਦਿੰਦੇ ਰਹੇ। ਕਲਕੱਤੇ ਪਹੁੰਚ ਕੇ ਪਤਾ ਚੱਲਿਆ ਕਿ ਸਾਡੇ ਵਾਲੀ ਟਰੇਨ ਵਿੱਚ ਸਫ਼ਰ ਕਰਦੇ 25 ਸਿੱਖ ਮੁਸਾਫ਼ਰ ਮਾਰੇ ਗਏ ਸਨ।


ਇਜਲਾਸ ਦੇ ਸਮਾਪਤ ਹੋਣ ਪਿੱਛੋਂ ਅੱਚਰਵਾਲ ਦੇ ਦੋਵੇਂ ਸਾਥੀਆਂ (ਕਾ. ਅਮਰ ਸਿੰਘ ਤੇ ਸੁਖਦੇਵ ਸਿੰਘ) ਨੇ ਬੱਜਬੱਜ ਘਾਟ ਤੇ ਜਾਣ ਦੀ ਇੱਛਾ ਪ੍ਰਗਟਾਈ। ਉਹ ਕਾਮਾਗਾਟਾਮਾਰੂ ਜਹਾਜ਼ ਦੇ ਸ਼ਹੀਦਾਂ ਦੀ ਯਾਦਗਾਰ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਬੱਜਬੱਜ ਘਾਟ ਦੀ ਸੜਕ ਆਮ ਹਾਲਤਾਂ ਵਿੱਚ ਵੀ ਸੁੱਰਖਿਅਤ ਨਹੀਂ ਮੰਨੀ ਜਾਂਦੀ ਪਰ ਉਸ ਸਮੇਂ ਤਾਂ ਹਾਲਾਤ ਹੀ ਗੜਬੜ ਤੇ ਦੰਗੇ ਵਾਲੇ ਸਨ ਤੇ ਕਲਕੱਤਾ ਦੇ ਕਈ ਭਾਗਾਂ ਵਿੱਚ ਕਰਫਿਊ ਲੱਗਿਆ ਹੋਇਆ ਸੀ। ਆਈ. ਪੀ. ਐਫ਼. ਦੀ ਕੇਂਦਰੀ ਲੀਡਰਸ਼ਿਪ ਪੰਜਾਬ ਦੇ ਸਾਥੀਆਂ ਬਾਰੇ ਕੋਈ ਖ਼ਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦੀ, ਇਸ ਲਈ ਉਸ ਦੀ ਇੱਛਾ ਸੀ ਕਿ ਪੰਜਾਬ ਦੇ ਸਾਥੀ ਬੱਜਬੱਜ ਘਾਟ ਤੇ ਜਾਣ ਦਾ ਪ੍ਰੋਗਰਾਮ ਛੱਡ ਦੇਣ, ਪਰ ਸਾਥੀ ਅਮਰ ਹੋਰਾਂ ਦਾ ਕਹਿਣਾ ਸੀ ਕਿ ਕਾਮਾਗਾਟਾਮਾਰੂ ਜਹਾਜ਼ ਦੇ ਸ਼ਹੀਦਾਂ ਵਿੱਚ ਉਨ੍ਹਾਂ ਦੇ ਪਿੰਡ ਅੱਚਰਵਾਲ ਦਾ ਇੱਕ ਸ਼ਹੀਦ ਗੋਧੂ ਰਾਮ ਵੀ ਸ਼ਾਮਿਲ ਹੈ, ਇਸ ਲਈ ਮਰਨਾ ਮਨਜ਼ੂਰ ਹੈ, ਪਰ ਅਸੀਂ ਐਨੀ ਦੂਰ-ਭਾਵ ਧੁਰ ਕਲਕੱਤੇ ਆ ਕੇ, ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੇ ਬਿਨਾਂ ਨਹੀਂ ਮੁੜਨਾ। ਇਸ ਤੇ ਪੰਜਾਬ ਦਾ ਸਾਡਾ ਡੈਲੀਗੇਸ਼ਨ ਹੀ ਉਥੇ ਜਾਣ ਲਈ ਬਜ਼ਿੱਦ ਹੋ ਗਿਆ। ਆਖ਼ਰ 'ਚ ਫਰੰਟ ਦੀ ਲੀਡਰਸ਼ਿਪ ਨੇ ਪੰਜਾਬ ਦੇ ਸਾਥੀਆਂ ਦੀ ਤੀਬਰ ਇੱਛਾ ਨੂੰ ਵੇਖਦੇ ਹੋਏ, ਸਾਨੂੰ ਆਪਣੇ ਰਿਸਕ ਤੇ ਉੱਥੇ ਜਾਣ ਦੀ ਇਜਾਜ਼ਤ ਦੇ ਦਿੱਤੀ।

(ਬਾਕੀ ਅਗਲੇ ਅੰਕ 'ਚ)

ਪ੍ਰੋਫੈਸਰ ਅੰਜਨੀ ਕੁਮਾਰ,
ਅਨੁਵ. ਬੂਟਾ ਸਿੰਘ ਨਵਾਂਸ਼ਹਿਰ

ਇਹ ਕਿਸਦਾ ਲਹੂ ਹੈ ?

# ਗੜ੍ਹਚਿਰੌਲੀ 'ਚ ਅਖਾਉਤੀ ਮੁਕਾਬਲੇ ਦੀ ਅੰਤਰਵਿਰੋਧੀ ਦਾਸਤਾਨ



*ਜਦੋਂ ਨਕਸਲੀ ਨਹੀਂ ਸਨ ਉਦੋਂ ਵੀ ਪੁਲਿਸ ਸੀ; ਉਦੋਂ ਵੀ ਪੁਲਿਸ ਅਤੇ ਫ਼ੌਜ-ਨੀਮ ਫ਼ੌਜ ਇਵੇਂ ਹੀ ਮੁਕਾਬਲਿਆਂ ਵਿਚ ਮਾਰ ਮੁਕਾਉਂਦੀ ਸੀ ਅਤੇ ਕਈ ਵਾਰ ਦੂਜੀ ਧਿਰ ਦੇ ਲੋਕ ਵੀ ਐਸਾ ਕਰਦੇ ਸਨ। ਮਰਨ ਵਾਲਿਆਂ ਦੀ ਤਦਾਦ ਹਜ਼ਾਰਾਂ ਵਿਚ ਹੁੰਦੀ ਸੀ। ਉਸ ਤੋਂ ਪਹਿਲਾਂ ਬਰਤਾਨਵੀ ਹਕੂਮਤ ਅਤੇ ਉਸਦੀ ਪੁਲਿਸ, ਫ਼ੌਜ ਸੀ, ਜੋ ਲੋਕਾਂ ਨੂੰ ਮੁਕਾਬਲਿਆਂ ਵਿਚ ਮਾਰਨ ਦਾ ਕੰਮ ਉਹ ਵੀ ਖ਼ੂਬ ਬੇਕਿਰਕੀ ਨਾਲ ਕਰਦੇ ਸਨ।*

ਪਿਛਲੇ ਦੋ ਦਿਨ ਗੜ੍ਹਚਿਰੌਲੀ ਤੋਂ ਮਾਓਵਾਦੀਆਂ ਦੇ ਮਾਰੇ ਜਾਣ ਦੀ ਖ਼ਬਰ ਆਉਂਦੀ ਰਹੀ। ਇਕ ਪਿੱਛੋਂ ਦੂਜੇ ਮੁਕਾਬਲੇ ਵਿਚ ਹੁਣ ਤੱਕ ਕੁਲ 40 ਮਾਓਵਾਦੀਆਂ ਦੇ ਮਾਰੇ ਜਾਣ ਦੀ ਖ਼ਬਰ ਵੀ ਸਨਸਨੀਖ਼ੇਜ਼ ਨਹੀਂ ਬਣ ਸਕੀ ਹੈ। ਇਸ ਅਖਾਉਤੀ ਮੁਕਾਬਲੇ ਵਿਚ ਪੁਲਿਸ ਤਾਕਤਾਂ ਦੇ ਇਕ ਵੀ ਜਵਾਨ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਆਈ। ਪੁਲਿਸ ਦੇ ਡੀਆਈਜੀ ਦੇਸ਼ਮੁੱਖ ਦੀ ਮੰਨੀਏ ਤਾਂ "ਸਾਡੇ ਆਦਮੀਆਂ ਨੇ ਉਹਨਾਂ ਨੂੰ ਪੂਰੀ ਤਰ੍ਹਾਂ ਘੇਰ ਲਿਆ ਸੀ। ਉਹਨਾਂ ਦੇ ਲਈ ਭੱਜਣ ਲਈ ਕੋਈ ਥਾਂ ਨਹੀਂ ਸੀ। ਕੁਛ ਇਸੇ ਕਾਰਨ ਇੰਦਰਾਵਤੀ ਨਦੀ ਵਿਚ ਕੁੱਦ ਗਏ। ਉਹਨਾਂ ਵਿੱਚੋਂ ਕਈ ਸ਼ਾਇਦ ਜ਼ਖ਼ਮੀ ਹੋਣ ਦੇ ਕਾਰਨ ਤੈਰ ਨਹੀਂ ਸਕੇ ਅਤੇ ਡੁੱਬ ਗਏ। ਇਸ ਨਦੀ ਵਿਚ ਮਗਰਮੱਛ ਵੀ ਹਨ ਜਿਹਨਾਂ ਨੇ ਉਹਨਾਂ ਉੱਪਰ ਹਮਲਾ ਵੀ ਕੀਤਾ ਹੋਵੇਗਾ। ਜੋ ਬਚ ਗਏ ਉਹ ਸਾਡੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। (ਇੰਡੀਅਨ ਐਕਸਪ੍ਰੈਸ, 25 ਅਪ੍ਰੈਲ 2018, ਆਨਲਾਈਨ ਅੰਕ)" ਇਹ ਇਕ ਪੁਲਿਸ ਮੁਖੀ ਵਲੋਂ ਮੁਕਾਬਲੇ ਦਾ ਸਾਹਿਤਕ ਵੇਰਵਾ ਹੈ। ਇੰਡੀਅਨ ਐਕਸਪ੍ਰੈਸ ਦੀ ਉਪਰੋਕਤ ਰਿਪੋਰਟ ਵਿਚ ਕੁਛ ਹੋਰ ਅੰਸ਼ਾਂ ਨੂੰ ਪੜ੍ਹਿਆ ਜਾਣਾ ਚਾਹੀਦਾ ਹੈ। ਪੁਲਿਸ ਨੇ ਇਕ ਮੁਖ਼ਬਰ ਰਾਹੀਂ ਇਹ ਸੂਹ ਹਾਸਲ ਕਰ ਲਈ ਸੀ ਕਿ ਸੀ ਪੀ ਆਈ-ਮਾਓਵਾਦੀ ਦਸਤੇ ਦੇ ਲੋਕ ਕੈਂਪ ਲਗਾਉਣ ਵਾਲੇ ਹਨ। ਪੁਲਿਸ ਨੂੰ ਇਹ ਪੱਕੀ ਖ਼ਬਰ ਸੀ ਇਸ ਲਈ ਉਹਨਾਂ ਨੇ ਦੋ ਕਿਲੋਮੀਟਰ ਦੇ ਘੇਰੇ ਤਕ ਘੇਰਾਬੰਦੀ ਕਰ ਲਈ ਤਾਂ ਜੋ ਮਾਓਵਾਦੀ ਭੱਜ ਨਾ ਸਕਣ। ਘੇਰਾਬੰਦੀ ਤੋਂ ਬਾਦ ਉਹਨਾਂ ਉਪਰ 12-13 ਗਰਨੇਡ ਸੁੱਟੇ ਗਏ ਅਤੇ 2000 ਰਾਊਂਡ ਗੋਲੀਆਂ ਚਲਾਈਆਂ ਗਈਆਂ। ਇਸ ਤਰ੍ਹਾਂ ਪੂਰੀ ਤਰ੍ਹਾਂ ਘਿਰੇ ਹੋਏ ਮਾਓਵਾਦੀ ਮਾਰੇ ਗਏ। ਹਾਲਾਂਕਿ ਪੁਲਿਸ ਦਾ ਮੰਨਣਾ ਹੈ ਕਿ ਕੁਛ ਬਚਕੇ ਨਿਕਲ ਗਏ ਹਨ ਅਤੇ ਪਿੰਡਾਂ, ਬਜ਼ਾਰਾਂ ਅਤੇ ਡਾਕਟਰਾਂ ਦੀ ਡਿਸਪੈਂਸਰੀ ਉਪਰ ਨਜ਼ਰ ਰੱਖੀ ਜਾ ਰਹੀ ਹੈ ਤਾਂ ਜੋ ਉਹਨਾਂ ਨੂੰ ਵੀ ਖ਼ਤਮ ਕੀਤਾ ਜਾ ਸਕੇ। ਪੁਲਿਸ ਮੁਖੀ ਦਾ ਕਹਿਣਾ ਹੈ ਕਿ ਉਹਨਾਂ ਦੇ ਭੱਜ ਸਕਣ ਦਾ ਕੋਈ ਮੌਕਾ ਨਹੀਂ ਸੀ। "ਅਤੇ ਉਹਨਾਂ ਦਾ ਅਸਲਾ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਸੀ।" ਪੁਲਿਸ ਨੂੰ ਮਾਓਵਾਦੀਆਂ ਤੋਂ ਇਕ ਇੰਸਾਸ ਰਾਈਫ਼ਲ, ਇਕ .303, ਇਕ ਕਾਰਬਾਈਨ, ਇਕ 8ਐਮ ਐਮ ਦੀ ਬੰਦੂਕ, ਇਕ ਬਾਰਾਂ ਬੋਰ ਦੀ ਬੰਦੂਕ ਨਦੀ ਕੰਢਿਓਂ ਮਿਲੀ ਹੈ।" ਪੁਲਿਸ ਦੇ ਅਨੁਸਾਰ ਇਕ ਦਸਤੇ ਵਿਚ ਲਗਭਗ 20 ਤੋਂ 22 ਮੈਂਬਰ ਹੁੰਦੇ ਹਨ। ਪੁਲਿਸ ਨੂੰ ਖ਼ਬਰ ਸੀ ਕਿ ਕੈਂਪ ਲਗਾਉਣ ਲਈ ਦੋ ਦਸਤਿਆਂ ਦੇ ਮੈਂਬਰ ਆ ਰਹੇ ਹਨ। ਯਾਨੀ ਕੁਲ 40 ਤੋਂ 44 ਮਾਓਵਾਦੀ ਇਕੱਠੇ ਹਨ। 'ਠੋਸ ਖ਼ਬਰ' ਦੇ ਅਧਾਰ 'ਤੇ ਸੀ-60 ਦੀਆਂ ਦੋ ਕੰਪਨੀਆਂ ਨੇ 37 ਮਾਓਵਾਦੀਆਂ ਨੂੰ ਮਾਰ ਮੁਕਾਇਆ ਜਿਹਨਾਂ ਵਿੱਚੋਂ 6 ਨੇੜੇ ਹੀ ਹੋਰ ਮੁਕਾਬਲੇ ਵਿਚ ਮਾਰੇ ਗਏ।

ਪੁਲਿਸ ਦੀ ਕਹਾਣੀ ਤੋਂ ਜਿਹਨਾਂ ਗੱਲਾਂ ਦਾ ਜਵਾਬ ਨਹੀਂ ਮਿਲਦਾ ਉਹ ਹੇਠ ਦਿੱਤੀਆਂ ਹਨ: 1. ਜੇ ਇਹ ਦਸਤੇ ਦਾ ਕੈਂਪ ਸੀ ਤਾਂ ਉਹਨਾਂ ਦੇ ਹਥਿਆਰ ਕਿੱਥੇ ਗਏ? ਕੀ ਦਸਤੇ ਦੇ ਮੈਂਬਰ ਖਾਲੀ ਹੱਥ ਸਨ? ਜਾਂ ਉਹ ਦਸਤੇ ਦੇ ਮੈਂਬਰ ਨਹੀਂ ਸਨ? ਜੇ ਦਸਤੇ ਦੇ ਮੈਂਬਰ ਹਥਿਆਰਬੰਦ ਸਨ ਅਤੇ ਕੈਂਪ ਲਗਾ ਰਹੇ ਸਨ ਤਾਂ ਨਿਸ਼ਚੇ ਹੀ ਛਾਪਾਮਾਰ ਸਿਖਲਾਈ ਉਸਦਾ ਹਿੱਸਾ ਹੋਵੇਗਾ ਜੇ ਉਹ ਸਭਿਆਚਾਰਕ ਕਾਮੇ ਸਨ ਤਾਂ ਕੀ ਉਹ ਪੁਲਿਸ ਨਾਲ ਇੰਨਾ ਲੰਮਾ ਮੁਕਾਬਲੇ ਵਿਚ ਲੱਗੇ ਰਹੇ? 2. ਮਾਓਵਾਦੀਆਂ ਦੇ ਹਥਿਆਰ ਲੜਾਈ ਵਿਚ ਰਹਿ ਗਏ ਤਾਂ ਕੀ ਇਕ ਵੀ ਪੁਲਿਸ ਵਾਲਾ ਜ਼ਖ਼ਮੀ ਨਹੀਂ ਹੋਇਆ? ਜੇ ਉਹ ਚਾਰ ਚੁਫੇਰਿਓਂ ਘਿਰੇ ਹੋਏ ਸਨ ਅਤੇ ਕੈਂਪ ਲਗਾਇਆ ਹੋਇਆ ਸੀ ਤਾਂ ਉਹਨਾਂ ਦਾ ਸਮਾਨ ਕਿੱਥੇ ਗਿਆ, ਉਹਨਾਂ ਦੀਆਂ ਕਿੱਟਾਂ ਵਗੈਰਾ ਕਿੱਥੇ ਹਨ? 3. ਪੁਲਿਸ ਨੂੰ ਜੋ 'ਠੋਸ ਖ਼ਬਰ' ਸੀ ਉਸ ਤੋਂ ਦੋ ਕਿਲੋਮੀਟਰ ਦੇ ਘੇਰੇ ਵਿਚ ਘੇਰਾਬੰਦੀ ਕੀਤੀ ਗਈ। ਨਦੀ ਦੇ ਹਿੱਸੇ ਨੂੰ ਛੱਡਕੇ ਪਿੱਛਿਓਂ ਘੇਰਾਬੰਦੀ ਦਾ ਦਾਇਰਾ ਦੋ ਕਿਲੋਮੀਟਰ ਰੱਖਣ 'ਤੇ ਸੀ-60 ਦੀਆਂ ਦੋ ਕੰਪਨੀਆਂ ਕੀ ਘੇਰਾਬੰਦੀ ਲਈ ਕਾਫ਼ੀ ਸਨ? ਇਸ ਸਵਾਲ ਨੂੰ ਪੁਲਿਸ ਦੀ ਕਹਾਣੀ ਦੇ ਪ੍ਰਸੰਗ ਵਿਚ ਰੱਖੀਏ ਤਾਂ ਹੋਰ ਵੀ ਸਾਫ਼ ਹੋ ਜਾਂਦਾ ਹੈ ਜਦੋਂ ਬਾਰਿਸ਼ ਦੇ ਕਾਰਨ ਮਾਓਵਾਦੀਆਂ ਦੀਆਂ ਲਾਸ਼ਾਂ ਉਹਨਾਂ ਨੂੰ ਲੱਭ ਨਹੀਂ ਰਹੀਆਂ ਹਨ ਅਤੇ ਹੋਰ ਕਾਰਵਾਈਆਂ ਕਰਨ ਵਿਚ ਵੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਸਾਫ਼ ਹੈ ਕਿ ਇਹ ਇਲਾਕਾ ਕੱਚਾ, ਸੰਘਣਾ ਜੰਗਲੀ ਅਤੇ ਮੁਸ਼ਕਲ ਹੈ। ਦੂਜੀ ਗੱਲ ਇਹ ਵੀ ਕਿ ਮਾਓਵਾਦੀ ਜਿਸ ਛਾਪਾਮਾਰ ਰਣਨੀਤੀ 'ਤੇ ਚਲਦੇ ਹਨ ਉਹਨਾਂ ਦਾ ਜੰਗਲੀ-ਪਹਾੜੀ ਪਿਛਵਾੜਾ ਮੁਸ਼ਕਲ ਅਤੇ ਗੁੰਝਲਦਾਰ ਹੁੰਦਾ ਹੈ। ਇਸਦੇ ਮੱਦੇਨਜ਼ਰ 'ਠੋਸ ਖ਼ਬਰ' ਦੇ ਅਧਾਰ 'ਤੇ ਘੇਰਾਬੰਦੀ ਅਤੇ ਆਤਮਸਮਰਪਣ ਦੀ ਅਪੀਲ ਤੋਂ ਬਾਅਦ ਮਾਓਵਾਦੀਆਂ ਨੂੰ 'ਮਾਰ ਮੁਕਾਉਣ' ਦੀ ਕਹਾਣੀ ਵਿਚ ਕਈ ਅੰਤਰਵਿਰੋਧ ਨਜ਼ਰ ਆਉਂਦੇ ਹਨ ਜਿਸ ਉੱਪਰ ਪੱਤਰਕਾਰਾਂ ਵਲੋਂ ਹਾਲੇ ਤਕ ਰਿਪੋਰਟ ਨਹੀਂ ਦਿੱਤੀ ਗਈ ਹੈ। ਜੋ ਰਿਪੋਰਟ ਆਈ ਹੈ ਉਹ ਉਹਨਾਂ ਨੂੰ ਦਿੱਤੀ ਗਈ ਖ਼ਬਰ ਦਾ ਹੀ ਅਖ਼ਬਾਰੀ ਤਰਜਮਾ ਨਜ਼ਰ ਆਉਂਦਾ ਹੈ। ਜ਼ਮੀਨੀ ਰਿਪੋਰਟ ਦੀ ਉਮੀਦ ਕੀਤੀ ਜਾ ਰਹੀ ਹੈ ਜਿਸ ਨੂੰ ਪੱਤਰਕਾਰ ਨਿਸ਼ਚੇ ਹੀ ਸਾਹਮਣੇ ਲਿਆਉਣਗੇ। ਲੇਕਿਨ ਉਸ ਤੋਂ ਵੀ ਵਧੇਰੇ ਮੁੱਖ ਗੱਲ ਇਹ 'ਮੁਕਾਬਲਾ' ਹੈ। ਇਹ ਮੁਕਾਬਲਾ ਇਕ ਜਿੱਤ ਵਜੋਂ ਪੇਸ਼ ਕੀਤਾ ਗਿਆ ਹੈ। ਇਕ ਹੋਰ ਤਰ੍ਹਾਂ ਦੇ ਮੁਕਾਬਲਿਆਂ ਵਿੱਚੋਂ ਉਤਰ ਪ੍ਰਦੇਸ਼ ਵੀ ਗੁਜ਼ਰ ਰਿਹਾ ਹੈ ਜਿਥੇ ਪੁਲਿਸ ਅਤੇ ਮੁੱਖ ਮੰਤਰੀ 'ਨਿਆਂ' ਦੀ ਕੁਰਸੀ ਉਪਰ ਬੈਠੇ ਹਨ ਅਤੇ ਜ਼ਿੰਦਗੀ ਅਤੇ ਮੌਤ ਨੂੰ ਤੈਅ ਕਰ ਰਹੇ ਹਨ। ਪਿਛਲੇ 20 ਸਾਲਾਂ ਤੋਂ ਪੁਲਿਸ, ਮੁੱਖ ਮੰਤਰੀ, ਗ੍ਰਹਿ ਮੰਤਰੀ, ਪ੍ਰਧਾਨ ਮੰਤਰੀ, ਕਾਰਪੋਰੇਟ ਘਰਾਣੇ, ਬਦੇਸ਼ੀ ਹਥਿਆਰਾਂ ਦੇ ਦਲਾਲ ਅਤੇ ਜਾਸੂਸ, ਮੀਡੀਆ ਘਰਾਣੇ ਅਤੇ ਪਾਰਟੀਆਂ ਦੇ ਆਗੂ, ਨਿੱਜੀ ਹਥਿਆਰਬੰਦ ਗਰੋਹ, ਜਾਤਪਾਤੀ ਗਰੋਹ ਆਦਿ ਨਕਸਲਵਾਦ ਨੂੰ ਖ਼ਤਮ ਕਰਨ ਵਿਚ ਜੁੱਟੇ ਹੋਏ ਹਨ। ਇਸ ਲਈ ਗੜ੍ਹਚਿਰੌਲੀ ਵਿਚ ਹੋਇਆ 'ਮੁਕਾਬਲਾ' ਇਕ ਬਹੁਤ ਵੱਡੇ ਸਮੂਹ ਦਾ ਨਕਸਲਵਾਦ ਦੇ ਖ਼ਿਲਾਫ਼ ਯੁੱਧ ਹੈ। ਇਹ ਆਪਣੇ ਹੀ ਮੁਲਕ ਦੇ ਅਵਾਮ ਦੇ ਖ਼ਿਲਾਫ਼ ਯੁੱਧ ਹੈ ਅਤੇ ਇਸ ਯੁੱਧ ਵਿਚ ਯੁੱਧ ਬਾਰੇ ਸੰਯੁਕਤ ਰਾਸ਼ਟਰ ਦੇ ਘੱਟੋਘੱਟ ਦਿਸ਼ਾ-ਨਿਰਦੇਸ਼ਾਂ ਨੂੰ ਦਰਕਿਨਾਰ ਕਰਕੇ ਤਮਾਮ ਤਰੀਕੇ ਅਖ਼ਤਿਆਰ ਕੀਤੇ ਜਾ ਰਹੇ ਹਨ। ਗੜ੍ਹਚਿਰੌਲੀ ਵਿਚ 'ਮੁਕਾਬਲੇ' ਦੀ ਕਹਾਣੀ ਵੀ ਇਹੀ ਹੈ। ਇਹੀ ਵਜ੍ਹਾ ਹੈ ਕਿ ਤਿੰਨ ਸੂਬਿਆਂ ਦੀਆਂ ਸਰਕਾਰਾਂ ਪੁਲਿਸ ਨੂੰ ਕਰੋੜਾਂ ਰੁਪਏ ਦੇ ਇਨਾਮ ਦੇ ਰਹੀਆਂ ਹਨ। ਕੀ ਇਹ ਸੱਚਮੁੱਚ ਬਹਾਦਰੀ ਹੈ? ਕੀ ਇਹ ਮੁਲਕ ਦੀ ਸਰਹੱਦ ਉਪਰ ਲੜਿਆ ਜਾਣ ਵਾਲਾ ਯੁੱਧ ਹੈ? ਜੇ ਇਹ ਯੁੱਧ ਨਹੀਂ ਹੈ ਤਾਂ ਸੁਪਰੀਮ ਕੋਰਟ ਦੇ ਨਿਰਦੇਸ਼ ਅਨੁਸਾਰ ਇਨਾਮ ਦੇਣ ਦੀ ਬਜਾਏ ਮੁਕਾਬਲੇ ਵਿਚ ਸ਼ਾਮਲ ਵਿਅਕਤੀਆਂ ਉਪਰ ਹੱਤਿਆ ਦਾ ਮਾਮਲਾ ਦਰਜ ਹੋਣਾ ਚਾਹੀਦਾ ਹੈ। ਲੇਕਿਨ ਕੀ ਇਹ ਸੰਭਵ ਹੈ? ਇਸ਼ਰਤ ਜਹਾਂ ਆਦਿ ਮੁਕਾਬਲੇ ਦੇ ਮਾਮਲੇ ਉੱਪਰ ਨਿਆਂ ਪ੍ਰਣਾਲੀ ਵਿਚ ਖੜ੍ਹੇ ਹੋਏ ਸੰਕਟ ਨੂੰ ਅਸੀਂ ਦੇਖ ਰਹੇ ਹਾਂ। ਮੁਕਾਬਲਿਆਂ ਦੇ ਇਸੇ ਦੌਰ ਵਿਚ ਨਕਸਲਵਾਦ ਦਾ ਖ਼ਾਤਮਾ ਕਰਨ ਦੇ ਲਈ ਫ਼ੌਜ ਦੇ ਹਥਿਆਰਾਂ ਨਾਲ ਲੈਸ ਸੀਮਾ ਸੁਰੱਖਿਆ ਦਸਤੇ ਅਤੇ ਹੋਰ ਪੁਲਿਸ ਦਸਤਿਆਂ ਵਲੋਂ ਕੋਲਹਾਨ (ਝਾਰਖੰਡ) ਵਿਚ ਲਗਾਤਾਰ ਮੌਰਟਰਾਂ ਨਾਲ ਹਮਲਾ ਕੀਤਾ ਜਾ ਰਿਹਾ ਹੈ ਅਤੇ ਘੇਰਾ ਪਾਕੇ ਰਸਦ ਦੀ ਸਪਲਾਈ ਵੀ ਰੋਕ ਦਿੱਤੀ ਗਈ ਹੈ। ਇਥੇ ਫ਼ਿਲਹਾਲ ਮੁਕਾਬਲੇ ਨਹੀਂ ਘੇਰਕੇ ਮਾਓਵਾਦੀਆਂ ਨੂੰ ਮਾਰਨ ਦੀ ਨੀਤੀ ਉਪਰ ਚੱਲਿਆ ਜਾ ਰਿਹਾ ਹੈ। ਲੇਕਿਨ ਜਿਉਂ ਹੀ ਕਿਸੇ ਮਾਓਵਾਦੀ ਦੀ ਲਾਸ਼ ਮਿਲੀ ਤਿਉਂ ਹੀ ਉਸ ਨੂੰ 'ਮੁਕਾਬਲੇ' ਵਿਚ ਮਾਰ ਮੁਕਾਉਣ ਦੀ ਖ਼ਬਰ ਛਪ ਜਾਵੇਗੀ। ਯੁੱਧ ਅਤੇ ਮੁਕਾਬਲੇ ਦਰਮਿਆਨ ਫ਼ਰਕ ਸਿਰਫ਼ ਅਖ਼ਬਾਰਾਂ ਦੀਆਂ ਖ਼ਬਰਾਂ ਵਿਚ ਤਕਨੀਕੀ ਪੱਖ ਤੱਕ ਸੀਮਤ ਰਹਿ ਗਿਆ ਹੈ। ਇਸ ਸਚਾਈ ਨੂੰ ਸਹੀ ਤਰ੍ਹਾਂ ਪੜ੍ਹਨ ਲਈ ਜ਼ਰੂਰੀ ਹੈ ਕਿ ਫ਼ਰਕ ਨੂੰ ਮਿਟਾਕੇ ਪੜ੍ਹਿਆ ਜਾਵੇ। ਮਸਲਨ, ਯੂ.ਏ.ਪੀ.ਏ. (ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ) ਦੀਆਂ ਮੱਦਾਂ ਅਤੇ ਦੇਸ਼ਧ੍ਰੋਹ ਦੀਆਂ ਧਾਰਾਵਾਂ ਵਿਚ ਮੁਲਕ ਦੇ ਖ਼ਿਲਾਫ਼ ਯੁੱਧ ਛੇੜਨ ਦੀ ਧਾਰਾ ਨੂੰ ਮੁੱਖ ਮੰਨਿਆ ਗਿਆ ਹੈ। ਲੇਕਿਨ ਇਥੇ ਮੁਕਾਬਲੇ ਨੂੰ ਕਿਸ ਧਾਰਾ ਵਿਚ ਪੜ੍ਹਿਆ ਜਾਵੇ? ਮਾਨਯੋਗ ਅਦਾਲਤਾਂ ਨੇ ਤਾਂ ਇਸ 'ਮੁਕਾਬਲੇ' ਉਪਰ ਆਪਣੀ ਰਾਇ ਅਤੇ ਨਿਰਦੇਸ਼ ਦਿੱਤੇ ਹੋਏ ਹਨ ਲੇਕਿਨ ਕੀ ਇਹ ਲਾਗੂ ਕੀਤੇ ਜਾ ਰਹੇ ਹਨ? ਨਿਸ਼ਚੇ ਹੀ ਮਨੁੱਖੀ ਅਧਿਕਾਰ ਕਾਰਕੁੰਨ ਹੀ ਨਹੀਂ ਮੁਲਕ ਦੇ ਤਮਾਮ ਪ੍ਰਬੁੱਧ ਸਮਾਜ ਦੇ ਲੋਕਾਂ ਨੂੰ ਬਹਿਸ-ਮੁਬਾਹਸੇ ਜ਼ਰੀਏ ਇਸ ਮਸਲੇ ਨੂੰ ਉਠਾਉਣਾ ਚਾਹੀਦਾ ਹੈ।

ਬਹੁਤ ਸਾਰੇ ਲੋਕ ਇਹ ਸਵਾਲ ਉਠਾਉਣਗੇ ਅਤੇ ਉਠਾਉਂਦੇ ਹੀ ਹਨ ਕਿ ਮਾਓਵਾਦੀ ਵੀ ਪੁਲਿਸ ਦੀਆਂ ਹੱਤਿਆਵਾਂ ਕਰਦੇ ਹਨ। ਹਾਂ, ਐਸਾ ਹੁੰਦਾ ਹੈ। ਅਤੇ ਇਹ ਗੱਲ ਜ਼ਰੂਰ ਹੀ ਜਾਣ ਲੈਣੀ ਚਾਹੀਦੀ ਹੈ ਕਿ ਇਹ ਸਿਲਸਿਲਾ ਕਦੋਂ ਅਤੇ ਕਿਵੇਂ ਸ਼ੁਰੂ ਹੋਇਆ? ਜਦੋਂ ਨਕਸਲੀ ਨਹੀਂ ਸਨ ਉਦੋਂ ਵੀ ਪੁਲਿਸ ਸੀ; ਉਦੋਂ ਵੀ ਪੁਲਿਸ ਅਤੇ ਫ਼ੌਜ-ਨੀਮ ਫ਼ੌਜ ਇਵੇਂ ਹੀ ਮੁਕਾਬਲਿਆਂ ਵਿਚ ਮਾਰ ਮੁਕਾਉਂਦੀ ਸੀ ਅਤੇ ਕਈ ਵਾਰ ਦੂਜੀ ਧਿਰ ਦੇ ਲੋਕ ਵੀ ਐਸਾ ਕਰਦੇ ਸਨ। ਮਰਨ ਵਾਲਿਆਂ ਦੀ ਤਦਾਦ ਹਜ਼ਾਰਾਂ ਵਿਚ ਹੁੰਦੀ ਸੀ। ਉਸ ਤੋਂ ਪਹਿਲਾਂ ਬਰਤਾਨਵੀ ਹਕੂਮਤ ਅਤੇ ਉਸਦੀ ਪੁਲਿਸ, ਫ਼ੌਜ ਸੀ, ਜੋ ਲੋਕਾਂ ਨੂੰ ਮੁਕਾਬਲਿਆਂ ਵਿਚ ਮਾਰਨ ਦਾ ਕੰਮ ਉਹ ਵੀ ਖ਼ੂਬ ਬੇਕਿਰਕੀ ਨਾਲ ਕਰਦੇ ਸਨ। ਸਿਲਸਿਲੇ ਨੂੰ ਅੱਗੇ ਲਿਜਾਈਏ ਜਾਂ ਪਿੱਛੇ ਮੁਕਾਬਲਿਆਂ ਦੀਆਂ ਕਹਾਣੀਆਂ ਅਤੇ ਮੌਤਾਂ ਤੁਹਾਨੂੰ ਨਜ਼ਰ ਆਉਣਗੀਆਂ। ਰੂਪ ਬਦਲਦੇ ਹੋਏ ਸੱਤਾ ਅੱਜ ਜਿਸ ਰੂਪ ਵਿਚ ਸਾਨੂੰ ਨਜ਼ਰ ਆ ਰਹੀ ਹੈ, ਉਸ ਵਿਚ ਇਹ ਸਵਾਲ ਉਠਾਉਣਾ ਜ਼ਰੂਰੀ ਹੈ ਕਿ ਮੌਤਾਂ ਦਾ ਇਹ ਸਿਲਸਿਲਾ ਕਿਉਂ ਜਾਰੀ ਹੈ? ਹਿੰਸਾ ਕਿਉਂ ਜਾਰੀ ਹੈ? ਹਿੰਸਾ ਸੱਤਾ ਵਿਚ ਹੈ ਜਾਂ ਉਹਨਾਂ ਲੋਕਾਂ ਵਿਚ ਜੋ ਅਵਾਮ ਵਿੱਚੋਂ ਉੱਠਦੇ ਹਨ ਅਤੇ ਹਿੰਸਾ ਦਾ ਸਹਾਰਾ ਲੈਂਦੇ ਹਨ। ਇਸ ਤੁਲਨਾਮਤਕ ਅਧਿਐਨ ਤੋਂ ਇਹ ਗੱਲ ਸਾਫ਼ ਹੋ ਸਕਦੀ ਹੈ ਜੇ ਅਸੀਂ ਮੁਲਕ ਵਿਚ ਪੂਰੇ ਸਾਲ ਵਿਚ ਹਿੰਸਾ ਦਾ ਰਸਤਾ ਅਖ਼ਤਿਆਰ ਕਰਨ ਵਾਲੇ ਤਮਾਮ ਸਮੂਹਾਂ, ਸੰਸਥਾਵਾਂ, ਪਾਰਟੀਆਂ, ਜਥੇਬੰਦੀਆਂ ਆਦਿ ਜਿਸ ਵਿਚ ਪੁਲਿਸ ਦੇ ਵੱਖੋ-ਵੱਖਰੇ ਰੂਪ ਵੀ ਸ਼ਾਮਲ ਹਨ, ਦੁਆਰਾ ਕੀਤੀਆਂ ਗਈਆਂ ਹਿੰਸਕ ਕਾਰਵਾਈਆਂ ਦਾ ਅਧਿਐਨ ਕਰੀਏ ਅਤੇ ਇਹ ਨਾ ਮੰਨੀਏ ਕਿ ਪੁਲਿਸ ਆਦਿ ਸ਼ਾਂਤੀ ਦੇ ਦੂਤ ਦੇ ਰੂਪ ਵਿਚ ਕੰਮ ਕਰਦੇ ਹਨ।

## ਕਠੂਆ ਕਾਂਡ : ਜਬਰਜਨਾਹ ਇਕ ਸਿਆਸੀ ਹਥਿਆਰ

(ਸਫ਼ਾ 8 ਦੀ ਬਾਕੀ)

ਸਾਵਰਕਰ ਆਰ.ਐਸ.ਐਸ ਅਤੇ ਸਮੂਹ ਸੰਘ ਪਰਿਵਾਰ ਦੇ ਸਭ ਤੋਂ ਸਤਿਕਾਰਤ ਮਾਰਗਦਰਸ਼ਕ ਸਿਧਾਂਤਕਾਰਾਂ ਵਿੱਚੋਂ ਇਕ ਹੈ ਅਤੇ ਇਸ ਮੁੱਖ ਪ੍ਰੇਰਨਾ ਸਰੋਤ ਦਾ ਬੁੱਤ ਭਾਜਪਾ ਵਲੋਂ ਸੰਸਦ ਦੇ ਮੁੱਖ ਹਾਲ ਵਿਚ ਲਗਾਇਆ ਗਿਆ ਹੈ। ਸੰਘ ਪਰਿਵਾਰ ਵਲੋਂ ਘੱਟਗਿਣਤੀਆਂ ਵਿਰੁੱਧ ਵਿੱਢੀ ਹਿੰਦੂਤਵ ਦੀ ਜੰਗ ਵਿਚ ਔਰਤ ਦੇ ਸਵੈਮਾਣ ਨੂੰ ਕੁਚਲਣਾ ਅਤੇ ਜਿਹਨਾਂ ਨੂੰ ਸੰਘ ਨੇ ਆਪਣੇ ਦੁਸ਼ਮਣ ਐਲਾਨਿਆਂ ਹੋਇਆ ਹੈ ਉਹਨਾਂ ਨੂੰ ਜ਼ਲੀਲ ਕਰਨ ਲਈ ਉਹਨਾਂ ਦੀਆਂ ਔਰਤਾਂ ਨਾਲ ਜਬਰਜਨਾਹ ਨੂੰ ਇਕ ਹਥਿਆਰ ਦੇ ਤੌਰ 'ਤੇ ਇਸਤੇਮਾਲ ਕਰਨਾ, ਨਿਸ਼ਚੇ ਹੀ ਇਹ ਸੰਘ ਦਾ ਬਾਕਾਇਦਾ ਯੋਜਨਾਬੱਧ ਜਹਾਦ ਹੈ ਅਤੇ ਇਸਦੇ ਪ੍ਰੇਰਨਾਸਰੋਤ ਮਨੂ ਸਮਰਿਤੀ ਦੇ ਮੂਲਮੰਤਰ ਅਤੇ ਸਾਵਰਕਰ ਦਾ ਸਿਧਾਂਤ ਹਨ। ਐਸੇ ਦਿਲ-ਕੰਬਾਊ ਕਾਂਡਾਂ ਮੌਕੇ ਹਮੇਸ਼ਾ ਖ਼ਾਮੋਸ਼-ਮੋਡ ਵਿਚ ਰਹਿਣ ਵਾਲੇ ਪ੍ਰਧਾਨ ਮੰਤਰੀ ਦਾ ਮੁਲਕ ਵਿਚ ਐਨੀ ਹਾਹਾਕਾਰ ਮੱਚ ਜਾਣ ਤੋਂ ਬਾਦ ਵੀ ਮੂੰਹ ਨਾ ਖੋਹਲਣਾ ਅਤੇ ਦਿੱਲੀ ਵਿਚ ਵਾਪਰੇ ਨਿਰਭੈ ਕਾਂਡ ਦੇ ਵਕਤ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੂੰ ਚੂੜੀਆਂ ਭੇਜਣ ਵਾਲੀ ਸਮਰਿਤੀ ਇਰਾਨੀ ਸਮੇਤ ਸਮੁੱਚੀ ਸੰਘੀ ਕੈਬਨਿਟ ਦਾ ਮੂਕ ਦਰਸ਼ਕ ਬਣੇ ਰਹਿਣਾ ਰਾਜਕੀ ਬੇਪ੍ਰਵਾਹੀ ਨਹੀਂ ਇਕ ਸੋਚਿਆ-ਸਮਝਿਆ ਵਤੀਰਾ ਹੈ। ਇਹ ਸੰਘ ਬਰਗੇਡ ਵਲੋਂ ੨੦੦੨ ਦੇ ਗੁਜਰਾਤ ਕਤਲੇਆਮ ਅਤੇ ਹੋਰ ਥਾਈਂ ਘੱਟਗਿਣਤੀਆਂ ਨੂੰ ਜ਼ਲੀਲ ਕਰਨ ਲਈ ਜਬਰਜਨਾਹ ਨੂੰ ਹਥਿਆਰ ਬਣਾਕੇ ਵਰਤਣ ਅਤੇ ਸੱਤਾ ਉਪਰ ਕਾਬਜ਼ ਸੇਿਇਮਸੇਵਕਾਂ ਵਲੋਂ ਜਬਰਜਨਾਹਾਂ ਦੀ ਪੁਸ਼ਤਪਨਾਹੀ ਕਰਨ ਦੀ ਲਗਾਤਾਰਤਾ ਹੈ। ਇਸ ਤੱਥ ਨੂੰ ਲੋਕ ਚੇਤਨਾ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ।


ਜੰਮੂ-ਕਸ਼ਮੀਰ ਪੁਲਿਸ ਨੇ ਆਸਿਫ਼ਾ ਮਾਮਲੇ ਵਿਚ ਆਪਣੀ ਚਾਰਜਸ਼ੀਟ ਵਿਚ ਸਪਸ਼ਟ ਕਿਹਾ ਹੈ ਕਿ ਇਸ ਮਾਸੂਮ ਬੱਚੀ ਨਾਲ ਸਮੂਹਕ ਜਬਰਜਨਾਹ ਕਰਕੇ ਉਸਨੂੰ ਕਤਲ ਕਰਨ ਵਾਲਿਆਂ ਦਾ ਮਨੋਰਥ ਬਕਰਵਾਲ ਮੁਸਲਿਮ ਭਾਈਚਾਰੇ ਨੂੰ ਦਹਿਸ਼ਤਜ਼ਦਾ ਕਰਕੇ ਉਹਨਾਂ ਨੂੰ ਜੰਮੂ ਵਿੱਚੋਂ ਕੱਢਣਾ ਸੀ। ਇਹ ਸੰਘ ਵਲੋਂ ਜੰਮੂ ਖੇਤਰ ਵਿਚ ਲਗਾਤਾਰ ਜ਼ਹਿਰੀਲੇ ਪ੍ਰਚਾਰ ਰਾਹੀਂ ਤਿਆਰ ਕੀਤੇ ਮੁਸਲਿਮ ਵਿਰੋਧੀ ਮਾਹੌਲ ਦੀ ਪੈਦਾਵਾਰ ਹੈ। ਯੂ.ਪੀ. ਵਿਚ ਜੇ ਯੋਗੀ ਰਾਜ ਦੀ ਸਮੁੱਚੀ ਰਾਜ ਮਸ਼ੀਨਰੀ ਅਤੇ ਖ਼ੁਦ ਸੰਘ ਪਰਿਵਾਰ ਆਪਣੇ ਵਿਧਾਇਕ ਦੀ ਪਿੱਠ 'ਤੇ ਖੜ੍ਹੇ ਹਨ ਤਾਂ ਇਸਦੀ ਮੂਲ ਵਜ੍ਹਾ ਵੀ ਭਗਵੇਂ ਰਾਜ ਵਲੋਂ ਪੂਰੀ ਤਰ੍ਹਾਂ ਸੋਚ-ਸਮਝਕੇ ਤਿਆਰ ਕੀਤਾ ਸਮਾਜੀ ਅਤੇ ਰਾਜਕੀ ਮਾਹੌਲ ਹੈ ਜਿਸਨੇ ਔਰਤਾਂ ਦੇ ਵਜੂਦ ਨੂੰ ਕੰਟਰੋਲ ਕਰਨ ਲਈ ਐਂਟੀ-ਰੋਮੀਓ ਮੁਹਿੰਮ ਅਤੇ ਹੋਰ ਤਰੀਕਿਆਂ ਜ਼ਰੀਏ ਨੈਤਿਕ ਧੌਂਸ ਥੋਪਣ ਦੇ ਨਾਲ-ਨਾਲ ਭਗਵੇਂ ਲਸ਼ਕਰਾਂ ਨੂੰ ਮੁਸਲਮਾਨਾਂ, ਦਲਿਤਾਂ, ਔਰਤਾਂ ਅਤੇ ਹੋਰ ਕਮਜ਼ੋਰ ਹਿੱਸਿਆਂ ਉਪਰ ਝਪਟਣ ਦੀ ਖੁੱਲ੍ਹ ਦੇ ਰੱਖੀ ਹੈ।


ਮੁਲਕ ਦੇ ਜਾਗਰੂਕ ਇਨਸਾਫ਼ਪਸੰਦ, ਜਮਹੂਰੀ ਹਿੱਸਿਆਂ ਦਾ ਸੰਘ ਵਲੋਂ ਖੇਡੀ ਜਾ ਰਹੀ ਇਸ ਘਿਣਾਉਣੀ ਸਾਜ਼ਿਸ਼ ਵਿਰੁੱਧ ਡੱਟਕੇ ਸੜਕਾਂ ਉਪਰ ਆਉਣਾ ਅਤੇ ਹਿੰਦੂ ਫਿਰਕੇ ਦੇ ਕੁਛ ਹਿੱਸਿਆਂ ਦੇ ਅੰਦਰੋਂ ਵੀ ਇਹਨਾਂ ਵਹਿਸ਼ੀ ਘਟਨਾਵਾਂ ਪ੍ਰਤੀ ਵਿਰੋਧ ਦੇ ਸੰਕੇਤ ਉਭਰਨਾ ਇਕ ਸਾਰਥਕ ਰੁਝਾਨ ਹੈ ਜਿਸ ਨੂੰ ਹੋਰ ਵਿਆਪਕ ਬਣਾਉਣ ਦੀ ਜ਼ਰੂਰਤ ਹੈ। ਮੱਕਾ ਮਸਜਿਦ ਬੰਬ-ਧਮਾਕੇ (2007) ਦੇ ਮਾਮਲੇ ਵਿਚ ਕੌਮੀ ਜਾਂਚ ਏਜੰਸੀ ਦੀ ਅਦਾਲਤ ਵਲੋਂ ਹਿੰਦੂ ਦਹਿਸ਼ਤਗਰਦ ਅਸੀਮਾਨੰਦ ਅਤੇ ਪੰਜ ਹੋਰ ਮੁਜਰਿਮਾਂ ਨੂੰ ਹਾਲ ਹੀ ਵਿਚ ਬਰੀ ਕੀਤੇ ਜਾਣ ਅਤੇ ਭਾਰਤੀ ਸੁਪਰੀਮ ਕੋਰਟ ਵਲੋਂ ਜਸਟਿਸ ਲੋਇਆ ਦੀ ਮੌਤ ਦੀ ਜਾਂਚ ਕਰਾਏ ਜਾਣ ਲਈ ਪਾਈ ਪਟੀਸ਼ਨ ਨੂੰ ਰੱਦ ਕੀਤੇ ਜਾਣ ਦੇ ਮੱਦੇਨਜ਼ਰ ਇਹ ਸਮਝਣਾ ਮੁਸ਼ਕਿਲ ਨਹੀਂ ਕਿ ਆਸਿਫ਼ਾ ਕਾਂਡ ਅਤੇ ਹੋਰ ਬੱਚੀਆਂ ਦੇ ਮਾਮਲੇ ਵਿਚ ਨਿਆਂ ਦੀ ਲੜਾਈ ਨੂੰ ਕਿਸ ਤਰ੍ਹਾਂ ਦੀਆਂ ਚੁਣੌਤੀਆਂ ਦਰਪੇਸ਼ ਹਨ। ਸੰਘ ਬਰਗੇਡ ਦੇ ਖ਼ਤਰਨਾਕ ਏਜੰਡੇ ਵਿਰੁੱਧ ਵਿਸ਼ਾਲ ਅਵਾਮੀ ਵਿਰੋਧ ਦੀ ਲਹਿਰ ਹੀ ਇਸ ਵਹਿਸ਼ਤ ਨੂੰ ਠੱਲ ਪਾ ਸਕਦੀ ਹੈ।

## ਸੰਸਾਰ ਪੱਧਰ ਦੇ ਸਮਾਜਿਕ ਆਰਥਿਕ ਸਰੋਕਾਰਾਂ ਦੀ ਗੱਲ ਕਰਦੀ ਕਿਤਾਬ

# 'ਪੂੰਜੀਵਾਦ ਬਨਾਮ ਕੈਨੇਡੀਅਨ ਸਮਾਜ'

ਪੁਸਤਕ ਦਾ ਨਾਮ- 'ਪੂੰਜੀਵਾਦ ਬਨਾਮ ਕੈਨੇਡੀਅਨ ਸਮਾਜ'
ਲੇਖਕ- ਹਰੀਪਾਲ
ਪ੍ਰਕਾਸ਼ਕ- ਤਰਕਭਾਰਤੀ ਪ੍ਰਕਾਸ਼ਨ
ਚਰਚਾ ਕਰਤਾ- ਬਲਜਿੰਦਰ ਸੰਘਾ





ਹਰੀਪਾਲ ਲੇਖਕ ਸਮਾਜ ਦਾ ਇਕ ਅਜਿਹਾ ਗੰਭੀਰ ਲੇਖਕ ਹੈ ਜੋ ਲੇਖਣੀ ਦੇ ਤੌਰ ਤੇ ਬਹੁਤ ਹੀ ਹੌਲੀ ਤੁਰਦਾ ਜਾ ਕਿ ਅੱਜ ਦੇ ਸੋਸ਼ਲ ਮੀਡੀਆ ਦੇ ਦੌਰ ਵਿਚ ਲੇਖਕ ਹੀ ਨਹੀਂ ਹੈ। ਕਿਉਂਕਿ ਅਜੋਕੇ ਸੋਸ਼ਲ ਮੀਡੀਆ ਦੇ ਦੌਰ ਦਾ ਲੇਖਕ ਉਹੀ ਹੈ ਜੋ ਨਿੱਤ ਦਿਨ ਕੋਈ ਲਿਖ਼ਤ ਕਿਸੇ ਅਖ਼ਬਾਰ ਵਿਚ ਛਪੀ ਜਾਂ ਆਪਣੀ ਨਿੱਜੀ ਫੋਟੋ ਕਿਸੇ ਸਰਕਾਰੀ ਅਧਿਕਾਰੀ ਜਾਂ ਮੰਤਰੀ ਨਾਲ ਫੇਸਬੁੱਕ ਤੇ ਪਾਉਂਦਾ ਹੈ, ਚਾਹੇ ਲਿਖ਼ਤ ਅਤੇ ਫੋਟੋ ਦਾ ਸਮਾਜ ਦੇ ਸਰੋਕਾਰਾਂ ਨਾਲ ਕੋਈ ਵੀ ਵਾਹ-ਵਾਸਤਾ ਨਾ ਹੋਵੇ। ਸਿਰਫ਼ ਸਫ਼ੇ ਕਾਲੇ ਕੀਤੇ ਹੋਣ। ਪੰਜਾਬੀ ਸਮਾਜ ਵਿਚ ਲੋਕਾਂ ਦੇ ਲੇਖਕਾਂ ਨਾਲੋਂ ਸਰਕਾਰੀ ਲੇਖਕ ਵੱਧ ਪਹਿਚਾਣ ਰੱਖਦੇ ਹਨ ਸੋ ਇਸ ਅਨੁਸਾਰ ਹਰੀਪਾਲ ਸ਼ਾਇਦ ਫੇਲ੍ਹ ਲੇਖਕ ਹੈ, ਜਿਸ ਦੀ ਕਲਮ ਵਿਚ ਸਰਕਾਰਾਂ ਬਦਲਣ ਨਾਲ ਨਾ ਤਾਂ ਲਚਕਤਾ ਆਉਂਦੀ ਤੇ ਨਾ ਹੀ ਗੋਲ-ਮੋਲ ਵਿਚਾਰ। ਖੱਬੇ ਪੱਖੀ ਵਿਚਾਰਾਂ ਦਾ ਹਾਮੀ ਉਹ ਜੋ ਕਹਿੰਦਾ ਹੈ ਉਹੀ ਵਿਚਾਰ ਉਸਦੀ ਨਿੱਜੀ ਜ਼ਿੰਦਗੀ ਦਾ ਹਿੱਸਾ ਹਨ। ਉਹ ਇੱਕ ਸਫ਼ਾ ਪੜ੍ਹਕੇ ਹਜ਼ਾਰ ਸਫ਼ਾ ਲਿਖਣ ਵਾਲੇ ਲੇਖਕਾਂ ਵਿਚ ਨਹੀਂ ਆਉਂਦਾ ਬਲਕਿ ਹਜ਼ਾਰ ਸਫ਼ਾ ਪੜ੍ਹਕੇ ਅੱਧਾ ਸਫ਼ਾ ਲਿਖਦਾ ਹੈ।

ਇਸੇ ਕਰਕੇ ਲੰਬੇ ਸਮੇਂ ਤੋਂ ਸਾਹਿਤ ਨਾਲ ਜੁੜਿਆ ਹੋਣ ਦੇ ਬਾਵਜੂਦ ਇਹ ਉਸਦੀ ਸਿਰਫ਼ ਤੀਸਰੀ ਕਿਤਾਬ ਹੈ। ਪਹਿਲੀ ਕਵਿਤਾ ਦੀ ਕਿਤਾਬ 'ਬੰਦ ਘਰਾਂ ਦੇ ਵਾਸੀ' ਵਿਚ ਹੀ ਉਹ ਅਜਿਹੇ ਵਿਸ਼ੇ ਛੂਹ ਗਿਆ ਸੀ ਕਿ ਹਰ ਸੁਹਿਰਦ ਪਾਠਕ, ਅਲੋਚਕ ਉਸ ਕਿਤਾਬ ਨੂੰ ਪੜ੍ਹਕੇ ਸੋਚ ਸਕਦਾ ਹੈ ਕਿ ਲੇਖਕ ਨੇ ਉਹ ਸਭ ਕੁਝ ਕਹਿ ਦਿੱਤਾ ਹੈ ਜੋ ਅਜੋਕੇ ਸਮਾਜ ਵਿਚ ਹੋ ਰਿਹਾ ਹੈ, ਪਿੱਛੇ ਹੋਇਆ ਸੀ 'ਤੇ ਅੱਗੇ ਕੀ ਹੋਣ ਵਾਲਾ ਹੈ ਤਾਂ ਹੀ 'ਤੇ ਇਹ ਵਿਚਾਰ ਵੀ ਦਿਲ ਆਉਂਦੇ ਹਨ ਕਿ ਇਹ ਲੇਖਕ ਫੋਕੀ ਸ਼ੋਹਰਤ ਤੋਂ ਦੂਰ ਹੈ ਨਾ ਤਾਂ ਦੁਹਰਾਓ ਕਰੇਗਾ ਨਾ ਕੁਝ ਅਜਿਹਾ ਲਿਖੇਗਾ ਜੋ ਇਸ ਤੋਂ ਅੱਗੇ ਦੀ ਗੱਲ ਨਾ ਕਰਦਾ ਹੋਵੇ। ਗੱਲ ਖ਼ਤਮ ਕਰਦਾ ਹਾਂ ਕਿ ਨਾਂ ਹਰੀਪਾਲ ਮਹਾਰਾਜਿਆਂ ਦੇ ਬੈਡਰੂਮਾਂ ਦੇ ਕਿੱਸੇ-ਕਹਾਣੀਆਂ ਫੋਕੀ ਸ਼ੌਹਰਤ ਲਈ ਲਿਖ਼ ਸਕਦਾ 'ਤੇ ਨਾ ਹੀ ਅਜਿਹੀ ਕੋਈ ਕਵਿਤਾ ਜੋ ਇੱਕ ਭੱਠੀ ਵਾਲੀ ਨੂੰ ਪੀੜ੍ਹਾ ਦਾ ਪੁਰਾਗਾ ਭੁੰਨਣ ਲਈ ਕਹਿੰਦੀ ਹੋਵੇ। ਜੋ ਖ਼ੁਦ ਅਜਿਹੀ ਪੀੜ੍ਹ ਦੀ ਸ਼ਿਕਾਰ ਹੈ ਜੋ ਆਰਥਿਕ ਨਾ ਬਰਾਬਰੀ ਵਿਚੋਂ ਉਪਜੀ ਹੈ ਤੇ ਜਾਤ-ਪਾਤ ਦੇ ਟੈਗ ਲੱਗੇ ਹਨ। ਸੋ ਅਜਿਹੇ ਲੇਖਕ ਲਈ ਇਹ ਕਾਮਨਾ ਨਹੀਂ ਕੀਤੀ ਜਾਂ ਸਕਦੀ ਕਿ ਕੋਈ ਸਰਕਾਰ ਜਾਂ ਸਾਹਿਤਕ ਸੰਸਥਾ ਉਹਨਾਂ ਨੂੰ ਪ੍ਰਸਿੱਧ ਲੇਖਕ ਜਾਂ ਜਨਮ ਭੂਮੀ ਦੀ ਕੋਈ ਸਰਕਾਰ ਜਾਂ ਸਰਕਾਰ ਪ੍ਰਭਾਵੀ ਸੰਸਥਾ ਕੋਈ ਸਨਮਾਨ ਦੇਵੇ। ਹਰੀਪਾਲ ਲੋਕਾਂ ਦਾ ਲੇਖਕ ਹੈ ਅਤੇ ਸਾਰੇ ਸੰਸਾਰ ਵਿਚ ਕਿਰਤੀ ਲੋਕਾਂ ਦੇ ਹਲਾਤਾਂ ਬਾਰੇ ਸਿਰਫ਼ ਜਾਣਕਾਰੀ ਨਹੀਂ ਰੱਖਦਾ ਬਲਕਿ ਹਰ ਵਿਸ਼ੇ ਦੇ ਯਥਾਰਰਥਵਾਦ ਤੋਂ ਸ਼ੁਰੂ ਹੁੰਦਿਆਂ ਉਸਨੂੰ ਸਮਾਜਵਾਦ ਰਾਹੀਂ ਕਿਉਂ? 'ਤੇ ਕਿਵੇਂ? ਨਾਲ ਜੋੜ ਕੇ ਅਸਲ ਸੱਚ ਸਾਹਮਣੇ ਰੱਖਦਾ ਹੈ ਕਿ ਜੋ ਵਿਗਿਆਨਿਕ ਢੰਗ ਨਾਲ ਹੈ ਨਾ ਕਿ ਕਿਸੇ ਚਮਤਕਾਰ ਨਾਲ। ਕੈਨੇਡਾ ਵਿਚ ਲੱਗਭੱਗ ਪੰਜ ਦਹਾਕੇ ਤੋਂ ਕਿਰਤੀ ਦੀ ਜੂਨ ਹੰਢਾਉਂਦਾ ਉਹ ਆਪਣੇ ਤਜਰਬੇ ਵੀ ਸਾਂਝੇ ਕਰਦਾ ਹੈ, ਜਿਸ ਤੋਂ ਕੈਨੇਡਾ ਨੂੰ ਸਵਰਗ ਕਹਿਣ ਵਾਲੇ ਲੋਕ ਬਹੁਤ ਕੁਝ ਸਿੱਖ ਸੱਖਦੇ ਹਨ ਕਿ ਇਹ ਬਿਲਕੁੱਲ ਸਹੀ ਹੈ ਕਿ ਇੱਥੇ ਕਾਨੂੰਨ ਅਤੇ ਸਰਕਾਰਾਂ ਸਾਡੇ ਭਾਰਤ ਵਰਗੇ ਦੇਸਾਂ ਨਾਲੋਂ ਸਹੀ ਕੰਮ ਕਰਦੇ ਹਨ ਤੇ ਇਸੇ ਕਰਕੇ ਅਸੀਂ ਇੱਥੇ ਆਏ ਹਾਂ ਤੇ ਰਹਿਣਾ ਪਸੰਦ ਕਰਦੇ ਹਾਂ ਪਰ ਪੂੰਜੀਵਾਦ ਦਾ ਇਸ ਦੇਸ਼ ਤੇ ਕੀ ਅਸਰ ਹੈ ਉਹ ਵੀ ਇਸ ਕਿਤਾਬ ਵਿਚ ਉਹ ਕਈ ਲੇਖਾਂ ਵਿਚ ਅੰਕੜਿਆਂ ਰਾਹੀਂ ਸਿੱਧ ਕਰਦਾ ਹੈ। ਉਪਰੋਤਕ ਸਾਰੀ ਗੱਲਬਾਤ ਇਸ ਲੇਖਕ ਦੇ ਬਾਰੇ ਜਾਣਕਾਰੀ ਦੇਣ ਨਾਲ ਸਬੰਧਤ ਸੀ ਤੇ ਹਰੀਪਾਲ ਦੀ ਸਖ਼ਸੀਅਤ ਬਾਰੇ ਸ਼ਾਇਦ ਇਹ ਕਾਫ਼ੀ ਹੈ, ਕਿਉਂਕਿ ਬਹੁਤੀ ਗੱਲ ਮੈਂ ਉਹਨਾਂ ਦੀਆਂ ਇਸ ਕਿਤਾਬ ਵਿਚਲੀਆਂ ਲਿਖਤਾਂ ਬਾਰੇ ਆਪਣੇ ਨਜ਼ਰੀਏ ਤੋਂ ਆਪ ਸਭ ਨਾਲ ਸਾਂਝੀ ਕਰਨਾ ਚਾਹਾਂਗਾ।

'ਪੂੰਜੀਵਾਦ ਬਨਾਮ ਕੈਨੇਡੀਅਨ ਸਮਾਜ' ਕਿਤਾਬ ਵਿਚ 'ਕਿਤਾਬਾਂ ਦੇ ਅੰਗ ਸੰਗ' ਤੋਂ ਲੈ ਕੇ 'ਅਮੀਰ ਕੈਨੇਡਾ ਦੇ ਗਰੀਬ ਬਜ਼ੁਰਗ' ਤੱਕ ਕੁੱਲ ਸਤਾਰਾਂ ਲੇਖ ਹਨ ਜੋ ਯਥਾਰਥ ਦਾ ਹਵਾਲਾ ਦੇ ਕੇ ਇਸ ਤੋਂ ਅੱਗੇ ਕਿਉਂ 'ਤੇ ਕਿਵੇਂ ਰਾਹੀਂ ਦੁਨੀਆਂ ਭਰ ਦੇ ਕਿਰਤੀ ਸਮਾਜ ਨਾਲ ਸਿੱਧੇ-ਅਸਿੱਧੇ ਢੰਗ ਨਾਲ ਜੁੜੇ ਹੀ ਨਹੀ ਬਲਕਿ ਪੂੰਜੀਵਾਦ ਦੇ ਹਰ ਖੇਤਰ ਵਿਚ ਖ਼ਤਰਨਾਕ ਪਰ ਸਹਿਜ ਢੰਗ ਨਾਲ ਪੈਰ ਪਸਾਰਨ ਦੇ ਢੰਗ ਤਰੀਕਿਆਂ ਦੇ ਵੀ ਪਾਜ ਖੋਲ੍ਹਦੇ ਹਨ। ਜੋ ਰੂਸ ਦੇ ਪ੍ਰਧਾਨ ਮੰਤਰੀ ਗੋਰਾਬਾਚੋਵ ਦੀ ਪਤਨੀ ਰਾਈਸਾ ਗੋਰਾਬਾਚੋਵ ਦੀ ਲੰਡਨ ਵਿਚ ਖ਼ਰੀਦੋ-ਫ਼ਰੋਕਤ ਤੇ ਸਰਕਾਰ ਰਾਹੀਂ ਪੂੰਜੀਵਾਦ ਦੀ ਗਹਿਰੀ ਤੇ ਗੰਭੀਰ ਅੱਖ ਰੱਖਣ ਦੀ ਗੱਲ ਦਾ ਵੀ ਪਰਦਾਫਾਸ ਕਰਦੇ ਹਨ, ਕਿ ਕਿਸ ਤਰ੍ਹਾਂ ਉਸਦੀ ਖ਼ਰੀਦਦਾਰੀ ਤੇ ਅੱਖ ਰੱਖਣ ਦੇ ਭੇਦ ਮਾਰਗਰੇਟ ਥੈਚਰ ਪ੍ਰਧਾਨ ਮੰਤਰੀ ਨਾਲ ਸਾਂਝੇ ਕਰਦੀ ਹੈ ਕਿ ਉਸਦੇ ਸ਼ੌਕ ਅਮੀਰਾਂ ਵਾਲੇ ਹਨ। ਇਸ ਔਰਤ ਰਾਹੀਂ ਪੂਰੇ ਰੂਸ ਨੂੰ ਗੁੰਮਰਾਹ ਕਰਕੇ ਲੋੜਾਂ ਦੀ ਥਾਂ ਪੂੰਜੀਵਾਦ ਦੇ ਸਿਧਾਂਤ ਇਸ਼ਾਵਾਂ ਵੱਲ ਕੇਂਦਰਿਤ ਕੀਤਾ ਜਾ ਸਕਦਾ ਹੈ।

ਇਹ ਤਾਂ ਸਿਰਫ਼ ਇੱਕ ਉਦਾਹਰਨ ਹੈ ਇਸਤੋਂ ਵੱਧ ਇਸ ਕਿਤਾਬ ਵਿਚ ਬਹੁਤ ਕੁਝ ਹੈ ਜੋ ਹਰੀਪਾਲ ਦੁਆਰਾ ਲਿਖੇ 'ਸਦਮਾ ਮੱਤ' ਕਿਤਾਬ ਬਾਰੇ ਲੇਖ 'ਤਬਾਹੀ ਪਸੰਦ ਸਰਮਾਏਦਾਰੀ ਦਾ ਉਭਾਰ ਸਦਮਾ ਮੱਤ' ਵਿਚ ਉਜਾਗਰ ਹੁੰਦਾ ਹੈ। ਇਸ ਲੇਖ ਵਿਚ ਲੇਖਕ ਨੇ 'ਸਦਮਾ ਮੱਤ' ਕਿਤਾਬ ਦੇ ਸਾਰੇ ਮੁੱਖ ਸਿਧਾਂਤ ਇਕੱਠੇ ਕਰਕੇ ਇਹ ਦੱਸਣ ਦੀ ਸਫ਼ਲ ਕੋਸ਼ਿਸ ਕੀਤੀ ਹੈ ਕਿ ਕਾਰਪੋਰੇਟ ਸੈਕਟਰ ਕਿਸੇ ਦੇਸ ਵਿਚ ਪੈਰ ਪਸਾਰਨ ਲਈ ਕੀ-ਕੀ ਕਰ ਸਕਦਾ ਹੈ ਤੇ ਉਸ ਦੇਸ ਦੀਆਂ ਸਰਕਾਰਾਂ ਕਿਵੇਂ ਇਸ ਅੱਗੇ ਗੋਡੇ ਟੇਕਦੀਆਂ ਹਨ। ਇਸ ਸਭ ਨੂੰ ਸਿਰੇ ਚਾੜ੍ਹਨ ਲਈ ਕਿਸੇ ਫੌਜੀ ਜਰਨੈਲ ਨੂੰ ਆਪਣੇ ਨਾਲ ਗੰਢਣ ਤੋਂ ਲੈ ਕੇ ਉਸ ਦੇਸ਼ ਵਿਚ ਕੁਦਰਤੀ ਆਫ਼ਤ ਆਉਣ ਜਾਂ ਜਾਣ ਬੁੱਝਕੇ ਹੜ੍ਹਾਂ ਵਰਗੇ ਹਲਾਤ ਪੈਦਾ ਕੀਤੇ ਜਾਂਦੇ ਹਨ ਤੇ ਫਿਰ ਲੋਕਾਂ ਨੂੰ ਸਦਮਾ ਦੇ ਕੇ ਉਸਦਾ ਹੱਲ ਪੂੰਜੀਵਾਦ ਦੇ ਨਜ਼ਰੀਏ ਤੋਂ ਇਸ ਢੰਗ ਨਾਲ ਲੱਭਿਆ ਜਾਂਦਾ ਹੈ ਕਿ ਸਧਾਰਨ ਮਨੁੱਖ ਇਹੀ ਸਮਝਦਾ ਹੈ ਕਿ ਸਾਡੇ ਹੱਕ ਦੀ ਗੱਲ ਕੀਤੀ ਜਾ ਰਹੀ ਹੈ ਬਲਕਿ ਅਸਲ ਵਿਚ ਪੂੰਜੀਵਾਦ ਦਾ ਦੈਤ ਉਹਨਾਂ ਨੂੰ ਸਬਜ਼ ਬਾਗ ਦਿਖਾ ਕੇ ਉਹਨਾਂ ਦੀਆਂ ਆਉਣ ਵਾਲੀਆਂ ਪੀਹੜੀਆਂ ਨੂੰ ਤਬਾਹ ਕਰਨ ਦਾ ਅਜਿਹਾ ਜਾਲ ਬੁਣ ਰਿਹਾ ਹੁੰਦਾ ਹੈ, ਜਿਸ ਵਿਚ ਉਹ ਇਸ਼ਾਵਾਂ ਦੇ ਖ਼ੂਹ ਵਿਚ ਵੀ ਪੁੱਠੇ ਲਕਟਦੇ ਹਨ ਪਰ ਮਾਣ ਵੀ ਮਹਿਸੂਸ ਕਰਦੇ ਹਨ ਤੇ ਅਹਿਜੇ ਹਲਾਤ ਕਿਵੇਂ ਪੈਦਾ ਕੀਤੇ ਜਾਂਦੇ ਹਨ ਇਹ ਲੇਖਕ ਦੇ ਇਸ ਕਿਤਾਬ ਵਿਚਲੇ ਹਰ ਲੇਖ ਵਿਚ ਕਿਤੇ ਨਾ ਕਿਤੇ ਅੰਕੜਿਆਂ ਸਮੇਤ ਸ਼ਾਮਿਲ ਹੈ। ਸਾਡੇ ਕੈਨੀਡੀਅਨ ਬੱਚੇ ਘਰਾਂ ਵਿਚ ਰਹਿਣ ਦੀ ਥਾਂ ਨਿੱਕੀਆਂ-ਨਿੱਕੀਆਂ ਕਾਡੋਮੀਨੀਅਮ ਪਰਾਪਰਟੀਆਂ ਵਿਚ ਰਹਿਣਗੇ ਤੇ ਅਸਲ ਸੱਚਾਈ ਨੂੰ ਜਾਨਣ ਤੋਂ ਬਿਨਾਂ ਇਸਤੇ ਮਾਣ ਵੀ ਮਹਿਸੂਸ ਕਰਨਗੇ ਇਹ ਜਾਨਣ ਤੋਂ ਬਿਨਾਂ ਕਿ ਸਾਡੇ ਮਨਮਰਜ਼ੀ ਦੇ ਘਰ ਤਾਂ ਪੂੰਜੀਵਾਦ ਨੇ ਸਾਡੇ ਤੋਂ ਸਦਾ ਲਈ ਖੋਹ ਲਏ ਹਨ।

ਆਪਾ-ਆਪਣੇ ਘਰਾਂ ਜਾ ਆਸ-ਪਾਸ ਨਜ਼ਰ ਮਾਰੀਏ ਤਾਂ ਬੱਚੇ ਉਹਨਾਂ ਮਾਪਿਆਂ ਨੂੰ ਵਿਚਾਰੇ ਸਮਝਦੇ ਹਨ ਜਾਂ ਉਹਨਾਂ ਨਾਲ ਸਟੋਰ ਤੱਕ ਜਾਣ ਵਿਚ ਸ਼ਰਮ ਮਹਿਸੂਸ ਕਰਦੇ ਹਨ ਜੋ ਸਿਲਫ-ਸਰਵਿਸ ਕਾਊਂਟਰਾਂ ਤੇ ਪੇਅ ਕਰਨ ਦੀ ਥਾਂ ਜਾਂ ਮੈਕਡਾਨਲ ਜਾਂ ਹੋਰ ਕਈ ਬਿਲੀਅਨ ਡਾਲਰ ਦਾ ਮੁਨਾਫ਼ਾ ਕਮਾਉਣ ਵਾਲੀਆਂ ਫਰੈਚਾਈਜ਼ ਵਿਚ ਸਿਲਫ ਸਰਵਿਸ ਮਸ਼ੀਨਾਂ ਤੇ ਆਰਡਰ ਨਹੀਂ ਕਰਦੇ ਜਾਂ ਕਰ ਸਕਦੇ। ਉਹ ਆਨ-ਲਾਈਨ ਆਰਡਰ ਕਰਕੇ ਆਪਣੀ ਹਰ ਲੋੜ ਦੀ ਚੀਜ਼ ਘਰ ਮੰਗਾਉਂਦੇ ਹਨ ਤੇ ਮਾਣ ਮਹਿਸੂਸ ਕਰਦੇ ਹਨ ਪਰ ਇਹ ਕਦੇ ਨਹੀਂ ਸੋਚਦੇ ਕਿ ਸਾਨੂੰ ਸਕੂਲੀ ਛੁੱਟੀਆਂ ਦੌਰਾਨ ਕੋਈ ਫੁੱਲ-ਟਾਈਮ ਜਾਂ ਪਾਰਟ ਟਾਈਮ ਕੰਮ ਕਿਉਂ ਨਹੀਂ ਮਿਲਦਾ ਬਲਕਿ ਉਹਨਾਂ ਦੇ ਦਿਮਾਗ ਵਿਚ ਇਹ ਗੱਲ ਆਉਂਦੀ ਹੀ ਨਹੀਂ ਕਿ ਟੈਕਨਾਲੋਜੀ ਹੀ ਤੁਹਾਡੀ ਦੁਸ਼ਮਣ ਹੈ ਜਿਸ ਤੇ ਤੁਸੀਂ ਮਾਣ ਮਹਿਸੂਸ ਕਰਦੇ ਹੋ। ਹਰ ਜਗ੍ਹਾਂ ਸੈਲਫ-ਸਰਵਿਸ ਮਸ਼ੀਨਾਂ ਹਨ ਹੁਣ ਤਾਂ ਟੈਕਸੀ ਵੀ ਡਰਾਇਵਰ ਤੋਂ ਬਿਨਾਂ ਹੈ ਤੇ ਫਿਰ ਜੌਬ ਕਿੱਥੇ ਤੇ ਕਿਸਨੂੰ ਮਿਲਣੀ ਹੈ। ਬਲਕਿ ਵੱਡੀਆਂ-ਵੱਡੀਆਂ ਕੰਪਨੀਆਂ ਵਿਚ ਵਰਕਰਾਂ ਦੀਆਂ ਛਾਟੀਆਂ ਹੋ ਰਹੀਆ ਹਨ। ਲੇਖ 'ਪੂੰਜੀਵਾਦ-ਇੱਕ ਕਰੂਪ ਚਿਹਰਾ' ਵਿਚ ਕੁਝ ਅਜਿਹੇ ਹੀ ਜਾਗਰੂਕਤਾ ਲਿਅਉਣ ਵਾਲੇ ਵਿਚਾਰ ਪੇਸ਼ ਕੀਤੇ ਗਏ ਹਨ। ਦਰਅਸਲ ਇਹੀ ਪੂੰਜੀਵਾਦ ਅਤੇ ਸਦਮਾ ਮੱਤ ਦੇ ਸਿਧਾਂਤ ਹਨ ਕਿ ਤੁਹਾਡਾ ਸਭ ਕੁਝ ਉਜਾੜ ਵੀ ਦੇਣਾ ਤੇ ਤੁੰਹਾਨੂੰ ਮਾਣ ਵੀ ਮਹਿਸੂਸ ਕਰਾਉਣਾ। ਇਸ ਸੱਚਾਈ ਦਾ ਅਸਲੀ ਰੂਪ ਹੁਣ ਬਹੁਤ ਸਾਰੇ ਸੁਚੇਤ ਲੋਕਾਂ ਨੂੰ ਸਮਝ ਆਉਣ ਲੱਗਾ ਤੇ ਹਰੀ ਕਰੰਤੀ ਤੇ ਖ਼ੁਸ਼ਹਾਲ ਹੋਏ ਪੰਜਾਬ ਦੇ ਕਿਸਾਨ ਵੀ ਹੁਣ ਇਹ ਮਹਿਸੂਸ ਕਰਦੇ ਹਨ ਅਸਲ ਵਿਚ ਸਾਡਾ ਉਜਾੜਾਂ ਤੇ ਕਿਸਾਨਾਂ ਦੀਆਂ ਆਤਮਹੱਤਿਆ ਦਾ ਮੁੱਢ ਤਾਂ ਉਦੋਂ ਹੀ ਬੱਝ ਗਿਆ ਸੀ 'ਤੇ ਕਿਰਤੀ ਕਿਸਾਨ ਦੀ ਨਵੀਂ ਪੀਹੜ੍ਹੀ ਇਸ਼ਾਵਾਂ ਤੇ ਸ਼ੋਹਰਤ ਵਿਚ ਕਿਵੇਂ ਤੇ ਕਦੋਂ ਧੱਸ ਗਈ ਪਤਾ ਹੀ ਨਹੀਂ ਲੱਗਾ ਤੇ ਹੁਣ ਇਸਦੇ ਨਤੀਜੇ ਸਾਹਮਣੇ ਆ ਰਹੇ ਹਨ ਜਦੋਂ ਕਰਜ਼ਾਈ ਕਿਸਾਨ ਫਾਹੇ ਲੈ ਰਹੇ ਹਨ। ਇੰਜ ਲੱਗ ਰਿਹਾ ਹੈ ਜਿਵੇਂ ਪੰਜਾਬ ਕਿਰਤੀ ਕਿਸਾਨਾਂ ਨੂੰ ਸਦਮਾ ਦਿੱਤਾ ਜਾ ਰਿਹਾ ਹੋਵੇ ਤੇ ਇਕ ਦਿਨ ਵੱਡੀਆਂ ਕੰਪਨੀਆਂ ਕਿਸਾਨਾਂ ਦੀਆਂ ਹਮਦਰਦ ਬਣਕੇ ਪੰਜਾਬ ਵਿਚ ਪੈਰ ਪਸਾਰਨਗੀਆਂ ਕਿ ਨਿੱਕੇ-ਨਿੱਕੇ ਖੇਤੀ ਦੇ ਟੁਕੜਿਆਂ ਉੱਤੇ ਖੇਤੀ ਕਰਨ ਨਾਲ ਤੁਸੀਂ ਫੇਲ੍ਹ ਹੋਏ ਹੋ, ਅਸੀਂ ਤੁਹਾਡੀ ਜ਼ਮੀਨ ਹਜ਼ਾਰ- ਹਜ਼ਾਰ ਏਕੜ ਦੇ ਟੁਕੜਿਆਂ ਵਿਚ ਪੱਧਰ ਕਰਕੇ ਖੇਤੀ ਕਰਾਂਗੇ 'ਤੇ ਤੁਸੀਂ ਸਾਨੂੰ ਇਸਨੂੰ ਸੋ ਸਾਲ ਲਈ ਲੀਜ਼ ਤੇ ਦੇ ਦੇਵੋਂ, ਵਿਹਲੇ ਬੈਠੇ ਹਰ ਸਾਲ ਕਮਾਈ ਕਰੋ, 'ਤੇ ਸਦਮੇ ਵਿਚ ਪਾਈ ਕਿਸਾਨੀ ਇਸਨੂੰ ਖਿੜ੍ਹੇ ਮੱਥੇ ਸਵੀਕਾਰ ਕਰੇਗੀ ਜਿਵੇਂ ਇਹ ਸਿਧਾਂਤ ਨਾਲ ਦੁਨੀਆਂ ਦੇ ਬਹੁਤੇ ਦੇਸ਼ਾਂ ਵਿਚ ਬਹੁਤ ਕੀਤਾ ਜਾ ਚੁੱਕਾ ਹੈ।

'ਸਮਾਜਵਾਦ' ਇੱਕੋ ਇਕ ਹੱਲ ਲੇਖ ਵਿਚ ਪੂੰਜੀਵਾਦ ਦੇ ਲਾਲਚ ਦੀਆਂ ਗੰਭੀਰ ਗੱਲਾਂ ਹਨ, ਕਿ ਕਿਵੇਂ ਲੋਕਾਂ ਨੂੰ ਧਰਮ, ਜਾਤ ਤੋਂ ਲੈ ਕੇ ਹਰ ਢੰਗ ਨਾਲ ਵੰਡਿਆ ਹੀ ਨਹੀਂ ਜਾਂਦਾ ਬਲਕਿ ਇੱਕ ਦੂਜੇ ਤੋਂ ਉੱਚੇ ਨੀਵੇਂ ਹੋਣ ਦਾ ਫ਼ਖ਼ਰ ਮਹਿਸੂਸ ਕਰਨ ਲਈ ਪਬਲਿਕ ਸਕੂਲਾਂ ਦੇ ਬਰਾਬਰ ਪਰਾਈਵੇਟ ਸਕੂਲ, ਧਰਮ ਦੇ ਨਾਮ ਤੇ ਬਣੇ ਸਕੂਲ ਧਿਰ ਬਣਾਕੇ ਖੜ੍ਹੇ ਕੀਤੇ ਜਾਂਦੇ ਹਨ ਜੋ ਮਾਪਿਆਂ ਰਾਹੀਂ ਬੱਚਿਆਂ ਵਿਚ ਤੇ ਇੱਕ ਸਹਿਜ ਪਰਕਿਰਿਆ ਰਾਹੀਂ ਇਹ ਧਾਰਨਾਂ ਪੈਦਾ ਕਰਦੇ ਹਨ ਕਿ ਪਰਾਈਵੇਟ ਸਕੂਲ, ਧਾਰਮਿਕ ਸਕੂਲ, ਪਬਲਿਕ ਸਕੂਲ ਵਿਚ ਪੜ੍ਹੇ ਜਾਂ ਪੜ੍ਹਦੇ ਬੱਚੇ ਇੱਕ ਦੂਸਰੇ ਨਾਲੋਂ ਵੱਖਰੇ ਹਨ। ਦੂਸਰਾ ਇਸ ਰਾਹੀਂ ਪਬਲਿਕ ਸਕੂਲਾਂ ਦੇ ਅਧਿਆਪਕਾਂ ਦੀਆਂ ਯੂਨੀਅਨਾਂ ਨੂੰ ਅਪੰਗ ਕੀਤਾ ਜਾਂਦਾ ਹੈ ਤਾਂ ਕਿ ਉਹ ਆਪਣੇ ਜਾਂ ਆਪਣੇ ਸਕੂਲਾਂ ਦੇ ਬੱਚਿਆਂ ਲਈ ਕੋਈ ਹੱਕ ਨਾਂ ਮੰਗ ਲੈਣ। ਪਰ ਇਸ ਸਭ ਲਈ ਧਰਮ ਨੂੰ ਕਿੰਝ ਇੱਕ ਟੂਲ ਦੇ ਤੌਰ ਤੇ ਵਰਤਿਆ ਜਾਂਦਾ ਹੈ ਲੇਖਕ ਨੇ ਸਭ ਪਾਜ ਉਧੇੜੇ ਹਨ।

ਲੇਖ 'ਕਿਤਾਬਾਂ ਦੇ ਅੰਗ ਸੰਗ' ਕਿਤਾਬਾਂ ਦੀ ਸਹੀ ਚੋਣ ਬਾਰੇ ਦੱਸਦਾ ਹੈ ਜਿਸ ਨਾਲ ਅਸੀਂ ਸਮਾਜ ਦੇ ਨਾਲ-ਨਾਲ ਨਿੱਜ ਦਾ ਵੀ ਭਲਾ ਕਰ ਸਕਦੇ ਹਾਂ। ਮੈਨੂੰ ਆਸ ਹੈ ਕਿ ਜੇਕਰ ਕਿਸੇ ਪਾਠਕ ਕੋਲ ਪੂਰੀ ਕਿਤਾਬ ਪੜ੍ਹਨ ਦਾ ਸਮਾਂ ਨਾ ਵੀ ਹੋਵੇ ਤਾਂ ਉਹ ਇਹ ਇੱਕੋ ਲੇਖ 10-12 ਮਿੰਟ ਦਾ ਸਮਾਂ ਕੱਢਕੇ ਪੜ੍ਹ ਲਵੇ ਤਾਂ ਉਸਦੇ ਜੀਵਨ ਵਿਚ ਅਜਿਹੀ ਉਸਾਰੂ ਤਬਦੀਲੀ ਆ ਸਕਦੀ ਹੈ ਕਿ ਉਹ ਇਸ ਕਿਤਾਬ ਦੇ 15ਵੇਂ ਲੇਖ 'ਇੱਕ ਜਨਮ ਅੰਧਵਿਸ਼ਵਾਸ਼ ਦੇ ਲੇਖੇ' ਬਾਰੇ ਵੀ ਸਮਝ ਸਕਦਾ ਹੈ ਕਿ ਜਨਮ ਸਿਰਫ਼ ਇੱਕ ਹੀ ਹੈ ਇਸ ਵਿਚ ਕਿਵੇਂ ਨਿੱਜ, ਸਮਾਜ ਦਾ ਨਾਪ-ਤੋਲ ਰੱਖਕੇ ਅਸੀਂ ਉਸਾਰੂ ਸੋਚ ਰਾਹੀਂ ਆਪਣਾ ਅਤੇ ਸਮਾਜ ਦਾ ਭਲਾ ਕਰ ਸਕਦੇ ਹਾਂ। ਬੱਸ ਲੋੜ ਹੈ 'ਕਿਤਾਬਾਂ ਦੇ ਅੰਗ ਸੰਗ' ਲੇਖ ਦੇ ਭਾਗ 'ਕਿਹੋ ਜਿਹਾ ਸਾਹਿਤ ਪੜ੍ਹੀਏ' ਨੂੰ ਪੜ੍ਹਨ ਤੇ ਗੌਰ ਕਰਨ ਦੀ।

'ਕੀ ਮਨੁੱਖ ਨੂੰ ਧਰਮ ਦੀ ਲੋੜ ਹੈ?' ਲੇਖ ਵਿਚ ਲੇਖਕ ਜਿੱਥੇ ਰੱਬ ਦੇ ਜਨਮ ਬਾਰੇ ਤਰਕ ਭਰਭੂਰ ਵਿਚਾਰ ਪੇਸ਼ ਕਰਦਾ ਹੈ ਉੱਥੇ ਹੀ ਇਹ ਵੀ ਕਹਿੰਦਾ ਹੈ ਕਿ ਚਾਹੇ ਧਰਮ ਮਨੁੱਖਤਾ ਦੇ ਭਲੇ ਲਈ ਪੈਦਾ ਹੋਏ 'ਤੇ ਨਰਕ-ਸੁਰਗ ਦਾ ਡਰ ਦੇ ਕੇ ਸਭ ਧਰਮਾਂ ਦੇ ਧਾਰਮਿਕ ਗੁਰੂਆਂ ਨੇ ਸ਼ਾਂਤੀ ਅਤੇ ਮਨੁੱਖ ਦੀ ਭਲਾਈ ਲਈ ਕੰਮ ਕੀਤਾ। ਪਰ ਜਦ ਧਰਮ ਨੂੰ ਸੱਤਾ ਹਥਿਆਉਣ ਲਈ ਵਰਤਿਆ ਜਾਣ ਲੱਗਾ ਤਾਂ ਸਿਰਫ਼ ਧਰਮ ਦੇ ਨਾਮ ਤੇ ਮਨੁੱਖਤਾ ਦਾ ਜੋ ਕਤਿਲਆਮ ਹੋਇਆ ਉਹ ਬਹੁਤ ਕੁਝ ਕਹਿੰਦਾ ਹੈ। ਜਿਵੇਂ ਅਜ਼ਾਦੀ ਤੋਂ 37 ਸਾਲ ਬਾਅਦ ਦਿੱਲੀ ਵਿਚ ਸਿੱਖਾਂ ਦਾ ਕਤਲ ਕਰਕੇ ਕਾਂਗਰਸ ਸੱਤਾ ਤੇ ਕਾਬਜ਼ ਹੁੰਦੀ ਹੈ 'ਤੇ ਸਾਲ 2002 ਵਿਚ ਗੁਜਰਾਤ ਵਿੱਚ ਮੁਸਲਮਾਨਾਂ ਨੂੰ ਮਾਰਕੇ ਭਾਜਪਾ ਤਾਕਤ ਵਿਚ ਆਉਂਦੀ ਹੈ। ਆਮ ਇਨਸਾਨ ਦੇ ਨਾਲ-ਨਾਲ ਸਭ ਧਾਰਮਿਕ ਤੌਰ ਤੇ ਕੱਟੜ ਲੋਕਾਂ ਨੂੰ ਇਹ ਲੇਖ ਜਰੂਰ ਪੜ੍ਹਨਾ ਚਾਹੀਦਾ ਹੈ।

'ਕਿਊਬਾ ਪੂੰਜੀਵਾਦ ਤੋਂ ਸਮਾਜਵਾਦ ਦਾ ਸਫ਼ਰ' ਅਤੇ 'ਕਾਸਤਰੋ ਦੇ ਦੇਸ਼ ਵਿੱਚ' ਲੇਖਾਂ ਰਾਹੀਂ ਲੇਖਕ ਪੂੰਜੀਵਾਦ ਦੇ ਗਲਬੇ ਤੋਂ ਬਿਨਾਂ ਦੇਸ਼ ਕਿਊਬਾ ਬਾਰੇ ਵਿਚਾਰ ਵੀ ਪੇਸ਼ ਕਰਦਾ ਹੈ ਤੇ ਇਸ ਦੇਸ਼ ਦੀ ਕੀਤੀ ਯਾਤਰਾ ਰਾਹੀਂ ਅੱਖੀਂ ਵੇਖਿਆ ਤੇ ਮਹਿਸੂਸ ਕੀਤਾ ਹਾਲ ਵੀ ਦੱਸਦਾ ਹੈ। ਇਹਨਾਂ ਦੋਹਾਂ ਲੇਖਾਂ ਵਿਚੋਂ ਇੱਕ ਗੱਲ ਉਭਰਕੇ ਸਾਹਮਣੇ ਆਉਂਦੀ ਹੈ ਉਹ ਲੋਕ ਅੱਜ ਦੇ ਪੂੰਜੀਵਾਦ ਦੇ ਸਮਾਜ ਦੇ ਲੋਕਾਂ ਦੀ ਤੁਲਨਾ ਵਿਚ ਸ਼ਾਂਤ ਤੇ ਸਹਿਜ ਦਾ ਜੀਵਨ ਜਿਉਂਦੇ ਹਨ। ਸਿੱਖਿਆ ਸਭ ਲਈ ਮੁਫ਼ਤ ਹੈ, ਯਾਤਰਾ ਕਿਰਾਇਆ ਬਹੁਤ ਘੱਟ ਹੈ, ਸਭ ਦੀਆਂ ਬੇਸਿਕ ਲੋੜਾਂ ਸਰਕਾਰ ਪੂਰੀਆ ਕਰਦੀ ਹੈ, ਜ਼ਿੰਦਗੀ ਦੀ ਚਾਲ ਸਹਿਜ ਹੈ ਨਾ ਕਿ ਭੱਜ-ਦੌੜ। ਅਫਸਰਸ਼ਾਹੀ ਦਾ ਬੋਲ-ਬਾਲਾ ਨਹੀ ਬਲਕਿ ਸਰਕਾਰ ਵੱਲੋਂ ਸੜਕਾਂ ਦੇ ਡਿਊਟੀ ਦਿੰਦੇ ਅਧਿਕਾਰੀ ਕਿਸੇ ਵੀ ਰਾਹ ਗੀਰ ਨੂੰ ਕਿਸੇ ਅਫਸਰ ਦੀ ਕਾਰ ਰੋਕ ਕੇ ਉਸ ਵਿਚ ਬਿਠਾ ਸਕਦੇ ਹਨ ਤਾਂ ਉਹ ਰਾਹ ਵਿਚ ਆਉਂਦੀ ਆਪਣੀ ਮੰਜ਼ਿਲ ਤੇ ਪਹੁੰਚ ਸਕੇ। ਸਥਾਨਕ ਲੋਕਾਂ ਦੇ ਹਵਾਲੇ ਨਾਲ ਲੇਖਕ ਕਹਿੰਦਾ ਹੈ ਕਿ "ਜਦੋਂ ਸਾਡੀ ਜ਼ਿੰਦਗੀ ਵਿਚ ਪੂੰਜੀਵਾਦ ਦੇ ਦੇਸ਼ਾਂ ਵਾਂਗ ਭੱਜ-ਦੌੜ ਹੀ ਨਹੀਂ ਤਾਂ ਸੜਕਾਂ ਕਿਵੇਂ ਟੁੱਟ ਸਕਦੀਆਂ ਹਨ? 'ਤੇ ਐਕਸੀਡੈਂਟ ਕਿਵੇਂ ਹੋ ਸਕਦੇ ਹਨ?" ਕਿਤੇ ਨਾ ਕਿਤੇ ਜਾ ਕੇ ਇਹ ਗੱਲ ਪੰਜਾਬ ਦੀ ਜ਼ਿੰਦਗੀ ਦੀ ਹਰੀ ਕਰੰਤੀ ਤੋਂ ਪਹਿਲਾ ਦੀ ਚਾਲ ਤੇ ਹੁਣ ਦੀ ਚਾਲ ਨਾਲ ਤੁਲਨਾ ਕਰਕੇ ਦੇਖੀਏ ਤਾਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਉਦੋਂ ਲੋਕ ਸੀਮਤ ਸਾਧਨਾਂ ਦੇ ਹੁੰਦਿਆ ਵੀ ਵੱਧ ਸਕੂਨ ਦੀ ਜ਼ਿੰਦਗੀ ਵਿਚ ਸਨ, ਹੁਣ ਵੱਡੀ ਕੋਠੀ ਵੀ ਹੈ, ਵੱਡੀਆਂ ਕਾਰਾਂ, ਮਹਿੰਗੇ ਮੋਬਾਇਲ ਫੋਨ ਵੀ ਹਨ ਪਰ ਉਸੇ ਘਰ ਆਤਮਹਿੱਤਆ ਵੀ ਹੈ। ਆਮ ਨਜ਼ਰ ਵਿਚ ਜਾਂ ਅਧਿਆਤਿਮਕ ਤੌਰ ਤੇ ਅਸੀਂ ਇਸਨੂੰ ਇਸ ਢੰਗ ਨਾਲ ਦੇਖਦੇ ਹਾਂ ਕਿ 'ਲੋਕ ਚਾਦਰ ਦੇਖਕੇ ਪੈਰ ਨਹੀਂ ਪਸਾਰਦੇ' ਪਰ ਅਸਲ ਵਿਚ ਖੇਤੀ ਸੰਕਟ ਪੈਦਾ ਕੀਤਾ ਗਿਆ। ਬਦਲਵੀਆਂ ਫ਼ਸਲਾਂ ਦੇ ਮੰਡੀਕਰਨ ਦੀ ਕੋਈ ਨੀਤੀ ਨਹੀਂ। ਜਿਸ ਦਰ ਨਾਲ ਖਰਚੇ ਵਧੇ ਹਨ ਉਸੇ ਅਨੁਸਾਰ ਫ਼ਸਲਾਂ ਦੇ ਮੁੱਲ ਇਨਡੈਕਸ ਮੁੱਲ ਨਾਲ ਜੋੜਕੇ ਦੇਖੀਏ ਤਾਂ ਨਿਗੂਣਾ ਵਾਧਾ ਹੈ। ਇਹੋ ਹਲਾਤ ਵਿਕਸਤ ਦੇਸ ਕੈਨੇਡਾ ਦੇ ਵੀ ਹਨ ਜਿਸ ਨੂੰ ਹਰੀਪਾਲ ਨੇ ਅੰਕੜਿਆਂ ਨਾਲ ਦੱਸਿਆ ਹੈ ਕਿ ਕਾਮਿਆਂ ਦੀਆਂ ਤਨਖਾਹਾਂ ਵਿਚ ਪੰਜ ਦਹਾਕਿਆਂ ਵਿਚ ਨਿਗੂਣਾ ਵਾਧਾ ਹੋਇਆ ਹੈ ਤੇ ਘਰਾਂ ਦੇ ਮੁੱਲ ਕਈ ਗੁਣਾ ਵਧੇ ਹਨ, ਜਿਸ ਕਰਕੇ ਸਾਡੇ ਬੱਚੇ ਘਰ ਨਹੀਂ ਲੈ ਸਕਣਗੇ।

ਦੂਸਰੇ ਪਾਸੇ ਬਿਨਾਂ ਇਹ ਸੋਚਿਆ ਕਿ ਇਹ ਕਿਉਂ ਹੈ? ਸਾਡੀਆਂ ਇਸ਼ਾਵਾਂ ਸਾਡੀਆਂ ਲੋੜਾਂ ਤੇ ਵੱਧ ਭਾਰੀ ਹਨ ਇੱਕ ਉਦਾਹਰਨ ਆਪਣੀ ਕੈਨੇਡਾ ਦੇ ਪੰਜਾਬੀ ਸਮਾਜ ਦੇ ਅਧਾਰਿਤ ਜ਼ਿੰਦਗੀ ਰਾਹੀਂ ਦੇਖਦੇ ਹਾਂ ਕਿ ਬਹੁਤੇ ਲੋਕ ਬੈਕਾਂ ਦੇ ਵੱਡੇ-ਵੱਡੇ ਕਰਜ਼ੇ ਲੈ ਕੇ ਬਹੁਤ ਮਹਿੰਗੀਆਂ ਗੱਡੀਆਂ ਲੈਂਦੇ ਹਨ। ਸੋਸ਼ਲ ਮੀਡੀਏ ਤੇ ਸ਼ੇਅਰ ਕਰਕੇ ਇੱਕ-ਦੋ ਦਿਨ ਫੋਕੀਆਂ ਵਧਾਈਆਂ ਨਾਲ ਫੁੱਲੇ-ਫੁੱਲੇ ਮਹਿਸੂਸ ਕਰਦੇ ਹਨ ਪਰ ਸਾਲ ਕੁ ਬਾਅਦ ਉਸੇ ਗੱਡੀ ਦਾ ਨਵਾਂ ਮਾਡਲ ਬਜ਼ਾਰ ਵਿਚ ਉਤਾਰ ਦਿੱਤਾ ਜਾਂਦਾ ਹੈ 'ਤੇ ਉਹਨਾਂ ਵੱਲੋਂ ਲਏ ਕਰਜ਼ੇ ਦਾ ਦਸ ਪ੍ਰਤੀਸ਼ਤ ਵੀ ਨਹੀਂ ਉਤਾਰਿਆਂ ਹੁੰਦਾ ਪਰ ਗੱਡੀ ਦੀ ਕੀਮਤ ਕਰਜ਼ੇ ਦੇ ਭਾਰ ਨਾਲੋਂ ਕਈ ਗੁਣਾਂ ਥੱਲੇ ਸਰਕ ਜਾਂਦੀ ਹੈ, ਫਿਰ ਇਹ ਕੁਝ ਦਿਨ ਠੱਗੇ ਹੋਏ ਮਹਿਸੂਸ ਕਰਦੇ ਹਨ ਪਰ ਫਿਰ ਉਸਤੋਂ ਵੱਧ ਕੰਮ, ਵੱਡਾ ਕਰਜ਼ਾ ਤੇ ਫਿਰ ਨਵੀਂ ਕਾਰ ਖ਼ਰੀਦੀ ਜਾਂਦੀ ਹੈ। ਪਰ ਬਿਨਾਂ ਇਹ ਸਮਝਿਆ ਕਿ ਉਹ ਪੂੰਜੀਵਾਦ ਦੇ ਜਾਲ ਵਿਚ ਫਸੇ ਹਨ ਤੇ ਉੱਚੇ ਸਟੇਟਸ ਵਿਚ ਘਿਰੇ ਜ਼ਿੰਦਗੀ ਦੇ ਉੱਚੇ ਤੇ ਅਨਮੁੱਲੇ ਪਲ ਸਿਰਫ਼ ਉਸ ਕਰਜ਼ੇ ਨੂੰ ਉਤਾਰਨ ਵਿਚ ਲਾ ਰਹੇ ਜਿਸ ਦੀ ਕੋਈ ਲੋੜ ਹੀ ਨਹੀਂ। ਬੱਸ ਇੱਛਾ ਦਾ ਉਛਾਲ ਹੈ ਪਰ ਇਹੀ ਤਾਂ ਸਮਝਣ ਨਹੀਂ ਦਿੰਦਾ ਪੂੰਜੀਵਾਦ ਦਾ ਮੱਕੜ ਜਾਲ।

'ਕਿਤਾਬਾਂ ਦੇ ਅੰਗ ਸੰਗ' ਲੇਖ ਬਾਰੇ ਥੋੜ੍ਹੀ ਗੱਲ ਹੋਰ ਕਰਦੇ ਹਾਂ ਕਿ ਇਸ ਲੇਖ ਵਿਚ ਜਿੱਥੇ ਇਹ ਸਿੱਧ ਕੀਤਾ ਕਿ ਕਿਤਾਬਾਂ ਦੀ ਜ਼ਿੰਦਗੀ ਵਿਚ ਕਿੰਨੀ ਮਹੱਤਤਾ ਹੈ ਨਾਲ ਹੀ ਵੀ ਦੱਸਿਆ ਹੈ ਕੀ ਕਿਹੋ ਜਿਹੀਆਂ ਕਿਤਾਬਾਂ ਪੜ੍ਹੀਆਂ ਜਾਣ ਜਿਸ ਨਾਲ ਘਰ ਦੀ ਚਾਰ ਦਿਵਾਰੀ ਦੀ ਸਕੂਨਮਈ ਜ਼ਿੰਦਗੀ ਦੇ ਨਾਲ ਸੰਸਾਰ ਪੱਧਰ ਦੇ ਮਾਨਵਵਾਦੀ ਸਰੋਕਾਰਾਂ ਨਾਲ ਜੁੜ ਜਾਈਏ ਕਿ ਕਿੱਥੇ ਕੀ ਹੋ ਰਿਹਾ ਹੈ ਤੇ ਕਿਉਂ ਹੋ ਰਿਹਾ ਹੈ। ਲੇਖਕ ਲਿਖਦਾ ਹੈ ਕਿ 'ਜੇਕਰ ਤੁਸੀਂ ਲੱਚਰ ਸਾਹਿਤ ਪੜ੍ਹੋਗੇ ਤਾਂ ਤੁਹਾਡੀ ਸੋਚ ਲੱਚਰ ਗਾਇਕਾਂ ਜਾਂ ਗੀਤਕਾਰਾਂ ਵਰਗੀ ਬਣ ਜਾਵੇਗੀ। ਜੇਕਰ ਫਿਰਕਾਪ੍ਰਸਤੀ ਦੀਆਂ ਕਿਤਾਬਾਂ ਪੜ੍ਹੋਗੇ ਤਾਂ ਤੁਸੀਂ ਆਪਦੇ ਫ਼ਿਰਕੇ ਨੂੰ ਛੱਡਕੇ ਦੂਸਰੇ ਫਿਰਕਿਆਂ ਨੂੰ ਨਫ਼ਰਤ ਕਰਨ ਲੱਗ ਜਾਵੋਗੇ। ਹੋ ਸਕਦਾ ਤੁਸੀਂ ਦੰਗੱਈਆਂ ਦੇ ਮੋਢੀ ਬਣ ਜਾਵੋ। ਧਾਰਮਿਕ ਕਿਤਾਬਾਂ ਤੁੰਹਾਨੂੰ ਧਾਰਮਿਕ ਬਣਾ ਦਿੰਦੀਆਂ ਹਨ। ਜੇਕਰ ਮਨੁੱਖਵਾਦੀ ਸਾਹਿਤ ਪੜ੍ਹੋਗੇ ਤਾਂ ਤੁਸੀਂ ਇੱਕ ਅਗਾਂਹਵਧੂ ਵਿਅਕਤੀ ਬਣੋਗੇ, ਜਾਤੀ ਖ਼ੁਦਗਰਜੀਆਂ ਤੋਂ ਉੱਠ ਕੇ ਮਨੁੱਖਤਾ ਦੇ ਭਲੇ ਲਈ ਆਪਣਾ ਆਪ ਅਰਪਣ ਕਰ ਦੇਵੋਗੇ। ਵਧੀਆ ਸਾਹਿਤ ਤੁੰਹਾਨੂੰ ਸਾਹਿਜ ਅਤੇ ਤਰਕ ਨਾਲ ਗੱਲ ਕਰਨੀ ਸਿਖ਼ਾਉਂਦਾ ਹੈ ਤੇ ਜਲਦੀ ਕਿਸੇ ਤੇ ਗੁੱਸੇ ਹੋਣ ਦੀ ਥਾਂ ਉਸਦੇ ਵਿਚਾਰਾਂ ਦੀ ਗੰਭੀਰਤਾ ਅਨੁਸਾਰ ਉਸ ਤੋਂ ਗੰਭੀਰ ਦਲੀਲ ਦੇ ਕੇ ਕਿਸੇ ਦੇ ਵਿਚਾਰਾਂ ਨੂੰ ਪਲਟ ਵੀ ਸਕਦੇ ਹੋ। ਭਗਤ ਸਿੰਘ ਨੇ ਕਿਹਾ ਸੀ ਕਿ ਇੰਨ੍ਹਾ ਪੜ੍ਹੋ ਕਿ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕੋ। ਪਰ ਦੁੱਖ ਦੀ ਗੱਲ ਹੈ ਪੰਜਾਬੀ ਲੋਕ ਕਿਤਾਬਾਂ ਤੋਂ ਦੂਰ ਹੋ ਰਹੇ ਹਨ ਜਿੱਥੇ ਸਾਨੂੰ ਕਿਸੇ ਮਹਿਮਾਨ ਦੇ ਘਰ ਆਉਣ ਤੇ ਆਪਣੀ ਲਾਇਬਰੇਰੀ ਵਿਚਲੀਆਂ ਕਿਤਾਬਾਂ ਦਿਖਾਉਣ ਵਿਚ ਮਾਣ ਮਹਿਸੂਸ ਹੋਣਾ ਚਾਹੀਦਾ ਉੱਥੇ ਬਹੁਤੇ ਘਰਾਂ ਵਿਚ ਸ਼ਰਾਬ ਦੀਆਂ ਬੋਤਲਾਂ ਦੀ ਵੱਡੀ ਵਰਾਇਟੀ ਬਾਰ ਬਣਾਕੇ ਸਜਾਈ ਹੁੰਦੀ ਤੇ ਕਿਤਾਬ ਕੋਈ ਵੀ ਨਹੀਂ ਹੁੰਦੀ। ਕਈ ਸਿਆਣੇ-ਬਿਆਣੇ ਦਿਖਣ ਵਾਲੇ ਮਨੁੱਖ ਵੀ ਘਰ ਆਏ ਮਹਿਮਾਨਾਂ ਨੂੰ ਆਪਣੇ ਬਾਰ ਸਭ ਤੋਂ ਪਹਿਲਾ ਦਿਖਾਉਦੇ ਹਨ ਤੇ ਸ਼ੋਸਲ ਮੀਡੀਏ ਤੇ ਨਿੱਜ ਦੀਆਂ ਤਸਵੀਰਾਂ ਤੱਕ ਸਾਝੀਆਂ ਕਰਨ ਵਿਚ ਮਾਣ ਮਹਿਸੂਸ ਕਰਦੇ ਹਨ। ਪਰ ਨਾਲ ਹੀ ਇਸ ਗੱਲ ਤੇ ਦੁਖੀ ਵੀ ਹਨ ਕਿ ਉਹਨਾਂ ਦੇ ਬੱਚੇ ਚੜ੍ਹਦੀ ਜਵਾਨੀ ਵਿਚ ਹੀ ਨਸ਼ੇ ਦੇ ਆਦੀ ਹਨ ਪਰ ਅਜਿਹਾ ਕਿਉਂ ਹੈ ਇਸ ਲਈ ਆਪਣੇ ਆਪ ਦੀ ਥਾਂ ਬਹੁਤਾ ਦੋਸ਼ ਸਰਕਾਰਾਂ ਦੇ ਮੜ੍ਹਿਆ ਜਾਂਦਾ ਹੈ। ਜਦੋਂ ਕਿ ਸਰਕਾਰਾਂ ਤਾਂ ਕਾਰਪੋਰੇਟ ਦਾਬੇ ਥੱਲੇ ਹਨ ਜਿਸ ਦਾ ਉਦੇਸ਼ ਹੀ ਤੁਹਾਨੂੰ ਕਰਜ਼ੇ ਲਓ, ਖਾਓ-ਪੀਓ ਤੇ ਐਸ਼ ਕਰੋ ਨਾਲ ਜੋੜਨਾ ਪਰ ਦਿਮਾਗ ਦੇ ਦਰਵਾਜ਼ੇ ਬੰਦ ਰੱਖੋ ਵੱਲ ਖਿੱਚਣਾ ਹੈ। ਹਿਡਨ ਏਜੰਡਾ ਇਹੀ ਹੁੰਦਾ ਹੈ ਕਿ ਸ਼ਰਾਬ ਕਿਤਾਬ ਤੋਂ

ਸਸਤੀ ਮਿਲੇ ਪਰ ਬਚਣਾ ਅਸੀਂ ਹੈ ਤੇ ਹੋਰਾਂ ਨੂੰ ਬਚਾਉਣਾ ਵੀ ਹੈ ਤਾਂ ਕਿ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ ਜਿਸ ਵਿਚ ਹਰ ਕੋਈ ਕਿਓ ਤੇ ਕਿਵੇਂ ਦੀ ਸੋਝੀ ਰੱਖੇ। ਇਸ ਕਿਤਾਬ ਵਿਚ ਪਾਠਕ ਨੂੰ ਇਸ ਬਾਰੇ ਥਾਂ-ਥਾਂ ਚੁਕੰਨਾ ਕੀਤਾ ਗਿਆ ਹੈ।


'ਲੇਖਕ ਅਤੇ ਲਿਖਤ' ਲੇਖ ਵਿਚ ਅਸਲੀ ਲੇਖਕ ਦੀ ਤਸਵੀਰ ਉਘਾੜੀ ਹੈ ਕਿ ਲੇਖਕ ਕਿਹੋ ਜਿਹਾ ਹੋਵੇ, ਹਰੀਪਾਲ ਅਨੁਸਾਰ ਲੇਖਕ ਇਹੋ ਜਿਹੇ ਵੀ ਹਨ ਜੋ ਸਿਰਫ਼ ਮੰਤਰੀਆਂ ਨਾਲ ਫੋਟੋਆਂ ਖਿਚਵਾਉਣ ਲਈ ਹੀ ਵੀਹ-ਵੀਹ ਕਿਤਾਬਾਂ ਲਿਖੀ ਬੈਠੇ ਹਨ। ਪਰ ਉਹਨਾਂ ਕਿਤਾਬਾਂ ਦਾ ਸਮਾਜ ਦੇ ਸਰੋਕਾਰਾਂ ਨਾਲ ਨੇੜੇ ਦਾ ਵੀ ਸਬੰਧ ਨਹੀਂ। ਹਰੀਪਾਲ ਅਜਿਹੇ ਮਹਾਨ ਲੇਖਕਾਂ ਤੇ ਤਰਸ ਕਰਦਾ ਹੈ। ਉਸ ਅਨੁਸਾਰ ਲੇਖਕ ਨੂੰ ਸਿਰਫ਼ ਯਥਾਰਥਵਾਦੀ ਨਹੀਂ ਹੋਣਾ ਚਾਹੀਦਾ ਜੋ ਕਿਸੇ ਮਸਲੇ ਦੀ ਤਸਵੀਰ ਕਿਸੇ ਵੀ ਵਿਧਾ ਰਾਹੀਂ ਪੇਸ਼ ਕਰੇ, ਬਲਕਿ ਸਮਾਜਵਾਦੀ ਹੋਣਾ ਚਾਹੀਦਾ ਕਿ ਜਿਸ ਰਾਹੀਂ ਉਹਦੀ ਲਿਖ਼ਤ ਇਹ ਸੁਨੇਹਾ ਦਿੰਦੀ ਹੋਵੇ ਕਿ ਜੋ ਹੋ ਚੁੱਕਿਆ ਹੈ, ਹੋ ਰਿਹਾ ਹੈ ਜਾਂ ਹੋਣ ਜਾ ਰਿਹਾ ਹੈ ਇਹ ਕਿਓ ਹੈ ਕੀ ਸਿੱਟੇ ਕੱਢੇਗਾ। ਲੇਖਕ ਅਨੁਸਾਰ ਤੁਸੀਂ ਕਵਿਤਾ, ਕਹਾਣੀ ਜਾਂ ਨਾਵਲ ਛਪਵਾ ਕੇ ਅਰਾਮ ਨਾਲ ਨਹੀਂ ਬੈਠ ਸਕਦੇ, ਤੁਸੀਂ ਜੋ ਲਿਖਿਆ ਹੈ ਉਸਨੂੰ ਜਿਉਣਾ ਪੈਂਦਾ ਹੈ। ਉਸ ਅਨੁਸਾਰ ਜਿਵੇਂ ਆਮ ਲੋਕਾਂ ਨੂੰ ਆਪਣੇ ਨਵੇਂ ਘਰ ਅਤੇ ਕਾਰਾਂ ਦਾ ਚਾਅ ਹੁੰਦਾ ਹੈ ਇੱਕ ਲੇਖਕ ਨੂੰ ਆਪਣੀ ਲਾਇਬਰੇਰੀ ਇੱਕ ਦੂਸਰੇ ਨੂੰ ਦਿਖਾਉਣ ਦਾ ਚਾਅ ਹੋਣਾ ਚਾਹੀਦਾ ਹੈ। ਇਸ ਲੇਖ ਦੇ ਅਖੀਰ ਵਿਚ ਲੇਖਕ ਬੇਨਤੀ ਕਰਦਾ ਹੈ ਕਿ ਜੇਕਰ ਤੁਹਾਨੂੰ ਪੜ੍ਹਨ ਦੀ ਆਦਤ ਨਹੀਂ ਤਾਂ ਕਿਰਪਾ ਕਰਕੇ ਲਿਖ਼ਣ ਤੋਂ ਵੀ ਗੁਰੇਜ਼ ਕਰੋ।

'ਧੀਆਂ ਕਦੋਂ ਬਣਨਗੀਆਂ ਸਾਡੀਆਂ ਵਾਰਿਸ' ਲੇਖ ਵਿਚ ਲੇਖਕ ਸ਼ੁਰੂ ਤੋਂ ਹੀ ਧੀਆਂ ਨਾਲ ਸਾਡੇ ਸਮਾਜ ਵਿਚ ਨਾ-ਬਰਾਬਰੀ ਦੀ ਗੱਲ ਕਰਦਾ ਅਣਖ਼ ਖਾਤਿਰ ਧੀਆਂ ਮਾਰਨ ਦੇ ਪੰਜਾਬੀਆਂ ਦਾ ਕਰੂਪ ਚਿਹਰਾ ਨੂੰ ਨੰਗਿਆਂ ਕਰਦਾ ਕਹਿੰਦਾ ਹੈ ਕਿ ਸਾਡੀਆਂ ਧੀਆਂ ਮਰਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਨਵੇਂ ਸਮਾਜ ਦੀ ਉਸਾਰੀ ਵਿਚ ਬਹੁਤ ਯੋਗਦਾਨ ਪਾ ਸਕਦੀਆਂ ਹਨ, ਪਰ ਇਸ ਲਈ ਜ਼ਰੂਰੀ ਹੈ ਕਿ ਅਸੀਂ ਉਹਨਾਂ ਨੂੰ ਪੁੱਤਾਂ ਵਾਂਗ ਹੀ ਪਾਲੀਏ। ਜੇਕਰ ਸਾਡੀ ਧੀ ਸਾਨੂੰ ਆਪਣੇ ਬੁਆਏਫਰੈਂਡ ਨਾਲ ਮਿਲਾਉਂਦੀ ਹੈ ਤਾਂ ਸਾਡੀ ਮੁੱਛ ਡਿੱਗਣੀ ਨਹੀਂ ਚਾਹੀਦੀ ਬਲਕਿ ਹੋਰ ਖੜ੍ਹਨੀ ਚਾਹੀਦੀ ਹੈ। ਫਿਰ ਹੀ ਸਾਡੀਆਂ ਧੀਆਂ ਸਾਡੀਆਂ ਵਾਰਿਸ ਬਣ ਸਕਣਗੀਆਂ।

ਇਸ ਤੋਂ ਬਿਨਾਂ ਕਿਤਾਬ ਵਿਚ ਹੋਰ ਵੀ ਬਹੁਤ ਸਾਰੇ ਲੇਖ ਹਨ ਜਿਹਨਾਂ ਨੂੰ ਪੜ੍ਹਕੇ ਅਸੀਂ ਆਪਣੇ ਨਿੱਜ ਤੋਂ ਲੈ ਕੇ ਸੰਸਾਰ ਪੱਧਰ ਦੇ ਬਹੁਤ ਸਾਰੇ ਸਰੋਕਾਰਾਂ ਨਾਲ ਸਾਂਝ ਪਾ ਕੇ ਆਪਣੇ ਦਿਮਾਗ ਵਿਚ ਵਾਧੂ ਦਾ ਅੰਧਵਿਸ਼ਵਾਸ਼ੀ ਕੂੜਾ-ਕਰਕਟ ਕੱਢਕੇ ਤਰੋ-ਤਾਜ਼ਾਂ ਹੋ ਸਕਦੇ ਹਾਂ। ਪੰਜਾਬੀ ਸਾਹਿਤ ਭੰਡਾਰ ਨੂੰ ਹੋਰ ਮਾਲਾ-ਮਾਲ ਕਰਦੀ ਅਤੇ ਮਨੁੱਖ ਨੂੰ ਅਸਲੀ ਮਨੁੱਖ ਬਣਨ ਦੀ ਪਰੇਰਨਾ ਦਿੰਦੀ ਇਸ ਕਿਤਾਬ ਨੂੰ ਪੰਜਾਬੀ ਸਾਹਿਤ ਜਗਤ ਵਿਚ ਜੀ ਆਇਆ।

ਬਲਜਿੰਦਰ ਸੰਘਾ (403-680-3212)

ਲੋਕ ਰੰਗ ਮੰਚ ਦੀ ਮੰਨੀ ਪ੍ਰਮੰਨੀ ਨਿਰਦੇਸ਼ਕ ਮਦੀਹਾ ਗੌਹਰ ਰੰਗ ਮੰਚ ਅਤੇ




ਜਮਹੂਰੀ ਹੱਕਾਂ ਦੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਉਹ ਬੀਤੇ ਤਿੰਨ ਵਰ੍ਹਿਆਂ ਤੋਂ ਕੈਂਸਰ ਦੀ ਨਾ-ਮੁਰਾਦ ਬਿਮਾਰੀ ਨਾਲ ਜੂਝਦੇ ਆ ਰਹੇ ਸਨ।

ਉਹਨਾਂ ਦਾ 21 ਸਤੰਬਰ 1956 ਨੂੰ ਪ੍ਰਸਿੱਧ ਪੱਤਰਕਾਰ, ਵਿਗਿਆਨੀ, ਮਨੁੱਖੀ ਜੀਵਨ ਵਿਕਾਸ ਦੇ ਖੋਜ਼ਕਾਰ ਡਾ. ਖ਼ਾਦਿਜਾ ਅਲੀ ਗੌਹਰ ਦੇ ਘਰ ਜਨਮ ਹੋਇਆ ਅਤੇ ਉੱਘੇ ਨਾਟਕਕਾਰ ਸਾਹਿਦ ਨਦੀਮ ਦੀ ਜੀਵਨ ਸਾਥਣ ਮਦੀਹਾ ਗੌਹਰ ਸਿਰਫ਼ ਰੰਗ ਮੰਚ ਨਾਲ ਹੀ ਨਹੀਂ ਸੀ ਜੁੜੇ ਉਹ ਔਰਤਾਂ ਦੇ ਹੱਕਾਂ, ਮਾਨਵੀ ਅਧਿਕਾਰਾਂ ਲਈ ਅਤੇ ਸਾਡੇ ਦੋਵੇਂ ਮੁਲਕਾਂ ਦੇ ਲੋਕਾਂ 'ਚ ਮੁੱਹਬਤ ਦਾ ਪੁਲ ਸਿਰਜਣ ਲਈ ਵੀ ਆਪਣੀਆਂ ਕਲਾ ਕਿਰਤਾਂ ਦੇ ਸੁਨੇਹੇ ਰਾਹੀਂ ਯਤਨਸ਼ੀਲ ਰਹੇ। ਅਦਾਰਾ "ਸਰੋਕਾਰਾਂ ਦੀ ਆਵਾਜ਼" ਮਦੀਹਾ ਗੌਹਰ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੈ?

**ਜਨਮ ਦਿਨ 'ਤੇ ਵਿਸ਼ੇਸ਼**

# ਕਿਹੜੀਆਂ ਹਾਲਤਾਂ ਨੇ ਡਾ. ਕੋਵੂਰ ਨੂੰ ਤਰਕਸ਼ੀਲ ਬਣਾਇਆ ?



ਤਰਕਸ਼ੀਲ ਭਾਵੇਂ ਪੁਨਰਜਨਮ ਵਿੱਚ ਵਿਸ਼ਵਾਸ ਨਹੀਂ ਰੱਖਦੇ ਪਰ ਉਨ੍ਹਾਂ ਨੇ ਪੁਨਰਜਨਮ ਕਰਕੇ ਵਿਖਾਇਆ ਹੈ। ਡਾ. ਕੋਵੂਰ ਦੇ ਵਿਛੋੜੇ ਨੂੰ ਭਾਵੇਂ ਚਾਲੀ ਵਰ੍ਹੇ ਬੀਤ ਗਏ ਸਨ ਪਰ ਪੰਜਾਬ ਦੇ ਤਰਕਸ਼ੀਲਾਂ ਨੇ ਉਸਨੂੰ ਸ੍ਰੀਲੰਕਾ ਵਿੱਚੋਂ ਬਰਨਾਲੇ ਦੀ ਧਰਤੀ 'ਤੇ ਲਿਆ ਕੇ 1984 ਵਿੱਚ ਮੁੜ ਜਿਉਂਦਾ ਕਰਕੇ ਵਿਖਾ ਦਿੱਤਾ। ਜਿਸਮਾਨੀ ਤੌਰ 'ਤੇ ਭਾਵੇਂ ਉਹ ਉਸਨੂੰ ਨਹੀਂ ਲਿਆ ਸਕੇ ਪਰ ਉਸਦੀ ਵਿਚਾਰਧਾਰਾ ਨੇ ਇਹ ਸਫ਼ਰ ਕੀਤਾ ਹੈ।

ਡਾ. ਕੋਵੂਰ ਦਾ ਜਨਮ ਦਸ ਅਪ੍ਰੈਲ ਅਠਾਰਾ ਸੌ ਉਠਾਨਵੇਂ ਨੂੰ ਕੇਰਲਾ ਦੇ ਸ਼ਹਿਰ ਤਿਰੂਵਾਲਾ ਵਿਖੇ ਹੋਇਆ। ਉਸਦਾ ਪਿਤਾ ਰੈਵ ਕੋਵੂਰ ਇੱਕ ਗਿਰਜੇ ਦਾ ਪਾਦਰੀ ਸੀ। ਘਰ ਵਿੱਚ ਈਸਾਈ ਧਰਮ ਦਾ ਬੋਲਬਾਲਾ ਸੀ। ਹਰ ਆਉਣ ਵਾਲਾ ਮਹਿਮਾਨ ਭੇਂਟ ਵਜੋਂ ਬਾਈਬਲ ਦੇ ਕੁਝ ਸ਼ਲੋਕ ਲੈ ਕੇ ਹਾਜ਼ਰ ਹੁੰਦਾ ਤੇ ਜਾਣ ਸਮੇਂ ਵੀ ਬਾਈਬਲ ਦੀਆਂ ਸਿੱਖਿਆਵਾਂ ਹੀ ਉਸਦੇ ਪੱਲੇ ਹੁੰਦੀਆਂ। ਹੁਣ ਸੁਆਲ ਇਹ ਖੜ੍ਹਾ ਹੁੰਦਾ ਹੈ ਕਿ ਗਿਰਜੇ ਦੇ ਪਾਦਰੀ ਦਾ ਸਪੁੱਤਰ ਅਬਰਾਹਿਮ ਕੋਵੂਰ ਜਿਸਨੂੰ ਗੁੜਤੀ ਵੀ ਈਸਾਈ ਧਰਮ ਦੀ ਮਿਲੀ ਸੀ ਉਹ ਤਰਕਸ਼ੀਲ ਲਹਿਰ ਦਾ ਧਰੂ ਤਾਰਾ ਕਿਵੇਂ ਬਣ ਗਿਆ? ਉਸਦੀਆਂ ਪੁਸਤਕਾਂ ਦੇ ਅਨੁਵਾਦ ਕਰਨ ਲੱਗਿਆ ਮੈਂ ਉਸਦੇ ਜੀਵਨ ਵਿੱਚ ਵਾਪਰੀਆਂ ਕੁਝ ਅਜਿਹੀਆਂ ਘਟਨਾਵਾਂ ਦਾ ਅਧਿਐਨ ਕੀਤਾ ਹੈ ਤੇ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਹੇਠ ਲਿਖੀਆਂ ਘਟਨਾਵਾਂ ਨੇ ਕੋਵੂਰ ਨੂੰ ਤਰਕ ਨਾਲ ਜ਼ਿੰਦਗੀ ਜਿਉਣੀ ਸਿਖਾਈ ਹੈ। ਜਦੋਂ ਵੀ ਕੋਈ ਵਿਅਕਤੀ ਆਪਣੇ ਇਲਾਕੇ ਨੂੰ ਛੱਡ ਕੇ ਕਿਸੇ ਹੋਰ ਥਾਂ ਉਤੇ ਆਪਣੀ ਜ਼ਿੰਦਗੀ ਦੇ ਕੁਝ ਵਰ੍ਹੇ ਗੁਜ਼ਾਰਦਾ ਹੈ ਤਾਂ ਉਸਦੀ ਸੋਚ ਦਾ ਘੇਰਾ ਵੀ ਵਿਸ਼ਾਲ ਹੁੰਦਾ ਜਾਂਦਾ ਹੈ। ਸਿੱਖ ਧਰਮ ਦਾ ਇਤਿਹਾਸ ਫਰੋਲਦਿਆਂ ਵੀ ਇਸ ਗੱਲ ਦੀ ਝਲਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚੋਂ ਵੀ ਮਿਲਦੀ ਹੈ। ਨਾਨਕ ਕਦੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨਾ ਬਣਦਾ ਜੇ ਉਸਨੇ ਉਦਾਸੀਆਂ ਨਾ ਕੀਤੀਆਂ ਹੁੰਦੀਆਂ। ਕੋਵੂਰ ਤੇ ਉਸਦੇ ਭਰਾ ਬਹਿਨਾਨ ਕੋਵੂਰ ਨੂੰ ਆਪਣੇ ਵਿਦਿਆਰਥੀ ਜੀਵਨ ਵਿੱਚ ਤਿਰੂਵਾਲਾ ਨੂੰ ਛੱਡਕੇ 1921 ਤੋਂ 1924 ਤੱਕ ਕਲਕੱਤਾ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨੀ ਪਈ। ਕਲਕੱਤਾ ਗੰਗਾ ਕਿਨਾਰੇ ਵਸਿਆ ਸ਼ਹਿਰ ਹੈ। ਇਸ ਲਈ ਹੀ ਕੇਰਲਾ ਦੇ ਵਸਨੀਕ ਇਨ੍ਹਾਂ ਵਿਦਿਆਰਥੀਆਂ ਨੂੰ ਸ਼ਰਧਾ ਦੀ ਨਜ਼ਰ ਨਾਲ ਵੇਖਦੇ ਸਨ ਤੇ ਕਹਿੰਦੇ ਸਨ ਕਿ "ਇਹ ਲੜਕੇ ਕਿੰਨੇ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਗੰਗਾ ਵਿੱਚ ਇਸ਼ਨਾਨ ਕਰਨ ਦਾ ਮੌਕਾ ਮਿਲਦਾ ਹੈ।" ਪਰ ਜਦੋਂ ਕੋਵੂਰ ਗੰਗਾ ਵਿੱਚ ਇਸਨਾਨ ਕਰਦਾ ਹੈ ਤਾਂ ਇੱਕ ਮਨੁੱਖੀ ਮ੍ਰਿਤਕਦੇਹ ਦਾ ਜੁਦਾ ਹੋਇਆ ਹੱਥ ਉਸਦੇ ਸਿਰ ਨਾਲ ਆ ਛੂਹਦਾ ਹੈ ਕਿਉਂਕਿ ਬਹੁਤ ਸਾਰੇ ਹਿੰਦੂ ਆਪਣੇ ਮ੍ਰਿਤਕਾਂ ਦਾ ਕ੍ਰਿਆ ਕਰਮ ਕਰਨ ਲਈ ਉਸਦੇ ਮ੍ਰਿਤਕ ਸਰੀਰ ਨੂੰ ਗੰਗਾ ਵਿੱਚ ਰੋੜ ਦਿੰਦੇ ਸਨ। ਕੋਵੂਰ ਵੇਖਦਾ ਹੈ ਕਿ ਕਿਵੇਂ ਗੰਗਾ ਵਿੱਚ ਮ੍ਰਿਤਕਾਂ ਦੀਆਂ ਦੇਹਾਂ ਆ ਕੇ ਪਾਣੀ ਨੂੰ ਗੰਦਾ ਕਰਦੀਆਂ ਹਨ। ਇਸ ਲਈ ਕੋਵੂਰ ਫੈਸਲਾ ਕਰਦਾ ਹੈ ਕਿ ਉਹ ਆਪਣੇ ਸ਼ਹਿਰ ਵਾਸ਼ੀਆਂ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਲਈ ਇਸ ਦੂਸ਼ਿਤ ਪਾਣੀ ਦੀਆਂ ਬੋਤਲਾਂ ਨਹੀਂ ਲੈ ਕੇ ਜਾਵੇਗਾ। ਗੰਗਾ ਦੇ ਪਾਣੀ ਦੀ ਬਜਾਏ ਉਹ ਆਪਣੇ ਸ਼ਹਿਰ ਦੇ ਨਜ਼ਦੀਕੀ ਰੇਲਵੇ ਸਟੇਸ਼ਨ ਤੋਂ ਭਰੀਆਂ ਬੋਤਲਾਂ ਦਾ ਪਾਣੀ ਹੀ ਉਨ੍ਹਾਂ ਨੂੰ ਦੇ ਦਿੰਦਾ ਹੈ। ਅਗਲੇ ਸਾਲ ਉਹ ਇਸ ਪਾਣੀ ਨਾਲ ਠੀਕ ਹੋਏ ਵਿਅਕਤੀਆਂ ਦੇ ਚਮਤਕਾਰਾਂ ਦੇ ਕਿੱਸੇ ਸੁਣਦਾ ਹੈ। ਇਸ ਤਰ੍ਹਾਂ ਦਰਸਾਈਆਂ ਕਰਾਮਾਤਾਂ ਦੀਆਂ ਕਹਾਣੀਆਂ ਉਸਦੇ ਮਨ ਵਿੱਚ ਸੁਆਲ ਖੜੇ ਕਰਦੀਆਂ ਹਨ। ਉਂਝ ਵੀ ਕੇਰਲਾ ਦੀਆਂ ਪਵਿੱਤਰ ਰਸਮਾਂ ਅਤੇ ਬੁਰੇ ਸ਼ਗਨਾਂ ਦਾ ਕਲਕੱਤੇ ਦੇ ਸ਼ੁਭ ਮਹੂਰਤਾਂ ਅਤੇ ਸ਼ੁਭ ਲਗਨਾਂ ਨਾਲੋਂ ਹਜ਼ਾਰਾਂ ਗੁਣਾ ਦਾ ਵਖਰੇਵਾਂ ਵੀ ਉਸਦੇ ਮਨ ਵਿੱਚ ਕਿੰਤੂ ਪ੍ਰੰਤੂ ਉਪਜਾਉਂਦਾ। ਜਦੋਂ ਕਿਸੇ ਵੀ ਵਿਅਕਤੀ ਦੇ ਮਨ ਵਿੱਚ ਸੁਆਲ ਖੜੇ ਹੋਣੇ ਸ਼ੁਰੂ ਹੋ ਜਾਣ ਤਾਂ ਉਹ ਆਪਣੀਆਂ ਪੰਜੇ ਗਿਆਨ ਇੰਦਰੀਆਂ ਦੀ ਵਰਤੋਂ ਕਰਨਾ ਸ਼ੁਰੂ ਕਰ ਦਿੰਦਾ ਹੈ। ਉਹ ਅੱਖਾਂ ਨਾਲ ਵੇਖਦਾ ਹੈ, ਕੰਨਾਂ ਨਾਲ ਸੁਣਦਾ ਹੈ, ਨੱਕ ਨਾਲ ਸੁਗੰਧ ਦੁਰਗੰਧ ਸੁੰਘਦਾ ਹੈ। ਚਮੜੀ ਨਾਲ ਮਹਿਸੂਸਦਾ ਅਤੇ ਜੀਭ ਨਾਲ ਸੁਆਦ ਵੀ ਚੱਖਦਾ ਹੈ ਤੇ ਇਹ ਸਾਰੇ ਸੰਵੇਦੀ ਅਨੁਭਵ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਦੀ ਸੋਚ ਵਿੱਚ ਤਬਦੀਲੀ ਦਾ ਕਾਰਨ ਬਣਦੇ ਹਨ। ਇਸ ਤਰ੍ਹਾਂ ਲੋਕਾਂ ਵੱਲੋਂ ਸੁਣਾਈਆਂ ਜਾਂਦੀਆਂ ਕਰਾਮਾਤੀ ਗੱਲਾਂ ਪ੍ਰਤੀ ਉਸਦੀ ਪਹੁੰਚ ਵਿਗਿਆਨਕ ਬਣਦੀ ਗਈ।

ਸੋਚਾਂ ਵਿੱਚ ਡੁੱਬਿਆ ਕੋਵੂਰ ਤਿਰੂਵਾਲਾ ਦੀਆਂ ਸੜਕਾਂ ਉੱਤੇ ਹਾਏ ਹੱਲਾ ਕਰਦੇ ਨਬੂੰਦਰੀ ਬ੍ਰਾਹਮਣਾਂ ਨੂੰ ਜਦੋਂ ਵੇਖਦਾ ਹੈ ਤਾਂ ਉਸਦੀਆਂ ਕਲਪਨਾਵਾਂ ਦੀ ਲੜੀ ਟੁੱਟ ਜਾਂਦੀ। ਸੜਕਾਂ ਤੇ ਤੁਰਦੇ ਸਮੇਂ ਨਬੂੰਦਰੀ ਬ੍ਰਾਹਮਣ ਇਹ ਰੌਲਾ ਇਸ ਲਈ ਪਾਇਆ ਕਰਦੇ ਸਨ ਤਾਂ ਜੋ ਕੋਈ ਨੀਵੀਂ ਜਾਤੀ ਦਾ ਆਦਮੀ ਉਨ੍ਹਾਂ ਨੂੰ ਛੂਹ ਨਾ ਜਾਵੇ ਜਿਸ ਕਾਰਨ ਉਹ ਭਿੱਟੇ ਜਾਣ। ਅਜਿਹੀ ਘਟਨਾ ਦਾ ਵਰਨਣ ਕਰਦਿਆਂ ਡਾਕਟਰ ਕੋਵੂਰ ਆਪਣੀ ਕਿਤਾਬ "ਦੇਵ ਦੈਂਤ ਤੇ ਰੂਹਾਂ" ਵਿੱਚ ਲਿਖਦਾ ਹੈ ਕਿ ਇੱਕ ਵਾਰ ਉਹ ਨਦੀ ਪਾਰ ਕਰਨ ਲਈ ਕਿਸ਼ਤੀ ਵਿੱਚ ਜਾਣ ਦੀ ਸੋਚ ਰਿਹਾ ਸੀ ਤਾਂ ਇੱਕ ਵੱਡਾ ਨਬੂੰਦਰੀ ਬ੍ਰਾਹਮਣ ਕਿਸ਼ਤੀ ਵਿੱਚ ਸਵਾਰ ਹੋ ਕੇ ਬੈਠ ਗਿਆ ਅਤੇ ਉਸਨੂੰ ਕਿਸ਼ਤੀ ਚਲਾਉਣ ਲਈ ਕਹਿਣ ਲੱਗਿਆ। ਪਰ ਕੋਵੂਰ ਨੇ ਆਪਣੇ ਸਹਿਯੋਗੀ ਕੁਨਹੀਰਾਮਨ ਨੂੰ ਧੱਕੇ ਨਾਲ ਬਿਠਾ ਕੇ ਕਿਸ਼ਤੀ ਰੇੜਨ ਲਈ ਕਿਹਾ। ਇੱਕ ਅਛੂਤ ਨੂੰ ਕਿਸ਼ਤੀ ਚਲਾਉਂਦਿਆਂ ਵੇਖ ਕੇ ਨਬੂੰਦਰੀ ਨੇ ਕਿਸ਼ਤੀ ਵਿੱਚੋਂ ਛਾਲ ਮਾਰ ਦਿੱਤੀ। ਉਹ ਤੈਰਨਾ ਨਹੀਂ ਸੀ ਜਾਣਦਾ। ਸੋ ਡੁੱਬਣ ਲੱਗਿਆ ਜਦੋਂ ਕੁਨਹੀਰਾਮਨ ਨੇ ਉਸਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਤਾਂ ਉਸਨੇ ਬਹੁਤ ਸ਼ਰਮਿੰਦਗੀ ਮਹਿਸੂਸ ਕੀਤੀ। ਬਚਪਨ ਵਿੱਚ ਵਾਪਰੀਆਂ ਅਜਿਹੀਆਂ ਘਟਨਾਵਾਂ ਨੇ ਕੋਵੂਰ ਦੀ ਸੋਚ ਨੂੰ ਜਾਤ ਪਾਤ ਰਹਿਤ ਕੀਤਾ। 1928 ਵਿੱਚ ਕੋਵੂਰ ਨੇ ਸੈਂਟਰਲ ਕਾਲੇਜ ਜਾਫਨਾ ਵਿੱਚ ਬਤੌਰ ਲੈਕਚਰਾਰ ਨੌਕਰੀ ਸ਼ੁਰੂ ਕਰ ਲਈ। ਪਹਿਲੇ ਹੀ ਦਿਨ ਕਾਲੇਜ ਵਿੱਚ ਮੀਂਹ ਪਵਾਉਣ ਲਈ ਪ੍ਰਾਰਥਨਾ ਕੀਤੀ ਗਈ ਜਿਸ ਵਿੱਚ ਸਾਰੇ ਪ੍ਰੋਫੈਸਰ ਤੇ ਵਿਦਿਆਰਥੀ ਇਕੱਠੇ ਕੀਤੇ ਗਏ। ਭੋਜਨ ਕਰਨ ਸਮੇਂ ਜਦੋਂ ਕੋਵੂਰ ਨੇ ਕਾਲੇਜ ਦੇ ਪ੍ਰਿੰਸੀਪਲ ਨੂੰ ਪੁੱਛਿਆ ਕਿ 'ਬਰਸਾਤ ਕਿਵੇਂ ਹੁੰਦੀ ਹੈ?' ਤਾਂ ਉਹ ਕਹਿਣ ਲੱਗਿਆ ਕਿ ਤਾਪਮਾਨ, ਹਵਾ ਦੀ ਦਿਸ਼ਾ, ਹਵਾ ਦਾ ਦਬਾਉ, ਹਵਾ ਦੀ ਨਮੀ ਅਤੇ ਬੱਦਲਾਂ ਦੀ ਉਪਲਬਧੀ ਆਦਿ ਅਜਿਹੇ ਕਾਰਨ ਹੁੰਦੇ ਹਨ ਜੋ ਬਰਸਾਤ ਪਵਾਉਂਦੇ ਹਨ ਤਾਂ ਕੋਵੂਰ ਨੇ ਪ੍ਰਿੰਸੀਪਲ ਸਾਹਿਬ ਨੂੰ ਕਿਹਾ ਕਿ ਇਨਾਂ ਕਾਰਨਾਂ ਵਿੱਚ ਪ੍ਰਾਰਥਨਾ ਨੂੰ ਤੁਸੀਂ ਸ਼ਾਮਿਲ ਨਹੀਂ ਕੀਤਾ। ਕੀ ਇਸਦਾ ਵੀ ਕੋਈ ਰੋਲ ਹੁੰਦਾ ਹੈ?" ਤਾਂ ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, "ਕੋਵੂਰ ਤੂੰ ਮੈਨੂੰ ਇਸ ਨੁਕਤੇ ਤੇ ਫਸਾ ਲਿਆ ਹੈ। ਛੱਡ ਆਪਾਂ ਭੋਜਨ ਖਾਣ ਵੱਲ ਧਿਆਨ ਦੇਈਏ।" ਇਸ ਤਰ੍ਹਾਂ ਹੀ ਇਸੇ ਕਾਲੇਜ ਵਿੱਚ ਇੱਕ ਹੋਰ ਘਟਨਾ ਨੇ ਕੋਵੂਰ ਨੂੰ ਜ਼ਿੰਦਗੀ ਪ੍ਰਤੀ ਆਪਣੀ ਸੋਚ ਨੂੰ ਪ੍ਰਸਾਰਨ ਦੇ ਪ੍ਰਚਾਰਨ ਦਾ ਮੌਕਾ ਪ੍ਰਦਾਨ ਕੀਤਾ। ਹੋਇਆ ਇੰਝ ਕਿ ਬਨਸਪਤੀ ਵਿਗਿਆਨ ਪੜ੍ਹਾਉਣ ਨਾਲ ਨਾਲ ਉਸਨੂੰ ਵੱਡੀਆਂ ਜਮਾਤਾਂ ਨੂੰ ਬਾਈਬਲ ਪੜਾਉਣ ਦਾ ਵਿਸ਼ਾ ਵੀ ਸੰਭਾਲ ਦਿੱਤਾ ਗਿਆ। ਬਾਈਬਲ ਵਿੱਚ ਲਿਖੀਆਂ ਗੱਲਾਂ ਜਦੋਂ ਉਸਨੇ ਵਿਦਿਆਰਥੀਆਂ ਨੂੰ ਦੱਸੀਆਂ ਤਾਂ ਉਹ ਸਾਰੇ ਬਾਈਬਲ ਵਿੱਚੋਂ ਬਹੁਤ ਚੰਗੇ ਨੰਬਰ ਪ੍ਰਾਪਤ ਕਰਕੇ ਪਾਸ ਹੋ ਗਏ। ਅਗਲੇ ਸਾਲ ਉਸਨੂੰ ਬਾਈਬਲ ਦਾ ਵਿਸ਼ਾ ਪੜਾਉਣ ਲਈ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਜਦੋਂ ਉਸਨੇ ਇਸ ਗੱਲ ਦੀ ਜਾਣਕਾਰੀ ਲਈ ਤਾਂ ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, "ਇਹ ਗੱਲ ਠੀਕ ਹੈ ਕਿ ਤੇਰੇ ਸਾਰੇ ਵਿਦਿਆਰਥੀ ਵਧੀਆ ਨੰਬਰ ਲੈ ਕੇ ਬਾਈਬਲ ਵਿੱਚੋਂ ਪਾਸ ਹੋ ਗਏ ਹਨ ਪਰ ਅਫਸੋਸ ਇਸ ਗੱਲ ਦਾ ਹੈ ਕਿ ਉਨ੍ਹਾਂ ਸਾਰੇ ਵਿਦਿਆਰਥੀਆਂ ਦਾ ਵਿਸ਼ਵਾਸ ਧਰਮ ਵਿੱਚੋਂ ਖਤਮ ਹੋ ਗਿਆ ਹੈ।" ਕੋਵੂਰ ਨੇ ਵਿਆਹ ਕਰਵਾਉਣ ਸਮੇਂ ਆਪਣੀ ਪਤਨੀ ਅੱਕਾ ਕੋਵੂਰ ਤੋਂ ਇਹ ਵਾਅਦਾ ਲਿਆ ਸੀ ਕਿ "ਅਸੀਂ ਆਪਣੀ ਸੰਤਾਨ ਦੀ ਪਾਲਣਾ ਬਗੈਰ ਕਿਸੇ ਧਾਰਮਿਕ ਵਿਚਾਰ ਤੋਂ ਕਰਾਂਗੇ।" ਪਰ ਜਦੋਂ ਉਸਦਾ ਪੁੱਤਰ ਗਿਰਜੇ ਜਾਣ ਲੱਗ ਪਿਆ ਤਾਂ ਉਸਨੇ ਆਪਣੀ ਪਤਨੀ ਤੋਂ ਇਸਦਾ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗੀ, "ਮੇਰੇ ਪੁੱਤਰ ਏਰੀਸ ਕੋਵੂਰ ਦਾ ਈਸਾਈ ਧਰਮ ਵਿੱਚ ਉੱਕਾ ਵੀ ਵਿਸ਼ਵਾਸ ਨਹੀਂ ਉਹ ਗਿਰਜੇ ਵਿੱਚ ਸਿਰਫ਼ ਲੜਕੀਆਂ ਨੂੰ ਵੇਖਣ ਲਈ ਜਾਂਦਾ ਹੈ ਜੋ ਅਕਸਰ ਇਸ ਉਮਰ ਦੇ ਲੜਕੇ ਚਲੇ ਜਾਂਦੇ ਹਨ।" ਕੋਵੂਰ ਨੇ ਆਪਣੇ ਪੁੱਤਰ ਦਾ ਨਾਂ ਏਰੀਸ ਇਸ ਲਈ ਰੱਖਿਆ ਸੀ ਕਿਉਂਕਿ ਉਸਦਾ ਜਨਮ "ਏਰੀਸ ਰਾਸ਼ੀ" ਵਿੱਚ ਹੋਇਆ ਸੀ ਕਿਉਂਕਿ ਇਨ੍ਹਾਂ ਦਿਨਾਂ ਵਿੱਚ ਉਹ ਜੋਤਿਸ਼ ਦੀ ਸੱਚਾਈ ਜਾਨਣ ਲਈ ਇਸ ਵਿੱਚ ਦਿਲਚਸਪੀ ਲੈਣ ਲੱਗ ਪਿਆ ਸੀ। ਬਾਅਦ ਵਿੱਚ ਉਸਨੇ ਜੋਤਿਸ਼ ਬਾਰੇ ਸਿੱਟਾ ਕੱਢਿਆ ਕਿ, "ਇਹ ਇੱਕ ਤੁੱਕਾ ਹੈ। ਜਿਸ ਦਾ ਠੀਕ ਹੋ ਜਾਂਦਾ ਹੈ ਉਹ ਕੋਠੇ ਤੇ ਖੜ੍ਹਾ ਹੋ ਕੇ ਜੋਤਿਸ਼ ਦਾ ਪ੍ਰਚਾਰ ਤੇ ਪਸਾਰ ਕਰਨਾ ਸ਼ੁਰੂ ਕਰ ਦਿੰਦਾ ਹੈ। ਜਿੰਨਾ ਦਾ ਗਲਤ ਨਿਕਲ ਜਾਂਦਾ ਹੈ ਉਹ ਚੁੱਪ ਕਰਕੇ ਘਰ ਬੈਠ ਜਾਂਦੇ ਹਨ।" ਡਾ. ਕੋਵੂਰ ਅਤੇ ਉਸਦੀ ਪਤਨੀ ਅੱਕਾ ਕੋਵੂਰ ਨੇ 1928 ਤੋਂ ਲੈ ਕੇ 1959 ਤੱਕ ਸੈਂਕੜੇ ਕੇਸਾਂ ਅਤੇ ਘਟਨਾਵਾਂ ਦੀ ਖੋਜ ਪੜਤਾਲ ਕੀਤੀ ਅਤੇ ਹੱਲ ਕੀਤਾ। ਇਨਾਂ ਸਾਰਿਆਂ ਦੇ ਨੋਟ ਡਾਕਟਰ ਕੋਵੂਰ ਨੇ ਸੰਭਾਲ ਲਏ। ਉਸਨੇ ਆਪਣੇ ਸਾਰੇ ਕੇਸਾਂ ਦੀ ਖੋਜ ਪੜਤਾਲ ਉਸ ਸਮੇਂ ਉਪਲਬਧ ਵਿਗਿਆਨਕ ਜਾਣਕਾਰੀ ਅਤੇ ਅਮਲੀ ਪ੍ਰਯੋਗਾਂ ਰਾਹੀਂ ਕੀਤੀ। ਉਸਨੇ ਵਿਗਿਆਨ ਨੂੰ ਜ਼ਿੰਦਗੀ ਦੇ ਅਮਲ ਨਾਲ ਜੋੜਿਆ। 1959 ਤੱਕ ਉਹ ਧਾਰਮਿਕ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਕਾਲੇਜਾਂ ਵਿੱਚ ਨੌਕਰੀ ਕਰਦਾ ਰਿਹਾ। ਆਪਣੀ ਨੌਕਰੀ ਤੋਂ ਰੀਟਾਇਰ ਹੋਣ ਤੋਂ ਬਾਅਦ ਹੀ ਉਸਨੇ ਆਪਣੀ ਜ਼ਿੰਦਗੀ ਦੇ ਸਾਰੇ ਤਜ਼ਰਬੇ ਲੋਕਾਂ ਨਾਲ ਸਾਂਝੇ ਕਰਨੇ ਸ਼ੁਰੂ ਕੀਤੇ। ਵੱਖ-ਵੱਖ ਕਰਾਮਾਤੀ ਸ਼ਕਤੀਆਂ ਦੇ ਅਖੌਤੀ ਦਾਅਵੇਦਾਰਾਂ ਨੂੰ ਭਜਾਉਣ ਲਈ ਉਸਨੇ ਤੇਈ ਸ਼ਰਤਾਂ ਵਾਲੀ ਆਪਣੀ ਚਣੌਤੀ 1963 ਵਿੱਚ ਜਾਰੀ ਕੀਤੀ ਤੇ ਅੱਜ ਅੱਧੀ ਸਦੀ ਬੀਤਣ ਦੇ ਬਾਵਜੂਦ ਵੀ ਪੰਜਾਬ ਦੇ ਤਰਕਸ਼ੀਲਾਂ ਨੇ ਉਸ ਚਣੌਤੀ ਨੂੰ ਬਰਕਰਾਰ ਰੱਖਿਆ ਹੋਇਆ ਹੈ। 1974 'ਚ ਉਸਦੀ ਪਤਨੀ ਅੱਕਾ ਕੋਵੂਰ ਉਸਨੂੰ ਸਦੀਵੀ ਵਿਛੋੜਾ ਦੇ ਗਈ ਪਰ ਉਸਦੀ ਇੱਛਾ ਅਨੁਸਾਰ ਉਸਦੀ ਮ੍ਰਿਤਕ ਦੇਹ ਸ੍ਰੀਲੰਕਾ ਦੇ ਸਰਕਾਰੀ ਹਸਪਤਾਲ ਨੂੰ ਦਾਨ ਕਰ ਦਿੱਤੀ ਗਈ। ਉਸਦੀ ਮੌਤ ਉਪਰ ਕਿਸੇ ਕਿਸਮ ਦੀ ਕੋਈ ਧਾਰਮਿਕ ਰਸ਼ਮ ਅਦਾ ਨਾ ਕੀਤੀ ਗਈ। 1984 ਵਿੱਚ ਪੈਦਾ ਹੋਈ ਪੰਜਾਬ ਦੀ ਤਰਕਸ਼ੀਲ ਲਹਿਰ ਨੇ ਡਾਕਟਰ ਕੋਵੂਰ ਤੋਂ ਅਗਵਾਈ ਲੈਂਦਿਆਂ ਅੱਜ ਲੱਖਾਂ ਹੀ ਵਿਅਕਤੀਆਂ ਨੂੰ ਤਰਕਸ਼ੀਲਤਾ ਦੇ ਰਸਤੇ 'ਤੇ ਤੋਰਿਆ ਹੀ ਨਹੀਂ। ਸਗੋਂ ਹਜ਼ਾਰਾਂ ਘਰਾਂ ਵਿੱਚ ਹੁੰਦੀਆਂ ਕਸਰਾਂ ਦੇ ਕੇਸਾਂ ਨੂੰ ਠੀਕ ਵੀ ਕੀਤਾ ਹੈ। ਪੰਜਾਬ ਦੇ ਤਰਕਸ਼ੀਲ ਇਸ ਸਖ਼ਸ਼ੀਅਤ ਦੇ ਸਦਾ ਲਈ ਕਰਜ਼ਦਾਰ ਰਹਿਣਗੇ ਕਿਉਂਕਿ ਉਸਨੇ ਉਨਾਂ ਨੂੰ ਸਿਰਫ਼ ਕੇਸਾਂ ਨੂੰ ਠੀਕ ਕਰਨ ਦਾ ਢੰਗ ਹੀ ਨਹੀਂ ਸਿਖਾਇਆ ਸਗੋਂ ਕੇਸਾਂ ਨੂੰ ਲਿਖਣਾ ਤੇ ਅਖਬਾਰਾਂ, ਮੈਗਜ਼ੀਨਾਂ ਤੇ ਕਿਤਾਬਾਂ ਰਾਹੀਂ ਪ੍ਰਚਾਰਣਾ ਵੀ ਸਿਖਾਇਆ ਹੈ। ਇਹ ਇੱਕ ਸੱਚਾਈ ਹੈ ਕਿ ਕੁਝ ਤਾਰਿਆਂ ਦੇ ਅਲੋਪ ਹੋਣ ਤੋਂ ਬਾਅਦ ਵੀ ਉਨਾਂ ਦੀ ਰੌਸ਼ਨੀ ਧਰਤੀ ਤੇ ਪਹੁੰਚਦੀ ਰਹਿੰਦੀ ਹੈ, ਤਰਕਸ਼ੀਲਤਾਂ ਦਾ ਇਹ ਝੰਡਾ ਬਰਦਾਰ ਭਾਵੇਂ ਸਾਨੂੰ 18 ਸਤੰਬਰ, 1978 ਨੂੰ ਸਦੀਵੀ ਵਿਛੋੜਾ ਦੇ ਗਿਆ ਹੈ ਪਰ ਉਸਦੀਆਂ ਲਿਖਤਾਂ ਆਉਣ ਵਾਲੀ ਇੱਕ ਸਦੀ ਤੱਕ ਪੰਜਾਬ ਦੇ ਲੋਕਾਂ ਲਈ ਚਾਨਣ ਮੁਨਾਰਾ ਬਣੀਆਂ ਰਹਿਣਗੀਆਂ। ਇਹ ਵੀ ਇੱਕ ਅਸਲੀਅਤ ਹੈ ਕਿ ਪੰਜਾਬ ਹਰਿਆਣੇ ਦਾ ਕੋਈ ਵੀ ਤਰਕਸ਼ੀਲ ਕੋਵੂਰ ਨੂੰ ਕਦੇ ਜਿਸਮਾਨੀ ਤੌਰ 'ਤੇ ਮਿਲਿਆ ਨਹੀਂ ਪਰ ਫਿਰ ਵੀ ਉਸ ਦੇ ਜੀਵਨ ਬਾਰੇ ਜਾਣਕਾਰੀ ਰੱਖਦਾ ਹੈ। ਇਸ ਦਾ ਕਾਰਨ ਇਸ ਦੀਆਂ ਸਾਹਿਤਕ ਰਚਨਾਵਾਂ ਹਨ।


-ਮੇਘ ਰਾਜ ਮਿੱਤਰ

(ਮੋ: 9888787440

**ਬਰਸੀ 'ਤੇ ਵਿਸ਼ੇਸ਼**

# ਬਾਹਰੀ ਇਨਕਲਾਬ ਤੋਂ ਕਿਤੇ ਵਧੇਰੇ ਲੋੜ ਮਾਨਸਿਕ ਇਨਕਲਾਬ ਦੀ ਹੁੰਦੀ ਹੈ-ਰਾਹੁਲ ਸਾਂਕਰਤਾਇਨ

ਅੱਜ ਭਾਰਤ ਦੇ ਮਹਾਨ ਵਿਦਵਾਨ ਤੇ ਇਨਕਲਾਬੀ ਜਰਨੈਲ ਰਾਹੁਲ ਸਾਂਕਰਤਾਇਨ ਦੀ ਬਰਸੀ ਹੈ। ਰਾਹੁਲ ਸਾਂਕਰਤਾਇਨ ਨੂੰ 26 ਭਾਸ਼ਾਵਾਂ ਦਾ ਗਿਆਨ ਹਾਸਲ ਸੀ ਉਸ ਤੋਂ ਵੱਡੀ ਗੱਲ ਇਹ ਸੀ ਕਿ ਗਿਆਨ ਦੀਆਂ ਸਾਰੀਆਂ ਸ਼ਾਖਾਵਾਂ ਤੇ ਰਾਹੁਲ ਦੀ ਬਹੁਤ ਮਜ਼ਬੂਤ ਪਕੜ ਸੀ। ਰਾਹੁਲ ਸੰਕਰਾਤਾਇਨ ਨੂੰ ਭਾਰਤ ਦਾ ਮਹਾਨ ਇਨਕਲਾਬੀ ਮਹਾਂਮਾਨਵ ਮੰਨਿਆ ਜਾਂਦਾ ਹੈ। ਰਾਹੁਲ ਸੰਕਰਾਤਾਇਨ ਜੋ ਲਿਖਦੇ ਸਨ ਉਸਦਾ ਅਭਿਆਸ ਵੀ ਕਰਦੇ ਸਨ। ਉਹ ਕਿਸਾਨਾਂ ਮਜ਼ਦੂਰਾਂ ਦੇ ਸੰਘਰਸ਼ਾਂ 'ਚ ਵਧ ਚੜ੍ਹ ਕੇ ਲੜੇ ਤੇ ਜੇਲਾਂ ਵੀ ਕੱਟੀਆਂ। ਆਪਣੇ ਪਰਿਵਾਰਕ ਮਾਹੌਲ ਤੋਂ ਬਾਗੀ ਹੋ ਕੇ ਘਰ ਛੱਡਣ ਮਗਰੋਂ ਉਹ ਮੱਠ 'ਤੇ ਚਲੇ ਗਏ ਉਥੇ ਵੀ ਉਹਨਾਂ ਨੂੰ ਆਪਣੇ ਖੋਜੀ ਮਨ ਦੇ ਸਵਾਲਾਂ ਦਾ ਕੋਈ ਜਵਾਬ ਨਾ ਮਿਲਿਆ ਤੇ ਉਹ ਬੁੱਧ ਭਿਕਸ਼ੂ ਬਣ ਗਏ। ਮਹਾਤਮਾ ਬੁੱਧ ਦੇ ਪੁੱਤਰ ਦੇ ਨਾਂ ਤੇ ਉਹਨਾਂ ਨੇ ਆਪਣਾ ਨਾਂ ਰਾਹੁਲ ਰੱਖ ਲਿਆ। ਬੁੱਧ ਭਿਕਸ਼ੂ ਦੇ ਰੂਪ 'ਚ ਕਈ ਦੇਸ਼ਾਂ ਦੀਆਂ ਯਾਤਰਾਵਾਂ ਕੀਤੀਆਂ ਤੇ ਤਿੱਬਤ ਦੇ ਮੱਠਾਂ ਦੇ ਦੱਬੇ ਪਏ ਸੈਂਕੜੇ ਦੁਰਲਭ ਬੁੱਧ ਗ੍ਰੰਥਾਂ ਨੂੰ 22 ਖੱਚਰਾਂ 'ਤੇ ਲੱਦ ਕੇ ਭਾਰਤ ਲਿਆਏ, ਪਹਿਲੀ ਵਾਰ ਦੁਨੀਆਂ ਨੂੰ ਇਹਨਾਂ ਗ੍ਰੰਥਾਂ ਬਾਰੇ ਪਤਾ ਲੱਗਿਆ। ਬੁੱਧ ਧਰਮ ਹਿੰਦੂ ਧਰਮ ਦੀਆਂ ਬੁਰਾਈਆਂ ਦੇ ਖਿਲਾਫ ਤਾਂ ਸੀ ਪਰ ਉਸ ਕੋਲ ਬੇਇਨਸਾਫੀ, ਮਨੁੱਖੀ ਲੁੱਟ ਤੇ ਹਰ ਕਿਸਮ ਦੇ ਭੇਦ ਭਾਵ ਮੁਕਤ ਬਰਾਬਰੀ ਤੇ ਅਧਾਰਿਤ ਸਮਾਜ ਬਣਾਉਣ ਦੇ ਲਈ ਉਹਨਾਂ ਦੀ ਖੋਜ ਉਹਨਾਂ ਨੂੰ ਮਾਰਕਸਵਾਦੀ ਵਿਚਾਰਧਾਰਾ ਤੱਕ ਲੈ ਆਈ। ਉਹਨਾਂ ਨੇ ਗੇਰੂਆ ਚੋਲਾ ਲਾਹ ਕੇ ਮਜ਼ਦੂਰਾਂ ਕਿਸਾਨਾਂ ਲਈ ਲੜਨ ਅਤੇ ਉਹਨਾਂ ਦੇ ਦਿਮਾਗਾਂ ਨੂੰ ਲੱਗੀਆਂ ਬੇੜੀਆਂ ਤੋੜਨ ਨੂੰ ਆਪਣੇ ਜੀਵਨ ਦਾ ਮਕਸਦ ਬਣਾ ਲਿਆ। ਉਹਨਾਂ ਨੇ ਨਾਅਰਾ ਦਿੱਤਾ




"ਭੱਜੋ ਨਹੀਂ, ਦੁਨੀਆਂ ਨੂੰ ਬਦਲੋ।"

ਉਹਨਾਂ ਦਾ ਇਹ ਸਾਫ ਕਹਿਣਾ ਸੀ ਕਿ ਲੋਕ ਹੀ ਇਤਿਹਾਸ ਦੇ ਸਿਰਜਣਹਾਰ ਹਨ ਤੇ ਉਹਨਾਂ ਨੂੰ ਤੇ ਉਹਨਾਂ ਨੂੰ ਜਗਾਏ ਬਿਨਾਂ ਕੋਈ ਵੀ ਸਮਾਜ ਮੁਕਤੀ ਨਹੀਂ ਪਾ ਸਕਦਾ। ਲੋਕਾਂ ਨੂੰ ਸਮਾਜਿਕ ਬਦਲਾਅ ਦੇ ਵਿਗਿਆਨ ਤੋਂ ਜਾਣੂ ਕਰਵਾਉਣ ਲਈ ਉਹਨਾਂ ਨੇ ਆਮ ਲੋਕਾਂ ਦੀ ਬੋਲਚਾਲ ਦੀ ਭਾਸ਼ਾ ਦੀ ਵਰਤੋਂ ਕੀਤੀ। ਬਹੁਤ ਆਸਾਨ ਭਾਸ਼ਾ 'ਚ ਉਹ ਸਮਾਜ ਨੂੰ ਬਦਲਣ ਦਾ ਗਿਆਨ ਲੋਕਾਂ ਨਾਲ ਸਾਂਝਾ ਕਰਦੇ ਸਨ। ਰਾਧਾ ਮੋਹਨ ਗੋਕੁਲ, ਸ਼ਹੀਦ ਭਗਤ ਸਿੰਘ ਦੀ ਅਗਲੀ ਕੜੀ ਦੇ ਰੂਪ ਚ ਭਾਰਤੀ ਸਮਾਜ ਦੇ ਸਾਹਮਣੇ ਆਏ।

ਭਾਰਤ ਦੇ ਇਸ ਮਹਾਨ ਇਨਕਲਾਬੀ ਸੱਭਿਆਚਾਰਕ ਜਰਨੈਲ ਨੂੰ ਸਾਡੇ ਵੱਲੋਂ ਇਨਕਲਾਬੀ ਸਲਾਮ।

(ਲਲਕਾਰ ਅਖਬਾਰ 'ਚੋਂ ਹਾਸਲ ਗਿਆਨ 'ਚੋਂ ਸੰਖੇਪ ਜਿਹੀ ਜਾਣਕਾਰੀ ਆਪਣੇ ਸ਼ਬਦਾਂ 'ਚ : ਮਨਵੀਰ ਬੀਹਲਾ)

ਪਰਮਿੰਦਰ ਦਾ ਜਨਮ ਲੇਖਕਾਂ/ਸਾਹਿਤਕਾਰਾਂ ਦੇ ਪਿੰਡ ਢੁਡੀਕੇ ਵਿਚ ਹੋਇਆ। ਸਾਹਿਤ ਦਾ ਸ਼ੌਕ ਪਰਮਿੰਦਰ ਨੂੰ ਬਚਪਨ ਤੋਂ ਹੀ ਸੀ ਪਰ ਕੈਨੇਡਾ ਆ ਕੇ, ਇਥੋਂ ਦੇ ਯਥਾਰਥ ਨਲ ਟੱਕਰ ਚੋਂ, ਇਕ ਕਵੀ ਦਾ ਜਨਮ ਹੋਇਆ। ਪਰਮਿੰਦਰ ਕਵਿਤਾ ਲਿਖਤਾ ਹੀ ਨਹੀਂ ਕਵਿਤਾ ਜਿਊਂਦਾ ਹੈ। ਉਹ ਬਹੁਤ ਘੱਟ ਛਪਿਆ ਹੈ। ਅਦਾਰਾ ‘ਸਰੋਕਾਰਾਂ ਦੀ ਆਵਾਜ਼’ ਇਕ ਨਵੀਂ ਲੋਕਪੱਖੀ ਕਲਮ ਨੂੰ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹੈ। -ਹਰੀਪਾਲ



## ਲੈਨਿਨ ਦਾ ਬੁੱਤ ਤੋੜਨ ’ਤੇ

ਮੇਰੇ ਹਿੱਸੇ ਦੀ ਧਰਤ ਰੋਈ ਹੈ
ਮੇਰੇ ਹਿੱਸੇ ਦਾ ਅੰਬਰ ਰੋਇਆ ਹੈ
ਬੜਾ ਦੁੱਖ ਹੋਇਆ ਹੈ
ਬੁੱਤ ਗਰਾਉਣਾ ਗਲਤ ਹੈ
ਸੱਚ ਝੁਠਲਾਉਣਾ ਗਲਤ ਹੈ
ਤੁਸੀਂ ਸਤਿਕਾਰ ਨਾ ਦਿਓ
ਪਿਆਰ ਵੀ ਨਾ ਕਰੋ
ਆਪਣਾ ਸਭਿਆਚਾਰ
ਸੜਕਾਂ ’ਤੇ ਨਚਾਉਣਾ ਗਲਤ ਹੈ
ਪਨੀਰੀ ਤੋਂ ਸੱਖਣੇ ਨੇ ਖੇਤ
ਖੋਜਾਂ ਤੋਂ ਸੱਜਣੇ ਸਿਰ
ਭਗਵੇਂ ਕੱਪੜੇ ਪਾ ਕੇ
ਹੱਥ ਵਿਚ ਤ੍ਰਿਸ਼ੂਲ ਸਜਾ
ਸ਼ਿਵ ਕਹਾਉਣਾ ਗਲਤ ਹੈ
ਉਹ ਨਾ ਤੇਰੇ ਨੇ ਨਾ ਮੇਰੇ ਨੇ
ਸ਼ਹੀਦ ਤਾਂ ਰਾਹ ਦਸੇਰੇ ਨੇ
ਤੁਹਾਡੇ ਸਿਰ ’ਤੇ ਸਰਕਾਰ ਹੈ
ਹੱਥ ਵਿਚ ਹਥਿਆਰ ਹੈ
ਕਾਇਰ ਹੋ ਤੁਸੀਂ ਦੇਸ਼ ਪ੍ਰੇਮੀ
ਕਹਿਲਾਉਣਾ ਗਲਤ ਹੈ।

• • •

## ਕਵਿਤਾ ਦਾ ਮੁਲਾਂਕਣ

ਜੇ ਦੁੱਖ ਸੁਖ ਨਹੀਂ ਕਰਦੀ
ਫੱਟਾ ਤੇ ਮਰ੍ਹਮ ਨਹੀਂ ਧਰਦੀ
ਕੋਈ ਵਿਵਾਦ ਨਹੀਂ ਛੇੜਦੀ
ਕਿਸੇ ਲਈ ਹੰਝੂ ਨਹੀਂ ਕੇਰਦੀ
ਫਿਰ ਕਾਹਦੀ ਕਵਿਤਾ ਹੈ

ਸ਼ੋਰ ਬਰਦਾਸ਼ਤ ਕਰਦੀ ਹੈ
ਸੱਚ ਕਹਿਣ ਤੋਂ ਡਰਦੀ ਹੈ
ਹੱਕੀ ਲੜਨਾ ਨਹੀਂ ਲੋਚਦੀ
ਸਰਬੱਤ ਲਈ ਨਹੀਂ ਸੋਚਦੀ
ਫਿਰ ਕਾਹਦੀ ਕਵਿਤਾ ਹੈ

ਸਤਿਕਾਰਾਂ ਲਈ ਵਿਕਰੀ ਹੈ
ਜੋ ਸਰਕਾਰਾਂ ਲਈ ਲਿਖਦੀ
ਝੂਠ ਅੱਗੇ ਨੀਵੀਂ ਪਾਉਂਦੀ ਹੈ
ਜੋ ਖੇਖਣ ਜਿਹੇ ਲਾਉਂਦੀ ਹੈ
ਫਿਰ ਕਾਹਦੀ ਕਵਿਤਾ ਹੈ

ਹੱਕਾਂ ਦੀ ਪਹਿਰੇਦਾਰ ਨਹੀਂ
ਮਹਿਫ਼ਲਾਂ ਦਾ ਸ਼ਿੰਗਾਰ ਨਹੀਂ
ਸ਼ਬਦਾਂ ਦੀ ਪਹਿਰੇਦਾਰ ਨਹੀਂ
ਗ੍ਰਿਗਿਟੀ ਰੰਗ ਵਟਾਉਂਦੀ ਹੈ
ਫਿਰ ਕਾਹਦੀ ਕਵਿਤਾ ਹੈ

ਹਾਸੇ ਠੱਠੇ ਨਹੀਂ ਕਰਦੀ
ਲੋਕ ਇਕੱਠੇ ਨਹੀਂ ਕਰਦੀ
ਤਾੜੀ ਦੀ ਬੋਹਰ ਨਹੀਂ ਪੈਂਦੀ
ਜਨਤਾ ਹੋਰ ਹੋਰ ਨਹੀਂ ਕਹਿੰਦੀ
ਫਿਰ ਕਾਹਦੀ ਕਵਿਤਾ ਹੈ

ਗੋਦੀ ਵਿਚ ਸਿਰ ਨਹੀਂ ਧਰਦੀ
ਮਾਂ ਵਾਂਗ ਲਾਡ ਨਹੀਂ ਕਰਦੀ
ਬਾਪ ਵਾਂਗ ਕੰਨੋ ਨਹੀਂ ਫੜਦੀ
ਗਰਾਹੀ ਬਣ ਢਿੱਡ ਨਹੀਂ ਭਰਦੀ
ਫਿਰ ਕਾਹਦੀ ਕਵਿਤਾ ਹੈ

• • •

## ਤਲਾਸ਼

ਨਾ ਮੈਂ ਨਾਨਕ
ਹੋਣਾ ਚਹੁੰਦਾ ਹਾਂ
ਨਾ ਮੈਂ ਬੁੱਧ
ਹੋਣਾ ਚਾਹੁੰਦਾ ਹਾਂ
ਖ਼ੁਦ ਨੂੰ ਲੱਭ ਖ਼ੁਦ
ਹੋਣਾ ਚਾਹੁੰਦਾ ਹਾਂ
ਨਾ ਨਾਨਕ ਹੋਇਆ
ਜਾ ਸਕਦਾ ਹੈ
ਨਾ ਬੁੱਧ ਹੋਇਆ
ਜਾ ਸਕਦਾ ਹੈ
ਖੁਦ ਨੂੰ ਲੱਭ ਕੇ
ਖੁਦ ਹੋਇਆ
ਜਾ ਸਕਦਾ ਹੈ
ਖੁਦ ਤੋਂ ਹੀ ਸ਼ੁਰੂ
ਹੋਏ ਸਨ ਨਾਨਕ
ਖ਼ੁਦ ਤੋਂ ਹੀ ਸ਼ੁਰੂ
ਹੋਏ ਸਨ ਬੁੱਧ

• • •

## ਖੁੱਲ੍ਹੀ ਕਵਿਤਾ ਦੀ ਲਲਕਾਰ

ਨਿਯਮ ਤਾਂ ਇਹ ਵੀ ਹੈ
ਕੁਲੀ ਗੁੱਲੀ ਜੁੱਲੀ ਮਿਲੇ
ਕੀ ਮਿਲਦੀ ਹੈ ਤੇਰੇ ਦੇਸ਼
ਚਾਰ-ਦੀਵਾਰੀਓਂ ਬਾਹਰ ਦੇਖ
ਮੈਂ ਮੰਨਦਾ ਹਾਂ ਨਿਸਮ ਨਾਲ
ਨਿਜ਼ਾਮ ਚੱਲਦੇ ਨੇ
ਇਕ ਜੱਜ ਦੀ ਮੌਤ ਹੋਈ
ਤੇਰੀ ਗ਼ਜ਼ਲ ਕਿਉਂ ਨਾ ਰੋਈ
ਕਿਉਂ ਨਹੀਂ ਨਿਭਾਇਆ ਫਰਜ਼
ਸੜਕਾਂ ’ਤੇ ਮੌਤ ਤੁਰੀ ਫਿਰਦੀ ਹੈ
ਕੁੱਖ ਵਿਚ ਦਾਤਰੀ
ਕੁੜੀਆਂ ’ਤੇ ਹੀ ਕਿਉਂ ਫਿਰਦੀ ਹੈ
ਹੈ ਜਵਾਬ ਤਾਂ ਦੇਹ
ਬਿਰਧ ਆਸ਼ਰਮਾਂ ਵਿਚ ਵਿਲਕਦੇ
ਹੌਂਕੇ ਮਾਨ ਸਨਮਾਨ
ਵਿਰਸਿਆਂ ਦੀ ਉੱਡ ਰਹੀ ਖੇਹ
ਹੈ ਜਵਾਬ ਤਾਂ ਦੇਹ
ਪੰਜਾਬੀ ਭਾਸ਼ਾ ਬਨਿਆਣੀ ਨਹੀਂ
ਜੋ ਤੋਲ ਤੁਲਾਕ ਕਰੇ
ਇਹ ਦਿਲਦਾਰਾ ਦੀ ਬੋਲੀ ਹੈ
ਜਿੰਨਾ ਵੀ ਬੋਲੀ ਹੈ
ਗੈਰਾਂ ਲਈ ਸਦਾ ਬੁੱਕਲ ਖੋਲੀ ਹੈ
ਫਿਜਾਵਾ ਵਿਚ ਮਾਨਸ ਕੀ ਜਾਤ ਏਕ
ਦੀ ਧੁਨੀ ਘੋਲੀ ਹੈ
ਖੁੱਲ੍ਹੀ ਕਵਿਤਾ ਜਦ ਵੀ ਬੋਲੀ ਹੈ
ਦੁੱਖਾਂ ਫਿਕਰਾਂ ਪੀੜਾਂ ਲਈ ਬੋਲੀ ਹੈ।

• • •

## ਅਸੀਂ ਹਾਰੇ ਨਹੀਂ

ਜਿਥੇ ਹੋਸ਼ ਵਿਕਦਾ ਹੈ
ਜਿਥੇ ਵੋਟ ਵਿਕਦਾ ਹੈ
ਜਿਥੇ ਕੋਟ ਵਿਕਦਾ ਹੈ
ਲੋਕਤੰਤਰ ਹੈ ਮੇਰਾ
ਜਿਥੇ ਮਮਤਾ ਵਿਕਦੀ ਹੈ
ਜਿਥੇ ਜਨਤਾ ਵਿਕਦੀ ਹੈ
ਜਿਥੇ ਮੰਨਤਾਂ ਵਿਕਦੀ ਹੈ
ਲੋਕਤੰਤਰ ਹੈ ਮੇਰਾ
ਜਿਥੇ ਇਮਾਨ ਵਿਕਦੇ ਨੇ
ਜਿਥੇ ਇਨਸਾਨ ਵਿਕਦੇ ਨੇ
ਜਿਥੇ ਭਗਵਾਨ ਵਿਕਦੇ ਨੇ
ਲੋਕਤੰਤਰ ਹੈ ਮੇਰਾ
ਜਿਥੇ ਜਨੂੰਨ ਵਿਕਦਾ ਹੈ
ਜਿਥੇ ਕਾਨੂੰਨ ਵਿਕਦਾ ਹੈ
ਜਿਥੇ ਮਜਬੂਰ ਵਿਕਦਾ ਹੈ
ਲੋਕਤੰਤਰ ਹੈ ਮੇਰਾ
ਜਿਥੇ ਪ੍ਰਚਾਰ ਵਿਕਦਾ ਹੈ
ਜਿਥੇ ਸਮਾਚਾਰ ਵਿਕਦਾ ਹੈ
ਜਿਥੇ ਦਰਬਾਰ ਵਿਕਦਾ ਹੈ
ਲੋਕਤੰਤਰ ਹੈ ਮੇਰਾ
ਜਿਥੇ ਕਲਮ ਵਿਕਦੀ ਹੈ
ਜਿਥੇ ਸੋਚ ਵਿਕਦੀ ਹੈ
ਜਿਥੇ ਲੋਥ ਵਿਕਦੀ ਹੈ
ਲੋਕਤੰਤਰ ਹੈ ਮੇਰਾ
ਧੰਨਭਾਗ ਮੇਰੇ ਮੈਂ
ਉਸ ਦੇਸ਼ ਦੀ ਵਾਸੀ
ਹਰ ਪੰਜੀ ਸਾਲੀ
ਨਿਜ਼ਾਮ ਨਹੀਂ ਬਦਲਦਾ
ਰਿਵਾਜ ਬਦਲਦਾ ਹੈ
ਉਤਰ ਕਾਟੋ ਮੈਂ ਚੜ੍ਹਾਂ।

• • •

## ਮੂਰਖਾਂ ਦੀ ਸੋਨ ਚਿੜੀ

ਜਿਥੇ ਖੋਜ ਦੀ ਨਹੀਂ
ਮੁਕਤੀ ਦੀ ਭਾਲ ਹੈ
ਧਰਮਾਂ ਦਾ ਮੱਕੜ ਜਾਲ ਹੈ
ਜਿਥੇ ਮੌਤ ਦੀ ਗੱਲ ਹੈ
ਪਿੱਠ ਜ਼ਿੰਦਗੀ ਵੱਲ ਹੈ
ਜਿਥੇ ਸ਼ਬਦ ਆਪਣੇ ਆਪਣੇ
ਆਪਣੇ ਆਪਣੇ ਝੱਲ ਹੈ
ਇਥੇ ਬਣਨੀ ਨਹੀਂ ਬਾਤ ਹੈ
ਸਾਮਰਾਜ ਦੀ ਕੀ ਔਕਾਤ ਹੈ
ਕੋਈ ਧੂਫਾਂ ਜਲਾ ਰਿਹਾ
ਕੋਈ ਕਰ ਰਿਹਾ ਪਾਠ ਹੈ
ਜਿਥੇ ਸਿਰ ਨੰਗਾ ਪਾਪ ਹੈ
ਬਲਾਤਕਾਰ ਦੀ ਖੁੱਲ੍ਹ ਹੈ
ਇਨਸਾਨੀਅਤ ਦਾ ਨਾ ਮੁੱਲ ਹੈ
ਬੱਸ ਉਹੀ ਨੀਵੀ ਜਾਤ ਹੈ
ਜਿਥੇ ਮੋਰ ਦਿੰਦਾ ਵਾਂਗ ਹੈ
ਤੇ ਚੋਰ ਕਰਦਾ ਨਾਚ ਹੈ
ਜਿਥੇ ਕੁੱਕੜ ਦਾ ਕੰਮ ਪਾਦਰੀ
ਕਰਦਾ ਸਵੇਰੇ ’ਤੇ ਰਾਤ ਹੈ
ਫਰਸ਼ ਦੁੱਧਾਂ ਨਾਲ ਧੋ ਰਿਹਾ
ਭੁੱਖਾ ਮਰ ਰਿਹਾ ਜੁਆਕ ਹੈ
ਹੱਡ ਮਾਹਸ ਦਾ ਆਦਮੀ
ਪੱਥਰਾ ਵੱਲ ਰਿਹਾ ਝਾਕ ਹੈ
ਸੋਨ ਚਿੜੀ ਕੰਗਾਲੀ ਦਾ
ਤਾਂ ਹੀ ਭੋਗ ਰਹੀ ਸੰਤਾਪ ਹੈ

• • •

## ਕਵਿਤਾ

ਮੈਂ ਮਰਨ ਨਹੀਂ ਦੇਵਾਂਗਾ
ਖ਼ਿਆਲਾਂ ਨੂੰ ਕੋਰੇ ਦੀ ਰੁੱਤੇ
ਨਾ ਤੁਰ ਜਾਣ ਦੇਵਾਂਗਾ
ਰਾਤੀਂ ਸੁਪਨੇ ਵਿਚ ਸੁੱਤੇ
ਕਰੂੰਬਲਾਂ ਦਰਖਤਾਂ ਦੀਆਂ
ਨੂੰ ਕਹਾਂਗਾ ਸ਼ੋਰ ਕਰਨ
ਹਵਾਵਾਂ ਤੋਂ ਲੈ ਕੇ ਉਧਾਰੇ ਬੁੱਲੇ
ਮਿਹਨਤਕਸ਼ਾਂ ਦੇ ਢਿੱਡ ਦੀ
ਅੱਗ ਬਿਆਨ ਕਰਨ ਲਈ
ਬਿਆਨ ਹੀ ਨਹੀਂ ਦੇਵਾਂਗਾ
ਸਮਾਧਾਨ ਵੀ ਢੂੰਡਾਂਗਾ
ਧਰਮ ਦੀਆਂ ਰਾਹਾਂ ਨੂੰ
ਗਿਆਨ ਦੇ ਸਮਾਨ-ਅੰਤਰ
ਉਲੀਕਣ ਦੀ ਕੋਸ਼ਿਸ਼ ਕਰਾਂਗਾ
ਵਾਪਰਨੀ ਹੈ ਅੰਤ ਨੂੰ ਜੋ
ਲਾੜੀ ਮੌਤ ਤੋਂ ਨਾ ਡਰਾਂਗਾ
ਬੋਲਾਂ ਦੇ ਹੱਥਾਂ ਤੇ ਸ਼ਬਦ ਧਰਾਂਗਾ
ਨਾਹਰੇ ’ਤੇ ਲਲਕਾਰੇ ਨਹੀਂ
ਕਿਰਦਾਰ ਤੁਹਾਡਾ ਸ਼ੀਸ਼ਾ ਹੈ
ਸ਼ੀਸ਼ੇ ਨੂੰ ਸਾਵਧਾਨ ਕਰਾਂਗਾ
ਉਹ ਸੱਚੋ ਸੱਚ ਬਿਆਨ ਕਰੇ
ਗਿਰਗਿਟੀ ਲੀਡਰਾਂ ਵਾਂਗਰਾਂ
ਭੇਸ ਨਾ ਵਟਾਉਂਦਾ ਰਹੇ

• • •

## ਗ਼ਜ਼ਲ

ਕੋਈ ਲੁੱਟ ਰਿਹਾ ਕੋਈ ਲੁੱਟਿਆ ਜਾ ਰਿਹਾ
ਭਰੋਸਾ ਹਰੇਕ ਪਾਸਿਓਂ ਟੁੱਟਿਆ ਜਾ ਰਿਹਾ

ਉਹ ਕਹਿੰਦੇ ਪੱਤਾ ਉਸ ਬਿਨ ਹਿੱਲਦਾ ਨੀ
ਭੋਜ ਕੋਈ ਲਗਾਵੇ ਕੱਪੜੇ ਕੋਈ ਪਾ ਰਿਹਾ

ਵਿਰਸਾ ਸਭਿਆਚਾਰ ਕਿਸ ਬਲਾਂ ਦਾ ਨਾਮ
ਸਮਝਾਓ ਤੁਹਾਡਾ ਬੱਚਾ ਭੁੱਲਦਾ ਜਾ ਰਿਹਾ

ਜਬਲੀਆਂ ਨਾ ਮਰੋ ਪੜ੍ਹੋ ਬੈਠ ਕੇ ਵਿਚਾਰੋ
ਕਾਤਲ ਤੁਹਾਡਾ ਜੋੜੀਦਾਰ ਹੁੰਦਾ ਜਾ ਰਿਹਾ

ਤੁਸੀਂ ਗਾਂਧੀ ਦੇ ਬਾਂਦਰ ਬਣਕੇ ਬੈਠੇ ਰਹਿਣਾ
ਕਾਇਰਾਂ ਦਾ ਟੋਲਾ ਬੁੱਤ ਢਾਹ ਕੇ ਜਾ ਰਿਹਾ।

---

**ਮਜ਼ਦੂਰ ਦਿਵਸ ’ਤੇ ਵਿਸ਼ੇਸ**

## ‘ਮਜ਼ਦੂਰ ਦਾ ਖ਼ਤ ਸਰਕਾਰ ਦੇ ਨਾਂ’

ਤੇਰੀਆਂ ਲਾਲ ਬੱਤੀ ਵਾਲੀਆਂ ਗੱਡੀਆਂ,
ਪੱਥਰਾਂ ਤੇ ਪਈ ਲੁੱਕ ਦੀਆਂ ਸੜਕਾਂ ਤੇ ਨਹੀਂ,
ਮੇਰੀ ਹਿੱਕ ਤੇ ਚੱਲਦੀਆਂ ਨੇ,
ਮੇਰੇ ਦੇਸ਼ ਦੀਏ ਸਰਕਾਰੇ।
ਜਦ ਰੋਜ਼ ਸਵੇਰੇ,ਮੂੰਹ ਹਨ੍ਹੇਰੇ
ਬਿਨ ਕੁੱਝ ਖਾਧੇ-ਪੀਤੇ ਹੀ
ਕੱਚੀਆਂ ਰਾਹਾਂ ਤੇ ਪੱਥਰ ਪਾਉਣ ਲੱਗਦਾ ਹਾਂ,
ਸਾਰੀ ਰਾਤ ਮੱਛਰ ਤੇ ਗਰਮੀ ਦੇ ਸਤਾਏ
ਬੱਚਿਆਂ ਨੂੰ ਉਠਾਉਣ ਲੱਗਦਾ ਹਾਂ,
ਉਦੋਂ ਕੋਈ ਨਹੀਂ ਸੁਣਦਾ ਮੇਰੇ ਹਾੜ੍ਹੇ।
ਮੇਰੇ ਦੇਸ਼ ਦੀਏ ਸਰਕਾਰੇ।

ਮੇਰੀ ਇੱਕ ਧਰਮ ਪਤਨੀ
ਰੋਜ਼ ਹੀ ਮਿੱਟੀ ਦਾ ਪਾਊਡਰ ਮਲ਼ ਕੇ,
ਫਟੇ ਜਿਹੇ ਬੁਲ੍ਹਾਂ ਵਿੱਚੋਂ ਹੱਸਦੀ ਏ ਜਲ਼ਕੇ,
ਜਿਵੇਂ ਮੈਨੂੰ ਦੰਦੀਆਂ ਚਿੜਾ ਰਹੀ ਹੋਵੇ ।
ਜੋ ਹਰ ਵਕਤ ਸਿਰ ਤੇ ਮਿੱਟੀ ਦਾ ਟੋਕਰਾ ਲਈ
ਤੇਰੇ ਦੇਸ਼ ਦਾ ਭਵਿੱਖ ਸੰਵਾਰਦੀ ਹੈ,
ਸੱਚ ਪੁੱਛੋਂ ਤਾਂ ਉਸਨੇ ਕਦੇ ਆਪਣੇ
ਵਾਲ਼ ਵੀ ਨਹੀਂ ਸੰਵਾਰੇ।
ਮੇਰੇ ਦੇਸ਼ ਦੀਏ ਸਰਕਾਰੇ।

ਮੇਰੀ ਇੱਕ ਬੁੱਢੀ ਮਾਂ
ਜੋ ਕੁੱਝ ਸਾਲ ਪਹਿਲਾਂ
ਮਿੱਟੀ ਨਾਲ ਮਿੱਟੀ ਹੋ ਗਈ।
ਤੇ ਇੱਕ ਮਾਸੂਮ ਭੈਣ ਜੋ ਪੱਥਰਾਂ
’ਚੋਂ ਪਤਾ ਨਹੀਂ ਕੀ ਫਰੋਲਦੀ ਰਹਿੰਦੀ ਏ,
ਖੌਰ੍ਹੇ ਉਹ ਆਪਣੇ ਸੁਨਹਿਰੀ ਭਵਿੱਖ
ਨੂੰ ਟੋਲ਼ਦੀ ਰਹਿੰਦੀ ਹੈ।
ਪਤਾ ਨਹੀਂ ਕਿੰਨੀਆਂ ਮਾਸੂਮ ਭੈਣਾਂ ਦੇ ਚਾਅ
ਪੱਥਰਾਂ ਵਿੱਚ ਹੀ ਮਰ ਜਾਂਦੇ ਨੇ ਕੁਆਰੇ।
ਤੇ ਤੂੰ ਲਾਉਂਦੀਆਂ ਨਿੱਤ ਹੀ
ਸਰਵ ਸਿਖਿੱਆ ਅਭਿਆਨ ਦੇ ਨਾਅਰੇ।
ਮੇਰੇ ਦੇਸ਼ ਦੀਏ ਸਰਕਾਰੇ।

ਇੱਥੇ ਹੀ ਬਸ ਨਹੀਂ,
ਮੇਰਾ ਇੱਕ ਬੁੱਢਾ ਬਾਪ ਵੀ ਹੈ,
ਜੋ ਹਰ ਵਕਤ ਗਰਮ ਲੁੱਕ
ਦੇ ਡਰੰਮ ਵਾਂਗ ਬੁਖ਼ਾਰ ਨਾਲ ਤਪਦਾ ਰਹਿੰਦਾ ਏ।
ਅਸੀਂ ਉਸ ਕੋਲ਼ ਜਾਣ ਤੋਂ ਇਸ ਤਰ੍ਹਾਂ ਡਰਦੇ ਹਾਂ
ਜਿਵੇਂ ਉਹ ਤਾਪ ਦਾ ਨਹੀਂ ਟੀ.ਬੀ ਦਾ
ਮਰੀਜ਼ ਹੋਵੇ,
ਤੇ ਕਿਤੇ ਦੋ ਵਕਤ ਦੀ ਰੋਟੀ ਦੇ ਪੈਸੇ
ਉਸ ਤੋਂ ਹੀ ਨਾ ਜਾਣ ਵਾਰੇ।
ਮੇਰੇ ਦੇਸ਼ ਦੀਏ ਸਰਕਾਰੇ ,
ਇੱਕ ਮਜ਼ਦੂਰ ਦੀ ਆਤਮਾ ਪੁਕਾਰੇ।

**ਮਾ: ਸੁਰਿੰਦਰ ਸਿੰਘ ਡਾਬਾ (ਲੁਧਿ:)**
**9478296778**

## ਮਈ ਦਿਵਸ

ਸੰਨ 1886 ਸ਼ਹਿਰ ਸ਼ਿਕਾਗੋ ਵਿੱਚ
ਹੋ ਰਿਹਾ ਸੀ ਮੌਨ ਮੁਜ਼ਾਹਰਾ
ਮਜ਼ਦੂਰ ਚਾਹੁੰਦੇ ਸਨ
ਸਿਰਫ਼ ਅੱਠ ਘੰਟੇ ਦੀ ਦਿਹਾੜੀ
ਚਾਹੁੰਦੇ ਸਨ ਦੇਣੀ ਤਿਲਾਂਜ਼ਲੀ
ਪਸ਼ੂਆਂ ਵਰਗੀ ਜੂਨ ਨੂੰ
ਚੜ੍ਹਦੀ ਉਮਰ ਦੇ ਸਾਮਰਾਜ ਨੂੰ
ਪੈ ਗਈਆਂ ਸਨ ਢਿੱਡੀਂ ਪੀੜਾਂ
ਸੁਲਘਦੀ ਚੁਆਤੀ ਨੂੰ ਦੇਖ
ਉਸਨੇ ਕੀਤਾ ਸੀ ਘਾਣ ਮਨੁੱਖਤਾ ਦਾ
ਵਰ੍ਹਾ ਦਿੱਤਾ ਸੀ ਮੀਂਹ ਗੋਲ਼ੀਆਂ ਦਾ
ਹੋ ਗਈ ਸੀ ਧਰਤੀ ਲਾਲੋ ਲਾਲ
ਲੋਕਾਂ ਨੇ ਰੰਗਿਆ ਸੀ ਚਿੱਟਾ ਝੰਡਾ
ਆਪਣੇ ਲਹੂ ਨਾਲ - ਇੱਕ ਲਾਲ ਫਰੇਰਾ
ਜੋ ਹੈ ਪ੍ਰਤੀਕ ਸੁਰਖ਼ ਇਨਕਲਾਬ ਦਾ।

ਉਨ੍ਹਾਂ ਆਪਣੇ ਹੱਕਾਂ ਲਈ
ਕੁਰਬਾਨ ਹੋ ਕੇ
ਕੀਤਾ ਸੀ ਰਾਹ ਮੋਕਲ਼ਾ
ਗਰੀਬ ਮਨੁੱਖਤਾ ਲਈ
ਮਈ ਦਿਨ ਦੇ ਸੰਘਰਸ਼ ਨੂੰ
ਕਰਨ ਲਈ ਅੱਖੋਂ ਪਰੋਖੇ
ਅਮਰੀਕੀ ਸਾਮਰਾਜ ਨੇ
ਮਿੱਥਿਆ ਹੈ ਪਹਿਲੀ ਸਤੰਬਰ
ਕਿ ਆਉਣ ਵਾਲੀਆਂ ਕੌਮਾਂ
ਜਾਣ ਨਾ ਸਕਣ
ਡੁੱਲ੍ਹੇ ਖ਼ੂਨ ਦੀ ਹਕੀਕਤ ਨੂੰ।

ਅਸੀਂ ਵੀ ਅੱਜ
ਉਹਨਾਂ ਸ਼ਹੀਦਾਂ ਦੀ ਯਾਦ ਨੂੰ
ਉਹਲੇ ਕਰਕੇ, ਰੁਝੇ ਹਾਂ
ਭੁੱਖ ਦੀ ਲੋੜ ਵਿੱਚ
ਇੱਛਾਵਾਂ ਦੀ ਹੋੜ ਵਿੱਚ
ਪੈਸੇ ਦੀ ਦੌੜ ਵਿੱਚ।
ਅੱਜ ਮਈ ਦਿਨ ‘ਤੇ ਹਾਜ਼ਰ ਹਨ
ਕਈ ਲੱਖਾਂ ਲੋਕਾਂ ਵਿੱਚੋਂ
ਸਿਰਫ਼ ਸੌ ਡੇਢ ਸੌ
ਦੇਖ ਕੇ ਹੁੰਦਾ ਹੈ ਅਚੰਭਾ
ਕੀ ਅੱਜ ਹੋ ਰਿਹਾ ਹੈ
ਸਭ ਕੁੱਝ ਠੀਕ ਠਾਕ ?
ਮਿਲ ਰਹੇ ਹਨ
ਸਭ ਨੂੰ ਬਰਾਬਰ ਦੇ ਹੱਕ ?
ਮਿਟ ਗਈ ਹੈ ਕਾਣੀ ਵੰਡ ?
ਮਰ ਨਹੀਂ ਰਿਹਾ ਕਿਤੇ ਵੀ
ਭੁੱਖਾ ਮਜ਼ਦੂਰ ?
ਪਾ ਚੁੱਕਿਆ ਹੈ ਉਹ
ਸ਼ੋਸ਼ਣ ਤੋਂ ਮੁਕਤੀ ?
ਵੱਡੀਆਂ ਮੱਛੀਆਂ ਨੇ
ਛੋਟੀਆਂ ਨੂੰ ਖਾਣ ਤੋਂ ਕੀਤਾ
ਹੈ ਗੁਰੇਜ਼ ?

ਜੇ ਨਹੀਂ-
ਤਾਂ ਮੱਘਦੀ ਚੁਆਤੀ ਤੋਂ
ਕਿਉਂ ਹਨ ਉਹ ਬੇਖ਼ਬਰ
ਕਿਉਂ ਲਾ ਰਹੇ ਨੇ
ਪਾੜ ਝੁੱਗੀਆਂ ਨੂੰ
ਮਹਿਲਾਂ ਦੀ ਸੱਜ ਧੱਜ ਦੇਖ ਕੇ।

ਕਿਉਂ ਨਹੀਂ ?
ਬਣਾਉਂਦੇ ਚੁਆਤੀ ਨੂੰ ਮਿਸ਼ਾਲ
ਜੋ ਕਰ ਸਕੇ
ਸਾਰੀ ਮਨੁੱਖਤਾ ਨੂੰ
ਇੱਕੋ ਜਿਹਾ ਰੌਸ਼ਨ
ਹਜ਼ੂਮ ਇੱਕ ਵਾਰ ਫਿਰ
ਦੁਹਰਾਏ ਮਈ ਦਿਨ ਦੀ
132 ਸਾਲ ਪਹਿਲੀ ਤਹਿਰੀਕ ਨੂੰ।

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਮਾਏ

ਮੈਂ ਘੋੜਿਆਂ ਨੂੰ ਘਰ ਵੱਲ ਦੌੜਾ ਦਿੱਤਾ ਹੈ,
ਘਰ ਪੁੱਜ ਗਏ ਹੋਣਗੇ,
ਉਹ ਜਾਣੂ ਨੇ ਘਰ ਦੇ ਰਾਹ ਤੋਂ ।
...

ਪਰ ਮਾਏ ਮੈਂ ਘਰ ਨਾ ਆ ਸਕੀ !
ਮੇਰੀਆਂ ਛੋਹਲ਼ੀਆਂ ਲੱਤਾਂ
ਹਿਰਨਾਂ ਵਾਂਗ ਚੁੰਗੀਆਂ ਭਰਨ ਵਾਲ਼ੀਆਂ!
ਸੁੰਨ ਹੋ ਗਈਆਂ
ਹਾਂ ਮਾਏ ਸੁੰਨ ਹੋ ਗਈਆਂ
ਪੱਥਰ ਬਣ ਗਈਆਂ।

ਮੈਂ ਘੋੜੇ ਤਾਂ ਭੇਜ ਦਿੱਤੇ ਘਰ
ਮਿਲ ਗਏ ਨਾ???

ਅੰਮੜੀਏ!
ਉਹ ਰਾਕਸ਼ ਸਨ!
ਨਾ ਉਹਨਾਂ ਦੇ ਸਿੰਗ
ਨਾ ਖ਼ੂੰਨੀ ਪੰਜੇ, ਨਹੁੰਦਰਾਂ।
ਪਰ ਉਹਨਾ ਲਹੂ ਲੁਹਾਣ ਕਰ ਦਿੱਤਾ ਮੈਨੂੰ।
ਬੁਰੀ ਤਰਾਂ ਜਖਮੀ ਕਰ ਦਿੱਤਾ ਮਾਂ!

ਜਾਮਣੀ ਫੁੱਲ, ਸੁਨਹਿਰੀ ਤਿਤਲੀਆਂ
ਖੜੀਆਂ ਰਹੀਆਂ ਬੇਬਸ, ਸਾਹਸਤਹੀਣ।

ਘੋੜੇ ਤਾਂ ਵਾਪਸ ਘਰ ਤੋਰ ਦਿੱਤੇ ਮਾਂ।

ਅੱਬਾ ਨੂੰ ਦੱਸ ਦੇਵੀ ਅੰਮੜੀਏ!
ਮੈਂ ਜਾਣਦੀ ਹਾਂ,
ਮੈਂ ਜਾਣਦੀ ਹਾਂ।
ਉਹਨੇ ਕੋਸ਼ਿਸ਼ ਕੀਤੀ
ਬੜੀ ਕੋਸ਼ਿਸ਼ ਕੀਤੀ!
ਮੈਂ ਸੁਣਿਆ ਸੀ ਅੱਬਾ ਨੂੰ ਮੇਰਾ ਨਾਮ ਪੁਕਾਰਦਿਆਂ।
ਉੱਚੀ, ਬਹੁਤ ਉੱਚੀ ਹਾਕ ਮਾਰਦਿਆਂ।
ਵਾਰ ਵਾਰ!
ਪਰ ਮੈਂ ਸੌਂ ਗਈ ਸੀ ਅੰਮਾ!
ਹੰਭ ਗਈ ਸੀ, ਟੁੱਟ ਗਈ ਸੀ।

ਬੁਰੀ ਤਰਾਂ ਲਹੂ ਲੁਹਾਣ ਕਰ ਦਿੱਤਾ ਸੀ,
ਉਹਨਾਂ ਰਾਕਸ਼ਾਂ!
ਅਜੀਬ ਹੈ ਨਾ, ਅੰਮੜੀਏ
ਜਾਣਦੀ ਏਂ ਨਾਂ ਇਸ ਪੀੜ ਨੂੰ।

ਹੁਣ ਮੈਂ ਤੇਰਾ ਨਿੱਘ ਮਹਿਸੂਸ ਕਰ ਸਕਦੀ ਆਂ।
ਦਰਦ ਨਹੀਂ ਹੁੰਦਾ ਹੁਣ ਮੈਨੂੰ ਬਹੁਤਾ ਚਿਰ!
ਸੁੱਕ ਗਿਆ ਹੈ ਖ਼ੂਨ!

ਇਹ ਖਿੜੇ ਹੋਏ ਫੁਲਾਂ ਵਾਗ,
ਜਾਮਣੀ ਜਾਮਣੀ ਜਿਹਾ ਜਾਪਦਾ।
ਫੁਲ ਉਹ ਜੋ ਮੇਰੇ ਨਾਲ ਚਰਾਗਾਹ ਵਿਚ ਚਹਿਕਦੇ!
ਇਹ ਦਰਦ ਨਹੀ ਦਿੰਦੇ ਅੰਮੜੀਏ।

ਅੰਮੀਏ!
ਰਾਕਸ਼ ਹਾਲੇ ਵੀ ਉਥੇ ਈ ਨੇ।
ਨਾਲ ਹੀ ਗੱਲਾਂ ਭਾਂਤ ਸੁਭਾਂਤੀਆ,
ਕਥਾ ਕਹਾਣੀਆਂ!

ਇਹ ਦੰਦਕਥਾਵਾਂ ਤੂੰ ਨਾ ਸੁਣੀ ਮਾਂ।
ਨਾ ਨਾ, ਤੂੰ ਨਾ ਸੁਣੀ।
ਰੂਹ ਨੂੰ ਲੂਹ ਦੇਣ ਵਾਲੀਆਂ,
ਪੀੜੋ ਪੀੜ ਕਰ ਦੇਣ ਵਾਲੀਆਂ!
ਬਹੁਤ ਕੁਝ ਪੈ ਗਿਆ ਹੋਣਾ ਤੇਰੇ ਕੰਨਾ ਵਿਚ ਵੀ।

ਅੰਮਾ,
ਕਿਤੇ ਮੈ ਭੁੱਲ ਨਾ ਜਾਵਾਂ !
ਮੰਦਰ ਸੀ ਉਥੇ ਇਕ, ਦੇਵੀ ਮਾਂ ਦਾ ਨਿਵਾਸ!

ਸ਼ੁਕਰੀਆ ਉਸ ਦੇਵੀ ਮਾਂ ਦਾ!!!
ਉਸਨੇ ਰਾਕਸ਼ਾਂ ਦੀ ਮਦਦ ਕੀਤੀ ਸੀ,
ਪਕਾ ਯਕੀਨ ਹੈ ਮੇਰਾ!

ਘੋੜੇ ਘਰ ਪੁਜ ਗਏ ਹੋਣੇ ਨੇ!
ਘੋੜੇ ਘਰ ਪੁਜ ਗਏ ਹੋਣੇ ਨੇ!
ਮੇਰੀ ਅੰਮੜੀਏ!

(ਆਸਿਫ਼ਾ ਲਈ ਇਨਸਾਫ਼)

(ਡਾਕਟਰ ਦਰਸ਼ਨ ਪਾਲ ਵਲੋਂ ਭੇਜੀ ਅਗਿਆਤ ਅੰਗਰੇਜ਼ੀ ਕਵਿਤਾ ਦਾ ਅਨੁਵਾਦ)

## ਬੱਕਰਵਾਲਾਂ ਦੀ ਧੀ

ਘੋੜਿਆਂ ਦੀ ਭਾਸ਼ਾ ਸਿੱਖਣ ਤੇ ਵਕਤ ਲੱਗਦਾ ਹੈ
ਚਰਾਗਾਹਾਂ ਹਰੀਆਂ ਤੇ ਵਸਾਹ ਕਰਨ ਵਿੱਚ ਵਕਤ ਲੱਗਦਾ ਹੈ
ਘਰ ਦੀਆਂ ਬਰੂਹਾਂ ਪਾਵਰ ਕਰਨ ਨੂੰ ਵਕਤ ਲੱਗਦਾ ਹੈ
ਬੇਨਾਮ ਧਰਤੀਆਂ ਦਾ ਜਲੌਅ ਮਾਨਣ ਤੇ ਵਕਤ ਲੱਗਦਾ ਹੈ
ਪਰ ਜਾਨਵਰਾਂ ਦੀ ਇਸ ਦੁਨੀਆਂ ਵਿੱਚ ਕੌਣ ਦੱਸ ਸਕਦਾ ਹੈ
ਕਿ ਉਨ੍ਹਾਂ ਦੀ ਚਰਾਂਦ ਵਿੱਚ ਮਨੁੱਖਾਂ ਦੇ ਇੱਜੜ ਲੁੱਕ ਗਏ ਨੇ
ਜਿਨ੍ਹਾਂ ਦਾ ਦੁਰਾਚਾਰੀ ਖ਼ੂਨ ਇੱਕ ਪਲ ਲਈ ਵੀ ਨਹੀਂ ਸੌਂਦਾ
ਉਹ ਧਰਤੀ ਤੇ ਚੱਲਦੇ ਨੇ ਪੰਛੀ ਖਾਮੋਸ਼ ਹੋ ਜਾਂਦੇ ਨੇ
ਸੂਰਜ ਅੰਨ੍ਹਾ ਹੋ ਜਾਂਦਾ ਹੈ ਪਰਬਤ ਬੋਲੇ ਹੋ ਜਾਂਦੇ ਨੇ
ਇਹ ਇੱਜੜ ਧਰਤ ਤੇ ਲਹੂ ਦੀਆਂ ਲਕੀਰਾਂ ਵਾਹੁੰਦੇ ਨੇ
ਕੋਮਲ ਅੰਗਾਂ ਨੂੰ ਤੋੜ ਮਰੋੜ ਮੁਲਕ ਦੀ ਦੇਹ ਦੇ ਨਾਪ ਦਾ ਕਰਦੇ ਨੇ
ਨਿੱਕੀ ਕੁੜੀ ਨੂੰ ਅਜਿਹੇ ਫ਼ਰਕਾਂ ਦਾ ਕੀ ਪਤਾ ਹੋਣਾ ਸੀ
ਖਿੱਚ ਅਤੇ ਪਿਆਰ ਵਿਚਲਾ ,ਭਰੋਸੇ ਅਤੇ ਧਰੋਹ ਵਿਚਲਾ
ਉਹ ਆਪਣੇ ਤੋਂ ਅਗਾਂਹ ਦੀ ਕਿਸੇ ਦੁਨੀਆਂ ਨੂੰ ਨਹੀਂ ਸੀ ਜਾਣਦੀ
ਉਹ ਨਹੀਂ ਸੀ ਜਾਣਦੀ ਦੀਵਾਰ ਬਿਨ ਰਹਿਣ ਵਾਲਿਆਂ ਦੀ ਰੂਹ ਤਲਖ ਕਰਨ ਲਈ
ਧਰਤ ਤੇ ਗੁੱਝੀਆਂ ਲਕੀਰਾਂ ਵਾਹ ਦਿੱਤੀਆਂ ਗਈਆਂ ਨੇ
ਘੋੜੇ ਘਰ ਵਾਪਸ ਆ ਗਏ ਉਹ ਦੱਸ ਨਹੀਂ ਸਨ ਸਕਦੇ
ਕਿ ਕਿਵੇਂ ਜ਼ਹਿਰ ਡੰਗੇ ਮੰਦਰ ਵਿੱਚ ਦੇਵਤੇ ਮਰ ਗਏ ਸਨ

**ਅੰਗਰੇਜ਼ੀ ਕਵਿਤਾ ਮਾਨਸ ਫਿਰਾਕ ਭੱਟਾਚਾਰੀਆ**
**ਪੰਜਾਬੀ ਅਨੁਵਾਦ ਹਰੀਸ਼ ਜੈਨ**

## ਕਵਿਤਾ

ਲੁੱਟ ਤੇ ਨਾਲੇ ਜਬਰ ਵੀ ਹੈ
ਮਾਰ ਕੇ ਇੰਨੇ ਸਬਰ ਵੀ ਹੈ
ਅਸੀਂ ਸਮਝ ਲਿਆ ਕਿਰਦਾਰਾਂ ਨੂੰ
ਹੁਣ ਨੀ ਥੋਡੀ ਮੰਨਾਗੇ
ਜਾ ਕੇ ਆਖ ਦਿਉ ਸਰਕਾਰਾਂ ਨੂੰ...
ਵਿਕਾਸ ਦੇ ਨਾਮ ਤੇ ਡੂੰਮਣੇ
ਸੂਲੀ ਮਜ਼ਦੂਰ ਕਿਸਾਨ ਨੂੰ ਚਾੜ੍ਹ ਗਏ
ਪਿੱਠ ਦਿਖਾਕੇ ਹੁਣ ਸਾਨੂੰ ਕਿਧਰ ਉਹ ਗੱਦਾਰ ਗਏ
ਅਸੀਂ ਇੱਕਠੇ ਹੋ ਕੇ ਤੋੜ੍ਹ ਦਿਆਗੇ ਜ਼ੁਲਮਾਂ ਦੇ ਗਲਿਆਰਾ ਨੂੰ
ਹੁਣ ਨੀ ਥੋਡੀ ਮੰਨਾਗੇ
ਜਾਕੇ ਆਖ ਦਿਉ ਸਰਕਾਰਾ ਨੂੰ
ਤੁਸੀਂ ਰਲ ਕੇ ਚਮੜੇ ਲੋਕਾਂ ਦੇ
ਭੁੰਨੇ ਨੇ ਭਠਿਆਰਾ 'ਚ
ਪਰ ਖ਼ਬਰ ਨਹੀਂ ਹੈ ਦਿੱਲੀਏ
ਤੇਰਿਆਂ ਅਖਬਾਰਾਂ 'ਚ
ਤੁਸੀਂ ਸੰਨ੍ਹੀ ਲਾ ਕੇ ਵਰਤਿਆਂ ਆਰਥਿਕ ਹੱਤਿਆਰਾ ਨੂੰ
ਹੁਣ ਨੀ ਥੋਡੀ ਮੰਨਾਗੇ
ਜਾਕੇ ਆਖ ਦਿਉ ਸਰਕਾਰਾਂ ਨੂੰ...

**- ਅਮਨਦੀਪ**

# ਨਿਆਂਸ਼ੀਲ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਸਮਰਪਿਤ-ਡਾ: ਨਵਸ਼ਰਨ ਕੌਰ

**ਹਰਜੀਤ ਬੇਦੀ**



ਭਾਅ ਜੀ ਗੁਰਸ਼ਰਨ ਸਿੰਘ ਦੀ ਵੱਡੀ ਬੇਟੀ ਡਾ: ਨਵਸ਼ਰਨ ਕੌਰ ਕਿੱਤੇ ਵਜੋਂ ਸਮਾਜ ਸ਼ਾਸ਼ਤਰੀ ਹੈ। ਉਸ ਨੇ ਕੈਨੇਡਾ ਦੀ ਯੂਨੀਵਰਸਿਟੀ ਤੋਂ ਡਾਕਟਰੇਟ ਕਰ ਕੇ ਕੁੱਝ ਸਮਾਂ ਅਧਿਆਪਨ ਕਾਰਜ ਕੀਤਾ। ਇਸ ਉਪਰੰਤ ਕਨੇਡਾ ਦੀ ਇੱਕ ਸੰਸਥਾ "ਇੰਟਰਨੈਸ਼ਨਲ ਡਿਵੇਲਪਮੈਂਟ ਰਿਸਰਚ ਸੈਂਟਰ" ਨਾਲ ਜੁੜ ਗਈ ਅਤੇ ਅੱਜ ਕੱਲ ਇਸ ਸੰਸਥਾ ਦੇ ਦਿੱਲੀ ਸਥਿਤ ਦਫਤਰ ਦਾ ਕੰਮ-ਕਾਜ ਸੰਭਾਲ ਰਹੀ ਹੈ। ਆਪਣੇ ਪਿਤਾ ਭਾਅ ਜੀ ਗੁਰਸ਼ਰਨ ਸਿੰਘ ਅਤੇ ਉਸਦੇ ਸਾਥੀਆਂ ਦੀ ਸੋਚ ਨੂੰ ਪਰਨਾਈ ਹੋਈ ਨਵਸ਼ਰਨ ਦਾ ਸਮੁੱਚੇ ਭਾਰਤ ਅਤੇ ਖਾਸ ਤੌਰ 'ਤੇ ਪੰਜਾਬ ਦੀਆਂ ਖੱਬੇਪੱਖੀ ਜਮਹੂਰੀ ਲਹਿਰਾਂ ਨਾਲ ਬਹੁਤ ਹੀ ਨੇੜੇ ਦਾ ਸਬੰਧ ਹੈ। ਉਸਦੇ ਕਹਿਣ ਮੁਤਾਬਕ ਉਸਦੀ ਖੇਤ ਮਜਦੂਰ ਔਰਤਾਂ ਨਾਲ ਮੁਲਾਕਾਤ ਭਾਅ ਜੀ ਭਾਵ ਉਹਨਾਂ ਦੇ ਪਿਤਾ ਜੀ ਗੁਰਸ਼ਰਨ ਸਿੰਘ ਰਾਹੀਂ ਹੀ ਹੋਈ। ਉਸ ਦੇ ਸ਼ਬਦਾਂ ਅਨੁਸਾਰ, "ਉਹ ਖੇਤ ਮਜਦੂਰ ਔਰਤਾਂ ਬਾਰੇ ਗੱਲ ਕਰਦੇ ਤੇ ਫਿਕਰਮੰਦ ਅਤੇ ਨਿਰਾਸ਼ ਹੁੰਦੇ। ਸਾਡੀਆਂ ਮਜਦੂਰ ਔਰਤਾਂ ਪਿੱਛੇ ਰਹਿ ਗਈਆਂ। ਉਹ ਪਛੜ ਗਈਆਂ ਹਨ। ਉਹ ਅਕਸਰ ਕਹਿੰਦੇ।" ਸ਼ਾਇਦ ਇਹੀ ਕਾਰਣ ਹੈ ਕਿ ਉਸਦਾ ਕਾਰਜ ਖੇਤਰ ਬੇਜ਼ਮੀਨੇ ਦਲਿਤ ਮਜਦੂਰ, ਔਰਤਾਂ ਅਤੇ ਮੁੱਖ ਤੌਰ 'ਤੇ ਪੰਜਾਬ ਦੀਆਂ ਦਲਿਤ ਮਜ਼ਦੂਰ ਔਰਤਾਂ ਹਨ। ਜਿਨ੍ਹਾਂ ਬਾਰੇ ਉਹਨਾਂ ਵਿੱਚ ਵਿਚਰ ਕੇ ਉਸ ਨੇ ਬੜੇ ਵਿਸਥਾਰ ਨਾਲ ਡੂੰਘਾ ਅਧਿਐਨ ਕੀਤਾ ਹੈ। ਉਸਦਾ ਕਹਿਣਾ ਹੈ ਕਿ ਇਹ ਔਰਤਾਂ ਦਲਿਤ, ਮਜਦੂਰ ਅਤੇ ਔਰਤ ਹੋਣ ਦੀ ਤੀਹਰੀ ਮਾਰ ਝੱਲ ਰਹੀਆਂ ਹਨ।

ਕਈ ਕਿਤਾਬਾਂ ਦੀ ਲੇਖਕਾ ਅਤੇ ਸੰਪਾਦਕ ਡਾ: ਨਵਸ਼ਰਨ ਦਾ ਅਹਿਮ ਖੋਜ ਕਾਰਜ ਭਾਰਤ ਦੇ ਵਿਵਾਦਤ ਬਾਰਡਰ ਇਲਾਕਿਆਂ ਕਸ਼ਮੀਰ ਅਤੇ ਉੱਤਰ ਪੂਰਬ ਵਿੱਚ ਦੇਸ਼ ਦੀ ਸੁਰੱਖਿਆ ਦੇ ਨਾਂ ਤੇ ਆਮ ਲੋਕਾਂ ਉੱਤੇ ਫੌਜ ਅਤੇ ਸੁਰੱਖਿਆ ਬਲਾਂ ਵਲੋਂ ਢਾਹੇ ਜਾਂਦੇ ਜੁਲਮ ਅਤੇ ਉਹਨਾਂ ਦੇ ਮਨੁੱਖੀ ਅਤੇ ਜਮਹੂਰੀ ਹੱਕਾਂ ਦੇ ਘਾਣ ਬਾਰੇ ਹੈ। ਭਾਰਤ ਸਰਕਾਰ ਦੀਆਂ ਫਾਸ਼ੀ, ਫਿਰਕੂ, ਦਲਿਤ ਅਤੇ ਔਰਤ ਵਿਰੋਧੀ ਨੀਤੀਆਂ ਅਤੇ ਤਸ਼ੱਦਦ ਦੇ ਖਿਲਾਫ ਬਣੇ ਜਮਹੂਰੀ ਫਰੰਟ ਦੀ ਉਹ ਸਰਗਰਮ ਕਾਰਕੁੰਨ ਹੈ ਅਤੇ ਅਜੋਕੇ ਸਮੇਂ ਕਈ ਤੱਥ ਖੋਜ ਮਿਸ਼ਨਾਂ ਵਿੱਚ ਸ਼ਾਮਲ ਹੈ। ਇਸੇ ਸੰਦਰਭ ਵਿੱਚ ਉਸ ਨੇ ਕਸ਼ਮੀਰੀਆਂ ਵਿਰੁੱਧ ਭਾਰਤੀ ਫੌਜਾਂ ਦੀ ਧੱਕੇਸ਼ਾਹੀ, ਝੂਠੇ ਪਲਿਸ ਮੁਕਾਬਲੇ, ਪੈਲਟ ਗੰਨਾਂ ਨਾਲ ਕਸ਼ਮੀਰੀ ਨੌਜਵਾਨਾਂ ਨੂੰ ਅੰਨ੍ਹਿਆਂ ਕਰਨ ਦੀ ਨੀਤੀ ਉੱਤੇ ਕਸ਼ਮੀਰ ਵਿੱਚ ਜਾਂਚ ਕਰ ਕੇ ਵਿਸਥਾਰਪੂਰਬਕ ਰਿਪੋਰਟ ਤਿਆਰ ਕੀਤੀ ਅਤੇ ਬੇਖੌਫ ਹੋ ਕੇ ਕਸ਼ਮੀਰੀ ਲੋਕਾਂ ਦੇ ਮਨੁੱਖੀ ਅਤੇ ਜਮਹੂਰੀ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਉਸ ਦੁਆਰਾ ਇਕੱਤਰ ਕੀਤੇ ਤੱਥ ਭਾਰਤੀ ਸਟੇਟ ਦੇ ਕਿਰਦਾਰ ਉੱਤੇ ਝਾਤ ਪੁਆਉਂਦੇ ਹਨ।

ਪਿਛਲੇ ਸਮੇਂ ਦੌਰਾਨ ਭਾਰਤ ਭਰ ਵਿੱਚ ਮੁਸਲਮਾਨਾਂ ਅਤੇ ਦਲਿਤਾਂ ਦੇ ਖਿਲਾਫ ਗਊ-ਰੱਖਿਆ ਦੇ ਨਾਂ ਤੇ ਕੀਤੇ ਤਸ਼ੱਦਦ ਅਤੇ ਕਤਲਾਂ ਵਿਰੁੱਧ ਆਸਾਮ ਤੇ ਹਰਿਆਣਾ ਤੱਕ ਯਾਤਰਾ ਕੱਢੀ। ਇਸ ਯਾਤਰਾ ਦੌਰਾਨ ਲੋਕਾਂ ਨੂੰ ਇਸ ਅਣਮਨੁੱਖੀ ਕਹਿਰ ਵਿਰੁੱਧ ਜਾਗਰਤ ਅਤੇ ਲਾਮਬੰਦ ਕਰਨ ਦੇ ਨਾਲ ਹੀ ਪੀੜਤ ਪਰਿਵਾਰਾਂ ਨੂੰ ਮਿਲੇ। ਉਹਨਾਂ ਨੂੰ ਇਨਸਾਫ ਦਿਵਾਉਣ ਲਈ ਰਣਨੀਤੀ ਤਿਆਰ ਕੀਤੀ ਅਤੇ ਮੁਹਿੰਮ ਸ਼ੁਰੂ ਕੀਤੀ ਜੋ ਅਜੇ ਤੱਕ ਜਾਰੀ ਹੈ। ਇਸ ਦੇ ਬਾਰੇ ਤੱਥਾਂ ਸਮੇਤ ਬਹੁਤ ਕੁੱਝ ਲਿਖਿਆ ਅਤੇ ਰਿਪੋਰਟਾਂ ਜਾਰੀ ਕੀਤੀਆਂ।

ਪੰਜਾਬ ਦੇ ਇਨਕਲਾਬੀ ਨਾਟਕਾਂ ਅਤੇ ਸਾਹਿਤ ਨੇ ਦੱਬੇ ਕੁਚਲੇ ਲੋਕਾਂ ਜਿਵੇਂ ਛੋਟੇ ਕਿਸਾਨਾਂ, ਜਾਤ ਦੇ ਨਾਂ ਤੇ ਜਾਂ ਔਰਤ ਹੋਣ ਕਰਕੇ ਉਹਨਾਂ ਦੇ ਹੋ ਰਹੇ ਸ਼ੋਸ਼ਣ ਨੂੰ ਸਮਝਣ ਵਿੱਚ ਮਦਦ ਕੀਤੀ। ਮਜ਼ਦੂਰੀ ਕਰਦੀਆਂ, ਪਸ਼ੂਆਂ ਲਈ ਪੱਠੇ ਖੋਤਦੀਆਂ ਜਿਨਸੀ ਤਸ਼ੱਦਦ ਦਾ ਸ਼ਿਕਾਰ ਹੁੰਦੀਆਂ ਔਰਤਾਂ ਦਾ ਜ਼ਿਕਰ ਸੱਭਿਆਚਾਰਕ ਪਿੜਾਂ ਵਿੱਚ ਹੀ ਖੁਲ੍ਹ ਕੇ ਸਾਹਮਣੇ ਆਇਆ। ਔਰਤਾਂ ਦਾ ਕਿਸਾਨ ਅਤੇ ਮਜਦੂਰ ਜਥੇਬੰਦੀਆਂ ਦੇ ਘੋਲਾਂ ਵਿੱਚ ਸ਼ਾਮਲ ਹੋਣਾ ਬਹੁਤ ਹੱਦ ਤੱਕ ਅਜਿਹੀਆਂ ਸੱਭਿਆਚਾਰਕ ਸਰਗਰਮੀਆਂ ਦਾ ਹੀ ਸਿੱਟਾ ਹੈ। ਆਪਣੇ ਪਿਤਾ ਭਾਅ ਜੀ ਗੁਰਸ਼ਰਨ ਸਿੰਘ ਅਤੇ ਭਗਤ ਸਿੰਘ ਦੀ ਵਿਰਾਸਤ ਨੂੰ ਅੱਗੇ ਤੋਰਦੇ ਹੋਏ ਉਹ ਨਿਆਂਸ਼ੀਲ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਦੀ ਸਿਆਸਤ ਨੂੰ ਸਮਰਪਿਤ ਹੈ। ਅੱਜ ਕੱਲ੍ਹ ਉਸ ਨੇ ਪੰਜਾਬ ਦੇ ਇਨਕਲਾਬੀ ਸਭਿੱਆਚਾਰ ਨੂੰ ਸੰਭਾਲਣ ਲਈ ਚੰਡੀਗੜ੍ਹ ਵਾਲੇ ਆਪਣੇ ਘਰ ਵਿੱਚ "ਇਨਕਲਾਬੀ ਸਭਿੱਆਚਾਰ ਪੰਆਰਕਾਈਵ" ਉਸਾਰਣ ਦਾ ਬੀੜਾ ਚੁੱਕਿਆ ਹੋਇਆ ਹੈ। ਇਹ ਇੱਕ ਅਜਿਹਾ ਮੰਚ ਹੋਵੇਗਾ ਜੋ ਸਮਾਜੀ ਜੀਵਨ ਵਿੱਚ ਤਬਦੀਲੀ ਲਈ ਇਨਕਲਾਬੀ ਸਾਹਿਤ ਅਤੇ ਸਭਿੱਆਚਾਰ ਨੂੰ ਗਹਿਰਾਈ ਨਾਲ ਸਮਝਣ ਲਈ ਸਮਰਪਿਤ ਹੋਵੇਗਾ। ਇਸ ਮਹਾਨ ਲੋਕ ਪੱਖੀ ਪਰੋਜੈਕਟ ਅਧੀਨ ਪੰਜਾਬ ਦੇ ਕਰਾਂਤੀਕਾਰੀ ਸਾਹਿਤਕ ਅਤੇ ਸੱਭਿਆਚਾਰਕ ਦਸਤਾਵੇਜ਼ ਇਕੱਠੇ ਕਰਨ ਦਾ ਕਾਰਜ ਲਗਾਤਾਰ ਹੁੰਦਾ ਰਹੇਗਾ। ਇਸ ਦੀ ਸ਼ੁਰੂਆਤ ਭਾਅ ਜੀ ਗੁਰਸ਼ਰਨ ਸਿੰਘ ਦੀ ਪੰਜਾਬ ਦੀ ਇਨਕਲਾਬੀ ਸੱਭਿਆਚਾਰ ਲਹਿਰ ਨੂੰ ਵਡਮੁੱਲੀ ਅਤੇ ਵਿਆਪਕ ਦੇਣ ਮੰਨਦੇ ਹੋਏ ਗੁਰਸ਼ਰਨ ਸਿੰਘ ਦੇ ਸਾਰੇ ਯਤਨਾਂ ਨੂੰ ਇੱਕ ਮੰਚ ਤੇ ਲਿਆਉਣ ਨਾਲ ਕੀਤਾ ਜਾ ਰਿਹਾ ਹੈ। ਇਸ ਵਿੱਚ ਗੁਰਸ਼ਰਨ ਸਿੰਘ ਦੁਆਰਾ ਰਚੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਦੇ ਅਤੇ ਉਹਨਾਂ ਦੇ ਹੱਲ ਸੁਝਾਉਂਦੇ ਹੋਏ 200 ਦੇ ਲੱਗਪੱਗ ਨਾਟਕ, ਸਮਤਾ ਅਤੇ ਸਰਦਲ ਦੇ ਅੰਕ, ਅਖਬਾਰਾਂ ਵਿੱਚ ਛਪੇ 400 ਹਫਤਾਵਾਰੀ ਕਾਲਮ, ਟੈਲੀਵਿਯਨ ਤੇ ਪਰਸਾਰਤ ਨਾਟਕ ਲੜੀ "ਭਾਈ ਮੰਨਾ ਸਿੰਘ" ਤੇ ਹੋਰ ਨਾਟਕ, ਡਾਇਰੀਆਂ, ਇਨਕਲਾਬੀ ਗੀਤਾਂ ਦੀਆਂ ਆਡੀਓ, ਡਾਕੂਮੈਂਟਰੀਆਂ, ਸਮਕਾਲੀਨ ਵਿਦਵਾਨਾਂ, ਸਾਥੀਆਂ ਅਤੇ ਪੱਤਰਕਾਰਾਂ ਵਲੋਂ ਗੁਰਸ਼ਰਨ ਸਿੰਘ ਦੇ ਨਾਟਕ, ਨਾਟਕ ਵਿਧੀ, ਰੰਗਮੰਚ ਰਾਹੀਂ ਲੋਕ ਚੇਤਨਾ ਦੇਣ ਵਰਗੇ ਵਿਸ਼ਿਆਂ ਨਾਲ ਸਬੰਧਤ ਆਰਟੀਕਲ ਅਤੇ ਹੱਥ ਲਿਖਤਾਂ ਆਦਿ ਸਾਰਾ ਮੈਟੀਰੀਅਲ ਹੋਵੇਗਾ। ਇਹ ਸਾਰਾ ਮੈਟੀਰੀਅਲ ਉਸ ਸੋਚ ਨੂੰ ਸਮਰਪਿਤ ਹੈ ਕਿ "ਕਾਮੇ ਲੋਕਾਂ ਦੀ ਜਿੰਦਗੀ ਉਹ ਨਹੀ,' ਜੋ ਹੋਣੀ ਚਾਹੀਦੀ ਹੈ, ਇਸ ਨੂੰ ਬਦਲਣਾ ਚਾਹੀਦਾ ਹੈ" ਇਹ ਮੰਚ ਇਸ ਦਿਸ਼ਾ ਵਿੱਚ ਰਾਹ ਦਸੇਰਾ ਹੋਵੇਗਾ।

# ਮਹਾਨ ਲੈਨਿਨ ਦੇ ਜਨਮ ਦਿਨ 'ਤੇ

ਮਨੁੱਖਤਾ ਦੇ ਇਤਿਹਾਸ 'ਚ ਕਦੇ-ਕਦੇ ਅਜਿਹੇ ਸਮੇਂ ਆਉਂਦੇ ਹਨ ਜਦੋਂ ਇਸਦੀ ਸਮੁੱਚੀ ਪ੍ਰਤਿਭਾ ਦਾ ਘਣਾ ਇਜ਼ਹਾਰ ਕੁੱਝ ਮਹਾਂ ਮਨੁੱਖਾਂ ਦੀ ਪ੍ਰਤਿਭਾ 'ਚ ਹੁੰਦਾ ਹੈ। ਆਧੁਨਿਕ ਮਜ਼ਦੂਰ ਜਮਾਤ (ਸੱਨਅਤੀ ਪ੍ਰੋਲੇਤਾਰੀ) ਨੂੰ ਮਾਣ ਹੈ ਕਿ ਉਸਨੇ ਇੱਕ ਸਦੀ ਤੋਂ ਵੀ ਘੱਟ ਸਮੇਂ ਵਿੱਚ ਪੰਜ (ਮਾਰਕਸ, ਏਂਗਲਜ਼, ਲੈਨਿਨ, ਸਤਾਲਿਨ, ਮਾਓ) ਅਜਿਹੀਆਂ ਪ੍ਰਤਿਭਾਵਾਂ ਨੂੰ ਜਨਮ ਦਿੱਤਾ। ਲੈਨਿਨ ਇੱਕ ਮਹਾਂ ਮਨੁੱਖ ਸਨ ਜਿਨ੍ਹਾਂ ਨੇ ਨਾ ਸਿਰਫ ਮਜ਼ਦੂਰ ਜਮਾਤ ਦੀ ਮੁਕਤੀ ਦੇ ਵਿਗਿਆਨ ਮਾਰਕਸਵਾਦ ਨੂੰ ਹੀ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ, ਸਗੋਂ ਇੱਕ ਕਾਮਯਾਬ ਮਜ਼ਦੂਰ ਇਨਕਲਾਬ ਦੀ ਅਗਵਾਈ ਵੀ ਕੀਤੀ। ਲ..ੈਨਿਨ ਦਾ ਸਮੁੱਚਾ ਜੀਵਨ ਹੀ ਸੰਸਾਰ ਮਜ਼ਦੂਰ ਜਮਾਤ ਦੀ ਮੁਕਤੀ ਨੂੰ ਸਮਰਪਿਤ ਸੀ। ਕਿਸ਼ੋਰ ਉਮਰੇ ਉਹਨਾਂ ਇਨਕਲਾਬ ਦੇ ਬਿਖੜੇ, ਕੰਡਿਆਲੇ ਮਾਰਗ 'ਤੇ ਪੈਰ ਧਰਿਆ ਤਾਂ ਸਾਰੀ ਉਮਰ ਇਸ ਰਾਹ ਉੱਪਰ ਅਡੋਲ, ਅਡਿੱਗ ਰਹੇ। ਅੰਤਮ ਸਾਹਾਂ ਤੱਕ ਉਹ ਸੰਸਾਰ ਮਜ਼ਦੂਰ ਜਮਾਤ ਦੀ ਮੁਕਤੀ ਲਈ ਜੂਝਦੇ ਰਹੇ। ਮਹਾਨ ਲੈਨਿਨ ਦੀਆਂ ਸੰਸਾਰ ਮਜ਼ਦੂਰ ਲਹਿਰ ਨੂੰ ਜੋ ਦੇਣਾਂ ਹਨ ਉਹਨਾਂ ਦੀ ਅਣਦੇਖੀ ਕਰਕੇ ਕਿਧਰੇ ਵੀ ਮਜ਼ਦੂਰ ਲਹਿਰ ਆਪਣੀ ਮੁਕਤੀ ਦੀ ਦਿਸ਼ਾ 'ਚ ਇੱਕ ਕਦਮ ਵੀ ਨਹੀਂ ਪੁੱਟ ਸਕਦੀ।



ਲੈਨਿਨ ਦੀਆਂ ਸੰਸਾਰ ਮਜ਼ਦੂਰ ਲਹਿਰ ਨੂੰ ਦੇਣਾਂ ਇੱਕ ਵੱਡ ਅਕਾਰੀ ਲੇਖ ਦਾ ਵਿਸ਼ਾ ਹਨ। ਪਰ ਸੰਖੇਪ 'ਚ ਇੱਥੇ ਲੈਨਿਨ ਦੀਆਂ ਦੋ ਸਭ ਤੋਂ ਮਹੱਤਵਪੂਰਨ ਦੇਣਾਂ ਦੀ ਗੱਲ ਕੀਤੀ ਜਾ ਸਕਦੀ ਹੈ—

1.) ਲੈਨਿਨ ਨੇ ਸਰਮਾਏਦਾਰੀ ਦੇ ਸਾਮਰਾਜੀ ਪੜਾਅ ਦਾ ਮਾਰਕਸਵਾਦੀ ਵਿਸ਼ਲੇਸ਼ਣ ਪੇਸ਼ ਕੀਤਾ ਅਤੇ ਇਸ ਵਿਰੁੱਧ ਲੜਨ ਲਈ ਮਜ਼ਦੂਰ ਲਹਿਰ ਦੀ ਯੁੱਧਨੀਤੀ ਅਤੇ ਦਾਅਪੇਚ ਘੜੇ। ਸਾਮਰਾਜ ਦੇ ਲੈਨਿਨੀ ਸਿਧਾਂਤ ਬਿਨਾਂ ਅੱਜ ਦੀ ਦੁਨੀਆਂ ਨੂੰ ਬਦਲਨਾ ਤਾਂ ਦੂਰ ਦੀ ਗੱਲ ਹੈ, ਇਸਨੂੰ ਸਮਝਿਆ ਵੀ ਨਹੀਂ ਜਾ ਸਕਦਾ।

2.) ਲੈਨਿਨ ਨੇ ਸੰਸਾਰ ਮਜ਼ਦੂਰ ਲਹਿਰ ਨੂੰ ਸਿਖਾਇਆ ਕਿ ਸਰਮਾਏਦਾਰਾ ਸਾਮਰਾਜੀ ਪ੍ਰਬੰਧ ਨੂੰ ਉਲਟਾਉਣ ਲਈ ਉਸ ਨੂੰ ਕਿਹੋ ਜਿਹੀ ਜਥੇਬੰਦੀ ਦੀ ਲੋੜ ਹੈ। ਲੈਨਿਨ ਨੇ ਸਿਖਾਇਆ ਕਿ ਮਜ਼ਦੂਰ ਜਮਾਤ ਨੂੰ ਆਪਣੀ ਮੁਕਤੀ ਲਈ ਅਜਿਹੀ ਕੇਂਦਰੀਕ੍ਰਿਤ ਢਾਂਚੇ ਵਾਲ਼ੀ, ਲੋਹ ਅਨੁਸ਼ਾਸ਼ਨ 'ਚ ਬੱਝੀ ਹੋਈ ਕਮਿਊਨਿਸਟ ਪਾਰਟੀ ਦੀ ਲੋੜ ਹੈ ਜਿਸਦੀ ਗੀੜ੍ਹ ਦੀ ਹੱਡੀ ਅਜਿਹੇ ਲੋਕ ਹੋਣ ਜੋ ਇਨਕਲਾਬੀ ਸਰਗਰਮੀ ਨੂੰ ਹੀ ਆਪਣਾ ਪੇਸ਼ਾ ਬਣਾ ਲੈਣ (ਪੇਸ਼ੇਵਰ ਇਨਕਲਾਬੀ)। ਲੈਨਿਨ ਨੇ ਇਹ ਵੀ ਸਿਖਾਇਆ ਕਿ ਇਹ ਪਾਰਟੀ ਕੋਈ ਫਿਰਕੇ ਵਾਂਗ ਨਹੀਂ ਹੋਣੀ ਚਾਹੀਦੀ, ਸਗੋਂ ਵਿਸ਼ਾਲ ਕਿਰਤੀ ਲੋਕਾਈ, ਪਹਿਲ ਪ੍ਰਿਥਮੇ ਇਸਦੇ ਸਭ ਤੋਂ ਉੱਨਤ ਹਿੱਸਿਆਂ — ਸੱਨਅਤੀ ਮਜ਼ਦੂਰਾਂ — ਨਾਲ਼ ਨੇੜਿਓਂ ਜੁੜੀ ਹੋਣੀ ਚਾਹੀਦੀ ਹੈ। ਸੰਸਾਰ ਮਜ਼ਦੂਰ ਲਹਿਰ ਮਹਾਨ ਲੈਨਿਨ ਦੀਆਂ ਇਹਨਾਂ (ਅਤੇ ਹੋਰ ਅਨੇਕਾਂ) ਦੇਣਾਂ ਨੂੰ ਆਤਮਸਾਤ ਕਰਕੇ ਹੀ ਆਪਣੀ ਮੁਕਤੀ ਦੀ ਦਿਸ਼ਾ 'ਚ ਵਧ ਸਕਦੀ ਹੈ।

# ਬਿਨਾਂ ਗੋਲੀ ਚਲਾਏ ਪੁਲਿਸ ਨੇ ਕਿਵੇਂ ਕਾਬੂ ਕੀਤਾ ਟੋਰਾਂਟੋ ਹਮਲਾਵਰ ?



## ਕੈਨੇਡਾ ਟੋਰਾਂਟੋ ਵੈਨ ਹਮਲਾ: 'ਰਾਹ 'ਚ ਜੋ ਵੀ ਆਇਆ ਉਸਨੇ ਦਰੜ ਦਿੱਤਾ'



ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿੱਚ ਇੱਕ ਸ਼ਖ਼ਸ ਨੇ ਵੈਨ ਨਾਲ ਪੈਦਲ ਜਾ ਰਹੇ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਇਆ। ਇਸ ਘਟਨਾ ਵਿੱਚ 10 ਲੋਕਾਂ ਦੀ ਮੌਤ ਹੋ ਗਈ ਹੈ ਅਤੇ 15 ਹੋਰ ਜ਼ਖਮੀ ਹੋ ਗਏ ਹਨ।

ਪੁਲਿਸ ਦਾ ਕਹਿਣਾ ਹੈ ਕਿ ਇੱਕ ਭੀੜ-ਭਾੜ ਵਾਲੇ ਚੌਰਾਹੇ 'ਤੇ ਇਹ ਘਟਨਾ ਹੋਈ ਹੈ ਅਤੇ ਡਰਾਈਵਰ ਘਟਨਾ ਵਾਲੀ ਥਾਂ ਤੋਂ ਫਰਾਰ ਹੋ ਗਿਆ ਸੀ ਹਾਲਾਂਕਿ ਬਾਅਦ ਵਿੱਚ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਹਿਰਾਸਤ ਵਿੱਚ ਲਏ ਗਏ ਸ਼ਖਸ ਦੀ ਪਛਾਣ 25 ਸਾਲਾ ਐਲੇਕ ਮਿਨੈਸ਼ੀਅਨ ਵਜੋਂ ਹੋਈ ਹੈ।

ਟੋਰਾਂਟੋ ਦੇ ਪੁਲਿਸ ਮੁਖੀ ਮਾਰਕ ਸੌਂਡਰਜ਼ ਦਾ ਕਹਿਣੈ ਹੈ, "ਇਹ ਲਗਦਾ ਹੈ ਕਿ ਘਟਨਾ ਨੂੰ ਜਾਣ ਬੁਝ ਕੇ ਅੰਜਾਮ ਦਿੱਤਾ ਗਿਆ ਹੈ, ਪਰ ਇਹ ਕਹਿਣਾ ਹਾਲੇ ਮੁਸ਼ਕਿਲ ਹੈ ਕਿ ਇਸ ਕਾਰਨ ਦੇਸ ਦੀ ਸੁਰੱਖਿਆ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਗਈ ਸੀ।"

ਕੈਨੇਡਾ ਦੇ ਟੀਵੀ ਚੈਨਲ ਗਲੋਬਲ ਨਿਊਜ਼ ਨੂੰ ਟੋਰਾਂਟੋ ਪੁਲਿਸ ਦੇ ਬੁਲਾਰੇ ਗੈਰੀ ਲਾਂਗ ਨੇ ਕਿਹਾ, "ਅਜਿਹੀਆਂ ਖ਼ਬਰਾਂ ਸਨ ਕਿ ਇੱਕ ਚਿੱਟੀ ਵੈਨ ਦੱਖਣ ਵੱਲ ਯੋਂਗ ਅਤੇ ਫਿੰਚ ਵੱਲ ਫੁੱਟਪਾਥ ਤੇ ਚੜ੍ਹ ਗਈ। ਅੱਠ ਤੋਂ 10 ਲੋਕ ਲਪੇਟ ਵਿੱਚ ਆਏ ਹਨ।"

**ਟਰੂਡੋ ਦੀ ਹਾਲਾਤ 'ਤੇ ਨਜ਼ਰ**

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੂ ਨੇ ਪੱਤਰਕਾਰਾਂ ਨੂੰ ਕਿਹਾ ਹੈ, "ਜ਼ਾਹਿਰ ਹੈ ਟੋਰਾਂਟੋ ਦੀ ਹਾਲਤ ਦਾ ਅਸੀਂ ਜਾਇਜ਼ਾ ਲੈ ਰਹੇ ਹਾਂ। ਜੋ ਵੀ ਪ੍ਰਭਾਵਿਤ ਹੋਏ ਹਨ ਸਾਡੀਆਂ ਦੁਆਵਾਂ ਉਨ੍ਹਾਂ ਦੇ ਨਾਲ ਹਨ। ਅਸੀਂ ਸਪੱਸ਼ਟ ਤੌਰ 'ਤੇ ਕੁਝ ਹੋਰ ਸਮੇਂ ਵਿੱਚ ਹਾਲਾਤ ਜਾਣਾਂਗੇ ਅਤੇ ਦੱਸਾਂਗੇ।"

**ਪ੍ਰਤੱਖਦਰਸ਼ੀਆਂ ਨੇ ਜੋ ਦੇਖਿਆ...**

ਯੋਂਗ ਸਟਰੀਟ 'ਤੇ ਵੀਡੀਓ ਦੀ ਦੁਕਾਨ ਚਲਾਉਣ ਵਾਲੇ ਰੇਜ਼ਾ ਹਸ਼ੇਮੀ ਨੇ ਬੀਬੀਸੀ ਨੂੰ ਦੱਸਿਆ ਕਿ ਮੈਂ ਸੜਕ ਦੇ ਉਸ ਪਾਸੇ ਲੋਕਾਂ ਦੇ ਚੀਕਣ ਦੀਆਂ ਆਵਾਜ਼ਾ ਸੁਣੀਆਂ। ਹਸ਼ੇਮੀ ਨੇ ਦੱਸਿਆ ਕਿ ਡਰਾਈਵਰ ਨੇ ਪਹਿਲਾਂ ਵੈਨ ਫੁਟਪਾਥ 'ਤੇ ਚੜ੍ਹਾਈ ਅਤੇ ਇਸ ਤੋਂ ਬਾਅਦ ਪੈਦਲ ਮੁਸਾਫਿਰਾਂ 'ਤੇ ਚੜ੍ਹਾ ਦਿੱਤੀ ਅਤੇ ਫਿਰ ਵੈਨ ਨੂੰ ਸੜਕ 'ਤੇ ਲੈ ਆਇਆ।

ਇੱਕ ਹੋਰ ਪ੍ਰਤੱਖਦਰਸ਼ੀ ਨੇ ਸਿਟੀ ਨਿਊਜ਼ ਨੂੰ ਦੱਸਿਆ, "ਰਾਹ ਵਿੱਚ ਜੋ ਵੀ ਆ ਰਿਹਾ ਸੀ ਡਰਾਈਵਰ ਉਸ ਨੂੰ ਦਰੜਦਾ ਜਾ ਰਿਹਾ ਸੀ। ਲੋਕਾਂ, ਫਾਈਰ ਪੰਪ, ਮੇਲ ਬਾਕਸ ਹਰ ਚੀਜ਼ 'ਤੇ ਗੱਡੀ ਚੜ੍ਹਾ ਰਿਹਾ ਸੀ।" "ਮੈਂ 6-7 ਲੋਕਾਂ ਨੂੰ ਗੱਡੀ ਵੱਲੋਂ ਟੱਕਰ ਮਾਰਦੇ ਦੇਖਿਆ ਜੋ ਹਵਾ ਵਿੱਚ ਉੱਡੇ ਅਤੇ ਸੜਕ 'ਤੇ ਡਿੱਗ ਕੇ ਉਨ੍ਹਾਂ ਦੀ ਮੌਤ ਹੋ ਗਈ।"

ਇਹ ਘਟਨਾ ਯੋਂਗ ਸਟਰੀਟ ਅਤੇ ਫਿੰਚ ਐਵੇਨਿਊ ਵਿੱਚ ਸੋਮਵਾਰ ਨੂੰ ਸਥਾਨਕ ਸਮੇਂ ਮੁਤਾਬਕ ਦੁਪਹਿਰ ਡੇਢ ਵਜੇ ਹੋਈ।

ਪੁਲਿਸ ਨੇ ਲੋਕਾਂ ਨੂੰ ਇਸ ਇਲਾਕੇ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ।

ਨਾਂ ਗੋਲੀ ਚਲਾਏ ਪੁਲਿਸ ਅਧਿਕਾਰੀ ਨੇ ਕਿਵੇਂ ਫੜ੍ਹਿਆ ਟੋਰਾਂਟੋ ਹਮਲਾਵਰ ?

ਕੈਨੇਡਾ ਦੇ ਟੋਰਾਂਟੋ ਵਿੱਚ ਪੈਦਲ ਚੱਲਣ ਵਾਲੇ ਲੋਕਾਂ ਨੂੰ ਗੱਡੀ ਨਾਲ ਦਰੜਨ ਵਾਲੇ ਸ਼ੱਕੀ ਨੂੰ ਬਿਨਾਂ ਗੋਲੀ ਚਲਾਏ ਹਿਰਾਸਤ ਵਿੱਚ ਲੈਣ ਵਾਲੇ ਪੁਲਿਸ ਅਫ਼ਸਰ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਸ਼ੱਕੀ ਐਲੇਕ ਮਿਨਾਸੀਅਨ ਪੁਲਿਸ ਅਧਿਕਾਰੀ ਵੱਲ ਬੰਦੂਕ ਕਰਕੇ ਚੀਕ ਰਿਹਾ ਹੈ, "ਮੈਨੂੰ ਮਾਰ ਦਿਉ"।

ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਪੁਲਿਸ ਅਧਿਕਾਰੀ ਵੱਲੋਂ ਹਿਰਾਸਤ ਵਿੱਚ ਲੈਂਦੇ ਹੋਏ ਐਲੇਕ ਮਿਨਾਸੀਅਨ ਲੰਮਾ ਪੈ ਜਾਂਦਾ ਹੈ।

ਮੀਡੀਆ ਪਲੇਬੈਕ ਤੁਹਾਡੀ ਡਿਵਾਈਸ 'ਤੇ ਸਪੋਰਟ ਨਹੀਂ ਕਰਦਾ

ਬਿਨਾਂ ਗੋਲੀ ਚਲਾਏ ਪੁਲਿਸ ਨੇ ਕਿਵੇਂ ਕਾਬੂ ਕੀਤਾ ਟੋਰਾਂਟੋ

ਕੈਨੇਡਾ ਪੁਲਿਸ ਨੇ ਕਿਉਂ ਨਹੀਂ ਮਾਰਿਆ ?

ਉੱਤਰੀ ਅਮਰੀਕਾ ਵਿੱਚ ਲੋਕ ਸਵਾਲ ਖੜ੍ਹੇ ਕਰ ਰਹੇ ਹਨ ਕਿ ਪੁਲਿਸ ਗੋਲੀਬਾਰੀ ਦੌਰਾਨ ਸ਼ੱਕੀ ਨੂੰ ਕਤਲ ਕਿਉਂ ਨਹੀਂ ਕੀਤਾ ਗਿਆ।

ਇਹ ਅਮਰੀਕੀ ਪੁਲਿਸ ਦੀ ਕਾਰਵਾਈ ਤੋਂ ਬਿਲਕੁਲ ਉਲਟ ਹੈ ਜਿੱਥੇ ਪੁਲਿਸ ਨੇ ਨਿਹੱਥੇ ਲੋਕਾਂ ਨੂੰ ਗੋਲੀ ਮਾਰ ਕੇ ਮਾਰ ਮੁਕਾਇਆ ਹੈ।

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿੱਚ ਸੀਮੋਨ ਫਰੇਜ਼ਰ ਯੂਨੀਵਰਸਿਟੀ ਦੇ ਕ੍ਰਿਮਿਨੋਲਾਜਿਸਟ ਰਿਕ ਪੇਰੰਟ ਦਾ ਕਹਿਣਾ ਹੈ, "ਸਰਵੇਖਣ ਦੱਸਦੇ ਹਨ ਕਿ ਕੈਨੇਡਾ ਦੀ ਪੁਲਿਸ ਕਾਤਲਾਨਾਂ ਪੁਲਿਸ ਬਲ ਦੇ ਖਿਲਾਫ਼ ਹੈ।"

"ਪੁਲਿਸ ਸ਼ੂਟਿੰਗ ਡਾਟਾ ਦੇਖੀਏ ਤਾਂ ਪਤਾ ਲਗਦਾ ਹੈ ਕਿ ਅਮਰੀਕੀ ਪੁਲਿਸ ਦੇ ਮੁਕਾਬਲੇ ਕੈਨੇਡਾ ਦੀ ਪੁਲਿਸ ਗੋਲੀਬਾਰੀ ਦੀ ਘੱਟ ਵਰਤੋਂ ਕਰਦੀ ਹੈ। ਹਾਲਾਂਕਿ ਅਮਰੀਕੀ ਪੁਲਿਸ ਅਫ਼ਸਰਾਂ ਵਾਂਗ ਉਹ ਆਮ ਲੋਕਾਂ ਦੀ ਰੱਖਿਆ ਲਈ ਕਈ ਖਤਰੇ ਮੋਲ ਲੈਂਦੇ ਹਨ।"

ਇੱਕ ਅਮਰੀਕੀ ਮਾਹਿਰ ਨੇ ਬੀਬੀਸੀ ਨੂੰ ਦੱਸਿਆ ਕਿ ਸ਼ੱਕੀ ਜਿਸ ਚੀਜ਼ ਨਾਲ ਨਿਸ਼ਾਨਾ ਸਾਧ ਰਿਹਾ ਸੀ ਜੇ ਉਹ ਬੰਦੂਕ ਹੁੰਦੀ ਤਾਂ ਅਫ਼ਸਰ ਦਾ 'ਫਰਜ਼' ਸੀ ਕਿ ਉਹ ਸ਼ੱਕੀ ਨੂੰ ਗੋਲੀ ਮਾਰੇ।

ਟੋਰਾਂਟੋ ਪੁਲਿਸ ਮੁਖੀ ਮਾਰਕ ਸਾਂਡਰਜ਼ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਿਸ ਅਫ਼ਸਰਾਂ ਨੇ 'ਮਾਹੌਲ' ਨੂੰ ਸਮਝ ਕੇ 'ਬਹੁਤ ਵਧੀਆ' ਕੰਮ ਕੀਤਾ ਹੈ ਅਤੇ 'ਸ਼ਾਂਤ ਹੱਲ' ਲੱਭਿਆ ਹੈ।

ਉਨ੍ਹਾਂ ਕਿਹਾ, "ਕਿਸੇ ਵੀ ਹਾਲਤ ਵਿੱਚ ਪੁਲਿਸ ਨੂੰ ਘੱਟ-ਤੋਂ-ਘੱਟ ਪੁਲਿਸ ਬਲ ਦਾ ਇਸਤੇਮਾਲ ਕਰਨ ਲਈ ਸਿਖਾਇਆ ਜਾਂਦਾ ਹੈ।"

ਟੋਰਾਂਟੋ ਪੁਲਿਸ ਐਸੋਸੀਏਸ਼ਨ ਦੇ ਮੁਖੀ ਮਾਈਕ ਮੈਕੌਰਮੈਕ ਨੇ ਗਲੋਬ ਐਂਡ ਮੇਲ ਅਖ਼ਬਾਰ ਨੂੰ ਦੱਸਿਆ ਕਿ ਅਫ਼ਸਰ ਇੱਕ 'ਹੀਰੋ' ਸੀ।

"ਇਸ ਅਫ਼ਸਰ ਨੇ ਮੌਕੇ ਨੂੰ ਦੇਖਿਆ ਕੀ ਹੋ ਰਿਹਾ ਸੀ ਅਤੇ ਉਸ ਨੂੰ ਯਕੀਨ ਸੀ ਕਿ ਉਹ ਹਾਲਾਤ ਤੇ ਕਾਬੂ ਪਾ ਸਕਦਾ ਹੈ।"

ਉਨ੍ਹਾਂ ਦੱਸਿਆ ਕਿ ਉਸ ਅਫਸਰ ਨੇ ਮੈਨੂੰ ਕਿਹਾ ਸੀ, "ਮੈਂ ਸਿਰਫ਼ ਆਪਣਾ ਕੰਮ ਕੀਤਾ ਹੈ। ਇਹ ਕੋਈ ਵੱਡਾ ਕਾਰਨਾਮਾ ਨਹੀਂ ਸੀ, ਪਰ ਇਨ੍ਹਾਂ ਲੋਕਾਂ ਨੂੰ ਦੇਖੋ।"

## Justice for Asifa Victims of Kathua and Unnao held peace on Sunday 22, 2018 in Toronto



At Toronto this Sunday 22 April, a group of Indo Canadians gathered at Dundas Square before rallying to Indian Consulate in solidarity with Asifa, Unnao victim and other victims of rapes and hate crimes in India. The gruesome rape and murder of eight years old girl IN CHILLING KASHMIR, it is used as a political tool to instill fears among the minority

# ਕਠੂਆ: ਆਖਿਰ ਕੌਣ ਹਨ ਬਕਰਵਾਲ?









**ਮੋਹਿਤ ਕੰਧਾਰੀ ਜੰਮੂ**

ਜਦੋਂ ਦਾ ਕਠੂਆ ਰੇਪ ਅਤੇ ਹੱਤਿਆ ਦਾ ਮਾਮਲਾ ਭਖਿਆ ਹੈ ਜੰਮੂ-ਕਸ਼ਮੀਰ ਦੇ ਮੈਦਾਨੀ ਇਲਾਕਿਆਂ ਵਿੱਚ ਰਹਿਣ ਵਾਲੇ ਬਕਰਵਾਲ ਭਾਈਚਾਰੇ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮੰਨ ਰਹੇ ਹਨ।

ਉਨ੍ਹਾਂ ਨੂੰ ਲਗਾਤਾਰ ਇਸ ਗੱਲ ਦਾ ਡਰ ਸਤਾ ਰਿਹਾ ਹੈ ਕਿ ਕਿਤੇ ਕੋਈ ਅਣਸੁਖਾਵੀ ਘਟਨਾ ਨਾ ਵਾਪਰ ਜਾਵੇ ਅਤੇ ਉਨ੍ਹਾਂ ਨੂੰ ਇਸ ਦਾ ਖਾਮਿਆਜ਼ਾ ਨਾ ਭੁਗਤਨਾ ਪੈ ਜਾਵੇ।

ਜ਼ਮੀਨੀ ਹਾਲਾਤ ਨੂੰ ਦੇਖਦੇ ਹੋਏ ਅਤੇ ਲਗਾਤਾਰ ਪਾਰਾ ਚੜਨ ਕਾਰਨ ਇਸ ਸਾਲ ਉਨ੍ਹਾਂ ਨੇ ਸਮੇਂ ਤੋਂ ਪਹਿਲਾਂ ਹੀ ਜੰਮੂ ਛੱਡ ਠੰਢੇ ਇਲਾਕੇ ਵਿੱਚ ਜਾਣ ਦਾ ਫੈਸਲਾ ਕਰ ਲਿਆ ਹੈ।

ਅਜਿਹਾ ਕਰਨਾ ਉਨ੍ਹਾਂ ਲਈ ਜਰੂਰੀ ਸੀ ਕਿਉਂਕਿ ਮੀਂਹ ਦੇ ਇੰਤਜ਼ਾਰ ਵਿੱਚ ਉਨ੍ਹਾਂ ਦੇ ਮਾਲ-ਮਵੇਸ਼ੀਆਂ ਲਈ ਪਾਣੀ ਅਤੇ ਚਾਰੇ ਦਾ ਇੰਤਜ਼ਾਮ ਕਰਨਾ ਮੁਸ਼ਕਲ ਹੋ ਰਿਹਾ ਸੀ।

8 ਸਾਲ ਦੀ ਮਾਸੂਮ ਬੱਚੀ ਦੇ ਪਰਿਵਾਰ ਦੇ ਮੈਂਬਰ ਵੀ ਕਠੂਆ ਦੇ ਰਸਾਨਾ ਪਿੰਡ 'ਚ ਆਪਣੇ ਘਰ ਨੂੰ ਤਾਲਾ ਲਾ ਕੇ ਮਾਲ ਮਵੇਸ਼ੀਆਂ ਨਾਲ ਅਗਲੇ ਪੜਾਅ ਲਈ ਵਧ ਗਏ ਹਨ।

ਉਨ੍ਹਾਂ ਦੇ ਨਾਲ ਨਾਲ ਬਾਕੀ ਇਲਾਕਿਆਂ ਵਿੱਚ ਡੇਰਾ ਲਾਏ ਅਜਿਹੇ ਸੈਂਕੜੇ ਗੁੱਜਰ ਬਕਰਵਾਲ ਪਰਿਵਾਰ ਇਸ ਵੇਲੇ ਜੰਮੂ ਦੇ ਮੈਦਾਨੀ ਇਲਾਕਿਆਂ ਤੋਂ ਕਸ਼ਮੀਰ ਅਤੇ ਦੂਜੇ ਪਹਾੜੀ ਇਲਕਾਇਆਂ ਵੱਲ ਰਵਾਨਾ ਹੋ ਰਹੇ ਹਨ।

ਗਰਮੀਆਂ ਦੇ ਦਿਨ ਕੱਟ ਕੇ ਲੋਕ ਨਵੰਬਰ ਮਹੀਨੇ ਵਿੱਚ ਵਾਪਸ ਮੈਦਾਨੀ ਇਲਾਕਿਆਂ ਵਿੱਚ ਆ ਜਾਂਦੇ ਹਨ।

ਉਪਰੀ ਇਲਾਕਿਆਂ ਵਿੱਚ ਬਰਫ਼ ਪੈਣ ਨਾਲ ਹੀ ਇਹ ਆਪਣਾ ਡੇਰਾ ਬਦਲ ਲੈਂਦੇ ਹਨ।

ਜੰਮੂ-ਕਸ਼ਮੀਰ ਨੈਸ਼ਨਲ ਹਾਈਵੇਅ 'ਤੇ ਥਾਂ ਥਾਂ ਇਹ ਲੋਕ ਆਪਣੇ ਮਾਲ ਮਵੇਸ਼ੀਆਂ ਨਾਲ ਤੁਰਦੇ ਦਿਖਣਗੇ।

ਕੁਝ ਲੋਕ ਸੜਕ ਮਾਰਗ ਛੱਡ ਕੇ ਸਿੱਧਾ ਪਹਾੜੀ ਰਸਤਿਆਂ ਰਾਹੀਂ ਆਪਣੀ ਮੰਜ਼ਿਲ ਦਾ ਰਸਤਾ ਤੈਅ ਕਰਦੇ ਹਨ।

ਜਿੱਥੇ ਕਿਤੇ ਰੁਕਣ ਦੀ ਥਾਂ ਮਿਲਦੀ ਹੈ, ਕੁਝ ਸਮੇਂ ਲਈ ਇਹ ਲੋਕ ਉੱਥੇ ਹੀ ਆਪਣਾ ਡੇਰਾ ਜਮਾ ਲੈਂਦੇ ਹਨ।

ਕੁਝ ਦੇਰ ਆਰਾਮ ਕਰਕੇ ਆਪਣੇ ਮਾਲ ਮਵਸ਼ੀਆਂ ਨੂੰ ਪਾਣੀ ਪਿਆ ਕਿ ਫੇਰ ਅੱਗੇ ਤੁਰ ਪੈਂਦੇ ਹਨ।

ਉਨ੍ਹਾਂ ਦੇ ਜੀਵਨ ਦਾ ਚੱਕਰ ਇਸ ਤਰ੍ਹਾਂ ਹੀ ਲਗਾਤਾਰ ਚਲਦਾ ਰਹਿੰਦਾ ਹੈ, ਕਦੇ ਰੁਕਦਾ ਨਹੀਂ।

**ਆਖ਼ਿਰ ਬਕਰਵਾਲ ਹੈ ਕੌਣ ?**

ਬੁਨਿਆਦੀ ਤੌਰ 'ਤੇ ਗੁੱਜਰ ਸਮਾਜ ਦੇ ਇੱਕ ਵੱਡੇ ਅਤੇ ਰਸੂਕਦਾਰ ਤਬਕੇ ਨੂੰ 'ਬਕਰਵਾਲ' ਕਿਹਾ ਜਾਂਦਾ ਹੈ।

ਉਨ੍ਹਾਂ ਨੂੰ ਇਹ ਨਾਮ ਕਸ਼ਮੀਰੀ ਬੋਲਣ ਵਾਲੇ ਵਿਦਵਾਨਾਂ ਨੇ ਦਿੱਤਾ ਹੈ। ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਗੁੱਜਰ ਭਾਈਚਾਰੇ ਦੇ ਲੋਕਾਂ ਦਾ ਦੂਜਾ ਨਾਮ ਬਕਰਵਾਲ ਵੀ ਹੈ।

ਬਕਰਵਾਲ ਭਾਈਚਾਰੇ ਨਾਲ ਜੁੜੇ ਲੋਕਾਂ ਦੀ ਵੱਡੀ ਗਿਣਤੀ ਭੇਡ-ਬੱਕਰੀਆਂ ਚਰਾਉਣ ਦਾ ਕੰਮ ਕਰਦੀ ਹੈ।

ਅਜਿਹੇ ਬਹੁਤ ਸਾਰੇ ਨੇਤਾ ਹਨ ਜੋ ਬਕਰਵਾਲ ਹੁੰਦੇ ਹੋਏ ਵੀ ਆਪਣੇ ਆਪ ਨੂੰ ਗੁੱਜਰ ਨੇਤਾ ਕਹਾਉਣਾ ਪਸੰਦ ਕਰਦੇ ਹਨ।

ਇਨ੍ਹਾਂ ਵਿੱਚ ਕੁਝ ਲੋਕ ਹਨ ਜੋ ਥੋੜਾ ਪੜ੍ਹ ਲਿਖ ਗਏ ਹਨ ਅਤੇ ਲਗਾਤਾਰ ਇਸ ਕੋਸ਼ਿਸ਼ ਵਿੱਚ ਹਨ ਕਿ ਉਨ੍ਹਾਂ ਦੇ ਭਾਈਚਾਰੇ ਨਾਲ ਜੁੜੇ ਲੋਕ ਵੀ ਹੌਲੀ-ਹੌਲੀ ਹੀ ਸਹੀ ਆਪਣੇ ਕੰਮ ਕਾਜ ਠੀਕ ਢੰਗ ਨਾਲ ਚਲਾਉਣ ਲਈ ਥੋੜ੍ਹਾ ਬਹੁਤ ਪੜ੍ਹ ਲਿਖ ਜਾਣ ਅਤੇ ਦੁਨੀਆਂ ਦੀ ਖ਼ਬਰ ਰਖਣ।

ਆਜ਼ਾਦੀ ਦੇ 70 ਸਾਲ ਲੰਘਣ ਤੋਂ ਬਾਅਦ ਵੀ ਇਹ ਲੋਕ ਆਪਣਾ ਗੁਜ਼ਾਰਾ ਖੁੱਲ੍ਹੇ ਅਸਮਾਨ ਅਤੇ ਪਹਾੜੀ ਇਲਾਕਿਆਂ ਵਿੱਚ ਕਰਦੇ ਹਨ ਅਤੇ ਆਪਣੇ ਮਾਲ ਮਵੇਸ਼ੀਆਂ ਨਾਲ ਰਹਿੰਦੇ ਹਨ।

ਇੱਕ ਲੰਮੇ ਸਮੇਂ ਤੋਂ ਗੁੱਜਰ ਅਤੇ ਬਕਰਵਾਲਾਂ ਦੇ ਜੀਵਨ ਨਾਲ ਜੁੜੇ ਪਹਿਲੂਆਂ 'ਤੇ ਖੋਜ ਕਰ ਰਹੇ ਜਾਵੇਦ ਰਾਹੀ ਜੋ ਕਿ ਇੱਕ ਸਕੱਤਰ ਦੀ ਹੈਸੀਅਤ ਤੋਂ ਟ੍ਰਾਈਬਲ ਰਿਸਰਚ ਅਤੇ ਕਲਚਰਲ ਫਾਊਂਡੇਸ਼ਨ ਨਾਲ ਵੀ ਜੁੜੇ ਹਨ।

ਉਨ੍ਹਾਂ ਨੇ ਗੱਲਬਾਤ ਕਰਦਿਆਂ ਕਿਹਾ ਗੁੱਜਰ ਅਤੇ ਬਕਰਵਾਲ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

ਉਨ੍ਹਾਂ ਦੇ ਮੁਤਾਬਕ ਕੁਝ ਗੁਜਰ ਅਤੇ ਬਕਰਵਾਲ ਪੂਰੀ ਤਰ੍ਹਾਂ ਨਾਲ ਖਾਨਾਬਦੋਸ਼ ਹੁੰਦੇ ਹਨ, ਉਨ੍ਹਾਂ ਨੂੰ "FULLY NOMAD' ਕਿਹਾ ਜਾਂਦਾ ਹੈ।

ਇਹ ਲੋਕ ਸਿਰਫ਼ ਜੰਗਲਾਂ ਵਿੱਚ ਗੁੱਜਰ ਬਸਰ ਕਰਦੇ ਅਤੇ ਉਨ੍ਹਾਂ ਕੋਲ ਟਿਕਾਣਾ ਨਹੀਂ ਹੁੰਦਾ।

ਦੂਜੀ ਸ਼੍ਰੇਣੀ ਵਿੱਚ 'SEMI NOMAD' ਆਉਂਦੇ ਹਨ। ਜਾਵੇਦ ਰਾਹੀ ਮੁਤਾਬਕ ਇਹ ਉਹ ਲੋਕ ਹਨ, ਜਿਨ੍ਹਾਂ ਦੇ ਕੋਲ ਕਿਤੇ ਇੱਕ ਥਾਂ ਰਹਿਣ ਦਾ ਟਿਕਾਣਾ ਹੈ। ਉਹ ਆਲੇ-ਦੁਆਲੇ ਦੇ ਜੰਗਲਾਂ ਵਿੱਚ ਕੁਝ ਸਮੇਂ ਲਈ ਚਲੇ ਜਾਂਦੇ ਹਨ ਤੇ ਕੁਝ ਸਮਾਂ ਬਿਤਾ ਕੇ ਵਾਪਸ ਆਪਣੇ ਡੇਰੇ 'ਤੇ ਆ ਜਾਂਦੇ ਹਨ।

ਤੀਜੀ ਸ਼੍ਰੇਣੀ ਵਿੱਚ 'MIGRATORY NOMAD' ਆਉਂਦੇ ਹਨ ਜਿਨ੍ਹਾਂ ਕੋਲ ਪਹਾੜੀ ਇਲਾਕੇ ਵਿੱਚ ਧੋਕ ਮਜੂਦ ਹੈ ਅਤੇ ਇੱਥੇ ਮੈਦਾਨੀ ਇਲਾਕਿਆਂ ਵਿੱਚ ਵੀ ਰਹਿਣ ਦਾ ਟਿਕਾਣਾ ਹੈ।

ਗੁੱਜਰ ਅਤੇ ਬਕਰਵਾਲ ਹਿੰਦੁਸਤਾਨ ਵਿੱਚ 12 ਸੂਬਿਆਂ ਵਿੱਚ ਹਨ। ਇਸ ਤੋਂ ਇਲਾਵਾ ਇਹ ਕਬੀਲਾ ਵੱਡੀ ਗਿਣਤੀ ਵਿੱਚ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿੱਚ ਵੀ ਮੌਜੂਦ ਹੈ।

ਜਾਵੇਦ ਰਹੀ ਮੁਤਾਬਕ ਇਨ੍ਹਾਂ ਦੀ ਜ਼ੁਬਾਨ, ਇਨ੍ਹਾਂ ਦਾ ਲਿਬਾਸ, ਇਨ੍ਹਾਂ ਦਾ ਖ਼ਾਣ ਪਾਨ ਅਤੇ ਰਹਿਣ ਸਹਿਣ ਇਨ੍ਹਾਂ ਦੀ ਪਛਾਣ ਹੈ। ਇੰਨਾਂ ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਅੱਜ ਤੱਕ ਉਨ੍ਹਾਂ ਵਿੱਚ ਕੋਈ ਬਦਲਾਅ ਨਹੀਂ ਆਇਆ।

ਇਸ ਦਾ ਇੱਕ ਕਾਰਨ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਨਾਲ ਉਨ੍ਹਾਂ ਦਾ ਸਿੱਧਾ ਸੰਪਰਕ ਨਾ ਹੋਣਾ ਮੰਨਿਆ ਜਾਂਦਾ ਹੈ।

ਜਾਵੇਦ ਰਾਹੀ ਦੱਸਦੇ ਹਨ, "ਇੱਕ ਲੰਮੇ ਸੰਘਰਸ਼ ਤੋਂ ਬਾਅਦ 1991 ਵਿੱਚ ਬਕਰਵਾਲਾਂ ਨੂੰ ਟ੍ਰਾਈਬਸ ਦਾ ਸਟੇਟਸ ਮਿਲਿਆ ਹੈ।"

2011 ਦੀ ਮਰਦਸ਼ੁਮਾਰੀ ਮੁਤਾਬਕ ਰਿਆਸਤ ਜੰਮੂ-ਕਸ਼ਮੀਰ ਵਿੱਚ ਗੁੱਜਰ ਬਕਰਵਾਲ ਦੀ ਕੁਲ ਆਬਾਦੀ ਲਗਭਗ 12 ਲੱਖ ਦੇ ਕਰੀਬ ਹੈ ਜੋ ਕਿ ਰਿਆਸਤ ਦੀ ਜਨਸੰਖਿਆ ਦਾ 11 ਫੀਸਦ ਹਿੱਸਾ ਹੈ।

ਜਾਵੇਦ ਰਾਹੀ ਨੇ ਬੀਬੀਸੀ ਨਾਲ ਗੱਲਬਾਤ ਵਿੱਚ ਦੱਸਿਆ ਕਿ ਮਰਦਸ਼ੁਮਾਰੀ ਮੁਤਾਬਕ 9.80 ਲੱਖ ਗੁੱਜਰ ਅਤੇ 2.17 ਬਕਰਵਾਲ ਜੰਮੂ-ਕਸ਼ਮੀਰ ਵਿੱਚ ਰਹਿ ਰਹੇ ਹਨ।

ਜਾਵੇਦ ਰਾਹੀ ਕਹਿੰਦੇ ਹਨ, "ਇੱਹ ਅੰਕੜਾ ਵੀ ਸਟੀਕ ਨਹੀਂ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਜਿਸ ਵੇਲੇ ਅਧਿਕਾਰੀ ਜ਼ਮੀਨ 'ਤੇ ਇਸ ਕਾਰਵਾਈ ਨੂੰ ਅੰਜ਼ਾਮ ਦੇ ਰਹੇ ਸਨ ਉਸ ਵੇਲ ਵੱਡੀ ਗਿਣਤੀ ਵਿੱਚ ਬਕਰਵਾਲ ਲੋਕ ਆਪਣੀ ਧੋਕ ਵਿੱਚ ਸਨ ਅਤੇ ਕੁਝ ਖਾਨਾਬਦੋਸ਼ ਸਨ। ਇਸ ਕਾਰਨ ਗਿਣਤੀ ਠੀਕ ਢੰਗ ਨਾਲ ਨਹੀਂ ਹੋ ਸਕੀ।"

ਉਨ੍ਹਾਂ ਦੇ ਅੰਦਾਜ਼ੇ ਮੁਤਾਬਕ ਅਜਿਹੇ ਬਕਰਵਾਲ/ਗੁੱਜਰ ਲੋਕ ਕਰੀਬ 5-6 ਲੱਖ ਵਿਚਾਲੇ ਹਨ।"

**ਬਕਰਵਾਲਾਂ ਦੀ ਮਾਲੀ ਹਾਲਤ**

ਆਪਣੇ ਮਾਲ ਮਵੇਸ਼ੀਆਂ ਨੂੰ ਵੇਚ ਕੇ ਆਪਣਾ ਗੁਜ਼ਾਰਾ ਕਰਨ ਵਾਲੇ ਬਕਰਵਾਲ ਲੋਕ ਮੋਟੇ ਤੌਰ 'ਤੇ ਭੇਡ-ਬੱਕਰੀਆਂ, ਘੋੜੇ ਅਤੇ ਕੁੱਤਿਆਂ ਨੂੰ ਪਾਲਦੇ ਹਨ।

ਰਿਆਸਤ ਜੰਮੂ ਅਤੇ ਕਸ਼ਮੀਰ ਵਿੱਚ ਜੋ ਗੋਸ਼ਤ (ਮਟਨ) ਦੀ ਮੰਗ ਹੈ ਉਹ ਰਾਜਸਥਾਨ ਦੇ ਰਸਤੇ ਮੰਗਵਾਏ ਗਏ ਜਾਨਵਰਾਂ ਤੋਂ ਪੂਰੀ ਕੀਤੀ ਜਾਂਦੀ ਹੈ। ਰਿਆਸਤ ਵਿੱਚ ਵਸੇ ਗੁੱਜਰ-ਬਕਰਵਾਲ ਮੋਟੇ ਤੌਰ 'ਤੇ ਈਦ ਦੇ ਮੌਕੇ 'ਤੇ, ਤਿਓਹਾਰ ਵੇਲੇ ਅਤੇ ਪਾਰੰਪਰਿਕ ਰੀਤੀ ਰਿਵਾਜ਼ਾਂ ਵੇਲੇ ਸਥਾਨਕ ਲੋਕਾਂ ਦੀ ਮੰਗ ਪੂਰੀ ਕਰਦੇ ਹਨ।

ਜਾਵੇਦ ਰਾਹੀ ਮੁਤਾਬਕ ਅਜਿਹਾ ਇਸ ਲਈ ਹੈ ਕਿ ਬਕਰਵਾਲਾਂ ਕੋਲ ਜੋ ਮਾਲ ਮਵੇਸ਼ੀ ਹੁੰਦਾ ਹੈ, ਉਸ ਨੂੰ ਸਥਾਨਕ ਲੋਕ ਆਪਣੇ ਰਸੋਈ ਵਿੱਚ ਪਕਾਉਣਾ ਪਸੰਦ ਕਰਦੇ ਹਨ।

ਜਾਵੇਦ ਰਾਹੀ ਦੱਸਦੇ ਹਨ ਕਿ ਬਕਰਵਾਲ ਭਾਈਚਾਰੇ ਦੇ ਲੋਕ ਅੱਜ ਵੀ ਆਪਣੀ ਵਰਤੋਂ ਲਈ ਕੰਮ ਆਉਣ ਵਾਲੇ ਸਮਾਨ ਬਾਰਟਰ ਸਿਸਟਮ ਨਾਲ ਹੀ ਖਰੀਦਦੇ ਹਨ।

ਇਨ੍ਹਾਂ ਲੋਕਾਂ ਦੇ ਬੈਂਕ ਖਾਤੇ ਨਹੀਂ ਹੁੰਦੇ ਅਤੇ ਨਾ ਹੀ ਬੈਂਕਿੰਗ ਸਿਸਟਮ ਵਿੱਤ ਇਨ੍ਹਾਂ ਦੇ ਭਾਈਚਾਰੇ ਲੋਕਾਂ ਨੂੰ ਵਿਸ਼ਵਾਸ ਹੁੰਦਾ ਹੈ।

ਉਨ੍ਹਾਂ ਮੁਤਾਬਕ ਇੱਕ ਲੰਮੇ ਸਮੇਂ ਤੋਂ ਉਨ੍ਹਾਂ ਦੀ ਇਹ ਮੰਗ ਰਹੀ ਹੈ ਕਿ ਲੋੜ ਮੁਤਾਬਕ ਉਨ੍ਹਾਂ ਨੂੰ 'ਫੂਡ ਸਿਕਿਓਰਿਟੀ' ਦਿੱਤੀ ਜਾਵੇ ਪਰ ਸਰਕਾਰ ਅਜੇ ਤੱਰ ਕੋਈ ਠੋਸ ਪਾਲਿਸੀ ਨਹੀਂ ਬਣਾ ਸਕੀ ਜਿਸ ਨਾਲ ਉਨ੍ਹਾਂ ਦੀ ਇਹ ਮੰਗ ਪੂਰੀ ਕੀਤੀ ਜਾ ਸਕੇ।

ਜਾਵੇਦ ਰਾਹੀ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਨੇ ਸਰਕਾਰ ਨੂੰ ਇਸ ਦੀ ਸਿਫ਼ਾਰਿਸ਼ ਵੀ ਕੀਤੀ ਪਰ ਅਜੇ ਤੱਕ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਹੈ।

ਉਨ੍ਹਾਂ ਦਾ ਕਹਿਣਾ ਹੈ, "ਸਰਕਾਰ ਅਜੇ ਤੱਕ ਇਸ ਗੱਲ ਨੂੰ ਸਮਝ ਨਹੀਂ ਸਕੀ ਕਿ ਇਹ ਲੋਕ ਇੱਕ ਥਾਂ ਨਹੀਂ ਵਸੇ ਹੋਏ। ਜੇਕਰ ਸਰਕਾਰ ਨੂੰ ਇਨ੍ਹਾਂ ਦੀ ਮਦਦ ਕਰਨੀ ਹੈ ਤਾਂ ਕੋਈ ਅਨੋਖੀ ਸਕੀਮ ਬਣਾਉਣੀ ਪਵੇਗੀ ਜਿਸ ਵਿੱਚ ਇਨ੍ਹਾਂ ਦੀ ਮਦਦ ਕਰਨ ਵਾਲਾ ਮੋਬਾਈਲ ਰਹੇ ਪਰ ਅੱਜ ਤੱਕ ਅਜਿਹਾ ਨਹੀਂ ਹੋ ਸਕਿਆ ਹੈ।"

**ਸਮਾਜਕ ਸੁਰੱਖਿਆ ਅਤੇ ਸਿਹਤ**

ਬਕਰਵਾਲ ਭਾਈਚਾਰੇ ਦੇ ਲੋਕ ਅੱਜ ਵੀ ਗਿਣਤੀ ਵਿੱਚ ਪੜ੍ਹਾਈ ਤੋਂ ਮਹਿਰੂਮ ਹਨ। ਸਰਕਾਰ ਨੇ ਆਪਣੇ ਵੱਲੋਂ ਵੱਡੀ ਗਿਣਤੀ ਵਿੱਚ ਮੋਬਾਈਲ ਸਕੂਲਾਂ ਦਾ ਇੰਤੇਜ਼ਾਮ ਕੀਤਾ। ਥੋੜ੍ਹਾ ਬਹੁਤ ਪੜ੍ਹ ਲਿਖ ਕੇ ਨਿਕਲੇ ਨੌਜਵਾਨਾਂ ਨੂੰ ਇਨ੍ਹਾਂ ਮੋਬਾਈਲ ਸਕੂਲਾਂ ਵਿੱਚ ਨੌਕਰੀ ਵੀ ਦਿੱਤੀ ਪਰ ਅੱਜ ਤੱਕ ਇਸ ਸਕੀਮ ਦੀ ਸਫਲਤਾ 'ਤੇ ਪ੍ਰਸ਼ਨ ਚਿਨ੍ਹ ਲੱਗੇ ਹੋਏ ਹਨ।

ਉਨ੍ਹਾਂ ਨੇ ਤਾਜ਼ਾ ਹਾਲਾਤ ਦੇ ਹਵਾਲੇ ਨਾਲ ਸਰਕਾਰ ਤੋਂ ਬਸ ਇੱਕ ਹੀ ਮੰਗ ਰੱਖੀ ਹੈ ਕਿ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਡੇਰਿਆਂ ਨੂੰ ਉਜਾੜਿਆਂ ਨਾ ਜਾਵੇ।

ਬਸ਼ਾਰਤ ਹੁਸੈਨ ਨੇ ਦੱਸਿਆ ਕਿ ਜਦੋਂ-ਜਦੋਂ ਉਹ ਸੜਕ ਦੇ ਰਸਤੇ ਆਪਣੇ ਟਿਕਾਣਿਆਂ ਵੱਲ ਜਾਂਦੇ ਹਨ ਤਾਂ ਰਸਤੇ ਵਿੱਚ ਆਵਾਜਾਈ ਕਾਰਨ ਬੜੀ ਪਰੇਸ਼ਾਨੀ ਆਉਂਦੀ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਮਾਲ ਮਵੇਸ਼ੀ ਕਾਰਨ ਲੰਮਾ ਸਫ਼ਰ ਤੈਅ ਕਰਨਾ ਹੁੰਦਾ ਹੈ, ਇਸ ਲਈ ਜੇਕਰ ਸਰਕਾਰ ਚਾਹੇ ਤਾਂ ਉਨ੍ਹਾਂ ਦੀ ਮਦਦ ਕਰ ਸਕਦੀ ਹੈ।

ਜਿਵੇਂ ਹਾਈਵੇ 'ਤੇ ਟ੍ਰੈਫਿਕ ਕੰਟ੍ਰੋਲ ਕੀਤਾ ਜਾਂਦਾ ਹੈ ਓਵੇਂ ਹੀ ਉਨ੍ਹਾਂ ਦੇ ਡੇਰਿਆਂ ਲਈ ਕੁਝ ਸਮੇਂ ਲਈ ਟ੍ਰਾਫਿਕ ਨੂੰ ਬੰਦ ਕੀਤਾ ਦਾ ਸਕਦਾ ਹੈ।

ਜਾਵੇਦ ਰਾਹੀ ਨੇ ਦੱਸਿਆ ਕਿ ਵੱਡੀ ਗਿਣਤਾ ਵਿੱਚ ਖੋਲ੍ਹੇ ਗਏ ਮੋਬਾਈਲ ਸਕੂਲ ਬਿਨਾ ਕਿਸੇ ਬੁਨਿਆਦੀ ਸੁਵਿਧਾ ਕਾਰਨ ਸਿਰਫ ਸਰਕਾਰੀ ਕਾਗਜ਼ਾਂ ਵਿੱਚ ਹੀ ਚਲ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਨੂੰ ਇਸ ਵੱਲ ਥੋੜ੍ਹਾ ਧਿਆਨ ਦੇਣ ਦੀ ਲੋੜ ਹੈ।

ਉਨ੍ਹਾਂ ਨੇ ਦੱਸਿਆ ਕਿ ਸਕੂਲ ਬਿਨਾ ਕਿਸੇ ਸ਼ੈਲਟਰ ਦੇ ਹਨ, ਕੋਈ ਮਿਡ ਡੇ ਮੀਲ ਦੀ ਸੁਵਿਧਾ ਨਹੀਂ ਹੈ, ਕਾਪੀਆਂ-ਕਿਤਾਬਾਂ ਨਹੀਂ ਮਿਲਦੀਆਂ, ਅਜਿਹੇ ਵਿੱਚ ਬੱਚਿਆਂ ਦਾ ਪੜ੍ਹਨਾ ਸੰਭਵ ਨਹੀਂ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਖੁਦ ਘਟ ਪੜ੍ਹਿਆ ਲਿਖਿਆ ਨੌਜਵਾਨ ਦੂਜੀ ਪੀੜ੍ਹੀ ਨੂੰ ਕਿਵੇਂ ਤਾਲੀਮ ਦੇ ਸਕਦਾ ਹੈ।

ਉੱਥੇ ਬਕਰਵਾਲ ਬੱਚਿਆਂ ਅਤੇ ਔਰਤਾਂ ਦੀ ਸਿਹਤ ਦੀ ਗੱਲ ਕਰਦੇ ਹੋਏ ਜਾਵੇਦ ਰਾਹੀ ਨੇ ਦੱਸਿਆ ਕਿ ਗਿਣੇ ਚੁਣੇ ਪਰਿਵਾਰ ਹੋਣਗੇ, ਜਿਨ੍ਹਾਂ ਨੇ ਆਪਣੇ ਬੱਚਿਆਂ ਦਾ ਟੀਕਾਕਰਨ ਕਰਵਾਇਆਂ ਹੋਵੇਗਾ।

ਉਨ੍ਹਾਂ ਦਾ ਕਹਿਣਾ ਹੈ, "ਇਹ ਲੋਕ ਨਾ ਤਾਂ ਆਪਣੇ ਮਾਲ ਮਵੇਸ਼ੀਆਂ ਨੂੰ ਟੀਕਾ ਲਗਵਾਉਂਦੇ ਹਨ ਅਤੇ ਨਾ ਹੀ ਆਪਣੇ ਬੱਚਿਆਂ ਨੂੰ।"

ਜਾਵੇਦ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਨੇ ਇੱਕ ਸਰਵੇਖਣ ਕੀਤਾ ਸੀ ਜਿਸ ਵਿੱਚ ਪਤਾ ਲੱਗਾ ਸੀ 90 ਫੀਸਦ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੇ ਕੋਈ ਟੀਕਾ ਨਹੀਂ ਲਗਵਾਇਆ ਹੈ।

ਉਨ੍ਹਾਂ ਨੇ ਦੱਸਿਆ ਕਿ ਜੰਗਲਾਂ ਵਿੱਚ ਘੁੰਮਦੇ ਹੋਏ ਇਹ ਲੋਕ ਜੜੀ-ਬੂਟੀਆਂ ਕਰਦੇ ਰਹਿੰਦੇ ਹਨ ਅਤੇ ਆਪਣੀ ਹਰ ਬਿਮਾਰੀ ਦਾ ਇਲਾਜ ਆਪਣੀ ਸਮਝ ਅਤੇ ਤਜਰਬੇ ਦੇ ਹਿਸਾਬ ਨਾਲ ਕਰ ਲੈਂਦੇ ਹਨ।

ਉਨ੍ਹਾਂ ਦਾ ਮੰਨਣਾ ਸੀ ਕਿਉਂਕਿ ਇਹ ਲੋਕ ਪਹਾੜਾਂ ਵਿੱਚ ਘੁੰਮਦੇ ਹਨ, ਤਾਜ਼ਾ ਹਵਾ ਵਿੱਚ ਰਹਿੰਦੇ ਹਨ, ਇਨ੍ਹਾਂ ਨੂੰ ਆਮ ਬਿਮਾਰੀਆਂ ਪ੍ਰੇਸ਼ਾਨ ਨਹੀਂ ਕਰਦੀਆਂ।

ਇਹੀ ਕਾਰਨ ਹੈ ਕਿ ਉਹ ਤਬਕਾ ਅੱਜ ਤੱਕ ਬਿਨਾ ਕਿਸੇ ਸਰਕਾਰੀ ਸਮਰਥਨ ਦੇ ਚੱਲ ਰਿਹਾ ਹੈ।

ਜਾਵੇਦ ਰਾਹੀ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਦੇ ਹੱਕਾਂ ਲਈ ਜੋ ਕਾਨੂੰਨ ਪੂਰੇ ਭਾਰਤ ਵਿੱਚ ਪਾਸ ਕੀਤੇ ਗਏ ਹਨ, ਰਿਆਸਤ ਜੰਮੂ-ਕਸ਼ਮੀਰ ਵਿੱਚ ਅਜੇ ਤੱਕ ਉਨ੍ਹਾਂ ਨੂੰ ਅਪਣਾਇਆ ਨਹੀਂ ਗਿਆ।

ਉਨ੍ਹਾਂ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਪੂਰੇ ਦੇਸ ਵਿੱਚ ਫੋਰੈਸਟ ਰਾਈਟਜ਼ ਐਕਟ 2006 ਵਿੱਚ ਲਾਗੂ ਕੀਤਾ ਪਰ ਰਿਆਸਤ ਜੰਮੂ-ਕਸ਼ਮੀਰ ਅਤੇ ਕਸ਼ਮੀਰ ਵਿੱਚ ਉਹ ਅਜੇ ਤੱਕ ਲਾਗੂ ਨਹੀਂ ਹੋ ਸਕਿਆ।

ਇਸੇ ਤਰ੍ਹਾਂ ਐੱਸਸੀ/ਐੱਸਟੀ ਐਟਰੋਸੀਟੀਜ਼ ਐਕਟ ਅਜੇ ਤੱਕ ਰਿਆਸਤ ਵਿੱਚ ਲਾਗੂ ਨਹੀਂ ਹੋ ਸਕਿਆ।

ਜਾਵੇਦ ਰਾਹੀ ਮੁਤਾਬਕ ਜੇਕਰ ਸਾਡੇ ਭਾਈਚਾਰੇ ਦੇ ਲੋਕਾਂ ਨੂੰ ਰਾਖਵਾਂਕਰਨ ਮਿਲਦਾ ਹੈ ਤਾਂ ਸਾਨੂੰ ਆਪਣੇ ਹੱਕ ਦੀ ਲੜਾਈ ਲੜਨ ਵਿੱਚ ਆਸਾਨੀ ਹੋ ਜਾਵੇਗੀ।

**ਦੇਸ ਭਗਤ ਹਨ ਗੁੱਜਰ ਬਕਰਵਾਲ**

ਦੇਸ ਦੀ ਸੀਮਾ ਨਾਲ ਲਗਦੇ ਇਲਾਕਿਆਂ ਵਿੱਚ ਰਹਿਣ ਵਾਲੇ ਗੁੱਜਰ ਬਕਰਵਾਲ ਭਾਈਚਾਰੇ ਦੇ ਲੋਕ ਦੇਸ ਦੀ ਰੱਖਿਆ ਵਿੱਚ ਲਗਾਤਾਰ ਆਪਣਾ ਯੋਗਦਾਨ ਦਿੰਦੇ ਰਹੇ ਹਨ।

ਜਾਵੇਦ ਰਾਹੀ ਨੇ ਦੱਸਿਆ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਜਦੋਂ ਸੀਮਾ 'ਤੇ ਸੈਨਾ ਨੂੰ ਕਿਸੇ ਮਦਦ ਦੀ ਲੋੜ ਪਈ ਤਾਂ ਗੁੱਜਰ ਬਕਰਵਾਲ ਪਰਿਵਾਰਾਂ ਨੇ ਅਗੇ ਹੋ ਕੇ ਸੈਨਾ ਦੀ ਮਦਦ ਕੀਤੀ ਅਤੇ ਅੱਗੇ ਦੀਆਂ ਚੌਕੀਆਂ ਤੱਕ ਰਸਦ ਪਹੁੰਚਾਉਣ ਵਿੱਚ ਸਦਾ ਅਹਿਮ ਭੂਮਿਕਾ ਨਿਭਾਈ।

ਜਿੱਥੇ ਜਿੱਥੇ ਗੁੱਜਰ ਬਕਰਵਾਲ ਭਾਈਚਾਰੇ ਦੇ ਲੋਕ ਮੈਦਾਨ ਜਾਂ ਪਹਾੜੀ ਇਲਾਕਿਆਂ ਵਿੱਚ ਵਸੇ ਹਨ, ਕਦੇ ਵੀ ਉਨ੍ਹਾਂ ਖ਼ਿਲਾਫ਼ ਕੋਈ ਸ਼ਿਕਾਇਤ ਦਰਜ ਨਹੀਂ ਹੋਈ।

ਹਮੇਸ਼ਾ ਤੋਂ ਹੀ ਇਸ ਭਾਈਚਾਰੇ ਨੇ ਅਮਨ ਅਤੇ ਸ਼ਾਂਤੀ ਬਹਾਲੀ ਲਈ ਕੁਰਬਾਨੀ ਦਿੱਤੀ ਅਤੇ ਸਮਾਜਕ ਰਿਸ਼ਤਾ ਮਜ਼ਬੂਤ ਰੱਖਣ ਲਈ ਮਹੱਤਵਪੂਰਨ ਯੋਗਦਾਨ ਦਿੱਤਾ।

ਇੱਕ ਵੱਡੀ ਸੰਖਿਆ ਵਿੱਚ ਰਿਆਸਤ ਜੰਮੂ ਅਤੇ ਕਸ਼ਮੀਰ ਦੇ ਪੁਲਿਸ ਵਿਭਾਗ ਵਿੱਚ, ਯੂਨੀਵਰਸਿਟੀ ਵਿੱਚ, ਸਰਕਾਰੀ ਅਦਾਰਿਆਂ ਵਿੱਚ ਪੜ੍ਹੇ ਲਿਖੇ ਗੁੱਜਰ ਭਾਈਚਾਰੇ ਦੇ ਲੋਕ ਆਪਣਾ ਯੋਗਦਾਨ ਦੇ ਰਹੇ ਹਨ ਅਤੇ ਰਿਆਸਤ ਦੀ ਬਿਹਤਰੀ ਲਈ ਮੋਢੇ ਨਾਲ ਮੋਢਾ ਮਿਲਾ ਕੇ ਤੁਰ ਰਹੇ ਹਨ।

# ਸਾਵਧਾਨ ...ਸਾਵਧਾਨ...ਨਿੱਤ ਗੈਸਾਂ ਦੀਆਂ ਕੀਮਤਾਂ ? ਪ੍ਰਾਪਰਟੀ ਟੈਕਸਾਂ ਦਾ ਵਾਧਾ ?

## ਇਨਸਰੋਸਨਾ ਦੇ ਵਾਧਾ ਨੂੰ ਝੱਲਦੇ ਹੋਏ ਹੋਰ ਟੈਕਸ ਦੀ ਮਾਰ ਹੇਠ ਦਬਾਇਆ ਜਾ ਰਿਹਾ ਹੈ ?

ਬਰੈਂਪਟਨ ਨੂੰ ਆਉਂਦੇ ਜਾਂਦੇ ਦੋਵੇਂ ਹਾਈਵੇ 410 ਅਤੇ 427 ਦੀ ਇਕ-ਇਕ ਲਾਈਨ ਤੇ ਇਕ ਤੋਂ ਵੱਧ ਸਵਾਰੀ ਵਾਲੀ ਵਹੀਕਲ ਤੇ ਟੋਲ ਲੱਗਣ ਜਾ ਰਿਹਾ ਹੈ ਜਿਸ ਦਾ ਕਾਰਨ ਬਰੈਂਪਟਨ-ਕੈਲਡਨ ਦੀ ਅਬਾਦੀ ਵਧਣ ਕਾਰਨ ਸਵੇਰ-ਸ਼ਾਮ ਟਰੈਫਿਕ ਜਾਮ ਹੋਣ ਕਾਰਨ ਲਿਮਟਿਡ ਸਮੇਂ 'ਚ ਜਾਣ ਵਾਲ਼ਿਆਂ ਖਾਸ਼ ਕਰਕੇ ਬਿਜਨਿਸ ਲੋਕਾਂ ਲ਼ਈ ਘੱਟ ਟ੍ਰੈਫ਼ਿਕ ਵਾਲੀ ਲਾਈਨ ਬਣਾਉਣਾ ਦੱਸਿਆ ਹੈ। ਸਵਾਲ ਹੈ ਕਿ ਅਗਰ ਬਰੈਂਪਟਨ ਦੀ ਅਬਾਦੀ ਵਧ ਗਈ ਹੈ ਤਾਂ ਸਾਰੇ ਲੋਕ ਟੈਕਸ ਵੀ ਦੇਂਦੇ ਹਨ ਜਿਸ ਕਰਕੇ ਉਹ ਸਾਰੀਆ ਬਣਦੀਆਂ ਸਹੂਲਤਾਂ ਲ਼ਈ ਹੱਕਦਾਰ ਹਨ। ਕੁਝ ਵਰ੍ਹੇ ਪਹਿਲਾਂ ਉਨਟਾਰੀਓ ਸਰਕਾਰ ਨੇ 8 ਪ੍ਰਤੀਸ਼ਤ ਗੈਸ ਤੇ ਟੈਕਸ ਸੜਕਾਂ ਅਤੇ ਟ੍ਰੈਫਿਕ ਦੀ ਬੇਹਤਰੀ ਲ਼ਈ ਲਾਏ ਸਨ ਅਤੇ ਪਿੱਛੇ ਜਿਹੇ ਫੈਡਰਲ ਗੌਰਮਿੰਟ ਨੇ ਉਨਟਾਰੀਓ ਗੌਰਮਿੰਟ ਨੂੰ ਕਈ ਬਿਲੀਅਨ ਡਾਲਰ ਇਸੇ ਕੰਮ ਲ਼ਈ ਦਿੱਤੇ ਹਨ ਪਰ ਸਰਕਾਰ ਟ੍ਰੈਫ਼ਿਕ ਦੇ ਜਾਮ ਨੂੰ ਠੀਕ ਕਰਨ ਲ਼ਈ ਹਾਈਵੇ ਦੀ ਲਾਈਨ ਵਧਾਉਣ ਦੀ ਬਜਾਏ ਇਕ ਲਾਈਨ 'ਤੇ ਟੋਲ ਲਾਕੇ ਅਮੀਰ ਲੋਕਾਂ ਨੂੰ ਖ਼ੁਸ਼ ਕਰਨ ਤੁਰ ਪਈ ਹੈ ਜਿਸ ਨਾਲ ਸਧਾਰਨ ਆਮਦਨ ਵਾਲੇ ਬਰੈਂਪਟਨ ਵਾਸੀ ਜਿਹੜੇ ਹਰ ਰੋਜ਼ ਟੋਲ ਨਹੀਂ ਦੇ ਸਕਣਗੇ ਨੂੰ ਟ੍ਰੈਫ਼ਿਕ ਵਾਲ਼ੀਆਂ ਲਾਈਨ ਵੱਲ ਨੂੰ ਪਹਿਲਾ ਨਾਲ਼ੋਂ ਵੀ ਵੱਧ ਧੱਕੇ ਖਾਣ ਲ਼ਈ ਛੱਡ ਦੇਣਾ ਹੈ ਜਿਸ ਨੂੰ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕੀਤਾ ਜਾਣਾ। ਬਰੈਂਪਟਨ ਦੇ ਸਾਰੇ ਐਮ.ਪੀ.ਪੀ. ਜਿਨ੍ਹਾਂ ਚ ਐਨ. ਡੀ. ਪੀ. ਦੇ ਨੈਸ਼ਨਲ ਲੀਡਰ ਵੀ ਇਥੋ ਹੀ ਐਮ. ਪੀ. ਪੀ. ਹਨ ਦੱਸ ਸਕਦੇ ਹਨ ਕਿ ਟੋਲ ਲਾਉਣ ਦਾ ਫੈਸਲਾ ਹੋਣ ਵੇਲੇ ਇਹਨਾਂ ਦੀ ਪੁਜ਼ੀਸ਼ਨ ਕੀ ਸੀ ? ਜਾਂ ਫੇਰ ਇਹਨਾਂ ਨੇ ਕਿਸੇ ਨੂੰ ਪੁੱਛਿਆ ਸੀ ਟੋਲ ਨੂੰ ਪ੍ਰਵਾਨਗੀ ਲੈਣ ਤੋਂ ਪਹਿਲਾ ? ਅਸੀਂ ਇਸ ਮਸਲੇ ਨਾਲ ਸੰਬੰਧਿਤ ਬਰੈਂਪਟਨ ਦੇ ਸਾਰੇ ਸਰਕਾਰੀ ਲੀਡਰਾਂ ਨੂੰ ਅਪੀਲ ਕਰਦੇ ਹਾਂ ਕਿ ਇਸ ਨੂੰ ਜਲਦੀ ਰੋਕਿਆ ਜਾਵੇ ਨਹੀਂ ਤਾਂ ਅਸੀਂ ਅਗਲਾ ਕਦਮ ਚੁੱਕਣ ਲ਼ਈ ਮਜਬੂਰ ਹੋਵਾਂਗੇ। ਕਿਉਂਕਿ ਅਗਰ ਨਾ ਰੋਕਿਆ ਗਿਆ ਤਾਂ ਕੱਲ ਨੂੰ ਤੁਸੀਂ ਹਸਪਤਾਲ ਐਮਰਜੈਂਸੀ ਤੇ ਲੱਗਦੀਆਂ ਲਾਈਨਾਂ ਤੇ ਵੀ ਟੋਲ ਲਾ ਸਕਦੇ ਹੋ ਕਿ ਟੋਲ ਵਾਲ਼ਿਆਂ ਦੀ ਵਾਰੀ ਪਹਿਲਾ ਆਵੇਗੀ ਜਾ ਸਕੂਲਾਂ ਦੀ ਸਰਵਿਸ ਨੂੰ ਵੱਖਰੇ ਗਰੁੱਪਾਂ 'ਚ ਵੰਡ ਕੇ ਸਰਵਿਸ ਲ਼ਈ ਟੋਲ ਵਾਂਗ ਬਿਨਾ ਪੁੱਛਿਆ ਹੀ ਚਾਰਜ ਕਰਨ ਲੱਗ ਜਾਵੋਗੇ। ਅਸੀਂ ਤਾਂ ਹਾਈਵੇ 407 ਬਾਰੇ ਗੱਲ ਕਰਨੀ ਚਾਹੁੰਦੇ ਹਾਂ ਜਿਹੜਾ ਬਰੈਂਪਟਨ ਚੋ ਲੰਘਦਾ ਹੋਇਆ ਵੀ 90 ਪ੍ਰਤੀਸ਼ਤ ਤੋਂ ਵੀ ਵੱਧ ਬਰੈਂਪਟਨ ਵਾਸੀਆਂ ਦੇ ਭਾਰੀ ਟੋਲ ਕਰਕੇ ਵਰਤਣ ਦੀ ਪਹੁੰਚ ਤੋਂ ਬਾਹਰ ਹੈ ਪਰ ਜਿਸ ਬੇਫ਼ਿਕਰੀ ਨਾਲ ਇਸ ਨਵੇਂ ਟੋਲ ਵੱਲ ਵਧਿਆ ਜਾ ਰਿਹਾ ਹੈ, ਸਾਨੂੰ ਪੂਰਾ ਯਕੀਨ ਹੈ ਬਰੈਂਪਟਨ ਵਾਸੀ ਇਸ ਨੂੰ ਹਰ ਹਾਲਤ 'ਚ ਰੋਕਣਗੇ।

**ਕੁਲਦੀਪ ਬੋਪਾਰਾਏ** 647-571-2800,
**ਹਰਬੰਸ** 416-817-7142

# ਇਨਕਲਾਬੀ ਰਾਹਾਂ ਦਾ ਅਣਥੱਕ ਪਾਂਧੀ ਸੀ- ਕਾਮਰੇਡ ਰਛਪਾਲ ਪਾਲੀ ਭੀਖੀ



ਕਾਮਰੇਡ ਰਛਪਾਲ ਪਾਲੀ ਦਾ ਜਨਮ 1 ਜਨਵਰੀ 1974 ਨੂੰ ਪਿਤਾ ਦੇਸ ਰਾਜ ਤੇ ਮਾਤਾ ਕੁਸ਼ੱਲਿਆ ਦੇਵੀ ਦੀ ਸੁਲੱਖਣੀ ਕੁੱਖੋਂ ਪਿੰਡ ਭੀਖੀ ਜਿਲ੍ਹਾ ਮਾਨਸਾ ਵਿਖੇ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਉਹ ਆਪਣੇ ਤਿੰਨ ਭਰਾਵਾਂ ਚੋਂ ਸਭ ਤੋਂ ਵੱਡੇ ਸਨ। ਉਨ੍ਹਾਂ ਦੇ ਪਿਤਾ ਜਨ ਸਿਹਤ ਵਿਭਾਗ ਵਿੱਚ ਮੁਲਾਜ਼ਮ ਹੋਣ ਕਾਰਨ ਰਛਪਾਲ ਪਾਲੀ ਦੀ ਮੁੱਢਲੀ ਪੜ੍ਹਾਈ ਭੀਖੀ, ਘੁਰਕਣੀ ਤੇ ਝੁਨੀਰ ਵਿਖੇ ਹੋਈ। ਦਸਵੀਂ ਕਲਾਸ 'ਚ ਪੜ੍ਹਦਿਆਂ ਹੀ ਉਹ ਇੰਡੀਅਨ ਪੀਪਲਜ਼ ਫਰੰਟ ਤੇ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਨਾਲ ਜੁੜ ਗਏ। 1989 'ਚ ਉਨ੍ਹਾਂ ਦੇ ਪਿਤਾ ਜੀ ਦੀ ਮੌਤ ਐਕਸੀਡੈਂਟ 'ਚ ਹੋ ਜਾਣ ਕਾਰਨ ਪੂਰੇ ਪਰਿਵਾਰ ਦੀ ਜੁੰਮੇਵਾਰੀ ਉਨ੍ਹਾਂ ਦੇ ਮੋਢਿਆਂ 'ਤੇ ਆ ਗਈ ਅਤੇ ਉਸ ਨੂੰ ਆਪਣੀ ਪੜ੍ਹਾਈ ਨੂੰ ਅੱਧ ਵਿਚਕਾਰ ਛੱਡਕੇ ਆਪਣੇ ਪਿਤਾ ਜੀ ਦੀ ਥਾਂ ਤੇ ਨੌਕਰੀ ਕਰਨੀ ਪਈ। ਪਰਿਵਾਰ ਦੀ ਇਸ ਵੱਡੀ ਜੁੰਮੇਵਾਰੀ ਦੇ ਬਾਵਜੂਦ ਉਸ ਨੇ ਇਨਕਲਾਬੀ ਵਿਚਾਰਧਾਰਾ ਨਾਲ ਆਪਣਾ ਰਾਬਤਾ ਲਗਾਤਾਰ ਬਣਾਈ ਰੱਖਿਆ। 1990 ਵਿੱਚ ਵੀ.ਪੀ. ਸਿੰਘ ਦੀ ਸਰਕਾਰ ਤੇ ਪਾਕਿਸਤਾਨ ਦੇ ਹੁਕਮਰਾਨਾਂ ਵੱਲੋਂ ਲੋਕਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਹਟਾਉਣ ਲਈ ਭੜਕਾਏ ਜਾ ਰਹੇ ਜੰਗੀ ਜਨੂੰਨ ਖਿਲਾਫ਼ 19 ਮਈ 1990 ਨੂੰ ਇੰਡੀਅਨ ਪੀਪਲਜ਼ ਫਰੰਟ ਵਲੋਂ ਦਿੱਲੀ ਵਿਖੇ ਰੱਖੀ ਕਨਵੈਨਸ਼ਨ 'ਚ ਹਿੱਸਾ ਲੈਣ ਗਿਆ। ਲੇਕਿਨ ਰਸਤੇ 'ਚ ਟਰੱਕ ਦੇ ਹੋਏ ਐਕਸੀਡੈਂਟ ਕਾਰਨ ਦੋ ਨੌਜਵਾਨ ਬਲਵਿੰਦਰ ਸਿੰਘ ਸਮਾਓ ਤੇ ਮਨੋਜ ਕੁਮਾਰ ਭੀਖੀ ਦੀ ਮੌਤ ਹੋ ਗਈ। ਇਸ ਖੌਫ਼ਨਾਕ ਘਟਨਾ ਨੇ ਉਸ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਪਰ ਉਸ ਦਾ ਇਨਕਲਾਬੀ ਸਫ਼ਰ ਜਾਰੀ ਰਿਹਾ। ਉਸ ਦੀ ਕਮਿਊਨਿਸਟ ਵਿਚਾਰਾਂ ਪ੍ਰਤੀ ਪ੍ਰਤੀਬੱਧਤਾ ਐਨੀ ਮਜ਼ਬੂਤ ਸੀ ਕਿ ਉਹ ਇਨਕਲਾਬੀ ਰਸਤੇ ਤੇ ਅਣ ਐਲਾਨਿਆ ਕੁਲਵਕਤੀ ਤੁਰ ਪਿਆ ਤੇ ਨੌਕਰੀ ਦੀ ਬਜਾਏ ਪਾਰਟੀ ਸਰਗਰਮੀਆ ਵਿੱਚ ਹਿੱਸਾ ਲੈਣ ਲੱਗਾ। ਪਰ ਉਸ ਦੇ ਮੋਢਿਆਂ ਉਪਰ ਪਰਿਵਾਰ ਦੀ ਵੱਡੀ ਜੁੰਮੇਵਾਰੀ ਨੂੰ ਜਾਣਦਿਆਂ ਪਾਰਟੀ ਨੇ ਉਸ ਨੂੰ ਗੰਭੀਰਤਾ ਨਾਲ ਨੌਕਰੀ ਕਰਨ ਲਈ ਕਿਹਾ, ਬੇਸ਼ੱਕ ਪਾਰਟੀ ਆਦੇਸ਼ ਦੇ ਚਲਦਿਆਂ ਉਹ ਨੌਕਰੀ ਤੇ ਪਰਤ ਗਿਆ, ਪ੍ਰੰਤੂ ਹਰ ਸਮੇਂ ਪਾਰਟੀ ਉਸ ਦੇ ਦਿਲ ਦਿਮਾਗ ਚ ਭਾਰੂ ਰਹੀ । 1992 ਚ ਅੱਤਵਾਦ ਦੇ ਸਮੇਂ ਦੌਰਾਨ ਹੋਈਆਂ ਵਿਧਾਨ ਸਭਾ ਚੋਣਾਂ ਜਿਸ ਵਿੱਚ ਆਈ.ਪੀ.ਐਫ. ਵੱਲੋਂ ਨਕਸਲੀ ਧਾਰਾ ਦਾ ਪਹਿਲਾ ਵਿਧਾਇਕ ਚੁਣਿਆ ਗਿਆ ਸੀ। ਇਨ੍ਹਾਂ ਚੋਣਾਂ ਵਿੱਚ ਕਾਮਰੇਡ ਪਾਲੀ ਨੇ ਸਰਗਰਮ ਭੂਮਿਕਾ ਨਿਭਾਈ। ਭੀਖੀ ਵਿੱਚ ਨਵਯੁੱਗ ਸਾਹਿਤ ਕਲਾ ਮੰਚ ਤੇ ਲੋਕ ਭਲਾਈ ਯੂਥ ਵਿੰਗ ਬਣਾਉਣ ਵਾਲੇ ਮੋਹਰੀਆਂ ਵਿਚੋਂ ਉਹ ਇੱਕ ਸੀ । ਆਪਦੇ ਛੋਟੇ ਭਰਾ ਹਰਭਗਵਾਨ ਭੀਖੀ ਨੂੰ ਇਨਕਲਾਬੀ ਧਾਰਾ ਨਾਲ ਜੋੜਨ 'ਚ ਉਸ ਦਾ ਵੱਡਾ ਹੱਥ ਰਿਹਾ।

5 ਅਪ੍ਰੈਲ 1994 ਨੂੰ ਗੈਟ ਸਮਝੌਤੇ ਤੇ ਡੰਕਲ ਤਜਵੀਜ਼ਾਂ ਖਿਲਾਫ਼ ਜਨਤਕ ਜਥੇਬੰਦੀਆਂ ਵਲੋਂ ਦਿੱਲੀ ਵਿਖੇ ਕੀਤੇ ਗਏ ਇਤਿਹਾਸਕ ਇਕੱਠ ਵਿੱਚ ਉਹ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਇਆ। 12 ਸਤੰਬਰ 1999 ਨੂੰ ਉਸ ਦਾ ਵਿਆਹ ਕੱਟੂ ਬਾਲੀਆਂ (ਸੰਗਰੂਰ) ਵਿਖੇ ਕਿਰਨਦੀਪ ਕੌਰ ਨਾਲ ਹੋਇਆ, ਜਿਸ ਤੋਂ ਉਨ੍ਹਾਂ ਦੇ ਘਰ ਇਕਲੌਤੇ ਬੇਟੇ ਅਕਾਸ਼ਦੀਪ ਨੇ ਜਨਮ ਲਿਆ। ਜੋ ਅਕਾਲ ਅਕੈਡਮੀ ਚੀਮਾ ਵਿਖੇ ਗਿਆਰਵੀਂ ਕਲਾਸ ਦਾ ਵਿਦਿਆਰਥੀ ਹੈ।

ਕਾਮਰੇਡ ਰਛਪਾਲ ਪਾਲੀ ਨੇ ਕਿਰਨਜੀਤ ਕਤਲ/ਬਲਾਤਕਾਰ ਕਾਂਡ ਵਿਰੋਧੀ ਤੇ ਬੰਤ ਸਿੰਘ ਝੱਬਰ ਕਾਂਡ ਵਿਰੋਧੀ ਸੰਘਰਸ਼ਾਂ ਦੇ ਨਾਲ ਨਾਲ 2001 ਚ ਮਾਲਵੇ ਦੀ ਧਰਤੀ ਤੋਂ ਉਠੇ ਮਜ਼ਦੂਰ/ਕਿਸਾਨ ਕਰਜ਼ਾ ਮੁਕਤੀ ਘੋਲ, 2009 'ਚ ਬੇਘਰੇ ਮਜ਼ਦੂਰਾਂ ਦੇ ਉਭਰੇ ਪਲਾਟ ਅੰਦੋਲਨ ਤੋਂ ਲੈ ਕੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਵਾਉਣ ਲਈ ਉਠੇ ਅੰਦੋਲਨਾਂ ਵਿੱਚ ਪਾਲੀ ਦੀ ਭੂਮਿਕਾ ਯਾਦਗਰ ਰਹੀ। ਜਿੱਥੇ ਕਾਮਰੇਡ ਰਛਪਾਲ ਇਨਕਲਾਬੀ ਰਾਜਨੀਤਕ ਘੋਲਾਂ ਦਾ ਨਿਰੰਤਰ ਸਿਪਾਹੀ ਸੀ ਉਥੇ ਭੀਖੀ ਵਿਖੇ ਸ਼ਹੀਦ ਭਗਤ ਸਿੰਘ ਯਾਦਗਰੀ ਲਾਇਬਰੇਰੀ ਸਥਾਪਤ ਕਰਨ, ਸਰਕਾਰੀ ਗਰਲਜ਼ ਸਕੂਲ ਦਾ ਨਵੀਨੀਕਰਨ ਕਰਨ, ਲੜਕੀਆਂ ਨੂੰ ਖੇਡਾਂ ਲਈ ਉਤਸ਼ਾਹਿਤ ਕਰਨ, ਭੀਖੀ ਗਰਲਜ਼ ਸਕੂਲ ਵਿੱਚ ਸ਼ਾਨਦਾਰ ਬਾਸਟਕਬਾਲ ਦਾ ਮੈਦਾਨ ਬਣਾਉਣ ਤੇ ਲੜਕੀਆਂ ਦੇ ਬਾਸਟਕਬਾਲ ਦੇ ਭੀਖੀ 'ਚ ਦੋ ਬਾਰ ਰਾਜ ਪੱਧਰੀ ਟੂਰਨਾਮੈਂਟ ਕਰਵਾਉਣ ਚ ਉਸ ਦਾ ਤਨ, ਮਨ, ਧਨ ਨਾਲ ਮੋਹਰੀ ਰੋਲ ਰਿਹਾ। ਵਿਗਿਆਨਕ ਸੋਚ ਦਾ ਪਹਿਰੇਦਾਰ ਹੋਣ ਸਦਕਾ ਹੀ ਪਿਛਲੇ ਸਾਲ ਜਦੋਂ ਉਸ ਦੀ ਮਾਤਾ ਜੀ ਦੀ ਮੌਤ ਹੋਈ ਤਾਂ ਉਸ ਨੇ ਸਥਾਪਤ ਰਿਵਾਇਤਾਂ ਦੇ ਉਲਟ ਤੇ ਸਮਾਜਿਕ/ਰਿਸ਼ਤੇਦਾਰਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਆਪਣੀ ਮਾਤਾ ਦੇ ਸਰੀਰ ਨੂੰ ਮੈਡੀਕਲ ਖੋਜ ਕਾਰਜਾਂ ਲਈ ਦਾਨ ਕਰ ਦਿੱਤਾ।

ਪਿਛਲੇ ਮਹੀਨੇ 23 ਤੋਂ 28 ਮਾਰਚ ਤੱਕ ਮਾਨਸਾ ਵਿਖੇ ਸੀ. ਪੀ. ਆਈ. (ਐਮ. ਐਲ.) ਲਿਬਰੇਸ਼ਨ ਦੇ ਹੋਏ ਦਸਵੇਂ ਮਹਾਂਸੰਮੇਲਨ ਦੀ ਸਫ਼ਲਤਾ ਲਈ ਦਿਨ ਰਾਤ ਇੱਕ ਕਰਨ ਵਾਲਾ ਇਲਕਲਾਬ ਦਾ ਇਹ ਜੁਝਾਰੂ ਪਾਂਧੀ ਅਚਨਚੇਤ 10 ਅਪ੍ਰੈਲ 2018 ਨੂੰ ਸਦੀਵੀ ਵਿਛੋੜਾ ਦੇ ਗਿਆ ਹੈ । ਕਾਮਰੇਡ ਪਾਲੀ ਦਾ ਸੰਸਕਾਰ ਬਗੈਰ ਕਿਸੇ ਰਸਮ ਦੇ ਕਰਨ ਤੋਂ ਬਾਅਦ ਉਸ ਦੀਆਂ ਅਸਥੀਆਂ 'ਤੇ ਪੌਦੇ ਲਾਏ ਗਏ। 15 ਅਪ੍ਰੈਲ ਦਿਨ ਐਤਵਾਰ ਨੂੰ ਕਾਮਰੇਡ ਰਛਪਾਲੀ ਪਾਲੀ ਨਮਿੱਤ ਸ਼ਰਧਾਜਲੀ ਸਮਾਗਮ ਬਗੈਰ ਕਿਸੇ ਧਾਰਮਿਕ ਰੀਤੀ ਰਿਵਾਜ਼ ਦੇ ਸਵੇਰੇ 11 ਤੋਂ 1 ਵਜੇ ਤੱਕ ਭੀਖੀ ਵਿਖੇ ਕੀਤਾ ਗਿਆ। ਜਿੱਥੇ ਉਸ ਨੂੰ ਇਨਕਲਾਬੀ ਰਾਜਨੀਤਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਇਸ ਵਿਛੜੇ ਸਾਥੀ ਨੂੰ ਭਾਵ ਭਿੰਨੀਆਂ ਸ਼ਰਧਾਂਜ਼ਲੀਆਂ ਭੇਂਟ ਕੀਤੀਆਂ।

**ਹਰਭਗਵਾਨ ਭੀਖੀ**
987689612

# ਭਾਰਤੀ ਰਾਜਨੀਤਕ ਸਿਸਟਮ ਨੂੰ ਬਦਲਣ ਦੀ ਲੋੜ

ਦੁਨੀਆਂ ਭਰ ਵਿਚ ਇਸ ਵੇਲੇ ਤਿੰਨ ਚਾਰ ਤਰ੍ਹਾਂ ਦਾ ਰਾਜਨੀਤਕ ਪ੍ਰਬੰਧ ਚਲ ਰਿਹਾ ਹੈ। ਨੰ: 1 ਪਾਰਲੀਮੈਂਟਰੀ, ਨੰ:2 ਪ੍ਰਧਾਨਗੀ ਤਰਜ ਦੀ ਰਾਸ਼ਟਰਪਤੀ ਚੋਣ ਪਰਨਾਲੀ, ਨੰ: 3 ਕਮਿਊਨਿਸਟ ਦੇਸ਼ਾਂ ਵਿਚ ਪਾਰਟੀ ਦੀ ਡਿਕਟੇਟਰਸ਼ਿਪ ਹੈ, ਨੰ: 4 ਸਿਧੀ ਰਜਵਾੜਾਸ਼ਾਹੀ ਜਾਂ ਮਿਲਟਰੀ ਡਿਕਟੇਟਰਸ਼ਿਪ। ਡਿਕਟੇਟਰਸ਼ਿਪ ਕੋਈ ਵੀ ਠੀਕ ਨਹੀਂ, ਭਾਵੇਂ ਉਹ ਰਾਜੇ ਦੀ ਹੋਵੇ ਜਾਂ ਮਿਲਟਰੀ ਦੀ, ਜਾਂ ਪਾਰਟੀ ਦੀ। ਪਰ ਮੁੱਖ ਰੂਪ ਵਿਚ ਦੋ ਹੀ ਪਰਨਾਲੀਆਂ ਠੀਕ ਹਨ ਜਿਨ੍ਹਾਂ ਵਿਚ ਸਰਕਾਰ ਦੇ ਮੁਖੀ ਲੋਕਾਂ ਦੁਆਰਾ ਅਪਣੀ ਵੋਟ ਰਾਹੀਂ ਚੁਣੇ ਜਾਂਦੇ ਹਨ। ਨੰ: 1 ਪਾਰਲੀਮੈਂਟਰ ਚੋਣ ਸਿਸਟਮ ਬਰਤਾਨੀਆਂ ਦੀ ਕਾਢ ਹੈ, ਇਸ ਕਰਕੇ ਇਹ ਪਰਣਾਲੀ ਜ਼ਿਆਦਾਤਰ ਬਰਤਾਨੀਆਂ ਦੇ ਅਧੀਨ ਰਹੇ ਦੇਸ਼ਾਂ ਵਿਚ ਲਾਗੂ ਹੈ। ਇਸ ਪਰਣਾਲੀ ਵਿਚ ਸਾਰੀ ਤਾਕਤ ਦੇਸ ਦੀ ਪਾਰਲੀਮੈਂਟ ਦੇ ਚੁਣੇ ਹੋਏ ਮੈਂਬਰਾਂ ਕੋਲ ਹੁੰਦੀ ਹੈ, ਮੈਂਬਰਾਂ ਦੀ 50% ਤੋਂ ਉਪਰ ਗਿਣਤੀ ਜਿਸ ਪਾਰਟੀ ਜਾਂ ਪਾਰਟੀਆਂ ਦੇ ਗਰੁਪ ਦੀ ਹੋਵੇਗੀ ਪ੍ਰਧਾਨ ਮੰਤਰੀ ਉਸੇ ਪਾਰਟੀ ਜਾਂ ਗਰੁੱਪ ਦਾ ਬਣੇਗਾ। ਰਾਸ਼ਟਰਪਤੀ ਅਤੇ ਸਪੀਕਰ ਵੀ ਉਸੇ ਪਾਰਟੀ ਦਾ ਬਣਦਾ ਹੈ, ਅਸੂਲਨ ਡਿਪਟੀ ਸਪੀਕਰ ਵਿਰੋਧੀ ਧਿਰ ਦਾ ਹੋਣਾ ਚਾਹੀਦਾ ਹੈ। ਰਾਸ਼ਟਰਪਤੀ ਪ੍ਰਧਾਨ ਮੰਤਰੀ ਨੂੰ ਮੰਤਰੀ ਮੰਡਲ ਬਣਾਉਣ ਦਾ ਸੱਦਾ ਦੇਵੇਗਾ ਅਤੇ ਸਾਰੇ ਮੰਤਰੀ ਮੰਡਲ ਨੂੰ ਸੰਵਿਧਾਨ ਦੀ ਰਾਖੀ ਕਰਨ ਅਤੇ ਕਨੂੰਨ ਮੁਤਾਬਿਕ ਸਰਕਾਰ ਚਲਾਉਣ ਦੀ ਸਹੁੰ ਚੁਕਾਈ ਜਾਵੇਗੀ। ਅਮਨ ਚੈਨ ਦੀ ਹਾਲਤ ਵਿਚ ਪਰਧਾਨ ਮੰਤਰੀ ਪਾਸ ਸਰਕਾਰ ਚਲਾਉਣ ਦੀਆਂ ਸਾਰੀਆ ਸ਼ਕਤੀਆਂ ਹੁੰਦੀਆਂ ਹਨ। (ਦੇਸ਼ ਵਿਚ ਅਣਸੁਖਾਵੇਂ ਹਾਲਾਤ ਬਣ ਜਾਣ ਤੇ ਰਾਸ਼ਟਰਪਤੀ ਮੰਤਰੀ ਮੰਡਲ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਸਕਦਾ ਹੈ।) ਪ੍ਰਧਾਨ ਮੰਤਰੀ ਸਾਰੇ ਮੰਤਰੀਆਂ ਨੂੰ ਵੱਖ-ਵੱਖ ਮਹਿਕਮੇ ਵੰਡਦਾ ਹੈ ਅਤੇ ਜ਼ਿਆਦਾ ਅਹਿਮੀਅਤ ਵਾਲੇ ਮਹਿਕਮੇ ਅਪਣੇ ਪਾਸ ਵੀ ਰੱਖ ਸਕਦਾ ਹੈ। ਪ੍ਰਧਾਨ ਮੰਤਰੀ ਕਿਸੇ ਵੀ ਮੰਤਰੀ ਨੂੰ ਜਿਸ ਦਾ ਕੰਮ ਠੀਕ ਨਾ ਹੋਵੇ ਉਸ ਨੂੰ ਬਦਲ ਸਕਦਾ ਹੈ ਅਤੇ ਉਸ ਦੀ ਥਾਂ ਨਵਾਂ ਮੰਤਰੀ ਬਣਾ ਸਕਦਾ ਹੈ। ਮੰਤਰੀ ਦਾ ਅਹੁਦਾ ਪ੍ਰਧਾਨ ਮੰਤਰੀ ਦੇ ਹੱਥ ਅਤੇ ਪ੍ਰਧਾਨ ਮੰਤਰੀ ਦਾ ਅਹੁਦਾ ਉਸ ਦੀ ਪਾਰਟੀ ਦੇ ਮੈਂਬਰਾਂ ਦੇ ਹੱਥ ਵਿਚ ਹੁੰਦਾ ਹੈ। ਕਿਸੇ ਵੀ ਮੰਤਰੀ ਜਾਂ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਮਿਆਦ ਇਕ ਮਹੀਨਾ ਵੀ ਨਹੀਂ। ਸਾਡੇ ਦੇਸ ਦੇ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪੇਈ ਜੀ ਨੂੰ ਸਰਕਾਰ ਬਣਾਉਣ ਦੇ 13 ਦਿਨਾਂ ਬਾਅਦ ਹੀ ਅਸਤੀਫਾ ਦੇਣਾ ਪਿਆ ਸੀ। ਇਹੋ ਹਾਲ ਚੌਧਰੀ ਚਰਨ ਸਿੰਘ, ਚੰਦਰ ਸ਼ੇਖਰ ਦਾ ਹੋਇਆ ਜੋ ਇੱਕ ਸਾਲ ਵੀ ਪੂਰਾ ਨਹੀਂ ਸਨ ਕਰ ਸਕੇ। ਜਿਸ ਅਹਿਮ ਅਹੁਦੇ ਦੀ ਕੋਈ ਮਿਆਦ ਹੀ ਨਹੀਂ ਉਹ ਠੀਕ ਢੰਗ ਨਾਲ ਕੰਮ ਕਿਵੇਂ ਚਲਾ ਸਕਦਾ ਹੈ। ਇਸੇ ਤਰ੍ਹਾਂ ਸਾਡੇ ਦੇਸ ਦੀਆਂ ਵਿਧਾਨ-ਸਭਾਵਾਂ ਦਾ ਹਾਲ ਹੈ। ਇਹ ਇਸ ਸਿਸਮ ਦਾ ਵੱਡਾ ਨੁਕਸ ਹੈ, ਜਿਸ ਕਰਕੇ ਪ੍ਰਧਾਨ ਮੰਤਰੀ ਜਾਂ ਮੱਖ ਮੰਤਰੀਆਂ ਨੂੰ ਅਪਣੇ ਲੋਕ-ਸਭਾ ਜਾਂ ਵਿਧਾਨ-ਸਭਾ ਦੇ ਮੈਂਬਰਾਂ ਦੇ ਗਲਤ ਕੰਮਾਂ ਦੀ ਅਣ ਦੇਖੀ ਕਰਨੀ ਪੈਂਦੀ ਹੈ। ਇਹ ਇਸ ਸਿਸਟਮ ਦਾ ਦੂਸਰਾ ਵੱਡਾ ਨੁਕਸ ਹੈ, ਇਸੇ ਕਰਕੇ ਐਮ.ਪੀ. ਜਾਂ ਐਮ.ਐਲ.ਏ. ਸਰਕਾਰੀ ਅਫਸਰਾਂ ਦੇ ਕੰਮਾਂ ਵਿਚ ਨਜਾਇਜ਼ ਦਖਲ ਅੰਦਾਜ਼ੀ ਕਰਦੇ ਹਨ। ਇਸ ਦਾ ਹੱਲ ਇਹ ਹੈ, ਕਿ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਅਹੁਦੇ ਦੀ ਮਿਆਦ ਵੀ ਪੰਜ ਸਾਲ ਹੋਣੀ ਚਾਹੀਦੀ ਹੈ, ਤਾਂ ਕਿ ਉਹ ਠੀਕ ਢੰਗ ਨਾਲ ਕੰਮ ਕਰ ਸਕਣ। ਇਸ ਸਿਸਟਮ ਅਧੀਨ ਬਣੀਆਂ ਸਰਕਾਰਾਂ ਦੇਸ ਦੇ ਬਹੁ ਗਿਣਤੀ ਲੋਕਾਂ ਦੀ ਨੁਮਾਇੰਦਗੀ ਨਹੀਂ ਕਰਦੀਆਂ, ਕਦੇ ਵੀ ਕੋਈ ਪਾਰਟੀ ਪੋਲ ਹੋਈਆਂ ਵੋਟਾਂ ਦਾ 50% ਤੋਂ ਉਪਰ ਹਾਸਲ ਨਹੀਂ ਕਰ ਸਕੀ, ਬਹੁ ਪਾਰਟੀ ਸਿਸਟਮ ਵਿਚ ਇਹ ਸੰਭਵ ਹੀ ਨਹੀਂ। ਪੰਜਾਬ ਵਿਚ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਸਿਰਫ 9% ਵੋਟਾਂ ਨਾਲ ਹੀ ਬਣ ਗਈ ਸੀ। ਸਾਡੇ ਦੇਸ ਵਿਚ ਪਾਰਲੀਮੈਂਟਰੀ ਸਿਸਟਮ 1952 ਤੋਂ ਸ਼ੁਰੂ ਹੋਇਆ ਦੇਸ਼ ਭਗਤ ਲੀਡਰਾਂ ਦੀ ਪਹਿਲੀ ਪੀੜ੍ਹੀ ਤੱਕ ਇਹ ਠੀਕ ਠਾਕ ਚਲਿਆ, ਜੱਦ ਦੇਸ ਦੀ ਵਾਗ ਡੋਰ ਇੰਦਰਾ ਗਾਂਧੀ ਅਤੇ ਸੰਜੇ ਗਾਂਧੀ ਹੁਰਾਂ ਦੇ ਹੱਥ ਤਾਂ ਦਿਸ ਦੀ ਰਾਜਨੀਤੀ ਵਿਚ ਨਿਘਾਰ ਆਉਣਾ ਸ਼ੁਰੂ ਹੋ ਗਿਆ ਅਤੇ ਨਿਘਰਦਾ ਹੀ ਗਿਆ। ਸਾਂਝੇ ਮੋਰਚਿਆਂ ਦੀਆਂ ਸਰਕਾਰਾਂ ਕਰਕੇ ਦੇਸ ਭ੍ਰਿਸ਼ਟਾਚਾਰ, ਬੇਈਮਾਨੀ ਮਿਲਾਵਟ ਖੋਰੀ, ਗੁੰਡਾਗਰਦੀ, ਨਸ਼ਾ ਤਸਕਰੀ ਵਰਗੀਆਂ ਭਿਆਨਕ ਅਲਾਮਤਾਂ ਦੀ ਸ਼ਿਕਾਰਗਾਹ ਬਣਦਾ ਜਾ ਰਿਹਾ ਹੈ। ਇਸ ਭ੍ਰਿਸ਼ਟ ਹੋ ਚੁਕੀ ਰਾਜਨੀਤਕ ਪ੍ਰਨਾਲੀ ਨੂੰ ਬਦਲ ਕੇ, ਦੇਸ ਵਿਚ ਪ੍ਰਧਾਨਗੀ ਤਰਜ ਦੀ ਰਾਜ ਪ੍ਰਨਾਲੀ ਲਾਗੂ ਕਰਨ ਦੀ ਲੋੜ ਹੈ। ਇਸ ਪ੍ਰਨਾਲੀ ਨੂੰ ਲਾਗੂ ਕਰਨ ਲਈ ਭਾਰਤੀ ਸਵਿਧਾਨ ਵਿਚ ਸੋਧ ਕਰਨ ਦੀ ਲੋੜ ਹੈ, ਜਿਸ ਲਈ ਲੋਕਸਭਾ ਦੇ ਦੋ ਤਿਹਾਈ ਮੈਂਬਰਾਂ ਦੀ ਬਹੁਮਤ ਚਾਹੀਦੀ ਹੈ। ਅੱਜ ਦੀਆਂ ਹਾਲਤਾਂ ਵਿਚ ਇਸ ਪ੍ਰਨਾਲੀ ਨੂੰ ਠੀਕ ਕਰਨ ਲਈ ਦੋ-ਤਿਹਾਈ ਮੈਂਬਰਾਂ ਨੂੰ ਰਾਜੀ ਕਰਨਾ ਅਸੰਭਵ ਨਹੀਂ ਤਾਂ ਮੁਸ਼ਕਲ ਜਰੂਰ ਹੈ।

ਨੰ: 2 ਪ੍ਰਧਾਨਗੀ ਤਰਜ ਦੀ ਪਰਨਾਲੀ=ਇਹ ਵੀ ਅਗੇ ਦੋ ਤਰਾਂ ਦੀ ਹੈ, (ਅਮਰੀਕੀ) ਅਤੇ (ਫਰਾਂਸੀਸੀ) = ਅਮਰੀਕੀ = ਇਸ ਵਿਚ ਸਿੱਧੀ ਰਾਸ਼ਟਰਪਤੀ ਦੀ ਚੋਣ ਲੋਕਾਂ ਦੀਆਂ ਵੋਟਾਂ ਦੁਆਰਾ ਹੁੰਦੀ ਹੈ। ਅਗੋਂ ਰਾਸ਼ਟਰਪਤੀ ਵੱਖ-ਵੱਖ ਮਹਿਕਮਿਆਂ ਦੇ ਇਨਚਾਰਜ ਨਿਯੁਕਤ ਕਰਦਾ ਹੈ, ਉਹ ਰਾਜਨੀਤਕ ਵੀ ਹੋ ਸਕਦੇ ਹਨ ਅਤੇ ਅਫਸਰ ਸ਼ਾਹੀ ਵਿਚੋਂ ਵੀ ਹੋ ਸਕਦੇ ਹਨ। ਲੋਕਾਂ ਦੁਆਰਾ ਚੁਣੀ ਇਕ ਪਰੀਸ਼ਦ ਵੀ ਰਾਸ਼ਟਰਪਤੀ ਦੇ ਕੰਮਾਂ ਦੀ ਨਿਗਰਾਨੀ ਰਖਦੀ ਹੈ। ਰਾਸ਼ਟਰਪਤੀ ਦੇ ਅਹੁਦੇ ਦੀ ਮਿਆਦ ਚਾਰ ਸਾਲ ਹੁੰਦੀ ਹੈ, ਅਤੇ ਉਹ ਸਿਰਫ ਦੋ ਵਾਰ ਇਸ ਅਹੁਦੇ ਤੇ ਰਹਿ ਸਕਦਾ ਹੈ। ਅਗਰ ਰਾਸ਼ਟਰਪਤੀ ਦੇਸ਼ ਵਿਰੋਧੀ ਗਤੀਵਿਧੀਆਂ ਕਰੇ ਤਾਂ ਉਸ ਵਿਰੁੱਧ ਚੁਣੀ ਹੋਈ ਪਰੀਸ਼ਦ ਮਹਾਂਦੋਸ਼ ਬਿੱਲ ਪਾਸ ਕਰਕੇ ਗੱਦੀ ਤੋਂ ਲਾਹ ਸਕਦੀ ਹੈ ਅਤੇ ਉਪ ਰਾਸ਼ਟਰਪਤੀ ਨੂੰ ਰਾਸ਼ਟਰਪਤੀ ਘੋਸ਼ਤ ਕਰ ਦਿਤਾ ਜਾਂਦਾ ਹੈ। ਇਸ ਪਰਨਾਲੀ ਵਿਚ ਰਾਸ਼ਟਰਪਤੀ ਨੂੰ ਬਲੈਕ ਮੇਲ ਕਰਨ ਦੇ ਕੋਈ ਚਾਂਨਸ ਨਹੀਂ ਇਹ ਪਰਨਾਲੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਵਰਤੋਂ ਵਿਚ ਲਿਆਂਦੀ ਜਾ ਰਹੀ ਹੈ। ਅਮਰੀਕੀ ਚੋਣਾਂ ਦੀ ਇਕ ਹੋਰ ਚੰਗੀ ਗੱਲ ਇਹ ਹੈ, ਕਿ ਹਰ ਪਾਰਟੀ ਦਾ ਉਮੀਦਵਾਰ ਬਣਨ ਲਈ ਵੀ ਸਾਰੇ ਦੇਸ਼ ਵਿਚੋਂ ਵੋਟਾਂ ਰਾਹੀਂ ਚੋਣ ਕਰਵਾਕੇ ਫੈਸਲਾ ਕੀਤਾ ਜਾਂਦਾ ਹੈ, ਕਿ ਪਾਰਟੀ ਵਿਚੋਂ ਕਿਹੜਾ ਉਮੀਦਵਾਰ ਰਾਸ਼ਟਰਪਤੀ ਦੀ ਚੋਣ ਲਈ ਲੜਨ ਲਈ ਯੋਗ ਹੈ। ਇਸ ਦਾ ਫੈਸਲਾ ਅਮਰੀਕੀ ਜਨਤਾ ਕਰਦੀ ਹੈ। ਫਰਾਂਸੀਸੀ ਪ੍ਰਧਾਨਗੀ ਪਰਨਾਲੀ=ਇਥੇ ਅਮਰੀਕਾ ਨਾਲੋਂ ਵੀ ਵਧੀਆ ਢੰਗ ਨਾਲ ਚੋਣ ਕੀਤੀ ਜਾਂਦੀ ਹੈ। ਦੋ, ਚਾਰ, ਪੰਜ ਕਿਨੇ ਵੀ ਉਮੀਦਵਾਰ ਹੋਣ ਪਹਿਲਾਂ ਪ੍ਰਾਇਮਰੀ ਇਲੈਕਸ਼ਨ ਹੁੰਦਾ ਹੈ, ਅਗਰ ਉਸ ਵਿਚ ਇਕ ਉਮੀਦਵਾਰ 50% ਤੋਂ ਉਪਰ ਵੋਟ ਹਾਂਸਲ ਕਰ ਲੈਂਦਾ ਹੈ ਤਾਂ ਉਸ ਨੂੰ ਰਾਸ਼ਟਰਪਤੀ ਘੋਸ਼ਤ ਕਰ ਦਿਤਾ ਜਾਂਦਾ ਹੈ। ਅਗਰ ਕੋਈ ਵੀ ਉਮੀਦਵਾਰ 50% ਨੂੰ ਪਾਰ ਨਹੀਂ ਕਰਦਾ, ਤਾਂ ਫੇਰ ਦੋ ਉਪਰ ਵਾਲੇ ਉਮੀਦਵਾਰਾਂ ਲਈ ਫਿਰ ਦੁਬਾਰਾ ਵੋਟਿੰਗ ਕਰਵਾਈ ਜਾਂਦੀ ਹੈ, ਅਤੇ ਜਿੱਤਣ ਵਾਲੇ ਉਮੀਦਵਾਰ ਨੂੰ ਰਾਸ਼ਟਰਪਤੀ ਘੋਸ਼ਤ ਕਰ ਦਿਤਾ ਜਾਂਦਾ ਹੈ। ਇਸ ਨੂੰ ਸਭ ਤੋਂ ਚੰਗੀ ਲੋਕ ਪੱਖੀ ਚੋਣ ਪਰਕਿਰਿਆ ਮੰਨਿਆ ਗਿਆ ਹੈ।

**ਗੁਰਮੇਲ ਬਰਗਾੜੀ ਬਰੈਂਪਟਨ ਕੈਨੇਡਾ,**
**ਫੋਨ** : 416-845-7534

# ਜੰਗੀ ਹਥਿਆਰਾਂ ਨਾਲ ਲੈਸ ਬੀ.ਐਸ.ਐਫ਼ ਵੱਲੋਂ ਝਾਰਖੰਡ ਵਿੱਚ ਮਾਓਵਾਦੀ ਲੜਾਕਿਆਂ ਉੱਪਰ ਵੱਡਾ ਹਮਲਾ

**ਰਮਨਪ੍ਰੀਤ**



ਸਾਲ 2009 ਤੋਂ ਹੀ ਮੁਲਕ ਵਿੱਚੋਂ ਮਾਓਵਾਦੀ ਇਨਕਲਾਬੀਆਂ ਨੂੰ ਖ਼ਤਮ ਕਰਨ ਲਈ 'ਆਪ੍ਰੇਸ਼ਨ ਗ੍ਰੀਨਹੰਟ' ਲਗਾਤਾਰ ਜਾਰੀ ਹੈ? ਮੋਦੀ ਸਰਕਾਰ ਦੇ ਆਉਣ ਨਾਲ ਅਤੇ ਡੂੰਘੇ ਹੁੰਦੇ ਸਾਮਰਾਜੀ ਅਰਥਚਾਰੇ ਦੇ ਸੰਕਟ ਨਾਲ ਮਾਓਵਾਦੀਆਂ ਨੂੰ ਖ਼ਤਮ ਕਰਨ ਲਈ ਹੱਲਾ ਹੋਰ ਤੇਜ਼ ਹੋਇਆ ਹੈ? ਪਿਛਲੇ ਦਿਨੀਂ ਝਾਰਖੰਡ ਦੇ ਪੱਛਮੀ ਸਿੰਘਭੂਮ ਦੇ ਚਾਇਬਾਸਾ ਇਲਾਕੇ ਵਿੱਚ ਮਾਓਵਾਦੀ ਗੁਰੀਲਿਆਂ ਨੂੰ ਖ਼ਤਮ ਕਰਨ ਲਈ ਵੱਡਾ ਆਪ੍ਰੇਸ਼ਨ ਸ਼ੁਰੂ ਕੀਤਾ ਗਿਆ ਹੈ? ਲਿਖਣ ਦੇ ਸਮੇਂ ਤੱਕ ਇਸ ਆਪ੍ਰੇਸ਼ਨ ਨੂੰ ਚਲਦਿਆਂ 9 ਦਿਨ ਹੋ ਚੁੱਕੇ ਹਨ? ਇਸ ਆਪ੍ਰੇਸ਼ਨ ਵਿੱਚ 2000 ਦੀ ਗਿਣਤੀ ਵਿੱਚ ਪੁਲਿਸ ਅਤੇ ਨੀਮ-ਫੌਜੀ ਬਲਾਂ ਨੂੰ ਵਰਤਿਆ ਜਾ ਰਿਹਾ ਹੈ?

ਜ਼ਿਕਰਯੋਗ ਹੈ ਕਿ ਇਸ ਹਮਲੇ ਵਿੱਚ ਸੀ.ਆਰ.ਪੀ.ਐਫ਼ ਦੇ ਕੋਬਰਾ ਕਮਾਂਡੋ ਦੇ ਨਾਲ ਨਾਲ ਬੀ.ਐਸ.ਐਫ਼ (ਜੋ ਕਿ ਮੁਲਕ ਦੀ ਸਰਹੱਦ ਦੀ ਰਾਖੀ ਲਈ ਹੁੰਦੀ ਹੈ) ਨੂੰ ਵੀ ਨਾਲ ਲਾਮਬੰਦ ਕੀਤਾ ਗਿਆ ਹੈ? ਇਸ ਹਮਲੇ ਵਿੱਚ ਕਾਰਗਿਲ ਜੰਗ ਸਮੇਂ ਵਰਤੇ ਗਏ ਮੋਰਟਾਰ ਅਤੇ ਰਾਕੇਟ ਲਾਂਚਰ ਵੀ ਪੈਰਾ-ਮਿਲਟਰੀ ਵੱਲੋਂ ਵਰਤੇ ਜਾ ਰਹੇ ਹਨ? ਇਸ ਤਰ੍ਹਾਂ ਦੇ ਹਥਿਆਰਾਂ ਦੀ ਵਰਤੋਂ ਹੁਣ ਤੱਕ ਸਿਰਫ਼ ਜੰਗ ਸਮੇਂ ਹੀ ਕੀਤੀ ਜਾਂਦੀ ਸੀ ਕਿਉਂਕਿ ਵਰਤੇ ਜਾ ਰਹੇ UGBL (ਰਾਕੇਟ ਲਾਂਚਰ) ਅਤੇ ਮੋਰਟਾਰ ਨਾਲ ਇਰਦ-ਗਿਰਦ ਦੇ ਜੰਗਲ ਅਤੇ ਉੱਥੇ ਰਹਿ ਰਹੇ ਆਦਿਵਾਸੀਆਂ ਨੂੰ ਵੀ ਨੁਕਸਾਨ ਪਹੁੰਚੇਗਾ? ਯਾਦ ਰਹੇ ਕਿ ਇਸ ਹਮਲੇ ਤੋਂ ਪਹਿਲਾਂ ਵੀ ਪਿਛਲਾ ਸਾਰਾ ਸਾਲ ਮਾਓਵਾਦੀ ਨੇਤਾ ਅਰਵਿੰਦ ਜੀ ਨੂੰ ਝਾਰਖੰਡ ਦੇ ਬੁਢਾ ਪਹਾੜ ਇਲਾਕੇ ਵਿੱਚ ਘੇਰਾ ਪਾਈ ਰੱਖਿਆ ਸੀ? ਖ਼ਬਰ ਇਹ ਵੀ ਹੈ ਕਿ ਹੁਣ ਪੁਲਸ ਦੁਆਰਾ ਮਾਓਵਾਦੀਆਂ ਦਾ ਰਾਸ਼ਨ ਪਾਣੀ ਬੰਦ ਕਰਨ ਦੇ ਬਹਾਨੇ ਪੇਂਡੂ ਲੋਕਾਂ ਨੂੰ ਤੰਗ ਕਰਨ ਦਾ ਨਵਾਂ ਤਰੀਕਾ ਲੱਭ ਲਿਆ ਹੈ? ਇਸ ਤਰੀਕੇ ਦੇ ਤਹਿਤ ਗੋਇਲਕੇਰਾ ਮੰਡੀ ਵਿੱਚ ਦੁਕਾਨਦਾਰਾਂ ਨੂੰ ਪੁਲਸ ਦੁਆਰਾ ਸਖ਼ਤ ਹਿਦਾਇਤ ਦਿੱਤੀ ਗਈ ਹੈ ਕਿ ਪੇਂਡੂ ਲੋਕਾਂ ਨੂੰ 5 ਕਿੱਲੋ ਤੋਂ ਵੱਧ ਅਨਾਜ ਨਾ ਦੇਣ, ਇੱਥੋਂ ਤੱਕ ਕਿ ਪਬਲਿਕ ਵੰਡ ਪ੍ਰਣਾਲੀ (ਪੀ.ਡੀ.ਐਸ) ਦੇ ਦੁਕਾਨਦਾਰਾਂ ਨੂੰ ਵੀ ਅਨਾਜ ਨਹੀਂ ਲਿਜਾਣ ਦਿੱਤਾ ਜਾ ਰਿਹਾ? ਪੂਰਾ ਇਲਾਕਾ ਪੁਲਸ ਛਾਉਣੀ ਵਿੱਚ ਤਬਦੀਲ ਹੋ ਚੁੱਕਾ ਹੈ।

ਖ਼ਾਸ ਗੱਲ ਇਹ ਵੀ ਜੰਗ ਵਰਗੇ ਹਲਾਤ ਬਣੇ ਹੋਣ ਦੇ ਬਾਵਜੂਦ ਮੁੱਖ-ਧਾਰਾ ਦਾ ਵਿਕਾਊ ਮੀਡੀਆ ਇਸ ਬਾਰੇ ਕੋਈ ਵੀ ਜਾਣਕਾਰੀ ਨਹੀਂ ਦੇ ਰਿਹਾ? ਹਾਲਾਂਕਿ ਚਾਇਬਾਸਾ ਇਲਾਕੇ ਦੇ ਖੇਤਰੀ ਅਖ਼ਬਾਰ ਇਹਨਾਂ ਖ਼ਬਰਾਂ ਨਾਲ ਭਰੇ ਪਏ ਹਨ? ਯਾਦ ਰਹੇ ਕਿ ਇਹ ਭਾਰਤੀ ਸੱਤਾ ਵੱਲੋਂ ਚਲਾਈ ਜਾ ਰਹੀ LIC (Low Intensity Conflict) ਦੀ ਨੀਤੀ ਅਧੀਨ ਹੀ ਹੈ ਭਾਵ ਦਿਖਣ ਵਿੱਚ ਇਸ ਜੰਗ ਨੂੰ ਕਦੇ ਵੀ ਵੱਡੀ ਜੰਗ ਅੰਦਰ ਤਬਦੀਲ ਨਾ ਹੋਣ ਦਿੱਤਾ ਜਾਏ ਅਤੇ ਇਸ ਸੰਘਰਸ਼ ਬਾਰੇ ਹਰ ਕਿਸਮ ਦੀ ਖ਼ਬਰ ਨੂੰ ਦੱਬ ਦਿੱਤਾ ਜਾਏ ਅਤੇ ਕਦੇ ਵੀ ਲੋਕਾਂ ਅੰਦਰ ਇਸਦੀ ਸਹੀ ਤਸਵੀਰ ਨਾ ਪਹੁੰਚੇ?

ਇਹ ਹਮਲਾ ਮੋਦੀ ਸਰਕਾਰ ਵੱਲੋਂ ਵਿੱਢੇ ਗਏ ਆਪ੍ਰੇਸ਼ਨ ਗ੍ਰੀਨ-ਹੰਟ ਦੇ ਤੀਜੇ ਪੜਾਅ ਦਾ ਹਿੱਸਾ ਹੈ ਜਿਸਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੱਲੋਂ ਸਮਾਧਾਨ-2022 ਦਾ ਨਾਮ ਦਿੱਤਾ ਗਿਆ ਹੈ?

ਸਮਾਧਾਨ ਫਾਰਮੂਲਾ:- ਅਸਲ ਗੱਲ ਇਹ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੁਰੱਖਿਆ ਬਲਾਂ ਲਈ ਨਕਸਲਵਾਦ ਨਾਲ ਨਿਪਟਣ ਲਈ ਇੱਕ ਸਮਾਧਾਨ ਨਾਂ ਦਾ ਫਾਰਮੂਲਾ ਲਿਆਂਦਾ ਹੈ। ਮੰਤਰਾਲੇ ਨੇ 2020 ਵਰ੍ਹੇ ਤੱਕ ਨਕਸਲਵਾਦ ਦੀ 'ਸਮੱਸਿਆ' ਨੂੰ ਖ਼ਤਮ ਕਰਨ ਦਾ ਟੀਚਾ ਲਿਆ ਹੈ। ਅਸਲ ਵਿੱਚ ਇਸਦਾ ਅਸਲੀ ਮੰਤਵ ਦਲਾਲ ਭਾਰਤੀ ਅਤੇ ਬਾਹਰਲੇ ਪੂੰਜੀਪਤੀਆਂ ਦੇ ਮੁਨਾਫ਼ਿਆਂ ਲਈ ਆਦਿਵਾਸੀਆਂ ਦੇ ਜਲ ਜੰਗਲ ਜ਼ਮੀਨ ਨੂੰ ਖਾਲੀ ਕਰਾਉਣਾ ਹੀ ਹੈ। ਐਮ.ਐਸ.ਐਸ. ਉੱਪਰ ਪਾਬੰਦੀ ਵੀ ਇਸੇ ਸਮਾਧਾਨ ਨਾਂ ਦੇ ਪ੍ਰੋਗਰਾਮ ਕਰਕੇ ਹੀ ਲਗਾਈ ਗਈ ਹੈ। ਰਾਜਨਾਥ ਨੇ ਸਮਾਧਾਨ (SAMADHAN) ਦਾ ਇਹ ਮਤਲਬ ਦੱਸਿਆ ਹੈ:- ਐਸ - ਸਮਾਰਟ ਲੀਡਰਸ਼ਿਪ, ਏ - ਅਗ੍ਰੈਸਿਵ ਸਟ੍ਰੇਟਜੀ, ਐਮ - ਮੋਟੀਵੇਸ਼ਨ ਐਂਡ ਟ੍ਰੇਨਿੰਗ, ਏ -ਐਕਸ਼ਨੇਬਲ ਇਨਟੈਲੀਜੈਂਸ, ਡੀ - ਡੈਸ਼ਬੋਰਡ ਬੇਸਡ ਕੀ ਪਰਫਾਰਮੈਂਸ ਇੰਡੀਕੇਟਰਜ਼ ਐਂਡ ਕੀ ਰਿਜ਼ਲਟ ਏਰੀਆਜ਼, ਐੱਚ - ਹਾਰਨੇਸਿੰਗ ਟੈਕਨਾਲੋਜੀ, ਏ - ਐਕਸ਼ਨ ਪਲਾਨ ਫ਼ਾਰ ਈਚ ਥ੍ਰੈੱਟ, ਐਨ-ਨੋ ਐਕਸੈੱਸ ਟੂ ਫਾਇਨਾਂਸਿੰਗ। ਸਮਾਧਾਨ ਦਾ ਅਸਲ ਮੰਤਵ ਜਲ, ਜੰਗਲ, ਜ਼ਮੀਨ ਅਤੇ ਹੋਰ ਕੁਦਰਤੀ ਸਰੋਤਾਂ ਦੀ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਦੱਲਿਆਂ ਨੂੰ ਲੁੱਟ ਦੀ ਸਹੂਲਤ ਦੇਣਾ ਹੀ ਹੈ।

ਇਸ ਪ੍ਰੋਗਰਾਮ ਤਹਿਤ ਮਾਓਵਾਦੀਆਂ ਦੇ ਮਜ਼ਬੂਤ ਇਲਾਕਿਆਂ ਖਾਸਕਰ ਬਸਤਰ, ਦੰਡਕਾਰਿਣਆਂ, ਮਲਕਾਨਗਿਰੀ, ਗੜ੍ਹਚਿਰੋਲੀ ਆਦਿ ਉੱਪਰ ਸਟੀਕ ਜਾਣਕਾਰੀਆਂ ਦੇ ਅਧਾਰ 'ਤੇ ਮਿਲਟਰੀ ਹਮਲੇ ਵਿੱਢੇ ਗਏ ਹਨ? ਇਹ ਸਪੱਸ਼ਟ ਹੈ ਕਿ ਕੇਂਦਰ ਸਰਕਾਰ ਕਾਰਪੋਰੇਟਾਂ ਨੂੰ ਕੁਦਰਤੀ ਸ੍ਰੋਤਾਂ ਦੀ ਕਮਾਨ ਦੇਣ ਲਈ ਹਰ ਤਰ੍ਹਾਂ ਨਾਲ ਤਿਆਰ ਹੈ ਅਤੇ ਇਸ ਨੀਤੀ ਦੇ ਕਿਸੇ ਵੀ ਵਿਰੋਧ ਨੂੰ ਸੱਤਾ ਬੰਦੂਕ ਤੋਂ ਲੈ ਜੇਲ੍ਹਾਂ ਵਿੱਚ ਸੁੱਟਣ ਤੱਕ ਹਰ ਤਰ੍ਹਾਂ ਨਾਲ ਚੁੱਪ ਕਰਾ ਰਹੀ ਹੈ?

ਇਹਨਾਂ ਹਮਲਿਆਂ ਨੂੰ ਭਾਰਤ ਦੇ ਹੋਰ ਇਨਕਲਾਬੀ, ਜਮਹੂਰੀ, ਅਗਾਂਹਵਧੂ, ਨਿਆਂਪਸੰਦ ਅਤੇ ਬੁੱਧੀਜੀਵੀ ਵਰਗਾਂ ਤੋਂ ਕੋਈ ਵਿਰੋਧ ਨਾ ਮਿਲੇ ਇਸਲਈ ਵੀ ਪੂਰੀ ਤਿਆਰੀ ਕੀਤੀ ਗਈ ਹੈ? ਇਸੇ ਕੜੀ ਵਿੱਚ ਝਾਰਖੰਡ ਅੰਦਰ ਮਜ਼ਦੂਰ ਸੰਗਠਨ ਸਮਿਤੀ ਉੱਪਰ ਪਾਬੰਦੀ ਲਾਉਣਾ, ਉਸਤੋਂ ਬਾਅਦ ਵਿਸਥਾਪਨ ਵਿਰੋਧੀ ਜਨ ਵਿਕਾਸ ਅੰਦੋਲਨ ਦੇ ਕੌਮੀ ਕਨਵੀਨਰ ਦਮੋਦਰ ਤੁਰੀ ਨੂੰ ਜੇਲ ਵਿੱਚ ਸੁੱਟਣਾ? ਦਮੋਦਰ ਤੁਰੀ ਨੇ ਝਾਰਖੰਡ ਦੇ ਕਿਸਾਨਾਂ, ਆਦਿਵਾਸੀਆਂ ਦੇ ਜਲ-ਜੰਗਲ-ਜ਼ਮੀਨ ਦੇ ਸੰਘਰਸ਼ਾਂ ਨੂੰ ਜਥੇਬੰਦ ਕੀਤਾ ਅਤੇ ਉਨ੍ਹਾਂ ਵਿੱਚ ਹਿੱਸਾ ਲਿਆ? 2006 ਵਿੱਚ, ਉਸਨੇ ਖਣਿਜ ਅਮੀਰ ਖੇਤਰਾਂ ਦੇ ਕੁਦਰਤੀ ਸਾਧਨਾਂ ਨੂੰ ਲੁੱਟਣ ਲਈ ਸਮਝੌਤਿਆਂ (ਐਮ.ਓ.ਯੂ.) ਦਾ ਵਿਰੋਧ ਕਰਨ ਲਈ ਝਾਰਖੰਡ ਵਿੱਚ 'ਵਿਸਥਾਪਨ ਵਿਰੋਧੀ ਸੰਮਨਵੇ ਸਮਿਤੀ' ਅਤੇ ਸਰਬ ਭਾਰਤੀ ਪੱਧਰ ਦੀ ਜਥੇਬੰਦੀ 'ਵਿਸਥਾਪਨ ਵਿਰੋਧੀ ਜਨ ਵਿਕਾਸ ਅੰਦੋਲਨ' ਬਣਾਉਣ ਲਈ ਪਹਿਲਕਦਮੀ ਕੀਤੀ?

ਮਹਾਂਰਾਸ਼ਟਰ ਅਤੇ ਦਿੱਲੀ ਵਿੱਚ ਸਰਕਾਰ ਦੀਆਂ ਇਹਨਾਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ ਅਤੇ ਕਲਾਕਾਰਾਂ (ਜਿਵੇਂ ਕਿ CRPP ਨਾਲ ਜੁੜੇ ਕਾਰਕੁੰਨ ਰੋਨਾ ਵਿਲਸਨ) ਦੇ ਘਰਾਂ 'ਤੇ ਛਾਪੇ ਮਾਰੇ ਜਾ ਰਹੇ ਹਨ ਅਤੇ ਕਈ ਥਾਈਂ ਝੂਠੇ ਮੁਕੱਦਮਿਆਂ ਵਿੱਚ ਫਸਾਇਆ ਜਾ ਰਿਹਾ ਹੈ? ਇਸੇ ਕੜੀ ਵਿੱਚ ਨਾਗਪੁਰ ਵਿੱਚ IAPL ਨਾਲ ਜੁੜੇ ਵਕੀਲ ਸੁਰਿੰਦਰ ਗੱਡਲਿੰਗ, ਕਬੀਰ ਕਲਾ ਮੰਚ ਨਾਲ ਜੁੜੇ ਕਲਾਕਾਰ ਸਾਗਰ ਗੋਰਖੇ, ਰਮੇਸ਼ ਗਾਇਚੋਰ, ਜੋਤੀ ਜਗਤਾਪ, ਰੁਪਾਲੀ ਯਾਦਵ, ਧਵਲ ਧੇਗਲੇ, ਰਿਪਬਲਿਕਨ ਪੈਂਥਰ ਦੇ ਕਾਰਕੁੰਨ ਹਰਸ਼ਾਲੀ ਪੋਤਦਾਰ ਅਤੇ ਸੁਧੀਰ ਧਾਵਲੇ ਦੇ ਘਰਾਂ ਉੱਪਰ ਇੱਕੋ ਸਮੇਂ ਛਾਪੇ ਮਾਰੇ ਗਏ? ਯਾਦ ਰਹੇ ਕਿ ਇਹ ਕਾਰਕੁੰਨ ਜਨਵਰੀ ਵਿੱਚ ਕੋਰੇਗਾਂਵ ਵਿੱਚ ਹੋਏ ਦਲਿਤਾਂ ਵੱਲੋਂ ਵਿਰੋਧ ਵਿੱਚ ਅੱਗੇ ਰਹੇ ਸਨ ਅਤੇ ਸਰਕਾਰ ਹਰ ਉਸ ਆਵਾਜ਼ ਨੂੰ ਚੁੱਪ ਕਰਾਉਣ ਲੱਗੀ ਹੈ ਜੋ ਵੀ ਨਿਆਂ ਦੀ ਆਵਾਜ਼ ਬੁਲੰਦ ਕਰਦਾ ਹੈ? ਇਸੇ ਲੜੀ ਵਿੱਚ 90 ਫ਼ੀਸਦ ਅਪਾਹਜ ਦਿੱਲੀ ਯੂਨਿਵਰਸਿਟੀ ਦੇ ਪ੍ਰੋਫ਼ੈਸਰ ਸਾਈਬਾਬਾ ਨੂੰ ਜੇਲ੍ਹ ਵਿੱਚ ਡੱਕ ਰੱਖਿਆ ਹੈ ਅਤੇ ਉਸ ਨੂੰ ਲੋੜੀਂਦਾ ਇਲਾਜ ਵੀ ਨਹੀਂ ਦਿੱਤਾ ਜਾ ਰਿਹਾ? ਦੂਜੇ ਪਾਸੇ ਜੇਲ੍ਹਾਂ ਵਿੱਚੋਂ ਰਿਹਾ ਹੋਣ ਵਾਲੇ ਕਾਰਕੁੰਨਾਂ ਨੂੰ ਮੁੜ-ਮੁੜ ਜਾਅਲੀ ਕੇਸਾਂ ਵਿੱਚ ਅੰਦਰ ਡੱਕਿਆ ਜਾ ਰਿਹਾ ਹੈ?

ਆਪ੍ਰੇਸ਼ਨ ਗ੍ਰੀਨਹੰਟ ਦੇ ਨਾਮ ਹੇਠ ਚੱਲ ਰਿਹਾ ਇਹ ਹਮਲਾ ਦਰਅਸਲ ਭਾਰਤੀ ਸੱਤਾ ਵੱਲੋਂ ਆਦਿਵਾਸੀਆਂ ਤੋਂ ਜਲ-ਜੰਗਲ-ਜ਼ਮੀਨ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਣ ਦੀ ਲੜਾਈ ਹੈ? ਮੁਲਕ ਦੇ ਤਮਾਮ ਇਨਸਾਫ਼ ਪਸੰਦ ਲੋਕਾਂ ਨੂੰ ਇਸ ਹਮਲੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ ਕਿਉਂਕਿ ਮੁਲਕ ਵਿੱਚ ਵਧ ਰਹੇ ਫ਼ਾਸੀਵਾਦ ਲਈ ਇੱਕ ਵੱਡੀ ਚਣੌਤੀ ਇਸ ਸੰਘਰਸ਼ ਨੂੰ ਖ਼ਤਮ ਕਰਕੇ ਉਹਨਾਂ ਇਲਾਕਿਆਂ ਵਿੱਚ ਕਾਰਪੋਰੇਟ ਲੁੱਟ ਲਈ ਦਰਵਾਜ਼ੇ ਖੋਲਣ ਦੀ ਵੀ ਹੈ? ਮੌਜੂਦਾ ਸਮੇਂ ਦੇ ਇਸ ਹਮਲੇ ਨੂੰ ਕਿਵੇਂ ਲੜਿਆ ਜਾਵੇਗਾ ਉਹ ਲੰਮੇ ਸਮੇਂ ਵਿੱਚ ਭਾਰਤ ਅੰਦਰ ਇਨਕਲਾਬੀ ਸੰਘਰਸ਼ ਦੇ ਰਾਹ ਨੂੰ ਤਹਿ ਕਰਨ ਵਿੱਚ ਵੀ ਅਹਿਮ ਭੂਮਿਕਾ ਅਦਾ ਕਰੇਗਾ।

## ਟਿੱਪਣੀਆਂ

**ਮੋਦੀ ਸਰਕਾਰ ਦੀਆਂ ਬਰਕਤਾਂ**

2002 ਦੇ ਗੁਜਰਾਤ ਦੰਗਿਆਂ ਦੌਰਾਨ ਨਰੋਦਾ ਪਾਟੀਆ ਦੇ 97 ਮੁਸਲਮਾਨਾਂ ਦੇ ਕਤਲ, ਇਸ ਨਰਸੰਹਾਰ ਦੀ ਸ਼ਾਜਿਸ਼ ਰਚਣ ਤੇ ਇਸਦੀ ਅਗਵਾਈ ਕਰਨ ਦੇ ਦੋਸ਼ 'ਚ ਸਜਾਯਾਫਤਾ ਆਰ. ਐਸ. ਐਸ. ਦੀ ਕਾਰਕੁੰਨ ਅਤੇ ਬੀਜੇਪੀ ਦੀ ਗੁਜਰਾਤ ਤੋਂ ਸਾਬਕਾ ਮੰਤਰੀ ਮਾਇਆ ਸੁਰੇਂਦਰਾ ਕੁਮਾਰ ਕੋਡਨਾਨੀ ਤੇ ਅਖੀਰ ਮੋਦੀ ਸਰਕਾਰ ਦੀ ਮਿਹਰ ਹੋ ਹੀ ਗਈ, ਜੋ ਆਖਿਰ ਹੋਣੀ ਹੀ ਸੀ। ਆਪਣਾ ਡਾਕਟਰੀ ਪੇਸ਼ਾ ਛੱਡਕੇ ਅਤੇ ਆਪਣੇ ਨਿੱਜੀ ਹਸਪਤਾਲ ਦੇ ਮਰੀਜ਼ਾਂ ਦੇ ਇਲਾਜ ਦੀ ਚਿੰਤਾ ਛੱਡਕੇ ਕੋਡਨਾਨੀ ਨੇ ਪਿਛਲੇ ਕਈ ਸਾਲਾਂ ਤੋਂ ਆਰਐਸਐਸ ਤੇ ਭਾਜਪਾ ਦੀ ਖ਼ੂਬ ਸੇਵਾ ਕੀਤੀ ਹੈ ਜਿਸਦਾ ਫਲ 20 ਅਪ੍ਰੈਲ ਨੂੰ ਉਸਨੂੰ ਨਰੋਦਾ ਪਾਟੀਆ ਦੰਗਿਆਂ ਦੇ ਦੋਸ਼ 'ਚ ਹੋਈ 28 ਸਾਲਾ ਸਜ਼ਾ ਤੋਂ ਨਿਰਦੋਸ਼ ਮੁਕਤ ਕਰਕੇ ਦੇ ਦਿੱਤਾ ਗਿਆ ਹੈ।

2002 ਦੇ ਗੁਜਰਾਤ ਦੰਗਿਆਂ ਦੌਰਾਨ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਇਕੱਠੀ ਹੋਈ ਫਿਰਕੂ ਭੀੜ ਨੇ ਦਰਜਨਾਂ ਮੁਸਲਮਾਨਾਂ ਨੂੰ ਅੱਗ ਦੀ ਭੇਟ ਚਾੜ੍ਹ ਦਿੱਤਾ ਸੀ। ਉਸ ਸਮੇਂ ਕੋਡਨਾਨੀ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਬਾਬੂ ਬਜਰੰਗੀ ਸਮੇਤ 32 ਦੋਸ਼ੀਆਂ ਨੂੰ ਅਦਾਲਤ ਨੇ ਸਜਾ ਸੁਣਾਈ ਸੀ। ਅਤੇ ਇਹਨਾਂ ਦੰਗਿਆਂ ਦੀ ਮੁੱਖ ਅਗਵਾਈ ਕਰਤਾ ਕੋਡਨਾਨੀ ਨੂੰ ਗੁਜਰਾਤ ਟਰਾਇਲ ਕੋਰਟ ਨੇ 28 ਸਾਲ ਦੀ ਸਜਾ ਸੁਣਾਈ ਸੀ। ਕੋਡਨਾਨੀ ਭਾਰਤੀ ਇਤਿਹਾਸ 'ਚ ਪਹਿਲੀ ਅਜਿਹੀ ਰਾਜਨੀਤਿਕ ਔਰਤ ਹੈ ਜੋ ਫਿਰਕੂ ਦੰਗਿਆਂ 'ਚ ਸਜਾਯਾਫਤਾ ਹੈ। ਇਹਨਾਂ ਦੰਗਿਆਂ ਦੇ 29 ਦੋਸ਼ੀ ਤਾਂ ਪਹਿਲਾਂ ਹੀ ਸਿਆਸੀ ਰਸੂਖ ਕਾਰਨ ਬਰੀ ਹੋ ਚੁੱਕੇ ਹਨ ਤੇ ਹੁਣ ਦੰਗਿਆਂ ਦੀ ਮੁੱਖ ਦੋਸ਼ੀ ਨੂੰ ਬਰੀ ਕਰਕੇ ਭਾਰਤੀ ਨਿਆਂ ਪ੍ਰਬੰਧ ਨੇ ਗੁਜਰਾਤ ਦੰਗਿਆਂ ਦੇ ਪੀੜਤਾਂ ਦੇ ਜਖਮਾਂ ਨੂੰ ਇਕ ਵਾਰ ਫਿਰ ਹਰੇ ਕਰ ਦਿੱਤਾ ਹੈ। 11 ਚਸ਼ਮਦੀਦ ਗਵਾਹਾਂ ਅਤੇ ਫੋਨ ਕਾਲਾਂ ਦੀ ਡਿਟੇਲ ਦੇ ਪੁਖਤਾ ਸਬੂਤ (ਜਿਨ੍ਹਾਂ ਦੇ ਅਧਾਰ ਤੇ ਸਜਾ ਹੋਈ ਸੀ) ਹੋਣ ਦੇ ਬਾਵਜੂਦ ਕੋਡਨਾਨੀ ਨੂੰ ਭਾਜਪਾ ਦੀ ਸਿਆਸੀ ਸ਼ਹਿ ਕਾਰਨ ਬਰੀ ਕਰਵਾ ਲਿਆ ਗਿਆ ਹੈ। ਭਾਜਪਾ ਪਿਛਲੇ ਸਮੇਂ ਤੋਂ ਲਗਾਤਾਰ ਉਸਨੂੰ ਸਰਪ੍ਰਸਤੀ ਦਿੰਦੀ ਆ ਰਹੀ ਹੈ। 2002 ਦੇ ਦੰਗਿਆਂ ਦੀ ਦੋਸ਼ੀ ਹੋਣ ਤੋਂ ਬਾਅਦ ਕੋਡਨਾਨੀ ਨੂੰ 2007 'ਚ ਗੁਜਰਾਤ ਦੀ ਮੋਦੀ ਵਜਾਰਤ 'ਚ 'ਮਹਿਲਾ ਤੇ ਬਾਲ ਡਿਵਲਪਮੈਂਟ' ਮੰਤਰੀ ਦਾ ਅਹੁਦਾ ਬਖਸ਼ਿਆ ਗਿਆ। ਇਸਤੋਂ ਇਲਾਵਾ ਭਾਜਪਾ ਦੇ ਸਿਆਸੀ ਰਸੂਖ ਕਾਰਨ ਐਸਆਈਟੀ (ਸ਼ਪੈਸ਼ਿਲ ਇਨਵੈਸਟੀਗੇਟਿੰਗ ਟੀਮ) ਵੱਲੋਂ ਇਸ ਕੇਸ ਵਿਚ ਲਗਾਤਾਰ ਅਣਗਹਿਲੀ ਅਤੇ ਨਰਮ ਰੁਖ ਅਖਤਿਆਰ ਕੀਤਾ ਗਿਆ। ਇਹੀ ਨਹੀਂ ਭਾਜਪਾ ਪ੍ਰਧਾਨ ਅਮਿੱਤ ਸ਼ਾਹ ਨੇ ਕੋਡਨਾਨੀ ਦੇ ਕੇਸ 'ਚ ਡੀਫੈਂਸ ਵਿਟਨੈੱਸ ਦੀ ਭੂਮਿਕਾ ਵੀ ਨਿਭਾਈ। ਯਾਦ ਰਹੇ ਟੋਬੇ ਦੇ ਗਵਾਹ ਇਸ ਡੱਡੂ ਦਾ ਖੁਦ ਵੀ ਗੁਜਰਾਤ ਦੰਗਿਆਂ 'ਚ ਨਾਂ ਬੋਲਦਾ ਰਿਹਾ। ਕੋਡਨਾਨੀ ਦੀ ਬਰੀ ਹੋਣ ਦੀ ਘਟਨਾ ਨਾਲ ਇਕ ਵਾਰ ਫਿਰ ਭਾਰਤੀ ਨਿਆਂ ਪ੍ਰਬੰਧ ਨੰਗੇ ਚਿੱਟੇ ਰੂਪ 'ਚ ਸੱਤਾਧਾਰੀ ਦੋਸ਼ੀਆਂ ਦੇ ਹੱਕ 'ਚ ਅਤੇ ਪੀੜਤਾਂ ਦੇ ਵਿਰੋਧ ਵਿਚ ਖੜ ਗਿਆ ਹੈ। ਇਸਨੇ ਦਿਖਾ ਦਿੱਤਾ ਹੈ ਕਿ ਇਸਦੇ ਕਾਨੂੰਨ ਲੋਕਾਂ ਲਈ ਹੋਰ ਅਤੇ ਜੋਕਾਂ ਲਈ ਹੋਰ ਹਨ। ਇਕ ਪਾਸੇ 84 ਦੇ ਦੰਗਿਆਂ ਵਰਗੇ ਅਨੇਕਾਂ ਦੰਗਿਆਂ ਦੇ ਅਸਲ ਦੋਸ਼ੀਆਂ ਨੂੰ ਸਜਾਵਾਂ ਦੇਣ ਅਤੇ ਝੂਠੇ ਕੇਸਾਂ 'ਚ ਜੇਲ੍ਹਾਂ 'ਚ ਬੰਦ ਸੈਂਕੜੇ ਨਿਰਦੋਸ਼ ਸਮਾਜਿਕ ਕਾਰਕੁੰਨਾਂ ਨੂੰ ਰਿਹਾਅ ਕਰਨ ਲਈ ਕਾਨੂੰਨ ਸਖਤ ਹੋ ਜਾਂਦੇ ਹਨ ਅਤੇ ਦਹਾਕੇ ਬੀਤ ਜਾਂਦੇ ਹਨ ਦੂਜੇ ਪਾਸੇ ਕੋਡਨਾਨੀ ਵਰਗੇ ਦੋਸ਼ੀਆਂ ਨੂੰ ਬਰੀ ਕਰਨ ਲਈ ਕਾਨੂੰਨ ਨਰਮ ਹੋ ਜਾਂਦੇ ਹਨ ਤੇ ਫਾਸਟ ਟਰੈਕ ਅਦਾਲਤਾਂ ਨੂੰ ਵੀ ਮਾਤ ਪਾ ਦਿੰਦੇ ਹਨ। ਇਹ ਹਨ 'ਦੰਗਾਈਆਂ ਦਾ ਸਾਥ ਦੰਗਈਆਂ ਦਾ ਵਿਕਾਸ' ਵਾਲੀ ਮੋਦੀ ਸਰਕਾਰ ਦੀਆਂ ਬਰਕਤਾਂ।

**ਇਰਾਕ:ਉੱਜੜੇ ਘਰਾਂ ਦੀ ਦਾਸਤਾਨ**

ਜੂਨ 2015 'ਚ ਇਰਾਕ ਦੇ ਮਸੂਲ ਇਲਾਕੇ 'ਚ 'ਇਸਲਾਮਿਕ ਇਸਟੇਟ' (ਆਈਐਸ) ਦੁਆਰਾ 39 ਭਾਰਤੀ ਕਾਮਿਆਂ ਨੂੰ ਬੰਧਕ ਬਣਾਇਆ ਗਿਆ ਜਿੰਨਾਂ ਨੂੰ ਬਾਅਦ 'ਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹਨਾਂ 39 ਪ੍ਰਵਾਸੀ ਭਾਰਤੀ ਕਾਮਿਆਂ ਵਿੱਚੋਂ 27 ਪੰਜਾਬ, ਚਾਰ ਹਿਮਾਚਲ ਪ੍ਰਦੇਸ਼, ਦੋ ਪੱਛਮੀ ਬੰਗਾਲ ਅਤੇ ਛੇ ਬਿਹਾਰ ਦੇ ਵਾਸੀ ਸਨ। ਇਹ ਸਾਰੇ ਹੀ ਭਾਰਤੀ ਕਾਮੇ ਠੱਗ ਟਰੈਵਲ ਏਜੰਟਾਂ ਦੇ ਧੱਕੇ ਚੜ੍ਹਕੇ ਗੈਰਕਾਨੂੰਨੀ ਢੰਗ ਨਾਲ ਇਰਾਕ ਵਰਗੇ ਖਾਨਾਜੰਗੀ ਦਾ ਸਾਹਮਣਾ ਕਰ ਰਹੇ ਖਾੜੀ ਮੁਲਕ 'ਚ ਮਿਹਨਤ ਮਜਦੂਰੀ ਕਰਨ ਗਏ ਸਨ। ਇਹਨਾਂ ਦੀ ਮੌਤ ਦੀ ਪੁਸ਼ਟੀ ਆਈ. ਐਸ.ਆਈ. ਦੀ ਕੈਦ ਚੋਂ ਬਚਕੇ ਨਿਕਲੇ ਹਰਜੀਤ ਮਸ਼ੀਹ ਨੇ 2015 ਵਿਚ ਹੀ ਕਰ ਦਿੱਤੀ ਸੀ ਪਰੰਤੂ ਦੇਸ਼ ਦੀ ਕੇਂਦਰੀ ਵਿਦੇਸ਼ ਮੰਤਰੀ ਸ਼ੁਸ਼ਮਾ ਸਵਰਾਜ ਨੂੰ 'ਠੋਸ ਸਬੂਤ' ਚਾਹੀਦੇ ਸਨ। ਵਿਦੇਸ਼ ਮੰਤਰੀ ਦੀ ਮੁਸ਼ੱਕਤ ਦੇਖੋ ਕਿ ਉਹ ਲਗਾਤਾਰ ਤਿੰਨ ਸਾਲ ਤੋਂ ਇਹ 'ਠੋਸ ਸਬੂਤ' ਹਰਜੀਤ ਮਸ਼ੀਹ ਨੂੰ ਝੂਠੇ ਕੇਸ਼ਾਂ 'ਚ ਉਲਝਾ ਕੇ ਅਤੇ ਥਾਣਿਆਂ-ਕਚਹਿਰੀਆਂ 'ਚ ਉਸਦੇ ਹੱਡ ਪੋਲੇ ਕਰਕੇ ਲੱਭ ਰਹੀ ਸੀ। ਸ਼੍ਰੀਮਤੀ ਸ਼ੁਸ਼ਮਾ ਜੀ, ਹਰਜੀਤ ਮਸ਼ੀਹ ਭਾਰਤ ਦਾ ਕੋਈ ਸਰਕਾਰੀ ਦੂਤ ਨਹੀਂ ਸੀ ਕਿ 'ਠੋਸ ਸਬੂਤ' ਜੁਟਾਉਣਾ ਉਸਦੀ ਜਿੰਮੇਵਾਰੀ ਬਣਦੀ ਸੀ? ਭਾਰਤ ਸਰਕਾਰ ਅਤੇ ਇਸਦੇ ਵਿਦੇਸ਼ ਮੰਤਰਾਲੇ ਦੀ ਤ੍ਰਾਸਦੀ ਦਾ ਇਕ ਹੋਰ ਪਹਿਲੂ ਇਹ ਵੀ ਹੈ ਕਿ 39 ਭਾਰਤੀਆਂ ਦੀ ਹੱਤਿਆ ਦੇ ਚਸ਼ਮਦੀਦ ਗਵਾਹ ਹਰਜੀਤ ਮਸ਼ੀਹ ਦੇ ਦਾਅਵਿਆਂ ਦੇ ਬਾਵਜੂਦ 39 ਭਾਰਤੀ ਕਾਮਿਆਂ ਦੀ ਮੌਤ ਦੀ ਪੁਸ਼ਟੀ ਕਰਨ ਲਈ ਤਿੰਨ ਸਾਲ ਬੀਤ ਗਏ। ਭਾਰਤ ਦੇ ਕਈ ਟੀਵੀ ਚੈਨਲਾਂ ਨੇ ਇਹਨਾਂ ਕਾਮਿਆਂ ਦੀ ਸਮੂਹਿਕ ਕਬਰ ਤੇ ਖੜ੍ਹਕੇ ਚੀਕ-ਚੀਕ ਕੇ ਕਿਹਾ ਕਿ ਬੰਧਕ ਬਣਾਏ ਗਏ ਭਾਰਤੀ ਕਾਮੇ ਮਾਰ ਦਿੱਤੇ ਗਏ ਹਨ ਪਰ ਭਾਰਤੀ ਵਿਦੇਸ਼ ਮੰਤਰਾਲਾ 'ਠੋਸ ਸਬੂਤਾਂ' ਦਾ ਇੰਤਜਾਰ ਕਰਦਾ ਰਿਹਾ। ਲਗਾਤਾਰ ਤਿੰਨ ਸਾਲ ਕੇਂਦਰੀ ਅਤੇ ਸੂਬਾਈ ਸਰਕਾਰਾਂ ਇਹਨਾਂ ਮਾਰੇ ਜਾ ਚੁੱਕੇ ਭਾਰਤੀ ਕਾਮਿਆਂ ਦੀ ਮੌਤ ਤੇ ਸਿਆਸੀ ਰੋਟੀਆਂ ਸੇਕਦੀਆਂ ਰਹੀਆਂ। ਮਾਰੇ ਗਿਆਂ ਦੇ ਪਰਿਵਾਰ ਭੁੱਖ-ਨੰਗ ਨਾਲ ਘੁਲਦੇ ਆਪਣਿਆਂ ਦੀ ਮੌਤ ਦੀ ਖਬਰ ਸੁਣਨ ਲਈ ਪਲ-ਪਲ ਸਹਿਕਦੇ ਰਹੇ। ਆਖਰ 2 ਅਪ੍ਰੈਲ 2018 ਦੇ ਦਿਨ ਜਹਾਜਾਂ 'ਚ ਚੜ੍ਹਕੇ ਵਿਦੇਸ਼ ਗਏ ਕਿਰਤੀ ਕਾਮੇ ਤਾਬੂਤਾਂ 'ਚ ਬੰਦ ਹੋ ਕੇ ਵਤਨ ਪਰਤੇ। ਆਖਰੀ ਵਾਰ ਵੀ ਆਪਣਿਆਂ ਨੂੰ ਆਪਣਿਆਂ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਇਆ। ਕੇਂਦਰੀ ਤੇ ਸੂਬਾਈ ਹਾਕਮ ਪੀੜਤ ਪਰਿਵਾਰਾਂ ਨੂੰ ਮਾਮੂਲੀ ਰਾਹਤ ਦੇਣ ਦੇ ਐਲਾਨ ਕਰਕੇ ਆਪਣੀ ਜਿੰਮੇਵਾਰੀ ਤੋਂ ਸੁਰਖ਼ਰੂ ਹੋ ਗਏ।

ਪਰ ਸਵਾਲ ਇਹ ਹੈ ਕਿ ਦੇਸ਼ ਦੇ ਹੁਨਰਮੰਦ ਪਰ ਬੇਰੁਜਗਾਰ ਨੌਜਵਾਨ ਵਰਗ ਨੂੰ ਆਖਿਰ ਕਿਉਂ ਬਾਰੂਦ ਦੇ ਢੇਰ ਤੇ ਬੈਠੇ ਤੇ ਸਾਮਰਾਜੀ ਗਿਰਝਾਂ ਦਾ ਖਾਜਾ ਬਣੇ ਇਹਨਾਂ ਖਾੜੀ ਦੇਸ਼ਾਂ 'ਚ ਗੈਰਕਾਨੂੰਨੀ ਢੰਗ ਨਾਲ ਪ੍ਰਵਾਸ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ? ਕੀ ਦੇਸ਼ ਦੇ ਹਾਕਮ ਮਾਲਟਾ ਕਾਂਢ ਭੁੱਲ ਚੁੱਕੇ ਹਨ? ਕੀ ਠੱਗ ਟਰੈਵਲ ਏਜੰਟ ਤੇ ਫਰਜੀ ਕੰਪਨੀਆਂ ਲੋਕਾਂ ਦੀ ਕਿਰਤ ਕਮਾਈ ਤੇ ਪਲਣ ਵਾਲੇ ਦੇਸ਼ ਦੇ ਵਿਦੇਸ਼ੀ ਦੂਤਾਂ ਅਤੇ ਖੁਫੀਆ ਵਿਭਾਗ ਤੋਂ ਨਾਬਰ ਹਨ? ਕੀ ਘਰਾਂ ਤੋਂ ਕਿਰਤ ਕਰਨ ਤੁਰੇ ਇਹਨਾਂ 'ਕੋਲ ਕਰੇਂਦੇ ਹੰਸਾਂ' ਨੂੰ ਇੰਝ ਹੀ 'ਅਚਿੰਤੇ ਬਾਜ' ਪੈਂਦੇ ਰਹਿਣਗੇ? ਕੀ ਕੇਂਦਰ ਅਤੇ ਸੂਬਾਈ ਸਰਕਾਰਾਂ ਹੁਣ ਯੋਗਤਾ ਦੀ ਬਜਾਏ ਬਲਦੇ ਸਿਵਿਆਂ ਦੇ ਅਧਾਰ 'ਤੇ ਰੁਜ਼ਗਾਰ ਮੁਹੱਈਆ ਕਰਵਾਇਆ ਕਰਨਗੀਆਂ?

ਦੇਸ਼ ਦੇ ਲੱਖਾਂ ਕਰੋੜਾਂ ਨੌਜਵਾਨ ਬੇਰੁਜਗਾਰੀ ਦੀ ਮਾਰ ਹੇਠ ਆ ਕੇ ਆਪਣੇ ਵਤਨ ਅਤੇ ਪਰਿਵਾਰ ਤੋਂ ਦੂਰ ਇਨ੍ਹਾਂ ਖਾੜੀ ਮੁਲਕਾਂ 'ਚ ਮਾੜੀਆਂ ਕੰਮ ਹਾਲਤਾਂ, ਘੱਟ ਤਨਖਾਹਾਂ, ਕਹਿਰਾਂ ਦੀ ਗਰਮੀ 'ਚ ਚੌਵੀ-ਚੌਵੀ ਘੰਟੇ ਕੰਮ ਕਰਨ ਲਈ ਮਜਬੂਰ ਹਨ। ਪਹਿਲਾਂ ਹੀ ਟਰੈਵਲ ਏਜੰਟਾਂ ਦਾ ਢਿੱਡ ਭਰਕੇ ਗੈਰਕਾਨੂੰਨੀ ਢੰਗ ਨਾਲ ਇਹਨਾਂ ਦੇਸ਼ਾਂ 'ਚ ਪਹੁੰਚੇ ਨੌਜਵਾਨਾਂ ਨੂੰ ਠੇਕੇਦਾਰਾਂ ਤੇ ਕੰਪਨੀਆਂ ਤੋਂ ਆਪਣੀ ਲੁੱਟ ਕਰਵਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਗੈਰਕਾਨੂੰਨੀ ਢੰਗ ਨਾਲਆਏ ਹੋਣ ਕਰਕੇ ਮੁਲਕ ਚੋਂ ਕੱਢੇ ਜਾਣ ਦੇ ਡਰ ਕਾਰਨ ਇਹ ਨੌਜਵਾਨ ਜੇਲ੍ਹ ਨਾਲੋਂ ਬਦਤਰ ਜਿੰਦਗੀ ਜਿਊਣ ਲਈ ਮਜਬੂਰ ਹਨ। ਹੱਢ-ਭੰਨਵੀਂ ਮਿਹਨਤ ਦੇ ਨਾਲ-ਨਾਲ ਸੱਟ ਫੇਟ ਵੱਜਣ ਦੀ ਸੂਰਤ 'ਚ ਫੜੇ ਜਾਣ ਅਤੇ ਵਾਪਸ ਭਾਰਤ ਭੇਜੇ ਜਾਣ ਦੇ ਡਰੋਂ ਸਹੀ ਤੇ ਸਮੇਂ 'ਤੇ ਇਲਾਜ ਨਾ ਕਰਵਾਉਣ, ਨਸਲੀ ਤੇ ਜਾਤੀ ਵਿਤਕਰੇਬਾਜੀ, ਅੱਤਵਾਦੀ ਸੰਗਠਨਾਂ ਦੀਆਂ ਧਮਕੀਆਂ, ਅਪਰਾਧਿਕ ਗਤੀਵਿਧੀਆਂ ਦੇ ਇਲਜਾਮਾਂ ਜਾਂ ਕੇਸਾਂ ਦਾ ਸਹਿਮ ਆਦਿ ਵਰਗੇ ਡਰ ਦੇ ਮਾਹੌਲ 'ਚ ਗੁਜ਼ਰ ਬਸਰ ਕਰਨ ਲਈ ਮਜਬੂਰ ਹਨ। ਇਹ ਕਾਮੇ ਆਪਣੇ ਅਤੇ ਆਪਣੇ ਪਰਿਵਾਰ ਦੇ ਬਿਹਤਰ ਭਵਿੱਖ ਲਈ ਵੱਧ ਘੰਟੇ ਮਜਦੂਰੀ ਕਰਨ ਦੇ ਲਾਲਚ 'ਚ ਸਸਤੇ ਅਤੇ ਨੁਕਸਾਨਦਾਇਕ ਨਸ਼ਿਆਂ ਰਾਹੀਂ ਚੰਦਨ ਵਰਗੀਆਂ ਦੇਹਾਂ ਗਾਲ ਰਹੇ ਹਨ। ਖਾੜੀ ਮੁਲਕਾਂ 'ਚ ਅਮੀਰਾਂ ਲਈ ਅਯਾਸ਼ੀ ਦੇ ਆਲੀਸ਼ਾਨ ਅੱਡੇ ਉਸਾਰਨ ਵਾਲੇ ਇਹਨਾਂ ਕਾਮਿਆਂ ਦੀ ਜਿੰਦਗੀ ਦੀ ਕੋਈ ਸੁਰੱਖਿਆ ਨਹੀਂ। ਮਜਦੂਰੀ ਸਮੇਂ ਸਰੀਰ ਦਾ ਕੋਈ ਅੰਗ ਪੈਰ ਕੱਟੇ ਜਾਣ ਜਾਂ ਕੋਈ ਜਾਨਲੇਵਾ ਦੁਰਘਟਨਾ ਹੋਣ ਤੇ ਬਹੁਤ ਸਾਰੇ ਮਾਮਲੇ ਜਾਂ ਤਾਂ ਕੰਪਨੀਆਂ ਤੇ ਠੇਕੇਦਾਰਾਂ ਵੱਲੋਂ ਰਫ਼ਾ-ਦਫ਼ਾ (ਗੈਰਕਾਨੂੰਨੀ ਤੌਰ ਤੇ ਕੰਮ ਕਰਨ ਦੀ ਸੂਰਤ 'ਚ) ਕਰ ਦਿੱਤੇ ਜਾਂਦੇ ਹਨ ਜਾਂ ਫਿਰ ਮਾਮੂਲੀ ਜਿਹੀ ਰਾਹਤ ਦੇ ਕੇ ਸਾਰ ਦਿੱਤਾ ਜਾਂਦਾ ਹੈ।

ਇਸ ਤਰ੍ਹਾਂ ਦੇਸ਼ ਦੇ ਹਾਕਮਾਂ ਤੇ ਉਹਨਾਂ ਦੀਆਂ ਨੀਤੀਆਂ ਤੋਂ ਸਤੇ ਦੇਸ਼ ਦੇ ਨੌਜਵਾਨ ਦਰ-ਦਰ ਦੀਆਂ ਠੋਕਰਾਂ ਖਾਣ ਅਤੇ ਜਾਨ ਜੋਖੋਂ 'ਚ ਪਾਉਣ ਲਈ ਮਜਬੂਰ ਹਨ। ਪਰ ਦੂਜੇ ਪਾਸੇ ਦੇਸ਼ ਦੇ ਹਾਕਮ ਦੇਸ਼ ਦੇ ਨੌਜਵਾਨਾਂ ਨੂੰ ਰੁਜਗਾਰ ਦੇਣ ਦੀ ਬਜਾਏ ਸਾਮਰਾਜੀ ਮੁਲਕਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਢਿੱਡ ਭਰਨ 'ਚ ਵਿਅਸਤ ਹਨ। ਅਜਿਹੇ 'ਚ ਨੌਜਵਾਨਾਂ ਦੀ ਚੇਤੰਨ ਜੱਥੇਬੰਧਕ ਏਕਤਾ ਅਤੇ ਸੰਘਰਸ਼ ਹੀ ਉੱਜੜੇ ਘਰਾਂ 'ਚ ਸੋਨੇ ਦੀ ਸਵੇਰ ਲਿਆ ਸਕਦੇ ਹਨ।

- ਮਨਦੀਪ

mandeepsaddowal@gmail.com

# ਜਮਹੂਰੀ ਕਾਰਕੁੰਨ ਅਤੇ ਲੇਖਕ ਬੂਟਾ ਸਿੰਘ ਦੀ ਕੈਨੇਡਾ ਫੇਰੀ

ਦੋ-ਮਾਸਿਕ ਪੰਜਾਬੀ ਲੋਕ ਕਾਫ਼ਲਾ ਦੇ ਸੰਪਾਦਕ, ਸੰਸਾਰ ਪ੍ਰਸਿੱਧ ਕਿਤਾਬਾਂ ਦੇ ਪੰਜਾਬੀ ਅਨੁਵਾਦਕ ਅਤੇ ਜਮਹੂਰੀ ਕਾਰਕੁੰਨ ਬੂਟਾ ਸਿੰਘ ਨਵਾਂ ਸ਼ਹਿਰ ਵਲੋਂ ਆਪਣੀ ਕੈਨੇਡਾ ਫੇਰੀ ਦੌਰਾਨ 7 ਅਪ੍ਰੈਲ ਤੋਂ ਲੈਕੇ 5 ਮਈ ਤੱਕ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਸਮਾਗਮਾਂ ਨੂੰ ਸੰਬੋਧਨ ਕੀਤਾ ਗਿਆ ਅਤੇ ਬਹੁਤ ਸਾਰੇ ਰੇਡੀਓ ਤੇ ਟੀ ਵੀ ਪ੍ਰੋਗਰਾਮਾਂ ਵਿਚ ਸ਼ਾਮਲ ਹੋਕੇ ਵੱਖ-ਵੱਖ ਮੁੱਦਿਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਹਨਾਂ ਵਿੱਚੋਂ ਕੁਝ ਪ੍ਰੋਗਰਾਮਾਂ ਵਿਚ ਭਾਰਤ ਤੋਂ ਮਨੁੱਖੀ ਹੱਕਾਂ ਦੀ ਮਸ਼ਹੂਰ ਕਾਰਕੁੰਨ ਤੀਸਤਾ ਸੀਤਲਵਾੜ ਵੀ ਉਹਨਾਂ ਦੇ ਨਾਲ ਇਕ ਮੁੱਖ ਵਕਤਾ ਵਜੋਂ ਸ਼ਾਮਲ ਰਹੇ।

13 ਅਪ੍ਰੈਲ ਨੂੰ ਬੂਟਾ ਸਿੰਘ ਅਤੇ ਤੀਸਤਾ ਸੀਤਲਵਾੜ ਨੇ ਰੈਡੀਕਲ ਦੇਸੀ ਪ੍ਰਕਾਸ਼ਨ ਅਤੇ ਮਹਿਕ ਪੰਜਾਬ ਦੀ ਟੀ ਵੀ ਪ੍ਰੋਗਰਾਮ ਵਲੋਂ ਸਰੀ ਸੈਂਟਰਲ ਲਾਇਬ੍ਰੇਰੀ ਵਿਖੇ ਆਯੋਜਤ ਮੁੱਖ ਸਮਾਗਮ ਵਿਚ ਹਿੱਸਾ ਲਿਆ ਜਿੱਥੇ ਤੀਸਤਾ ਸੀਤਲਵਾੜ ਦੀ ਸਵੈਜੀਵਨੀ ਦਾ ਪੰਜਾਬੀ ਅਨੁਵਾਦ ਲੋਕ-ਅਰਪਣ ਕੀਤਾ ਗਿਆ। ਇਸ ਮੌਕੇ ਰੈਡੀਕਲ ਦੇਸੀ ਵਲੋਂ ਤੀਸਤਾ ਨੂੰ ਰੈਡੀਕਲ ਦੇਸੀ ਵਲੋਂ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਤ ਕੀਤਾ ਗਿਆ ।ਇਸ ਪਿੱਛੋਂ ਜੱਲਿਆਂਵਾਲਾ ਬਾਗ਼ ਦੇ ਸ਼ਹੀਦਾਂ ਦੀ ਯਾਦ ਵਿਚ ਕੈਂਡਲ ਮਾਰਚ ਵਿਜਿਲ ਆਯੋਜਤ ਕੀਤੀ ਗਈ ਜਿਸ ਵਿਚ ਪ੍ਰੋਫੈਸਰ ਸਾਈਬਾਬਾ, ਚੰਦਰਸ਼ੇਖਰ ਉਰਫ਼ ਰਾਵਣ ਅਤੇ ਡਾ. ਕਫ਼ੀਲ ਅਹਿਮਦ ਅਤੇ ਹੋਰ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਗਈ। 14 ਅਪ੍ਰੈਲ ਨੂੰ ਬਰਨਬੀ ਦੇ ਸ੍ਰੀ ਗੁਰੂ ਰਵੀਦਾਸ ਗੁਰਦੁਆਰਾ ਵਿਚ ਆਯੋਜਤ ਡਾ. ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਵਸ ਸਮਾਗਮ ਵਿਚ ਸ਼ਾਮਲ ਹੋ ਕੇ ਤੀਸਤਾ ਸੀਤਲਵਾੜ ਅਤੇ ਬੂਟਾ ਸਿੰਘ ਵਲੋਂ ਡਾ. ਅੰਬੇਡਕਰ ਦੀ ਜਾਤਪਾਤੀ ਪ੍ਰਬੰਧ ਵਿਰੁੱਧ ਜੱਦੋਜਹਿਦ, ਹਿੰਦੂਤਵ ਦੇ ਏਜੰਡੇ ਅਤੇ ਦਲਿਤ ਸਰੋਕਾਰਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਦੋਨਾਂ ਕਾਰਕੁੰਨਾਂ ਵਲੋਂ ਬੀ. ਸੀ. ਦੇ ਪ੍ਰੀਮੀਅਰ ਜੌਹਨ ਹੌਗਰਨ ਦੇ ਨਾਲ-ਨਾਲ ਮਨਿਸਟਰ ਹੈਰੀ ਬੈਂਸ, ਰਵੀ ਕਾਹਲੋਂ ਅਤੇ ਹੋਰਾਂ ਨੂੰ ਮਿਲਕੇ ਭਾਰਤ ਵਿਚ ਮਨੁੱਖੀ ਤੇ ਜਮਹੂਰੀ ਹੱਕਾਂ ਦੀ ਸਥਿਤੀ ਬਾਰੇ ਵੀ ਜਾਣੂੰ ਕਰਾਇਆ ਗਿਆ। 21 ਅਪ੍ਰੈਲ ਨੂੰ ਬੂਟਾ ਸਿੰਘ ਵਲੋਂ ਸਰੀ ਵਿਚ ਆਯੋਜਤ ਵੈਸਾਖੀ ਪਰੇਡ ਮੌਕੇ ਈਸਟ ਇੰਡੀਆ ਡਿਫੈਂਸ ਕਮੇਟੀ ਦੇ ਮੰਚ ਤੋਂ ਸੰਬੋਧਨ ਕੀਤਾ ਗਿਆ। 22 ਅਪ੍ਰੈਲ ਨੂੰ ਡਾ. ਗੁਰਵਿੰਦਰ ਸਿੰਘ ਧਾਲੀਵਾਲ ਦੀ ਪਹਿਲਕਦਮੀ 'ਤੇ ਪੰਜਾਬੀ ਸਾਹਿਤ ਸਭਾ (ਮੁਢਲੀ) ਦੇ ਸਹਿਯੋਗ ਨਾਲ ਐਬਸਟਸਫੋਰਡ ਦੇ ਗ਼ਦਰੀਆਂ ਵਲੋਂ ਸਥਾਪਤ ਇਤਿਹਾਸਕ ਗੁਰਦੁਆਰਾ ਵਿਚ ਦੋਨਾਂ ਵਕਤਾਵਾਂ ਵਲੋਂ ਹਾਜ਼ਰ ਸੰਗਤ ਨੂੰ ਸੰਬੋਧਨ ਕੀਤਾ ਗਿਆ। ਇਸ ਮੌਕੇ ਤੀਸਤਾ ਸੀਤਲਵਾੜ ਦੀ ਸਵੈਜੀਵਨੀ ਦਾ ਪੰਜਾਬੀ ਅਨੁਵਾਦ ਵੀ ਲੋਕ-ਅਰਪਣ ਕੀਤਾ ਗਿਆ। 22 ਅਪ੍ਰੈਲ ਸ਼ਾਮ ਨੂੰ ਸਰੀ ਨਿਊਟਨ ਲਾਇਬ੍ਰੇਰੀ ਦੇ ਬਾਹਰ ਰੈਡੀਕਲ ਦੇਸੀ, ਇੰਡੀਅਨਜ਼ ਐਬਰੌਡ ਫਾਰ ਪਲੂਰਿਸਟ ਇੰਡੀਆ ਅਤੇ ਪੰਜਾਬੀ ਸਾਹਿਤ ਸਭਾ (ਮੁਢਲੀ) ਵੱਲੋਂ ਕਠੂਆ ਬਲਾਤਕਾਰ-ਕਤਲ ਕਾਂਡ ਦਾ ਸ਼ਿਕਾਰ ਹੋਈ ਬੱਚੀ ਆਸਿਫ਼ਾ ਬਾਨੋ ਦੇ ਹੱਕ ਵਿੱਚ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਸ਼ਾਮਲ ਹੋਕੇ ਤੀਸਤਾ ਸੀਤਲਵਾੜ ਅਤੇ ਬੂਟਾ ਸਿੰਘ ਵਲੋਂ ਕਠੂਆ ਕਾਂਡ ਬਾਰੇ ਅਤੇ ਇਸ ਵਿਚ ਹਿੰਦੂਤਵ ਤਾਕਤਾਂ ਵਲੋਂ ਸਮੁੱਚੇ ਬਕਰਵਾਲ ਮੁਸਲਿਮ ਭਾਈਚਾਰੇ ਨੂੰ ਦਹਿਸ਼ਤਜ਼ਦਾ ਕਰਕੇ ਉੱਥੋਂ ਕੱਢਣ ਦੇ ਯੋਜਨਾਬੱਧ ਮਨੋਰਥ ਨਾਲ ਬਲਾਤਕਾਰ ਨੂੰ ਇਕ ਹਥਿਆਰ ਵਜੋਂ ਇਸਤੇਮਾਲ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਪਿੱਛੋਂ ਹਾਜ਼ਰੀਨ ਵਲੋਂ ਰੋਸ ਪ੍ਰਦਰਸ਼ਨ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਬੁਲਾਰਿਆਂ ਨੇ





















ਕਿਹਾ ਕਿ ਦੋਸ਼ੀਆਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਨੂੰ ਵੀ ਸਲਾਖ਼ਾਂ ਪਿੱਛੇ ਡੱਕਿਆ ਜਾਵੇ। ਰੈਲੀ ਨੂੰ ਸੀਨੀਅਰ ਪੱਤਰਕਾਰ ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਧਾਲੀਵਾਲ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹਰਭਜਨ ਚੀਮਾ, ਪਰਮਿੰਦਰ ਕੌਰ ਸਵੈਚ, ਅਵਤਾਰ ਗਿੱਲ, ਇਮਤਿਆਜ਼ ਪੋਪਟ, ਬੱਲੀ ਕੌਰ ਦਿਓਲ ਅਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

23 ਤੋਂ ਲੈਕੇ 28 ਅਪ੍ਰੈਲ ਤਕ ਬੂਟਾ ਸਿੰਘ ਵਲੋਂ ਸਿੱਖ ਵਿਰਸਾ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਸੱਦੇ ਉਪਰ ਸਮਾਗਮਾਂ ਵਿਚ ਮੁੱਖ ਵਕਤਾ ਵਲੋਂ ਹਿੱਸਾ ਲਿਆ ਗਿਆ। 28 ਅਪ੍ਰੈਲ ਨੂੰ ਇੰਡੀਅਨ ਐਕਸ-ਸਰਵਿਸਮੈਨ ਐਸੋਸੀਏਸ਼ਨ ਕੈਲਗਰੀ ਵਿਖੇ ਆਯੋਜਤ ਸਮਾਗਮ ਵਿਚ ਬੂਟਾ ਸਿੰਘ ਵਲੋਂ ਮੁੱਖ ਵਕਤਾ ਵਜੋਂ ਸ਼ਾਮਲ ਹੋਕੇ ਦੇਸ਼ ਅਤੇ ਦੁਨੀਆ ਦੇ ਹਾਲਾਤ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਤੀਸਤਾ ਸੀਤਲਵਾੜ ਦੀ ਸਵੈਜੀਵਨੀ ਦਾ ਪੰਜਾਬੀ ਅਨੁਵਾਦ, ਜਮਹੂਰੀ ਹੱਕਾਂ ਦੇ ਕਾਰਕੁੰਨ ਅਰੁਣ ਫਰੇਰਾ ਦੀ ਮਸ਼ਹੂਰ ਜੇਲ੍ਹ ਡਾਇਰੀ ਪਿੰਜਰੇ ਦੇ ਰੰਗ ਦਾ ਪੰਜਾਬੀ ਅਨੁਵਾਦ ਅਤੇ ਪ੍ਰਵਾਸੀ ਭਾਰਤੀ ਲੇਖਕ ਹਰੀਪਾਲ ਵਲੋਂ ਲਿਖੀ ਕਿਤਾਬ ਪੂੰਜੀਵਾਦ ਬਨਾਮ ਕਨੇਡੀਅਨ ਸਮਾਜ ਵੀ ਲੋਕ-ਅਰਪਣ ਕੀਤੀਆਂ ਗਈਆਂ। 29 ਅਪ੍ਰੈਲ ਨੂੰ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਿਨੀਪੈੱਗ ਵਲੋਂ ਸਮਾਗਮ ਆਯੋਜਤ ਕੀਤਾ ਗਿਆ ਜਿਥੇ ਤੀਸਤਾ ਸੀਤਲਵਾੜ ਦੀ ਸਵੈਜੀਵਨੀ ਵੀ ਲੋਕਅਰਪਣ ਕੀਤੀ ਗਈ।

ਸੀਨੀਅਰ ਪੱਤਰਕਾਰ ਅਤੇ ਰੇਡੀਓ ਬਰਾਡਕਾਸਟਰ ਗੁਰਪ੍ਰੀਤ ਸਿੰਘ ਵਲੋਂ ਸਪਾਈਸ ਰੇਡੀਓ ਅਤੇ ਪੰਜਾਬੀ ਚੈਨਲ ਕੈਨੇਡਾ ਦੇ ਟਾਕ-ਸ਼ੋਅ ਲਈ, ਸੀਨੀਅਰ ਪੱਤਰਕਾਰ ਡਾ. ਗੁਰਬਿੰਦਰ ਸਿੰਘ ਧਾਲੀਵਾਲ ਵਲੋਂ ਮੀਡੀਆ ਵੇਵਜ਼ ਲਈ, ਕਮਲਜੀਤ ਸਿੰਘ ਥਿੰਦ ਵਲੋਂ ਮਹਿਕ ਪੰਜਾਬ ਦੀ ਟੀ ਵੀ ਪ੍ਰੋਗਰਾਮ ਲਈ, ਸੰਪਾਦਕ ਸ. ਹਰਚਰਨ ਸਿੰਘ ਪਰਹਾਰ ਵਲੋਂ ਮਾਸਿਕ ਸਿੱਖ ਵਿਰਸਾ ਅਤੇ ਸਰੋਕਾਰਾਂ ਦੀ ਆਵਾਜ਼ ਲਈ, ਰਾਜੇਸ਼ ਅੰਗਰਾਲ ਵਲੋਂ ਸਬਰੰਗ ਰੇਡੀਓ (94.7) ਲਈ ਲੰਮੀਆਂ ਇੰਟਰਵਿਊ ਕੀਤੀਆਂ ਗਈਆਂ। ਦੋਨਾਂ ਕਾਰਕੁੰਨਾਂ ਨੇ ਆਪਣੇ ਸੰਬੋਧਨ ਅਤੇ ਮੀਡੀਆ ਨਾਲ ਸੰਵਾਦ ਦੌਰਾਨ ਕਿਹਾ ਕਿ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਵਿਚ ਇੰਤਹਾ ਸੱਜੇਪੱਖੀ ਵਿਚਾਰਧਾਰਾ ਵਾਲੀਆਂ ਤਾਕਤਾਂ ਦੇ ਸੱਤਾਧਾਰੀ ਹੋਣ ਨਾਲ ਖੁੱਲ੍ਹੀ ਮੰਡੀ ਦੀ ਆਰਥਿਕਤਾ ਦਾ ਬੋਲਬਾਲਾ ਹੈ ਜੋ ਸਮਾਜਿਕ ਨਾਬਰਾਬਰੀ ਅਤੇ ਆਰਥਕ ਪਾੜੇ ਨੂੰ ਹੋਰ ਜ਼ਿਆਦਾ ਵਧਾ ਰਹੀ ਹੈ। ਕਰੋਨੀ ਕੈਪੀਟਲਿਜ਼ਮ ਹੇਠ ਅਗਾਂਹਵਧੂ ਵਿਚਾਰ, ਲੰਮੇ ਸੰਘਰਸ਼ਾਂ ਰਾਹੀਂ ਹਾਸਲ ਕੀਤੀ ਜਮਹੂਰੀ ਸਪੇਸ, ਕਿਰਤ ਕਾਨੂੰਨਾਂ ਸਮੇਤ ਤਮਾਮ ਮਨੁੱਖੀ ਤੇ ਜਮਹੂਰੀ ਅਧਿਕਾਰ, ਸਮਾਜਿਕ ਸੁਰੱਖਿਆ ਅਤੇ ਹੋਰ ਸਹੂਲਤਾਂ ਲਗਾਤਾਰ ਹਮਲੇ ਦੀ ਮਾਰ ਹੇਠ ਹਨ। ਭਾਰਤ ਦੀ ਹੁਕਮਰਾਨ ਜਮਾਤ ਵੀ ਇਸ ਆਲਮੀ ਬੁਰਾਈ ਦੇ ਧੁਰੇ ਦੀ ਭਾਈਵਾਲ ਬਣੀ ਹੋਈ ਹੈ। ਭਾਜਪਾ ਦੇ ਸੱਤਾਧਾਰੀ ਹੋਣ ਨਾਲ ਇਹ ਘੋਰ ਪਿਛਾਖੜੀ ਭਾਈਵਾਲੀ ਹੋਰ ਵੀ ਗੂੜ੍ਹੀ ਹੋ ਗਈ ਹੈ।

ਮੁਲਕ ਦੇ ਲੋਕ ਬੇਲਗਾਮ ਖੁੱਲ੍ਹੀ ਮੰਡੀ ਦੇ ਮਾਡਲ (ਨਵਉਦਾਰ ਆਰਥਿਕਤਾ) ਅਤੇ ਹਿੰਦੂਤਵ ਦੇ ਨਾਪਾਕ ਗੱਠਜੋੜ ਦੇ ਦੋਮੂੰਹੇਂ ਹਮਲਿਆਂ ਦੀ ਮਾਰ ਹੇਠ ਪਿਸ ਰਹੇ ਹਨ। ਕਾਂਗਰਸ ਦੀ ਸਰਕਾਰ ਵਲੋਂ ਜੰਗਲੀ ਖੇਤਰਾਂ ਦੇ ਕੁਦਰਤੀ ਵਸੀਲੇ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਲਈ ਓਪਰੇਸ਼ਨ ਗਰੀਨ ਹੰਟ ਦੇ ਨਾਂ ਹੇਠ ਆਪਣੇ ਹੀ ਲੋਕਾਂ ਵਿਰੁੱਧ 2009 ਵਿਚ ਵਿੱਢੀ ਜੰਗ ਭਾਜਪਾ ਦੇ ਰਾਜ ਵਿਚ ਹੋਰ ਵੀ ਭਿਆਨਕ ਰੂਪ ਅਖ਼ਤਿਆਰ ਕਰ ਗਈ ਹੈ ਜਿਸਦੀਆਂ ਤਾਜ਼ਾ ਮਿਸਾਲਾਂ ਹਾਲ ਹੀ ਵਿਚ ਛੱਤੀਸਗੜ੍ਹ ਅਤੇ ਝਾਰਖੰਡ ਵਿਚ ਮਾਓਵਾਦੀਆਂ ਦੇ ਮੁਕਾਬਲਿਆਂ ਰਾਹੀਂ ਕਤਲੇਆਮ ਹਨ ਜਿਹਨਾਂ ਦੌਰਾਨ ਮੌਰਟਰ ਗੋਲਿਆਂ (ਤਬਾਹੀ ਮਚਾਉਣ ਵਾਲੇ ਫ਼ੌਜੀ ਹਥਿਆਰਾਂ) ਦੀ ਬੇਕਿਰਕੀ ਨਾਲ ਵਰਤੋਂ ਕੀਤੀ ਜਾ ਰਹੀ ਹੈ। ਆਪਣੇ ਸਿਆਸੀ ਵਿੰਗ ਭਾਜਪਾ ਦੇ ਰਾਜ ਜ਼ਰੀਏ ਰਾਸ਼ਟਰੀ ਸੋਇਮਸੇਵਕ ਸੰਘ ਵਲੋਂ ਰਾਜਕੀ ਸੰਸਥਾਵਾਂ ਨੂੰ ਆਪਣੇ ਹਿੰਦੂਤਵ ਦੇ ਸਿਆਸੀ ਏਜੰਡੇ ਅਨੁਸਾਰ ਚਲਾਇਆ ਜਾ ਰਿਹਾ ਹੈ। ਭਾਰਤ ਦੀ ਨਸਲੀ-ਸੱਭਿਆਚਾਰਕ ਵੰਨ-ਸੁਵੰਨਤਾ ਦੇ ਜੜ੍ਹੀਂ ਤੇਲ ਦੇਕੇ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਫਿਰਕੂ ਅਤੇ ਜਾਤਪਾਤੀ ਹਿੰਸਾ ਭੜਕਾਈ ਜਾ ਰਹੀ ਹੈ ਅਤੇ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਫਿਰਕੂ ਪਾਲਾਬੰਦੀ ਕਰਕੇ ਬਹੁਗਿਣਤੀ ਨੂੰ ਫਿਰਕੂ ਅਤੇ ਜਾਤ-ਹੰਕਾਰੀ ਅਧਾਰ ਉੱਪਰ ਲਾਮਬੰਦ ਕੀਤਾ ਜਾ ਰਿਹਾ ਹੈ। ਵਿਚਾਰ ਪ੍ਰਗਟਾਵੇ ਅਤੇ ਪ੍ਰੈਸ ਦੀ ਆਜ਼ਾਦੀ ਨੂੰ ਕੁਚਲਣ ਲਈ ਕਲਮ ਦੀ ਆਜ਼ਾਦੀ ਉੱਪਰ ਫਾਸ਼ੀਵਾਦੀ ਰੋਕਾਂ ਲਗਾਈਆਂ ਜਾ ਰਹੀਆਂ ਹਨ ਅਤੇ ਨਿਧੜਕ ਕਲਮਾਂ ਅਤੇ ਰੌਸ਼ਨ ਖ਼ਿਆਲ ਬੁੱਧੀਜੀਵੀਆਂ ਦੇ ਕਤਲ ਕਰਕੇ ਫਾਸ਼ੀਵਾਦੀ ਦਹਿਸ਼ਤ ਪਾਈ ਜਾ ਰਹੀ ਹੈ। ਕਾਰਪੋਰੇਟ ਕੰਟਰੋਲ ਵਾਲਾ ਮੀਡੀਆ ਸਮਾਜ ਦੇ ਅਸਲ ਸਰੋਕਾਰਾਂ ਨੂੰ ਦਰਕਿਨਾਰ ਕਰਕੇ ਸਨਸਨੀਖ਼ੇਜ਼ ਰਿਪੋਰਟਾਂ ਦੇ ਰਿਹਾ ਹੈ ਅਤੇ ਬੇਸ਼ਰਮੀ ਨਾਲ ਕਾਰਪੋਰੇਟ ਸਰਮਾਏਦਾਰੀ ਅਤੇ ਹਿੰਦੂਤਵ ਦੇ ਫਾਸ਼ੀਵਾਦੀ ਏਜੰਡੇ ਨੂੰ ਪ੍ਰਚਾਰ ਰਿਹਾ ਹੈ। ਉਮੀਦ ਦੀ ਆਖ਼ਰੀ ਕਿਰਨ ਨਿਆਂ-ਪ੍ਰਣਾਲੀ ਵੀ ਭਗਵੀਂ ਦਖ਼ਲ-ਅੰਦਾਜ਼ੀ ਅਤੇ ਧੌਂਸਗਿਰੀ ਤੋਂ ਬਚੀ ਨਹੀਂ। ਇਸ ਵਲੋਂ ਬੰਬ ਧਮਾਕਿਆਂ ਲਈ ਜ਼ਿੰਮੇਵਾਰ ਹਿੰਦੂਤਵ ਦਹਿਸ਼ਤਗਰਦਾਂ, ਗੁਜਰਾਤ ਕਤਲੇਆਮ ਦੇ ਦੋਸ਼ੀਆਂ ਅਤੇ ਗੁਜਰਾਤ ਵਿਚ ਮੋਦੀ ਰਾਜ ਦੌਰਾਨ ਝੂਠੇ ਮੁਕਾਬਲੇ ਬਣਾਉਣ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਨੂੰ ਇਕ ਇਕ ਕਰਕੇ ਬਰੀ ਕਰ ਦਿੱਤਾ ਗਿਆ ਹੈ। ਕਿਰਤ ਕਾਨੂੰਨਾਂ ਅਤੇ ਐਸ. ਸੀ. ਐੱਸ. ਟੀ. ਐਕਟ ਵਿਚ ਘਾਤਕ ਤਰਮੀਮਾਂ ਕਰਕੇ ਕਿਰਤੀਆਂ ਅਤੇ ਦਲਿਤਾਂ ਦੀ ਜ਼ਿੰਦਗੀ ਹੋਰ ਵੀ ਅਸੁਰੱਖਿਅਤ ਬਣਾ ਦਿੱਤੀ ਗਈ ਹੈ। ਮੁਸਲਿਮ ਅਤੇ ਹੋਰ ਧਾਰਮਿਕ ਘੱਟਗਿਣਤੀਆਂ, ਦਲਿਤਾਂ, ਆਦਿਵਾਸੀਆਂ ਦੇ ਖ਼ਿਲਾਫ਼ ਫਾਸ਼ੀਵਾਦੀ ਹਮਲੇ ਲਗਾਤਾਰ ਜਾਰੀ ਹਨ। ਔਰਤਾਂ ਖ਼ਿਲਾਫ਼ ਜਿਨਸੀ ਹਿੰਸਾ ਖ਼ਾਸ ਕਰਕੇ ਬਲਾਤਕਾਰ ਨੂੰ ਘੱਟਗਿਣਤੀ ਭਾਈਚਾਰਿਆਂ ਨੂੰ ਦਹਿਸ਼ਤਜ਼ਦਾ ਅਤੇ ਜ਼ਲੀਲ ਕਰਨ ਵਾਸਤੇ ਸਿਲਸਿਲੇਵਾਰ ਹਥਿਆਰ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ। ਸੁਪਰੀਮ ਕੋਰਟ ਦੇ ਦਿਸ਼ਾਂ-ਨਿਰਦੇਸ਼ਾਂ ਦੀਆਂ ਧੱਜੀਆਂ ਉਡਾਕੇ ਪੁਲਿਸ ਮੁਕਾਬਲਿਆਂ ਨੂੰ ਸ਼ਹਿ ਅਤੇ ਰਾਜਕੀ ਸਰਪ੍ਰਸਤੀ ਦਿੱਤੀ ਗਈ ਹੈ। ਫਰਜ਼ੀ ਕੇਸਾਂ ਵਿਚ ਫਸਾਕੇ ਮਹਿਜ਼ ਵਿਚਾਰਾਂ ਦੇ ਅਧਾਰ 'ਤੇ ਵਿਰੋਧੀ ਵਿਚਾਰਾਂ ਦੇ ਲੋਕਾਂ ਨੂੰ ਅਤੇ ਆਪਣੇ ਹਿਤਾਂ ਤੇ ਹੱਕਾਂ ਲਈ ਲੜ ਰਹੇ ਹਾਸ਼ੀਆਗ੍ਰਸਤ ਅਤੇ ਦੱਬੇ-ਕੁਚਲੇ ਲੋਕਾਂ ਨੂੰ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ। ਇਸ ਘੋਰ ਅੰਧਕਾਰ ਵਿਚ ਵੀ ਮਜ਼ਲੂਮ ਅਤੇ ਦੱਬੇ-ਕੁਚਲੇ ਲੋਕ ਫਾਸ਼ੀਵਾਦੀ ਹਮਲੇ ਵਿਰੁੱਧ ਲੜ ਰਹੇ ਹਨ ਅਤੇ ਹਿੰਦੂਤਵ ਅਤੇ ਕਾਰਪੋਰੇਟ ਗੱਠਜੋੜ ਨੂੰ ਚੁਣੌਤੀ ਦੇ ਰਹੇ ਹਨ। ਉਹਨਾਂ ਜ਼ੋਰ ਦਿੱਤਾ ਕਿ ਇਸ ਫਾਸ਼ੀਵਾਦੀ ਵਰਤਾਰੇ ਨੂੰ ਠੱਲ ਪਾਉਣ ਲਈ ਮੁਲਕ ਦੀਆਂ ਇਸ ਨਹਾਇਤ ਖ਼ਤਰਨਾਕ ਗੱਠਜੋੜ ਵਿਰੋਧੀ ਸਮੂਹ ਤਾਕਤਾਂ ਨੂੰ ਆਪਣੇ ਸੈਕਸ਼ਨਲ ਏਜੰਡਿਆਂ ਤੋਂ ਉੱਪਰ ਉੱਠਕੇ ਵਿਆਪਕ ਸਾਂਝੇ ਸੰਘਰਸ ਲੜਨ ਲਈ ਅੱਗੇ ਆਉਣਾ ਹੋਵੇਗਾ। ਪ੍ਰਵਾਸੀ ਭਾਰਤੀਆਂ ਨੂੰ ਗ਼ਦਰੀ ਇਨਕਲਾਬੀਆਂ ਦੀ ਸ਼ਾਨਾਮੱਤੀ ਵਿਰਾਸਤ ਅਨੁਸਾਰ ਭਾਰਤ ਸਮੇਤ ਦੁਨੀਆ ਭਰ ਦੇ ਸਮੂਹ ਜਾਬਰਾਂ ਅਤੇ ਫਾਸ਼ੀਵਾਦੀਆਂ ਵਿਰੁੱਧ ਡੱਟਕੇ ਆਵਾਜ਼ ਉਠਾਉਂਦੇ ਰਹਿਣਾ ਚਾਹੀਦਾ ਹੈ।

ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ)
416-817-7142



ਮਾਸਟਰ ਭਜਨ (ਕੈਲਗਰੀ)
403-455-4220



ਸੁਖਵੀਰ ਗਰੇਵਾਲ (ਵੈਨਕੂਵਰ)
778-979-4978



ਸੁਰਿੰਦਰ ਮਾਵੀ (ਵਿੰਨੀਪੈਗ)
204-510-6284

ਨੋਟ: ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਟੋਰਾਂਟੋ, ਐਡਮਿੰਟਨ ਸ਼ਹਿਰਾਂ ਤੋਂ ਮਾਰਕੀਟਿੰਗ ਲਈ ਪ੍ਰਤੀਨਧਾਂ ਦੀ ਲੋੜ ਹੈ। ਵਾਜਬ ਕਮਿਸ਼ਨ ਦਿੱਤਾ ਜਾਵੇਗਾ। ਐਡਮਿੰਟਨ ਤੋਂ ਪੱਤਰਕਾਰ ਦੀ ਵੀ ਲੋੜ ਹੈ।







# ਸ਼ਹੀਦ ਮੇਵਾ ਸਿੰਘ ਦੀ ਪਟੀਸ਼ਨ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ




ਸਰੀ, (ਪਰਮਿੰਦਰ ਸਵੈਚ) : ਕੈਨੇਡਾ ਦੇ ਸਰ੍ਹੀ ਸ਼ਹਿਰ ਵਿੱਚ ਸਿੱਖਾਂ ਦਾ ਜਨਮ ਦਿਹਾੜਾ ਤੇ ਵਿਸਾਖੀ ਦਾ ਤਿਉਹਾਰ ਲੋਕਾਂ ਨੇ ਲੱਖਾਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਮਨਾਇਆ ਉੱਥੇ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਵੀ ਹਰ ਸਾਲ ਦੀ ਤਰ੍ਹਾਂ ਗ਼ਦਰ ਲਹਿਰ ਦੀ ਪ੍ਰਦਰਸ਼ਨੀ ਤੇ ਪੜ੍ਹਨ ਲਈ ਮੁਫ਼ਤ ਕਿਤਾਬਾਂ ਲੋਕਾਂ ਨੂੰ ਦਿੱਤੀਆਂ ਗਈਆਂ। "ਆਓ ਜ਼ੁਲਮ ਖਿਲਾਫ਼ ਸਵੈ ਰੱਖਿਆ ਲਈ ਇਕੱਠੇ ਹੋਈਏ" ਨਾਂ ਦਾ ਪਰਚਾ ਵੀ ਵੰਡਿਆ ਗਿਆ। ਸ਼ਹੀਦ ਮੇਵਾ ਸਿੰਘ ਲੋਪੋਕੇ ਨੂੰ ਕੈਨੇਡੀਅਨ ਕੌਮੀ ਸ਼ਹੀਦ ਦਾ ਦਰਜ਼ਾ ਦਿਵਾਉਣ ਲਈ ਪਟੀਸ਼ਨ ਤੇ 3500 ਦੇ ਕਰੀਬ ਲੋਕਾਂ ਤੋਂ ਸਾਈਨ ਕਰਵਾਏ ਗਏ। ਸੰਤੋਖ ਢੇਸੀ ਨੇ ਸਟੇਜ ਦੀ ਕਾਰਵਾਈ ਲੋਕਾਂ ਨੂੰ ਵਿਸਾਖੀ ਦੀਆਂ ਵਧਾਈਆਂ ਦੇ ਕੇ ਸ਼ੁਰੂ ਕੀਤੀ ਤੇ ਜਲ੍ਹਿਆਂ ਵਾਲੇ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਵੀ ਦਿੱਤੀ ਗਈ। ਫਿਰ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਦਿੱਤੇ। ਡੀਫੈਂਸ ਕਮੇਟੀ ਦੇ ਜਨਰਲ ਸਕੱਤਰ ਹਰਭਜਨ ਚੀਮਾ ਨੇ ਜਿੱਥੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਉੱਥੇ ਕਨੇਡਾ ਤੇ ਇੰਡੀਆ ਦੇ ਅੱਜ ਦੇ ਹਲਾਤਾਂ ਤੇ ਚਾਨਣਾ ਪਾਇਆ ਕਿ ਲੋਕਾਂ ਦੀਆਂ ਹਾਲਤਾਂ ਦਿਨੋ ਦਿਨ ਬਦਤਰ ਹੁੰਦੀਆਂ ਜਾ ਰਹੀਆਂ ਹਨ। ਆਸਫਾ ਬਾਨੋ 8 ਸਾਲ ਦੀ ਬੱਚੀ ਨਾਲ ਹੋ ਰਹੀ ਘਿਨਾਉਣੀ ਸਿਆਸਤ ਬਾਰੇ ਵੀ ਦੱਸਿਆ। ਗੁਰਦਵਾਰਾ ਦਸ਼ਮੇਸ਼ ਦਰਬਾਰ ਦੇ ਬੁਲਾਰੇ ਗਿਆਨ ਸਿੰਘ ਗਿੱਲ ਨੇ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਅੱਜ ਤੱਕ ਦੀ ਕਾਰਗੁਜ਼ਾਰੀ ਨੂੰ ਦੱਸਦੇ ਹੋਏ ਭਾਰਤ ਦੀ ਮੋਦੀ ਸਰਕਾਰ ਦੀਆਂ ਲੋਕਾਂ ਨਾਲ ਵਧੀਕੀਆਂ ਤੇ ਲਾਹਨਤਾਂ ਪਾਈਆਂ। ਸੇਵ ਕੈਨੇਡੀਅਨ ਕਿਡਜ਼ ਦੇ ਗੁਰਪ੍ਰੀਤ ਤੂਰ ਨੇ ਕੈਨੇਡੀਅਨ ਬੱਚੇ ਜੋ ਡਰੱਗ ਤੇ ਗੈਂਗਵਾਰ ਵਿੱਚ ਆਪਣੀਆਂ ਜ਼ਿੰਦਗੀਆਂ ਗਵਾ ਰਹੇ ਹਨ, ਉਨ੍ਹਾਂ ਬਾਰੇ ਬਹੁਤ ਹੀ ਵਿਸਥਾਰ ਪੂਰਵਕ ਦੱਸਿਆ ਤੇ ਪੁਲੀਸ ਦੇ ਕਹਿਣ ਮੁਤਾਬਕ ਮਾਪੇ ਕਸੂਰਵਾਰ ਹਨ। ਇਸ ਤੇ ਲੋਕਾਂ ਨੂੰ ਸਵਾਲ ਖੜ੍ਹਾ ਕੀਤਾ ਕਿ ਕੀ ਮਾਪੇ ਡਰੱਗ ਘਰਾਂ ਵਿੱਚ ਪੈਦਾ ਕਰਦੇ ਹਨ ਜਾਂ ਬਾਰਡਰਾਂ ਤੋਂ ਉਹਨਾਂ ਦੀ ਨਿਗਰਾਨੀ ਹੇਠੋਂ ਨਹੀਂ ਲੰਘਦੀ। ਉਹ ਸਟੇਜ ਤੇ ਬਹੁਤ ਭਾਵਕ ਹੋ ਗਿਆ, ਯਾਦ ਰਹੇ ਇਹ ਇੱਕ ਪੀੜ੍ਹਤ ਮਾਪਾ ਹੈ। ਬੂਟਾ ਸਿੰਘ ਨਵਾਂ ਸ਼ਹਿਰ ਜੋ ਭਾਰਤ ਤੋਂ ਆਏ ਸਨ ਉਹਨਾਂ ਨੇ ਵੀ ਭਾਰਤ ਵਿੱਚ ਜੋ ਮੋਦੀ ਸਰਕਾਰ ਵਲੋਂ ਘੱਟ ਗਿਣਤੀਆਂ, ਔਰਤਾਂ, ਦਲਿਤਾਂ ਤੇ ਅੱਤਿਆਚਾਰ ਹੋ ਰਿਹਾ ਹੈ ਉਸ ਬਾਰੇ ਸਾਰੀਆਂ ਘਟਨਾਵਾਂ ਦੇ ਮੱਦੇਨਜ਼ਰ ਜੋ ਸੰਘਵਾਦ ਦੇ ਲੀਡਰ ਹਰ ਰੋਜ਼ ਬਿਆਨਬਾਜ਼ੀ ਕਰ ਰਹੇ ਹਨ ਬਾਰੇ ਵਿਸਥਾਰ ਨਾਲ ਸਾਂਝ ਪਾਈ। ਪੱਤਰਕਾਰ ਡਾ. ਗੁਰਵਿੰਦਰ ਧਾਲੀਵਾਲ ਨੇ ਗੁਰੂ ਗੋਬਿੰਦ ਸਿੰਘ ਦੀ ਜ਼ੁਲਮ ਨਾਲ ਟੱਕਰ ਨੂੰ ਅੱਜ ਦੇ ਸੰਦਰਭ ਵਿੱਚ ਇਸਦੀ ਫਿਰ ਲੋੜ ਕਿਉਂ ਹੈ? ਬਾਰੇ ਚਾਨਣਾ ਪਾਇਆ। ਤਿਰਲੋਚਨ ਦੂਹੜੇ ਨੇ ਵੀ ਸਮੇਂ ਸਮੇਂ ਤੇ ਆਪਣੇ ਵਿਚਾਰ ਰੱਖੇ ਕਿਉਂਕਿ ਸਟੇਜ ਸਵੇਰ ਦੇ 9 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਦੇ 6 ਵਜੇ ਤੱਕ ਚੱਲਦੀ ਰਹੀ। ਇੱਕ ਦਰਸ਼ਕ ਜੋ ਇੰਗਲੈਂਡ ਤੋਂ ਆਇਆ ਸੀ ਉਸਨੇ ਪਟੀਸ਼ਨ ਤੇ ਸਾਈਨ ਕਰਵਾਉਣ ਦੇ ਵਡਮੁੱਲੇ ਕੰਮ ਨੂੰ ਹੁੰਗਾਰਾ ਦੇਣ ਲਈ ਲੋਕਾਂ ਨੂੰ ਪੁਰ ਜ਼ੋਰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸਾਈਨ ਕਰੋ। ਹੋਰ ਦਰਸ਼ਕ ਬੁਲਾਰੇ ਵੀ ਬੋਲ ਕੇ ਆਪਣੀ ਹਾਜ਼ਰੀ ਭਰਦੇ ਰਹੇ। ਸਟੇਜ ਦੀ ਸਮੁੱਚੀ ਕਾਰਵਾਈ ਪਰਮਿੰਦਰ ਸਵੈਚ ਨੇ ਨਿਭਾਈ ਤੇ ਲੋਕਾਂ ਨੂੰ ਵਾਰ ਵਾਰ ਸਾਈਨ ਕਰਨ ਲਈ ਪ੍ਰੇਰਿਆ ਅਤੇ 10 ਜੂਨ ਨੂੰ ਹੋਣ ਵਾਲੀ ਨੌਵੀਂ ਸਲ਼ਾਨਾ ਸ਼ਹੀਦ ਭਗਤ ਸਿੰਘ ਦੌੜ ਜੋ ਬੇਅਰ ਕਰੀਕ ਪਾਰਕ ਵਿੱਚ ਹੋਣ ਜਾ ਰਹੀ ਹੈ, ਉਹਦੇ ਫਾਰਮ ਵੀ ਭਰਵਾਏ ਗਏ ਤੇ ਉਸ ਬਾਰੇ ਦੱਸਿਆ ਵੀ ਗਿਆ। ਇਸ ਦਿਨ ਡੀਫੈਂਸ ਕਮੇਟੀ ਦੇ ਸਾਰੇ ਮੈਂਬਰਾਂ ਤੇ ਵਲੰਟੀਅਰਾਂ ਨੇ ਬਹੁਤ ਹੀ ਉਤਸ਼ਾਹ ਨਾਲ ਸਾਰਾ ਕੰਮ ਨੇਪਰੇ ਚਾੜ੍ਹਿਆ।






# ਪਾਖੰਡੀ ਬਾਬਿਆਂ, ਜੋਤਸ਼ੀਆਂ, ਪੀਰਾਂ, ਠੱਗਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ !



ਕੈਲਗਰੀ : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਤੋਂ ਮਾਸਟਰ ਭਜਨ ਸਿੰਘ ਅਤੇ ਸਿੱਖ ਵਿਰਸਾ ਮੈਗਜ਼ੀਨ ਤੋਂ ਹਰਚਰਨ ਸਿੰਘ ਪਰਹਾਰ ਵਲੋਂ ਮਨਿਸਟਰ ਆਫ ਹਿਊਮਨ ਸਰਵਿਸ ਅਲ਼ਬਰਟਾ, ਮਿ. ਇਰਫਾਨ ਸਬੀਰ ਨੂੰ ਪਾਖੰਡੀ ਬਾਬਿਆਂ, ਜੋਤਸ਼ੀਆਂ, ਪੀਰਾਂ, ਠੱਗਾਂ ਆਦਿ ਬਾਰੇ ਸਰਕਾਰ ਨੂੰ ਕਾਨੂੰਨ ਬਣਾ ਕੇ ਕਾਰਵਾਈ ਕਰਨ ਬਾਰੇ ਮੰਗ ਪੱਤਰ ਦਿੱਤਾ ਗਿਆ ਤਾਂ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਲੁੱਟਣ ਵਾਲੇ ਇਨ੍ਹਾਂ ਲੁਟੇਰਿਆਂ ਤੋਂ ਲੋਕਾਈ ਨੂੰ ਬਚਾਇਆ ਜਾ ਸਕੇ। ਇਹ ਮੰਗ ਪੱਤਰ ਅਲਬਰਟਾ ਦੀ ਪ੍ਰੀਮੀਅਰ ਮਾਨਯੋਗ ਰੇਚਲ ਨੌਟਲੇ ਦੇ ਕੈਲਗਰੀ ਆਫਿਸ ਮੈਕਡੂਗਲ ਸੈਂਟਰ ਵਿੱਚ ਦਿੱਤਾ ਗਿਆ। ਇਸ ਮੌਕੇ ਇਹ ਮੈਮੋਰੰਡਮ ਪ੍ਰੀਮੀਅਰ ਤੇ ਹੋਰ ਕਈ ਐਮ. ਐਲ. ਏਜ਼. ਤੇ ਮਨਿਸਟਰਾਂ ਨੂੰ ਵੀ ਦਿੱਤਾ ਗਿਆ। ਬਹੁਤ ਜਲਦੀ ਇਹ ਮੈਮੋਰੰਡਮ ਕੈਨੇਡਾ ਭਰ ਦੇ ਫੈਡਰਲ ਮਨਿਸਟਰਾਂ ਤੇ ਐਮ. ਪੀਜ਼. ਨੂੰ ਵੀ ਭੇਜਿਆ ਜਾ ਰਿਹਾ ਹੈ।

ਪਾਖੰਡੀਆਂ ਖਿਲਾਫ ਇਸ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਕਿਵੇਂ ਪਾਖੰਡੀ ਲੋਕ ਇੰਡੀਆ ਜਾਂ ਹੋਰ ਥਾਵਾਂ ਤੋਂ ਆ ਕੇ ਕਮਜ਼ੋਰ ਮਾਨਸਿਕਤਾ ਵਾਲੇ ਭੋਲੇ-ਭਾਲੇ ਲੋਕਾਂ ਨੂੰ ਵਹਿਮਾਂ, ਭਰਮਾਂ, ਪਾਖੰਡਾਂ ਵਿੱਚ ਪਾ ਕੇ ਲੁੱਟਦੇ ਹਨ। ਵਿਜਟਰ ਵੀਜੇ 'ਤੇ ਆ ਕੇ ਇਹ ਲੋਕ ਲੱਖਾਂ ਡਾਲਰ ਬਣਾ ਕੇ ਰਫੂ ਚੱਕਰ ਹੋ ਜਾਂਦੇ ਹਨ ਤੇ ਜਦੋਂ ਲੋਕ ਇਨ੍ਹਾਂ ਦੀ ਸ਼ਿਕਾਇਤ ਪੁਲਿਸ ਕੋਲ ਕਰਦੇ ਹਨ ਤਾਂ ਪੁਲਿਸ ਕੋਈ ਕਾਰਵਾਈ ਕਰਨ ਇਹ ਕਹਿ ਕੇ ਇਨਕਾਰ ਕਰ ਦਿੰਦੀ ਹੈ ਕਿ ਕੈਨੇਡਾ ਵਿੱਚ ਇਨ੍ਹਾਂ ਲੋਕਾਂ ਖਿਲਾਫ ਕਾਰਵਾਈ ਕਰਨ ਲਈ ਕੋਈ ਪੁਖਤਾ ਕਾਨੂੰਨ ਨਹੀਂ ਹੈ। ਜਿਸਦਾ ਲਾਭ ਉਠਾ ਕੇ ਇਹ ਲੁਟੇਰੇ ਸਾਲਾਂ ਤੋਂ ਬੜੀ ਚਲਾਕੀ ਠੱਗੀਆਂ ਮਾਰ ਰਹੇ ਹਨ ਤੇ ਇਨ੍ਹਾਂ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ ਹੈ। ਮੀਡੀਏ ਦਾ ਕੁਝ ਹਿੱਸਾ ਵੀ ਅਜਿਹੇ ਪਾਖੰਡੀਆਂ ਨੂੰ ਸ਼ਹਿ ਦੇ ਰਿਹਾ ਹੈ, ਜਿਸ ਨਾਲ ਇਨ੍ਹਾਂ ਦਾ ਠੱਗੀ ਦਾ ਬਿਜਨੈਸ ਬੇਰੋਕ ਜਾਰੀ ਹੈ। ਮੰਗ ਪੱਤਰ ਬਾਰੇ ਹੋਰ ਵਿਸਥਾਰ ਵਿੱਚ ਜਾਣਕਾਰੀ ਦਿੰਦੇ ਹੋਏ, ਹਰਚਰਨ ਸਿੰਘ ਪਰਹਾਰ ਨੇ ਕਿਹਾ ਕਿ ਅਸੀਂ ਸੂਬਾਈ ਤੇ ਫੈਡਰਲ ਸਰਕਾਰ ਤੋਂ ਮੰਗ ਕਰ ਰਹੇ ਹਾਂ ਕਿ ਵਿਜਟਰ ਵੀਜੇ ਤੇ ਆ ਕੇ ਕੰਮ ਕਰਨ ਵਾਲੇ ਅਜਿਹੇ ਲੋਕਾਂ ਤੇ ਕਾਰਵਾਈ ਕਰਨ ਲਈ ਸਖਤ ਕਾਨੂੰਨ ਬਣਾਏ ਜਾਣ ਅਤੇ ਇਨ੍ਹਾਂ ਦੀ ਇਨਕਮ ਨੂੰ ਵੀ ਟੈਕਸ ਅਧੀਨ ਲਿਆਂਦਾ ਜਾਵੇ। ਉਨ੍ਹਾਂ ਅੱਗੇ ਹੋਰ ਦੱਸਿਆ ਕਿ ਸਰਕਾਰਾਂ ਨੂੰ ਸਕੂਲੀ ਪੜ੍ਹਾਈ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ ਤਾਂ ਕਿ ਬੱਚਿਆਂ ਦਾ ਜੀਵਨ ਪ੍ਰਤੀ ਨਜ਼ਰੀਆ ਵਿਗਿਆਨਕ ਬਣ ਸਕੇ।

ਬੁਲਾਰਿਆਂ ਨੇ ਕੈਨੇਡਾ ਭਰ ਦੀਆਂ ਜਥੇਬੰਦੀਆਂ ਤੇ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਨੂੰ ਆਪਣੇ-ਆਪਣੇ ਸ਼ਹਿਰਾਂ ਵਿੱਚ ਵੀ ਚਲਾਉਣ ਤੇ ਜੇ ਕੋਈ ਜਾਣਕਾਰੀ ਜਾਂ ਮਦਦ ਚਾਹੀਦੀ ਹੋਵੇ ਤਾਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ। ਇਸੇ ਤਰ੍ਹਾਂ ਮੀਡੀਆ ਨੂੰ ਵੀ ਇਸ ਮੁਹਿੰਮ ਦੀ ਕਾਮਯਾਬੀ ਲਈ ਸਹਿਯੋਗ ਦੀ ਅਪੀਲ ਕੀਤੀ ਗਈ ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 ਅਤੇ ਹਰਚਰਨ ਪਰਹਾਰ ਨਾਲ 403-681-8689 ਤੇ ਸੰਪਰਕ ਕਰ ਸਕਦੇ ਹੋ।


















# ਹਕੂਮਤਾਂ ਤੇ ਕੱਟੜਪੰਥੀਆਂ ਨੂੰ ਲਲਕਾਰਨ ਵਾਲੀ ਮਦੀਹਾ ਗੌਹਰ ਦਾ ਤੁਰ ਜਾਣਾ





**ਕੇਵਲ ਧਾਲੀਵਾਲ, ਨਾਟਕਕਾਰ**

ਉਹ ਔਰਤ ਜਿਸਦੇ ਹਰ ਸਾਹ ਨਾਲ ਰੰਗਮੰਚ ਧੜਕਦਾ ਸੀ, ਜੋ ਪਾਕਿਸਤਾਨ ਵਰਗੇ ਮੁਲਕ ਵਿੱਚ ਵੀ ਰੰਗਮੰਚ ਰਾਹੀਂ ਔਰਤਾਂ ਦੇ ਹੱਕ ਦੀ ਗੱਲ ਕਰਦੀ ਸੀ, ਜੋ ਪਾਕਿਸਤਾਨ ਦੀ ਹਕੂਮਤ ਨੂੰ ਵੀ ਵੰਗਾਰਦੀ ਸੀ, ਜੋ ਪਾਕਿਸਤਾਨ ਦੀ ਕਟੜਪੰਥੀ ਧਾਰਮਿਕ ਮੂਲਵਾਦ ਨੂੰ ਵੀ ਲਲਕਾਰਦੀ ਸੀ।

ਜੋ ਦੋਵ੍ਹਾਂ ਮੁਲਕਾਂ ਵਿਚ ਅਮਨ ਤੇ ਦੋਸਤੀ ਲਈ ਇਕ ਲਹਿਰ ਬਣਕੇ ਵਿਚਰਦੀ ਸੀ, ਜੋ ਦੋਵ੍ਹਾਂ ਮੁਲਕਾਂ ਦੇ ਲੋਕਾਂ ਨੂੰ ਇਕ ਦੂਜੇ ਨਾਲ ਹੱਸਦੇ, ਗਲਵਕੜੀਆਂ ਪਾਉਂਦੇ ਵੇਖਣਾ ਚਾਹੁੰਦੀ ਸੀ, ਜੋ ਦੋਵ੍ਹਾਂ ਮੁਲਕਾਂ ਵਿਚਾਲੇ ਰੰਗਮੰਚ ਦੇ ਸਾਂਝੇ ਪੁੱਲ ਵਜੋਂ ਕੰਮ ਕਰਦੀ ਸੀ, ਉਹ ਮਦੀਹਾ ਗੌਹਰ ਸਾਨੂੰ ਸਭ ਨੂੰ ਅਲਵਿਦਾ ਕਹਿ ਗਈ।

ਮਦੀਹਾ ਪਿਛਲੇ 35 ਸਾਲਾਂ ਤੋਂ ਪਾਕਿਸਤਾਨ ਵਿੱਚ ਅਗਾਂਹਵਧੂ, ਸਾਰਥਿਕ ਸੁਨੇਹੇ ਵਾਲਾ ਰੰਗਮੰਚ ਕਰ ਰਹੇ ਸਨ। ਉਨ੍ਹਾਂ ਨੇ 35 ਸਾਲ ਪਹਿਲਾਂ 'ਅਜੋਕਾ ਥੀਏਟਰ ਲਾਹੌਰ' ਦੀ ਸਥਾਪਨਾ ਕੀਤੀ ਤੇ ਪਹਿਲਾ ਨਾਟਕ ਭਾਰਤੀ ਨਾਟਕਕਾਰ ਬਾਦਲ ਸਰਕਾਰ ਦਾ ਲਿਖਿਆ 'ਜਲੂਸ' ਨਾਟਕ ਲਾਹੌਰ ਵਿਚ ਖੇਡਿਆ।

**ਪਾਕਿਸਤਾਨੀ ਥੀਏਟਰ ਨੂੰ ਮਾਣ**

ਪਾਕਿਸਤਾਨ ਦੀ ਹਕੂਮਤ ਨੇ ਉਸਨੂੰ ਲਾਹੌਰ ਦੇ ਕਿਸੇ ਥੀਏਟਰ ਹਾਲ ਜਾਂ ਸੜਕ 'ਤੇ ਨਾਟਕ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਤਾਂ ਇਹ ਨਾਟਕ ਉਨ੍ਹਾਂ ਨੇ ਆਪਣੀ ਮਾਂ ਦੇ ਘਰ ਦੇ ਖੁੱਲ੍ਹੇ ਵਿਹੜੇ ਵਿੱਚ ਲੋਕਾਂ ਨੂੰ ਇਕੱਠਾ ਕਰਕੇ ਖੇਡਿਆ। ਉਨ੍ਹਾਂ ਨੇ ਲਗਾਤਾਰ ਥੀਏਟਰ ਕੀਤਾ ਤੇ ਪਾਕਿਸਾਤਾਨੀ ਰੰਗਮੰਚ ਦਾ ਨਾਮ ਅੰਤਰਰਾਸ਼ਟਰੀ ਪੱਧਰ ਤੱਕ ਲੈ ਕੇ ਗਏ। ਉਨ੍ਹਾਂ ਨੇ ਭਾਰਤ ਵਿੱਚ 100 ਤੋਂ ਵੱਧ ਵਾਰ ਨਾਟਕ ਖੇਡੇ, ਦੁਨੀਆਂ ਦੇ 30-40 ਮੁਲਕਾਂ ਵਿੱਚ ਪਾਕਿਸਤਾਨੀ ਥੀਏਟਰ ਨੂੰ ਮਾਣ ਦਵਾਇਆ।

ਉਨ੍ਹਾਂ ਨੇ ਉੱਚ ਕੋਟੀ ਦਾ ਥੀਏਟਰ ਕੀਤਾ, ਤੇ ਪਾਕਿਸਤਾਨੀ ਰੰਗਮੰਚ ਦੀ ਮਸੀਹਾ ਬਣ ਗਏ। ਉਨ੍ਹਾਂ ਦੇ ਰੰਗਮੰਚ ਸਫ਼ਰ ਵਿੱਚ ਉਨ੍ਹਾਂ ਦੇ ਪਤੀ ਸ਼ਾਹਿਦ ਨਦੀਮ ਨੇ ਉਸ ਲਈ ਉੱਚ ਪਾਏ ਦੇ ਨਾਟਕ ਲਿਖੇ ਤੇ ਉਨ੍ਹਾਂ ਦੇ ਦੋਵੇਂ ਪੁੱਤਰਾਂ ਨੇ ਉਨ੍ਹਾਂ ਦੇ ਨਾਟਕਾਂ ਵਿੱਚ ਭੂਮਿਕਾਵਾਂ ਨਿਭਾਈਆਂ।

ਉਨ੍ਹਾਂ ਲਈ ਲਾਹੌਰ ਤੇ ਅੰਮ੍ਰਿਤਸਰ ਕੋਈ ਦੋ ਸ਼ਹਿਰ ਨਹੀਂ ਸਨ, ਉਹ ਹਮੇਸ਼ਾਂ ਕਹਿੰਦੇ, "ਇਨ੍ਹਾਂ ਦੋਵ੍ਹਾਂ ਸ਼ਹਿਰਾਂ ਦੇ ਪਾਣੀ ਦੀ ਮਿਠਾਸ ਇੱਕੋ ਜਿਹੀ ਹੈ, ਦੋਵ੍ਹਾਂ ਸ਼ਹਿਰਾਂ ਦੇ ਸ਼ਹਿਰੀਆਂ ਦਾ ਖਾਣ-ਪੀਣ ਇਕੋ ਜਿਹਾ ਹੈ, ਇਕੋ ਜਿਹੀ ਤਹਜ਼ੀਬ ਤੇ ਇਕੋ ਜਿਹਾ ਸੱਭਿਆਚਾਰ ਹੈ।"

**ਦੋਵ੍ਹਾਂ ਮੁਲਕਾਂ ਵਿਚ ਠੰਡੀ ਹਵਾ ਦਾ ਬੁੱਲਾ**

ਮਦੀਹਾ ਗੌਹਰ ਮੇਰੇ ਲਈ ਮੇਰੇ ਪਰਿਵਾਰ ਦਾ ਹਿੱਸਾ ਸੀ, ਉਹ 2003 'ਚ ਨਾਟਕ "ਬੁੱਲ੍ਹਾ" ਲੈ ਕੇ ਭਾਰਤ ਆਏ ਤਾਂ ਇੰਝ ਲੱਗਾ ਕਿ ਜਿਵੇਂ ਦੋਵ੍ਹਾਂ ਮੁਲਕਾਂ ਵਿਚ ਠੰਡੀ ਹਵਾ ਦਾ ਬੁੱਲਾ ਵਗਿਆ ਹੋਵੇ ਤੇ ਫੇਰ ਦੋਵ੍ਹਾਂ ਮੁਲਕਾਂ ਦੀਆਂ ਸਰਕਾਰਾਂ ਨੇ ਲਾਹੌਰ-ਅੰਮ੍ਰਿਤਸਰ ਵਿਚਾਲੇ ਬੱਸਾਂ ਵੀ ਚਲਾ ਦਿੱਤੀਆਂ, ਤੇ ਦੋਨਾਂ ਮੁਲਕਾਂ ਵਿੱਚ ਅਮਨ ਤੇ ਦੋਸਤੀ ਦੀਆਂ ਗੱਲਾਂ ਹੋਣ ਲੱਗੀਆਂ।

ਮਦੀਹਾ ਨਿੱਤ ਨਵਾਂ ਨਾਟਕ ਕਰਨ ਨੂੰ ਕਾਹਲੀ ਹੁੰਦੀ ਸੀ, ਉਸਨੂੰ 1947 ਦੀ ਵੰਡ ਦਾ ਬਹੁੱਤ ਦੁਖ ਸੀ, ਉਸਦੀ ਆਖਰੀ ਫੇਰੀ ਦਸੰਬਰ 2017 ਦੀ ਅੰਮ੍ਰਿਤਸਰ ਦੀ ਹੈ, ਉਹ ਆਈ ਤੇ ਪਾਰਟੀਸ਼ਨ ਮਿਊਜ਼ਮ ਵਿਚ ਬੈਠਕੇ ਧਾਹਾਂ ਮਾਰ-ਮਾਰ ਕੇ ਰੋਈ।

ਉਹ ਹਰ ਇੱਕ ਲਈ ਚੰਗੀ ਦੋਸਤ, ਬਹੁਤ ਸਾਰਿਆਂ ਦੀ ਭੈਣ ਤੇ ਸਭ ਤੋਂ ਵੱਧ ਉਹ ਬੇਹੱਦ ਮਿਲਾਪੜੀ ਇੱਕ ਚੰਗੀ ਇਨਸਾਨ ਸੀ। ਉਨ੍ਹਾਂ ਦੀ ਚੰਗੀ ਇਨਸਾਨੀਅਤ ਨੇ ਹੀ ਉਨ੍ਹਾਂ ਕੋਲੋਂ ਨਾਟਕ 'ਦੁੱਖ ਦਰਿਆ', 'ਬੁੱਲ੍ਹਾ', 'ਦਾਰਾ', 'ਕਾਲਾ ਮੈਂਡਾ ਭੇਸ', 'ਕਾਰੀ ਕਰੇਂਦੇ ਨੀ ਮਾਂ', 'ਕੌਨ ਹੈ ਯੇ ਗੁਸਤਾਖ਼' ਵਰਗੇ ਨਾਟਕ ਕਰਵਾਏ।

ਪਾਕਿਸਤਾਨ ਵਿੱਚ ਉਨ੍ਹਾਂ ਦੇ ਪਤੀ ਸ਼ਾਹਿਦ ਨਦੀਮ ਨੇ ਪਹਿਲੀ ਵਾਰ ਭਗਤ ਸਿੰਘ ਬਾਰੇ ਨਾਟਕ ਲਿਖਿਆ ਤੇ ਮਦੀਹਾ ਨੇ ਖੇਡਿਆ। ਇਹ ਨਾਟਕ ਉਨ੍ਹਾਂ ਨੇ ਭਗਤ ਸਿੰਘ ਦੇ ਜਨਮ ਸਥਾਨ (ਬੰਗਾ) ਪਾਕਿਸਤਾਨ ਵਿਚ ਵੀ ਜਾ ਕੇ ਖੇਡਿਆ।

**ਨਿੱਤ ਨਵਾਂ ਰੰਗਮੰਚ**

ਉਹ ਨਿਤ ਨਵੇਂ ਰੰਗਮੰਚ ਦੇ ਮੇਲੇ ਲਾਉਣ ਲਈ ਉਤਸੁਕ ਰਹਿੰਦੇ। ਉਨ੍ਹਾਂ ਨੇ ਹਿੰਦ-ਪਾਕਿ ਮਿੱਤਰਤਾ ਲਈ ਦੋਵ੍ਹਾਂ ਮੁਲਕਾਂ ਦੀਆਂ ਟੀਮਾਂ ਨੂੰ ਲਾਹੌਰ ਬੁਲਾ-ਬੁਲਾ ਕੇ ਕਦੇ 'ਪੰਜ ਪਾਣੀ ਥੀਏਟਰ ਫੈਸਟੀਵਲ', ਕਦੇ 'ਹਮਸਾਇਆ ਥੀਏਟਰ ਫੈਸਟੀਵਲ', ਕਦੇ 'ਜਨਾਨੀ ਥੀਏਟਰ ਫੈਸਟੀਵਲ, ਕਦੇ 'ਮਿੱਤਰਤਾ ਥੀਏਟਰ ਫੈਸਟੀਵਲ', ਤੇ ਕਦੇ 'ਅਮਨ ਥੀਏਟਰ ਫੈਸਟੀਵਲ ਕੀਤੇ।

ਉਨ੍ਹਾਂ ਨੇ ਆਪਣੇ ਨਾਟਕਾਂ ਦੇ ਮੇਲੇ 'ਇਧਰਲੇ ਪਾਸੇ ਭਾਰਤ ਵਿੱਚ ਵੀ ਵਾਰ-ਵਾਰ ਕੀਤੇ। ਉਹ ਅਮਨ ਤੇ ਦੋਸਤੀ ਦੀ ਗੱਲ ਕਦੇ ਰੰਗਮੰਚ ਰਾਹੀਂ, ਤੇ ਕਦੇ ਸੈਮੀਨਾਰ ਰਾਹੀਂ ਤੇ ਕਦੇ ਇੰਟਰਵਿਊ ਰਾਹੀਂ ਕਰਦੇ। ਉਹ ਨਿੱਤ ਨਵਾਂ ਰੰਗਮੰਚ ਦਾ ਸੰਵਾਦ ਰਚਾਉਂਦੇ ਸੀ।

ਉਹ ਏਨਾਂ ਕੁ ਅੰਮ੍ਰਿਤਸਰ ਆਉਂਦੇ ਸੀ ਕਿ ਅਸੀਂ ਹੱਸਕੇ ਕਹਿਣਾ ਕਿ ਹੁਣ ਅੰਮ੍ਰਿਤਸਰ ਨੂੰ ਵੀ ਮਦੀਹਾ ਦੇ ਆਉਣ ਦੀ ਇੰਤਜ਼ਾਰ ਰਹਿੰਦੀ ਹੈ। ਦੋਵ੍ਹਾਂ ਮੁਲਕਾ ਦੇ ਕਲਾਕਾਰਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਿਆਂ ਕਰਨ ਲਈ ਉਨ੍ਹਾਂ ਨੇ ਸੰਸਥਾ ਬਣਾਈ "ਆਪਾਂ" (ਆਲ ਪ੍ਰਫਾਰਮਿੰਗ ਆਰਟਿਸਟ ਨੈਟਵਰਕ) ਤੇ ਇਸ ਸੰਸਥਾ ਦੇ ਬੈਨਰ ਹੇਠ ਉਸਨੇ ਰੰਗਮੰਚ ਦੇ ਰੰਗਾਂ ਦੇ ਕਈ ਵੱਡੇ ਕੰਮ ਕੀਤੇ।

**ਵਾਹਗਾ ਸਰਹੱਦ 'ਤੇ ਮੋਮਬੱਤੀਆਂ**

ਉਹ ਪਾਕਿਸਤਾਨੀ ਟੀ. ਵੀ. ਨਾਟਕਾਂ ਦੀ ਵੀ ਪ੍ਰਸਿੱਧ ਅਭਿਨੇਤਰੀ ਸੀ, ਉਸ ਵਲੋਂ ਟੀ. ਵੀ. ਸੀਰੀਅਲ 'ਨੀਲੇ ਹਾਥ' ਵਿੱਚ ਨਿਭਾਇਆ ਕਿਰਦਾਰ ਦਰਸ਼ਕਾਂ ਦੇ ਚੇਤਿਆਂ ਵਿਚ ਹਮੇਸ਼ਾ ਤਾਜ਼ਾ ਰਹੇਗਾ। ਉਹ ਅਭਿਨੇਤਰੀ ਸੀ, ਉਹ ਨਿਰਦੇਸ਼ਕ ਸੀ, ਸਮਾਜਿਕ ਸਰੋਕਾਰਾਂ ਨਾਲ ਜੁੜੀ ਅਗਾਂਹ ਵਧੂ ਕਾਰਕੁਨ ਸੀ। ਉਨ੍ਹਾਂ ਨੇ ਪਾਕਿਸਤਾਨੀ ਹਕੂਮਤ ਨਾਲ ਵੀ ਟੱਕਰ ਲਈ ਤੇ ਜੇਲ੍ਹ ਗਏ।

ਉਨ੍ਹਾਂ ਨੇ 14 ਅਗਸਤ ਦੀ ਰਾਤ ਵਾਹਗਾ ਸਰਹੱਦ 'ਤੇ ਮੋਮਬੱਤੀਆਂ ਜਗਾਉਂਦਿਆਂ ਪਾਕਿਸਤਾਨੀ ਕੱਟੜਪੰਥੀਆਂ ਤੇ ਪੁਲਿਸ ਵਾਲਿਆਂ ਕੋਲੋਂ ਲਾਠੀਆਂ ਵੀ ਖਾਧੀਆਂ, ਪਰ ਉਹ ਅਮਨ ਦਾ ਹੋਕਾ ਦੇਣੋਂ ਨਾ ਰੁਕੇ।

ਮਦੀਹਾ ਗੌਹਰ ਤੁਰੀ ਫਿਰਦੀ ਇੱਕ ਸੰਸਥਾ ਸੀ, ਉਨ੍ਹਾਂ ਦੇ ਟਰੇਂਡ ਕੀਤੇ ਕਲਾਕਾਰ ਹੁਣ ਪਾਕਿਸਤਾਨੀ ਟੀ. ਵੀ. ਤੇ ਪਾਕਿਸਤਾਨੀ ਫ਼ਿਲਮਾਂ ਦੇ ਵੀ ਵੱਡੇ ਕਲਾਕਾਰ ਹਨ। ਉਹ ਹਮੇਸ਼ਾਂ ਕੁਝ ਨਵਾਂ ਕਰਨ ਤੇ ਨਵਾਂ ਸਿਖਣ ਲਈ ਤੱਤਪਰ ਰਹਿੰਦੇ ਸਨ। ਉਹ ਆਪਣੇ ਰੰਗਮੰਚ ਕਲਾਕਾਰਾਂ ਨੂੰ ਟਰੇਨਿੰਗ ਦਿਵਾਉਣ ਲਈ ਹਰ ਸਾਲ ਜੂਨ ਮਹੀਨੇ ਵਿੱਚ ਅੰਮ੍ਰਿਤਸਰ ਮੇਰੇ ਕੋਲ ਇੱਕ ਮਹੀਨੇ ਲਈ ਭੇਜਦੇ।

ਅਸੀਂ ਅੰਮ੍ਰਿਤਸਰ ਤੇ ਲਾਹੌਰ ਦੇ ਕਲਾਕਾਰਾਂ ਨੇ ਮਿਲਕੇ ਨਾਟਕ 'ਯਾਤਰਾ-1947' ਵੀ ਤਿਆਰ ਕੀਤਾ, ਤੇ ਦੋਵੇਂ ਮੁਲਕਾਂ ਵਿਚ ਉਸਦੇ ਕਈ ਸ਼ੋਅ ਕੀਤੇ। ਉਹ ਰੰਗਮੰਚ ਕਰਦਿਆਂ, ਨਾਟਕ ਮੇਲੇ ਲਾਉਂਦਿਆਂ, ਸੈਮੀਨਾਰ ਕਰਦਿਆਂ, ਕਦੇ ਵੀ ਰੁਕਦੇ ਨਹੀਂ ਸਨ, ਅੱਕਦੇ ਨਹੀਂ ਸਨ। ਥੱਕਦੇ ਨਹੀਂ ਸਨ।




**ਬੀਮਾਰੀ ਹੱਥੋਂ ਹਾਰ ਗਏ**

ਲਗਭਗ ਪਿਛਲੇ 4-5 ਸਾਲਾਂ ਤੋਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ, ਉਪਰੇਸ਼ਨ ਵੀ ਕਰਵਾ ਰਹੀ ਸਨ, ਕੀਮੋ ਵੀ ਕਰਵਾ ਰਹੇ ਸਨ, ਪਰ ਦੋਵ੍ਹਾਂ ਮੁਲਕਾਂ ਵਿਚ ਨਾਟਕ ਮੇਲੇ ਲਾਉਣੋਂ ਨਹੀਂ ਸਨ ਰੁਕੇ। ਖ਼ਾਸ ਤੌਰ 'ਤੇ ਪਿਛਲੇ 4-5 ਸਾਲਾਂ ਵਿੱਚ ਉਨ੍ਹਾਂ ਨੇ ਦੋਵ੍ਹਾਂ ਮੁਲਕਾਂ ਵਿੱਚ 20 ਤੋਂ ਵੱਧ ਰੰਗਮੰਚ ਮੇਲੇ ਲਾਏ।

ਉਹ ਆਪਣੀ ਬੀਮਾਰੀ ਕੋਲੋਂ ਹਾਰਨਾ ਨਹੀਂ ਸੀ ਚਾਹੁੰਦੇ, ਉਹ ਬੀਮਾਰੀ ਨਾਲ ਲੜ੍ਹਦੇ ਰਹੇ, ਇਨ੍ਹਾਂ ਆਖ਼ਰੀ ਦਿਨਾਂ ਵਿੱਚ ਵੀ 15 ਦਿਨ ਪਹਿਲਾਂ ਲਾਹੌਰ ਵਿਖੇ ਤਿੰਨ ਰੋਜਾ "ਆਜ਼ਾਦੀ ਥੀਏਟਰ ਫੈਸਟੀਵਲ" ਕੀਤਾ। ਪੰਦਰਾਂ ਦਿਨ ਪਹਿਲਾਂ ਉਨ੍ਹਾਂ ਦੀ ਜੋ ਦਵਾਈ ਪਾਕਿਸਤਾਨ ਤੋਂ ਨਹੀਂ ਸੀ ਮਿਲ ਰਹੀ, ਉਹ ਮੈਂ ਇਧਰੋਂ ਦਿੱਲੀ ਤੋਂ ਲੈ ਕੇ ਇੱਕ ਦਿਨ ਦੇ ਵਿੱਚ-ਵਿੱਚ ਲਾਹੌਰ ਭੇਜੀ ਤਾਂ ਜੋ ਮਦੀਹਾ ਠੀਕ ਹੋ ਜਾਵੇ।

ਹੁਣ ਮਦੀਹਾ ਨੂੰ ਕਿਸੇ ਦਵਾਈ ਦੀ ਲੋੜ ਨਹੀਂ ਪੈਣੀ, ਉਹ ਮਦੀਹਾ ਜੋ ਹਕੂਮਤਾਂ ਨਾਲ ਟੱਕਰ ਲੈਂਦੇ ਸੀ, ਕਦੇ ਹਾਰੇ ਨਹੀਂ ਸੀ, ਬੀਮਾਰੀ ਹੱਥੋਂ ਹਾਰ ਗਏ।

ਉਨ੍ਹਾਂ ਨੇ ਪਾਕਿਸਤਾਨੀ ਅੱਤਵਾਦ ਦੇ ਖ਼ਿਲਾਫ਼ ਸਟੇਜ 'ਤੇ ਖੜ੍ਹੇ ਹੋ ਕੇ ਕਿਹਾ, 'ਥੀਏਟਰ ਅਗੇਂਸਟ ਤਾਲਿਬਾਨ'। ਉਨ੍ਹਾਂ ਨੇ ਪਾਕਿਸਤਾਨੀ ਕੱਟੜਪੰਥੀ ਮੁਲਾ-ਮੁਲਾਣਿਆਂ ਨੂੰ ਵੰਗਾਰਿਆ ਤੇ 'ਬੁਰਕਾ' ਪਰੰਪਰਾ ਦੇ ਖ਼ਿਲਾਫ਼ ਨਾਟਕ ਖੇਡਿਆ "ਬੁਰਕਾ ਵਗੈਂਜਾ"।

ਇਹ ਨਾਟਕ ਬੈਨ ਕਰ ਦਿੱਤਾ ਗਿਆ, ਪਰ ਉਸਨੇ ਫਰ ਵੀ ਇਹ ਨਾਟਕ ਖੇਡਿਆ ਤੇ ਕੱਟੜਪੰਥੀਆਂ ਨੂੰ ਵੰਗਾਰਿਆ। ਲਾਹੌਰ ਵਿਚ ਜਦੋਂ ਬਸੰਤ ਫੈਸਟੀਵਲ ਬੈਨ ਕੀਤਾ ਗਿਆ ਤਾਂ ਉਸਨੇ ਫਿਰ ਨਾਟਕ ਖੇਡਿਆ "ਲੋ ਫਿਰ ਬਸੰਤ ਆਈ"। ਉਸਨੇ ਮਜ਼ਦੂਰਾਂ ਦੇ ਹੱਕ 'ਚ ਨਾਟਕ "ਇੱਟ" ਵੀ ਖੇਡਿਆ ਤੇ ਧੀਆਂ ਦੇ ਹੱਕ 'ਚ "ਝੱਲੀ ਕਿੱਥੇ ਜਾਵੇ", "ਸ਼ਰਮ ਦੀ ਗੱਲ", 'ਥੱਪੜ' ਤੇ "ਧੀ ਰਾਣੀ" ਖੇਡੇ।

**ਅੱਜ ਲਾਹੌਰ ਅਤੇ ਅੰਮ੍ਰਿਤਸਰ ਵੀ ਉਦਾਸ ਹੈ**

ਮਦੀਹਾ ਗੌਹਰ ਦੀ ਯਾਦ ਅੰਮ੍ਰਿਤਸਰ ਦੇ ਕੋਨੇਂ-ਕੋਨੇ ਗਲੀਆਂ ਬਾਜ਼ਾਰਾਂ ਵਿਚ ਵਸੀ ਹੈ, ਉਹ ਅੰਮ੍ਰਿਤਸਰ ਆਉਂਦੀ ਤਾਂ ਕਦੇ ਮੇਰੇ ਰੰਗਮੰਚ ਭਵਨ ਵਿੱਚ, ਕਦੇ ਪੰਜਾਬ ਨਾਟਸ਼ਾਲਾ ਵ੍ਹਿਚ, ਕਦੇ ਵਿਰਸਾ ਵਿਹਾਰ ਵਿੱਚ, ਕਦੇ ਪ੍ਰੀਤ ਨਗਰ, ਕਦੇ ਆਰਟ ਗੈਲਰੀ ਤੇ ਕਦੇ ਅੰਮ੍ਰਿਤਸਰ ਦੇ ਸ਼ਾਪਿੰਗ ਸੈਂਟਰਾਂ 'ਚ, ਕਦੇ ਖਾਣੇ ਵਾਲੀਆਂ ਦੁਕਾਨਾਂ, ਕਦੇ ਸਪਰਿੰਗ ਡੇਲ ਸਕੂਲ, ਕਦੇ ਪੁਲ ਕੰਜਰੀ, ਕਦੇ ਹਾਸ਼ਮ ਸ਼ਾਹ ਦੇ ਮੇਲੇ ਤੇ ਕਦੇ ਕਿਤੇ ਤੇ ਕਦੇ ਕਿਤੇ, ਮਦੀਹਾ ਅੰਮ੍ਰਿਤਸਰ ਵਿਚ ਕਿੱਥੇ ਨਹੀਂ ਸੀ।

ਅੱਜ ਲਾਹੌਰ ਵੀ ਉਦਾਸ ਹੈ, ਅੱਜ ਅੰਮ੍ਰਿਤਸਰ ਵੀ ਉਦਾਸ ਹੈ। ਮਦੀਹਾ ਸਾਡਾ ਤਾਂ ਲਾਹੌਰ ਹੀ ਤੇਰੇ ਨਾਲ ਵੱਸਦਾ ਸੀ, ਤੂੰ ਨਾਟਕਾਂ ਦੇ ਮੇਲੇ ਲਾਉਣੇ ਸ਼ੁਰੂ ਕੀਤੇ ਤੇ ਇਧਰਲੇ ਪੰਜਾਬ ਦੇ ਕਲਾਕਾਰਾਂ ਨੇ ਲਾਹੌਰ ਦੇ ਦਰਸ਼ਨ ਕੀਤੇ। ਮਦੀਹਾ ਦੀ ਦੋਵਾਂ ਮੁਲਕਾਂ ਨੂੰ, ਇਸ ਧਰਤੀ ਨੂੰ, ਸੰਵੇਦਨਸ਼ੀਲ ਲੋਕਾਂ ਨੂੰ, ਇਨਸਾਨਾਂ ਅੰਦਰ ਵਸਦੀ ਸੰਵੇਦਨਸ਼ੀਲਤਾ ਨੂੰ ਹਾਲੇ ਬੜੀ ਲੋੜ ਸੀ।

ਦੀਹਾ ਤੇਰੇ ਅਮਨ ਪਸੰਦ ਸਾਥੀ, ਤੇਰੇ ਦੋਸਤ, ਤੇਰੇ ਆਪਣੇ, ਤੇਰੇ ਵਲੋਂ ਸ਼ੁਰੂ ਕੀਤੀ ਅਮਨ ਤੇ ਦੋਸਤੀ ਦੀ ਲਹਿਰ ਨੂੰ ਰੁਕਣ ਨਹੀਂ ਦੇਣਗੇ। ਦੋਵ੍ਹਾਂ ਮੁਲਕਾਂ ਵਿੱਚ ਠੰਡੀ 'ਵਾਅ ਦਾ 'ਬੁੱਲਾ' ਵਗਦਾ ਰਹੇਗਾ। ਅਸੀਂ ਵਾਰਿਸ ਨੂੰ ਯਾਦ ਕਰਾਂਗੇ, ਬੁੱਲੇ ਨੂੰ ਯਾਦ ਕਰਾਂਗੇ, ਆਸਮਾਂ ਜਹਾਂਗੀਰ ਨੂੰ ਯਾਦ ਕਰਾਂਗੇ, ਮਦੀਹਾ ਗੌਹਰ ਨੂੰ ਯਾਦ ਕਰਾਂਗੇ ਤੇ ਦੋਵ੍ਹਾਂ ਮੁਲਕਾਂ ਦੀ ਇਨਸਾਨੀਅਤ ਨੂੰ ਝੰਜੋੜਦੇ ਰਹਾਂਗੇ।


ਅਲਵਿਦਾ ਮਦੀਹਾ, ਤੂੰ ਹੈਵਾਨੀਅਤ ਦੇ ਦੌਰ ਵਿਚ ਇਨਸਾਨੀਅਤ ਦੀ ਜੀਂਦੀ ਜਾਗਦੀ ਮਿਸਾਲ ਸੀ। ਅਲਵਿਦਾ ਦੋਵੇਂ ਮੁਲਕਾਂ ਦੀਏ ਧੀਏ ਅਲਵਿਦਾ।।

# ਜਸਟਿਸ ਸੱਚਰ ਦਾ ਜਾਣਾ ਮਨੁੱਖੀ, ਸ਼ਹਿਰੀ ਅਜ਼ਾਦੀ ਅਤੇ ਜਮਹੂਰੀ ਹੱਕਾਂ ਦੀ ਲੜਾਈ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ

ਬਠਿੰਡਾ : ਰਾਜਿੰਦਰ ਸੱਚਰ ਦੇ ਆਪਣੇ ਜੀਵਨ ਦਾ ਪੰਧ ਸਮਾਪਤ ਕਰ ਜਾਣ 'ਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦਿਲ ਦੀਆਂ ਗਹਿਰਾਇਆਂ ਤੋਂ ਸ਼ਰਧਾਂਜਲੀ ਪੇਸ਼ ਕਰਦੀ ਹੈ। ਜਸਟਿਸ ਸੱਚਰ ਵੱਲੋਂ ਮਨੁੱਖੀ ਹੱਕਾਂ, ਸ਼ਹਿਰੀ ਆਜ਼ਾਦੀਆਂ ਅਤੇ ਜਮਹੂਰੀ ਅਧਿਕਾਰਾਂ ਲਈ ਨਿਭਾਈ ਭੂਮਿਕਾ ਸੰਕਟ ਭਰੇ ਅਜੋਕੇ ਸਮਿਆਂ ਵਿਚ ਨੌਜਵਾਨਾਂ ਲਈ ਰਾਹ ਦਰਸਾਵਾ ਹੈ। ਉਹਨਾਂ ਨੇ ਭਾਰਤ ਦੀ ਜੰਗੇ ਅਜਾਦੀ ਦੇ ਸਮਾਜਕ, ਆਰਥਿਕ , ਤੇ ਰਾਜਨੀਤਕ ਬਰਾਬਰੀ ਦੇ ਅਸੂਲਾਂ ਤੇ ਪਹਿਰਾ ਹੀ ਨਹੀ ਦਿੱਤਾ, ਸਗੋਂ ਉਹਨਾਂ ਨੂੰ ਮਜ਼ਬੂਤੀ ਦੇਣ ਲਈ ਹਰ ਕਦਮ 'ਤੇ ਆਪਣੀ ਸਰਗਰਮੀ ਨਾਲ ਅੱਗੇ ਵਧਾਇਆ। ਉਹ ਸਮਾਜਵਾਦੀ ਵਿਚਾਰਾਂ ਦੇ ਅਲੰਬਰਦਾਰ ਰਹੇ, ਹਰ ਕਿਸਮ ਦੀ ਸਮਾਜਿਕ ਬਰਾਬਰਤਾ ਲਈ ਸੰਘਰਸ਼ਸ਼ੀਲ ਰਹੇ, ਸਮਾਜਕ ਪਿਛਾਖੜੂ ਧਾਰਨਾਵਾਂ ਖਿਲਾਫ਼ ਲੜਦੇ ਰਹੇ। ਮਨੁਖੀ ਹੱਕਾਂ , ਜਮਹੂਰੀ ਹੱਕਾਂ ਤੇ ਸ਼ਹਿਰੀ ਅਜਾਦੀਆਂ ਦੀ ਨਾ ਸਿਰਫ਼ ਵਿਸਥਾਰ ਪੂਰਬਕ ਵਿਆਖਿਆ ਕੀਤੀ ਸਗੋਂ ਆਪਨੀ ਨਿਆਇੰਕ ਸਮਝਦਾਰੀ ਨਾਲ ਉਹਨਾਂ ਨੂੰ ਅਗੇ ਵੀ ਵਧਾਇਆ ਤੇ ਕਾਨੂੰਨੀ ਸੰਕਲਪ ਵੀ ਸਪਸ਼ਟ ਕੀਤੇ। 1984 ਵਿੱਚ ਦਿੱਲੀ ਹਾਈਕੋਰਟ ਦੇ ਜੱਜ ਹੁੰਦਿਆ ਹੋਇਆ ਉਹਨਾਂ ਨੇ ਸਿੱਖ ਕਤਲੇਆਮ ਖਿਲਾਫ਼ ਹਾਅ ਦਾ ਨਾਅਰਾ ਹੀ ਨਹੀਂ ਮਾਰਿਆ ਸਗੋਂ ਸਿਟੀਜਨ ਫਾਰ ਜਸਟਿਸ ਨਾਮ ਦੀ ਕਮੇਟੀ ਦਾ ਗਠਨ ਕਰਕੇ ਇਸ ਕਤਲੇਆਮ ਦੇ ਜ਼ੁੰਮੇਵਾਰ ਸਮੇਂ ਦੇ ਰਾਜਸੀ ਹੁਕਮਰਾਨਾਂ ਨੂੰ ਵੀ ਬੇਪੜਦ ਕੀਤਾ। ਉਹਨਾਂ ਨੇ ਦਿੱਲੀ ਦੇ ਇਸ ਕਤਲੇਆਮ ਦੀ ਪੜਤਾਲ ਲਈ ਬਣੇ ਨਾਨਾਵਤੀ ਕਮਿਸ਼ਨ ਵਿੱਚ ਅਹਿਮ ਭੂਮਿਕਾ ਨਿਭਾਈ। 2006 ਵਿੱਚ ਸੱਚਰ ਕਮਿਸ਼ਨ ਦੇ ਨਾਅ ਹੇਠ ਬਣੇ ਕਮਿਸ਼ਨ ਨੇ ਮੁਸਲਮਾਨ ਭਾਈਚਾਰੇ ਦੀਆਂ ਜੀਵਨ ਹਾਲਤਾਂ ਦਲਿਤਾਂ ਤੋਂ ਬਦਤਰ ਹੋਣ ਤੱਥਾਂ ਬਿਆਨ ਕਰਦੀ ਰਿਪੋਰਟ ਤਿਆਰ ਕੀਤੀ। ਉਹਨਾਂ ਦਾ ਜਾਣਾ ਇਕ ਇਨਸਾਨੀਅਤ ਤੇ ਬਰਾਬਰਤਾ ਦੇ ਲਈ ਲੜਣ ਵਾਲੇ ਜੁਝਾਰੂ ਦਾ ਹੱਕਾਂ ਦੀ ਲਹਿਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਹੈ। ਦਿਲੀ ਹਾਈ ਕੋਰਟ ਦੇ ਚੀਫ ਜੱਜ ਵੀ ਰਹੇ। ਘਟ ਗਿਣਤੀਆਂ ਦੇ ਅਸਲ ਹਾਲਾਤ ਤੇ ਇਕ ਭਰਵੀਂ ਰੀਪੋਰਟ ਤਿਆਰ ਕਰ ਕੇ ਉਹਨਾਂ ਦਰਸਾਇਆ ਕਿ ਗਰੀਬ , ਦਲਿਤ ਤੇ ਘਟ ਗਿਣਤੀਆਂ ਦੇ ਪਰਵਾਰ ਕਿਸ ਦੁਰਦਸ਼ਾਂ ਵਿਚ ਰਹਿ ਰਹੇ ਹਨ। ਦੇਸ਼ ਦੀ ਅਜਾਦੀ ਦੀ ਹਵਾ ਉਨ੍ਹਾਂ ਤਕ ਨਹੀ ਪਹੁੰਚਦੀ। ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ. ਏ ਕੇ ਮਲੇਰੀ ਤੇ ਜਰਨਲ ਸਕਤਰ ਪ੍ਰੋ. ਜਗਮੋਹਨ ਸਿੰਘ ਨੇ ਸਭ ਅਗਾਹ ਵਧੂ ਤੇ ਲੋਕ ਹਿਤੈਸ਼ੀ ਤਾਕਤਾਂ ਨੂੰ ਸੱਦਾ ਦਿੱਤਾ ਕਿ ਸਚਰ ਜੀ ਤੋ ਪ੍ਰੇਰਣਾ ਲੈ ਕੇ ਉਹਨਾਂ ਵਲੋਂ ਸੰਘਰਸ਼ ਨਾਲ ਸਥਾਂਪਤ ਸਮਾਜਿਕ ਬਰਾਬਰੀ ਤੇ ਸ਼ਮਾਜਵਾਦੀ ਸੰਕਲ ਨੂੰ ਮਜਬੂਤ ਕਰਨ ਲਈ ਤੇ ਜਮਹੂਰੀ ਹਕਾਂ ਪ੍ਰਤੀ ਚੇਤਨਾ ਪੈਦਾ ਕਰਨ ਤੇ ਵਿਚ ਵਧ ਚੜਕੇ ਹਿੱਸਾ ਪਾਉਣ ਤਾਂ ਕਿ ਅੱਜ ਪਸਰ ਰਹੇ ਕੱਟੜਵਾਦ ਤੇ ਹੈਵਾਨੀਅਤ ਨੂੰ ਮੂੰਹ ਤੋੜ ਜਵਾਬ ਦਿੱਤਾ ਜਾ ਸਕੇ।

# ਅਰੰਭਲੇ ਸ਼ਬਦ

ਅਜੋਕੇ, ਤੰਗ-ਨਜ਼ਰੀ ਰਾਸ਼ਟਰਵਾਦ ਦੀ ਚੜ੍ਹਾਈ ਦੇ ਜ਼ਮਾਨੇ ਵਿਚ, ਰੂਸੀ ਕ੍ਰਾਂਤੀ ਸਾਨੂੰ ਬਹੁਤ ਦੂਰ ਦੀ ਘਟਨਾ ਜਾਪ ਸਕਦੀ ਹੈ। ਕਿਸੇ ਵਿਦੇਸ਼ੀ ਧਰਤੀ ਉੱਤੇ ਵਾਪਰੀ ਕੋਈ ਸਧਾਰਨ-ਅਸਧਾਰਨ ਘਟਨਾ। ਅਜਿਹੀ ਘਟਨਾ ਜੋ ਇਤਿਹਾਸ ਤੇ ਸਮੇਂ ਦੇ ਪ੍ਰਵਾਹ ਵਿਚ ਵੀ ਬਹੁਤ ਪਿੱਛੇ ਰਹਿ ਗਈ ਹੈ। ਪੂਰੀ ਇੱਕ ਸਦੀ ਪਿੱਛੇ। ਪ੍ਰੰਤੂ ਅੱਜ ਰੂਸੀ ਕ੍ਰਾਂਤੀ ਤੋਂ ਪੂਰੀ ਇੱਕ ਸਦੀ ਬਾਅਦ ਅਸੀਂ ਆਪਣੇ ਸਮਾਜ ਤੇ ਆਪਣੇ ਮੁਲਕ ਨੂੰ ਜਿੱਥੇ ਖੜ੍ਹਾ ਦੇਖਦੇ ਹਾਂ, ਉਸ ਤੋਂ ਰੂਸੀ-ਕ੍ਰਾਂਤੀ ਦੀ ਘਟਨਾ ਦੇ ਅਰਥ ਹੋਰ ਵੀ ਗੂੜ੍ਹੇ ਹੋਏ ਦਿਸਦੇ ਹਨ। ਵਿਸ਼ਵੀਕਰਨ ਦੇ ਅੰਨ੍ਹੇ ਘੋੜੇ ਉੱਤੇ ਸਵਾਰ ਸਾਡੇ ਦੇਸ਼ ਦਾ ਸਧਾਰਨ ਮੱਧਲਾ ਬੰਦਾ ਜਿਹਨਾਂ ਖਾਈਆਂ ਤੇ ਗਹਿਰਾਈਆਂ ਵੱਲ ਅੰਧਾ-ਧੁੰਦ ਵਧਦਾ ਜਾ ਰਿਹਾ ਹੈ, ਉਸ ਰਸਤੇ ਵਿਚ ਅਤੀਤ ਤੇ ਇਤਿਹਾਸ ਦੇ ਪੰਨਿਆਂ ਨੂੰ ਫਰੋਲ ਕੇ ਹੀ ਕੁਝ ਰੋਸ਼ਨੀ ਕੀਤੀ ਜਾ ਸਕਦੀ ਹੈ। ਸਾਡੇ ਮੁਲਕ ਦੇ ਅਤੀਤ ਅਤੇ ਇਤਿਹਾਸ ਦੇ ਕੁਝ ਪੰਨੇ, ਦੂਰ ਰੂਸ ਵਿਚ ਵਾਪਰੀਆਂ ਕੁਝ ਮਹਾਨ ਘਟਨਾਵਾਂ ਨਾਲ, ਕਿਸੇ ਨਾ ਕਿਸੇ ਤਰੀਕੇ ਜੁੜੇ ਹੋਏ ਹਨ। ਅਜਿਹੀਆਂ ਘਟਨਾਵਾਂ ਇਸ ਧਰਤੀ ਉੱਤੇ ਪਹਿਲੀ ਵਾਰ ਵਾਪਰੀਆਂ ਸਨ। ਆਦਿਮ ਸਾਮਵਾਦ ਦੇ ਜ਼ਮਾਨੇ ਤੋਂ ਬਾਅਦ ਪਹਿਲੀ ਵਾਰ ਧਰਤੀ ਦੇ ਕਿਸੇ ਹਿੱਸੇ ਉੱਤੇ ਹਕੀਕੀ ਮਨੁੱਖੀ ਬਰਾਬਰੀ ਦਾ ਸੁਪਨਾ ਸਾਕਾਰ ਹੋਣ ਦੀ ਉਮੀਦ ਜਾਗੀ ਸੀ। ਸਿਰਫ਼ ਉਸ ਹਿੱਸੇ ਦੇ ਹੀ ਨਹੀਂ, ਸਗੋਂ ਪੂਰੇ ਸੰਸਾਰ ਦੇ ਲੋਕਾਂ ਨੂੰ ਇਕ ਨਵੀਂ ਦੁਨੀਆ ਸੰਭਵ ਜਾਪਣ ਲੱਗੀ ਸੀ। ਰੂਸੀ-ਕ੍ਰਾਂਤੀ ਉਹ ਧਰੂ-ਤਾਰਾ ਬਣ ਗਈ ਸੀ, ਜਿਸ ਤੋਂ ਭਾਰਤ ਸਮੇਤ ਦੁਨੀਆ ਦੇ ਸਾਰੇ ਪੱਛੜੇ ਅਤੇ ਬਸਤੀਵਾਦੀ ਮੁਲਕ ਆਪਣੀ ਆਜ਼ਾਦੀ ਲਈ ਵਿਚਾਰਕ ਅਤੇ ਪਦਾਰਥਕ ਰੋਸ਼ਨੀ ਭਾਲ਼ਦੇ ਸਨ। ਅਕਤੂਬਰ 1917 (ਹੁਣ ਨਵੰਬਰ) ਵਿਚ ਹੋਈ ਕ੍ਰਾਂਤੀ ਤੋਂ ਕੁਝ ਮਹੀਨੇ ਬਾਅਦ ਜੁਲਾਈ 1918 ਦੇ 'ਮਾਡਰਨ ਰਿਵੀਊ' ਵਿਚ ਛਪੇ ਆਪਣੇ ਲੇਖ ਵਿਚ ਰਬਿੰਦਰ ਨਾਥ ਟੈਗੋਰ ਦੇ ਸ਼ਬਦ ਸਨ, "ਇਹ ਸੰਕ੍ਰਾਂਤੀ ਯੁੱਗ ਹੈ। ਇੱਕ ਮਹਾਨ ਕੱਲ੍ਹ ਦੀ ਪ੍ਰਭਾਤ ਹੋ ਰਹੀ ਹੈ ਅਤੇ ਨਵੇਂ ਜੀਵਨ ਦਾ ਸੱਦਾ ਆਪਣੇ ਸੁਨੇਹੇ ਸਮੇਤ ਆ ਰਿਹਾ ਹੈ। ਅਸੀਂ ਰੂਸ ਦੀ ਸਮਕਾਲੀ ਕ੍ਰਾਂਤੀ ਦੇ ਇਤਿਹਾਸ ਬਾਰੇ ਬਹੁਤ ਥੋੜ੍ਹਾ ਜਾਣਦੇ ਹਾਂ... ਅਸੀਂ ਨਿਸ਼ਚਿਤ ਹੋ ਕੇ ਇਹ ਨਹੀਂ ਕਹਿ ਸਕਦੇ ਕਿ ਇਹ ਆਪਣੇ ਸੰਤਾਪ ਵਿਚ, ਨੈਤਿਕ ਸਰਬ-ਖੰਡਨਵਾਦ ਉੱਤੇ ਉੱਸਰੀ ਖੁਸ਼ਹਾਲੀ ਵਿਰੁੱਧ ਮਨੁੱਖ ਦੀ ਕਦੇ ਸਰਦਾਰੀ ਨਾ ਕਬੂਲਣ ਵਾਲੀ ਰੂਹ ਦਾ ਪ੍ਰਗਟਾਵਾ ਕਰ ਰਹੀ ਹੈ।... ਇਹ ਗੱਲ ਅਸੰਭਵ ਨਹੀਂ ਕਿ ਇੱਕ ਰਾਸ਼ਟਰ ਵਜੋਂ ਇਹ ਅਸਫ਼ਲ ਹੋ ਜਾਵੇ; ਜੇਕਰ ਇਹ ਆਪਣੇ ਹੱਥਾਂ ਵਿਚ ਸੱਚੇ ਆਦਰਸ਼ਾਂ ਦਾ ਝੰਡਾ ਫੜੀ ਅਸਫ਼ਲ ਹੁੰਦੀ ਹੈ, ਫਿਰ ਇਹ ਅਸਫ਼ਲਤਾ ਸਰਘੀ ਦੇ ਤਾਰੇ ਵਾਂਗ ਅਲੋਪ ਹੋ ਜਾਵੇਗੀ ਤੇ ਇੱਕ ਨਵੇਂ ਯੁੱਗ ਦਾ ਸੂਰਜ ਉਦੈ ਹੋਵੇਗਾ।" ਟੈਗੋਰ ਇਨ੍ਹਾਂ ਸ਼ਬਦਾਂ ਰਾਹੀਂ ਰੂਸੀ-ਕ੍ਰਾਂਤੀ ਨਾਲ ਜੁੜੇ ਸਭ ਤੋਂ ਮਹੱਤਵਪੂਰਨ ਪੱਖ ਵੱਲ ਇਸ਼ਾਰਾ ਕਰਦਾ ਹੈ। ਇਹ ਪੱਖ ਹੈ, "ਸੱਚੇ ਆਦਰਸ਼ਾਂ ਦਾ ਝੰਡਾ"। ਰੂਸੀ-ਕ੍ਰਾਂਤੀ ਦੀ ਸਭ ਤੋਂ ਵੱਡੀ ਮਹਾਨਤਾ ਇਹੀ ਸੀ ਕਿ ਇਸ ਨੇ ਪੂੰਜੀਵਾਦੀ ਪ੍ਰਬੰਧ ਵਿਚ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦੇ ਅਸਲੀ ਅਰਥਾਂ ਨੂੰ ਸਾਕਾਰ ਕਰਨ ਦਾ ਰਸਤਾ ਦਿਖਾਇਆ। ਹੁਣ ਤੱਕ ਜਿਹਨਾਂ ਆਦਰਸ਼ਾਂ ਨੂੰ ਸਿਰਫ਼ ਸੁਪਨ-ਲੋਕ ਦੀਆਂ ਵਸਤਾਂ ਸਮਝਿਆ ਜਾਂਦਾ ਸੀ, ਉਨ੍ਹਾਂ ਨੂੰ ਇਸ ਕ੍ਰਾਂਤੀ ਨੇ ਧਰਤੀ ਦੇ ਜੀਆਂ ਤੱਕ ਖਿੱਚ ਲਿਆਂਦਾ। ਨਿੱਜੀ-ਸੰਪਤੀ ਨੂੰ ਖਤਮ ਕਰ ਮਨੁੱਖ ਨੂੰ ਦੁਬਾਰਾ ਕੁਦਰਤ ਦਾ ਹਿੱਸਾ ਬਣਾਉਣ ਦੀ ਪ੍ਰਕਿਰਿਆ ਅਰੰਭ ਕੀਤੀ। ਇਹ ਵੱਖਰੀ ਗੱਲ ਹੈ ਕਿ ਸ਼ੁਰੂ ਹੋਈ ਪ੍ਰਕਿਰਿਆ ਆਪਣੇ ਅੰਜਾਮ ਤੱਕ ਨਹੀਂ ਪਹੁੰਚ ਸਕੀ ਤੇ ਰੂਸ ਵਿਚ ਪੁਰਾਣਾ ਪੂੰਜੀਵਾਦੀ ਪ੍ਰਬੰਧ ਹੀ ਮੁੜ ਬਹਾਲ ਹੋ ਗਿਆ। ਪ੍ਰੰਤੂ ਇਸ ਨਾਲ ਰੂਸੀ-ਕ੍ਰਾਂਤੀ ਦਾ ਮਹੱਤਵ ਕਿਸੇ ਤਰ੍ਹਾਂ ਵੀ ਘਟਦਾ ਨਹੀਂ। ਸਗੋਂ ਨਵੇਂ ਭਵਿੱਖ ਦੀ ਸਿਰਜਣਾ ਲਈ ਇਤਿਹਾਸਕ ਵਰਤਾਰਿਆਂ ਨੂੰ, ਬਿਨਾ ਪੂਰਵ-ਧਾਰਨਾਵਾਂ ਦਾ ਸ਼ਿਕਾਰ ਹੋਇਆਂ ਸਮਝਣ, ਉਨ੍ਹਾਂ ਦਾ ਵਿਸ਼ਲੇਸ਼ਣ ਕਰਨ ਤੇ ਸਹੀ ਸਿੱਟੇ ਕੱਢਣ ਦੀ ਲੋੜ ਹੋਰ ਵੀ ਵਧ ਗਈ ਹੈ। ਰੂਸੀ-ਕ੍ਰਾਂਤੀ ਦੇ ਸਬਕ ਸਾਨੂੰ ਅਗਲੇਰੀਆਂ ਕ੍ਰਾਂਤੀਆਂ ਕਰਨ ਦੇ ਸਮਰੱਥ ਬਣਾ ਸਕਦੇ ਹਨ।




ਅੱਜ ਅਸੀਂ ਉੱਤਰ-ਸੱਚ ਸਮਿਆਂ ਵਿਚ ਜੀਅ ਰਹੇ ਹਾਂ। ਇਨ੍ਹਾਂ ਸਮਿਆਂ ਵਿਚ ਕਿਸੇ ਬਾਹਰਮੁਖੀ ਸੱਚ ਦੀ ਸੰਭਾਵਨਾ ਤੋਂ ਹੀ ਮੁਨਕਰ ਹੋਇਆ ਜਾ ਰਿਹਾ ਹੈ। ਮਾਸ ਮੀਡੀਆ ਤੇ ਸੋਸ਼ਲ-ਮੀਡੀਆ ਰਾਹੀਂ ਸੱਚ ਦਿਖਾਇਆ ਨਹੀਂ ਜਾ ਰਿਹਾ, ਸਗੋਂ ਸੱਚ ਘੜਿਆ ਜਾ ਰਿਹਾ ਹੈ। ਇਤਿਹਾਸ ਦੀ ਖੋਜ ਨਹੀਂ ਕੀਤੀ ਜਾ ਰਹੀ, ਸਗੋਂ ਇਤਿਹਾਸ ਬਣਾਇਆ ਜਾ ਰਿਹਾ ਹੈ। ਇੱਕ ਪਾਸੇ ਮਨੁੱਖ ਦੀ ਸਿਮਰਤੀ ਨੂੰ ਬਦਲਿਆ ਜਾ ਰਿਹਾ ਹੈ ਤੇ ਦੂਸਰੇ ਪਾਸੇ ਮਿਥਿਹਾਸ ਦਾ ਵਾਸਤਵੀਕਰਨ ਕੀਤਾ ਜਾ ਰਿਹਾ ਹੈ। ਇਸ ਲਈ ਰੂਸੀ- ਕ੍ਰਾਂਤੀ ਦੇ ਆਦਰਸ਼ਾਂ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਲਈ ਇਹ ਲਾਜ਼ਮੀ ਬਣ ਜਾਂਦਾ ਹੈ ਕਿ ਅਜਿਹੀਆਂ ਮਨੁੱਖੀ ਕ੍ਰਾਂਤੀਆਂ ਨੂੰ ਆਪਣੀਆਂ ਅਗਲੀਆਂ ਪੀੜ੍ਹੀਆਂ ਦੀ ਸਿਮਰਤੀ ਦਾ ਜ਼ਰੂਰੀ ਹਿੱਸਾ ਬਣਾਉਣ ਲਈ ਵਿਸ਼ੇਸ਼ ਕੋਸ਼ਿਸ਼ਾਂ ਕੀਤੀਆਂ ਜਾਣ। ਅਜਿਹੀਆਂ ਸਿਮਰਤੀਆਂ ਨੇ ਹੀ ਮਨੁੱਖ ਨੂੰ ਉਸ ਦੀ ਸਿਰਜਣਾਤਮਕਤਾ ਦੇ ਕਰੀਬ ਰੱਖਣਾ ਹੁੰਦਾ ਹੈ। ਇਨ੍ਹਾਂ ਸਿਮਰਤੀਆਂ ਨੇ ਹੀ ਮਨੁੱਖ ਦਾ ਆਪਣੀ ਸਿਰਜਣ-ਸ਼ਕਤੀ ਵਿਚ ਵਿਸ਼ਵਾਸ ਕਾਇਮ ਰੱਖਣਾ ਹੁੰਦਾ ਹੈ।

ਰੂਸੀ-ਕ੍ਰਾਂਤੀ, ਹੋਰ ਸਾਰੇ ਪੱਖਾਂ ਤੋਂ ਪਹਿਲਾਂ, ਇੱਕ ਆਰਥਿਕ ਕ੍ਰਾਂਤੀ ਸੀ। ਇਸ ਕ੍ਰਾਂਤੀ ਵਿਚ ਮੁਲਕ ਦੇ ਸਭ ਤੋਂ ਗਰੀਬ ਮਜ਼ਦੂਰਾਂ ਤੇ ਕਿਸਾਨਾਂ ਨੇ, ਜੰਗ ਕਾਰਨ ਹੰਭੇ ਤੇ ਅੱਕੇ ਸਿਪਾਹੀਆਂ ਨਾਲ ਮਿਲ ਕੇ, ਪਹਿਲਾਂ ਜ਼ਾਰ ਤੇ ਫਿਰ ਬੁਰਜੁਆਜ਼ੀ ਹੱਥੋਂ ਸੱਤਾ ਖੋਹ ਲਈ। ਭਾਰਤ ਵਰਗੇ ਬਸਤੀ ਮੁਲਕ ਦੀ, ਉਨ੍ਹਾਂ ਸਮਿਆਂ ਵਿਚ ਵੀ, ਸਭ ਤੋਂ ਵੱਡੀ ਸਮੱਸਿਆ ਆਰਥਿਕਤਾ ਦੀ ਹੀ ਸੀ। ਭਾਰਤੀ ਰਾਸ਼ਟਰੀ ਅੰਦੋਲਨ ਦੇ ਸਭ ਤੋਂ ਪਹਿਲੇ ਬੁਰਜੁਆ ਵਿਚਾਰਵਾਨਾਂ ਨੇ ਮੁਲਕ ਦੀ ਆਰਥਿਕਤਾ ਬਾਰੇ ਹੀ ਸੋਚਣਾ ਤੇ ਲਿਖਣਾ ਸ਼ੁਰੂ ਕੀਤਾ। ਭਾਰਤ ਦਾ ਅਰੰਭਲਾ ਰਾਸ਼ਟਰਵਾਦ, ਆਰਥਿਕ ਰਾਸ਼ਟਰਵਾਦ ਹੀ ਸੀ। 19ਵੀਂ ਸਦੀ ਦੇ ਪਹਿਲੇ ਅੱਧ ਦੇ ਭਾਰਤੀ ਵਿਚਾਰਕ ਬਰਤਾਨਵੀ ਹਕੂਮਤ ਵੱਲ ਬਹੁਤ ਆਸ ਨਾਲ ਦੇਖ ਰਹੇ ਸਨ। ਉਨ੍ਹਾਂ ਨੂੰ ਜਾਪਦਾ ਸੀ ਕਿ ਬਰਤਾਨੀਆ, ਭਾਰਤ ਅੰਦਰ ਵੀ ਯੂਰਪੀ ਤਰਜ਼ ਦਾ ਆਧੁਨਿਕ ਆਰਥਿਕ ਢਾਂਚਾ ਖੜ੍ਹਾ ਕਰੇਗਾ। ਪ੍ਰੰਤੂ ਨਤੀਜਾ ਇਸ ਤੋਂ ਉਲਟ ਨਿਕਲਿਆ। ਬਰਤਾਨਵੀ ਸਰਕਾਰ ਦੀਆਂ ਬਸਤੀਵਾਦੀ ਨੀਤੀਆਂ ਕਾਰਨ ਮੁਲਕ ਦਾ ਅਰਥਚਾਰਾ ਦਿਨੋ-ਦਿਨ ਢਹਿੰਦਾ ਗਿਆ।

1870 ਤੋਂ 1905 ਦੇ ਦਰਮਿਆਨ ਤਿੰਨ ਪ੍ਰਮੁੱਖ ਭਾਰਤੀ ਅਰਥ-ਸ਼ਾਸਤਰੀਆਂ ਨੇ ਬਰਤਾਨਵੀ ਰਾਜ ਦਾ ਆਰਥਿਕ ਵਿਸ਼ਲੇਸ਼ਣ ਕਰਨ ਦਾ ਕਾਰਜ ਕੀਤਾ। ਇਹ ਹਨ: ਦਾਦਾ ਭਾਈ ਨਾਰੋਜੀ, ਜਸਟਿਸ ਮਹਾਦੇਵ ਗੋਵਿੰਦ ਰਾਨਾਡੇ ਅਤੇ ਰਮੇਸ਼ ਚੰਦਰ ਦੱਤ। ਉਨ੍ਹਾਂ ਨੇ ਬਰਤਾਨਵੀ ਹਕੂਮਤ ਦੇ ਸੁਭਾਅ ਅਤੇ ਉਦੇਸ਼ ਸੰਬੰਧੀ ਬੁਨਿਆਦੀ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕੀਤੀ। ਆਪਣੇ ਵਿਸ਼ਲੇਸ਼ਣ ਰਾਹੀਂ ਉਹ ਭਾਰਤੀ ਅਰਥਚਾਰੇ ਦਾ ਬਸਤੀਕਰਨ ਕਰਨ ਲਈ ਬਰਤਾਨਵੀ ਹਕੂਮਤ ਵੱਲੋਂ ਅਪਣਾਈ ਪ੍ਰਕਿਰਿਆ ਦੀ ਨਿਸ਼ਾਨਦੇਹੀ ਕਰਨ ਵਿਚ ਸਫ਼ਲ ਹੋਏ ਅਤੇ ਇਸ ਨਤੀਜੇ ਤੇ ਪਹੁੰਚੇ ਕਿ ਭਾਰਤ ਦੇ ਆਰਥਿਕ ਵਿਕਾਸ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਬਸਤੀਵਾਦ ਹੈ। ਉਨ੍ਹਾਂ ਨੇ ਭਾਰਤ ਦੇ ਵਿਕਾਸ ਲਈ ਵਿਦੇਸ਼ੀ ਪੂੰਜੀ ਦੀ, ਬਰਤਾਨਵੀ ਅਰਥ-ਸ਼ਾਸਤਰੀਆਂ ਵੱਲੋਂ ਪ੍ਰਚਾਰੀ ਜਾਂਦੀ, ਜ਼ਰੂਰਤ ਨੂੰ ਨਕਾਰ ਦਿੱਤਾ।

ਇਸ ਤੋਂ ਸਪਸ਼ਟ ਹੈ ਕਿ ਭਾਰਤੀ ਰਾਸ਼ਟਰੀ ਅੰਦੋਲਨ ਦੌਰਾਨ, ਕਦੇ ਨਾ ਕਦੇ, ਆਰਥਿਕ ਸਵਾਲ ਵੀ ਨਿਸ਼ਚਿਤ ਤੌਰ 'ਤੇ ਉੱਠਣੇ ਸਨ। ਪਹਿਲੀ ਸੰਸਾਰ-ਜੰਗ ਦੇ ਅਖੀਰ ਵਿਚ ਹੋਈ ਰੂਸੀ-ਕ੍ਰਾਂਤੀ ਨੇ ਅਚਾਨਕ ਹੀ ਇਨ੍ਹਾਂ ਸਵਾਲਾਂ ਨੂੰ, ਭਾਰਤੀ ਸੁਤੰਤਰਤਾ ਸੰਗਰਾਮ ਦੇ ਅਖਾੜੇ ਵਿਚ ਲਿਆ ਖੜਾ ਕੀਤਾ। ਬਸਤੀਵਾਦੀ ਲੁੱਟ ਕਾਰਨ ਬਦਹਾਲ ਹੋਇਆ ਮੁਲਕ, ਰੂਸੀ-ਕ੍ਰਾਂਤੀ ਦੀਆਂ ਘਟਨਾਵਾਂ ਤੇ ਆਦਰਸ਼ਾਂ ਨਾਲ ਅਸਾਨੀ ਨਾਲ ਸੰਬੰਧਤ ਹੋ ਗਿਆ। ਇਸੇ ਲਈ ਰੂਸੀ-ਕ੍ਰਾਂਤੀ ਨੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਸ਼ਾਮਿਲ ਸਾਰੀਆਂ ਧਿਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰਭਾਵਿਤ ਕੀਤਾ। ਇਸ ਦੇ ਅਸਰ ਹੇਠ ਜੇ ਇੱਕ ਪਾਸੇ ਕਮਿਊਨਿਸਟ ਤੇ ਸੋਸ਼ਲਿਸਟ ਪਾਰਟੀਆਂ ਬਣੀਆਂ ਤਾਂ ਦੂਸਰੇ ਪਾਸੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਵੱਡੇ ਆਗੂ ਵੀ ਇਸ ਦੇ ਅਸਰ ਤੋਂ ਅਛੂਤੇ ਨਾ ਰਹੇ। ਰੂਸੀ-ਕ੍ਰਾਂਤੀ ਦੇ ਸਿੱਧੇ ਪ੍ਰਭਾਵ ਕਾਰਨ ਹੀ ਭਾਰਤੀ ਸੁਤੰਤਰਤਾ ਸੰਗਰਾਮ ਵਿਚਲਾ ਉਹ ਖੱਬਾ-ਧੜਾ ਹੋਂਦ ਵਿਚ ਆਇਆ, ਜਿਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਵਿਚਲੇ ਹਿੰਦੂ ਸੱਜੇ-ਪੱਖੀ ਧੜੇ ਨੂੰ ਕਦੇ ਵੀ ਪੂਰੀ ਤਰ੍ਹਾਂ ਹਾਵੀ ਨਾ ਹੋਣ ਦਿੱਤਾ। ਅੱਜ ਜੇ ਭਾਰਤੀ ਸਮਾਜ ਅੰਦਰ ਬਹੁਤਲਤਾਵਾਦ ਨੂੰ ਸਵੀਕਾਰਿਆ ਜਾਂਦਾ ਹੈ ਤੇ ਇਸ ਨੂੰ ਆਜ਼ਾਦੀ ਤੋਂ ਬਾਅਦ ਸੰਵਿਧਾਨਕ ਮਾਨਤਾ ਪ੍ਰਦਾਨ ਕੀਤੀ ਗਈ ਹੈ, ਤਾਂ ਇਸ ਦਾ ਸਿਹਰਾ ਆਜ਼ਾਦੀ ਸੰਗਰਾਮ ਵਿਚ ਸਰਗਰਮ ਖੱਬੇ-ਪੱਖ ਨੂੰ ਹੀ ਜਾਂਦਾ ਹੈ। ਖੱਬੇ-ਪੱਖੀਆਂ ਨੇ ਇਹ ਬਦਲਵੇਂ ਆਦਰਸ਼ ਰੂਸੀ-ਕ੍ਰਾਂਤੀ ਦੀ ਪ੍ਰੇਰਨਾ ਨਾਲ ਹੀ ਅਪਣਾਏ। ਰੂਸੀ-ਕ੍ਰਾਂਤੀ ਤੋਂ ਪਹਿਲਾਂ ਰਾਸ਼ਟਰਵਾਦੀ, ਰਾਸ਼ਟਰ ਦੀ ਏਕਤਾ ਲਈ ਮਜ਼ਹਬ ਦੇ 'ਅਸਲ ਤੱਤ" ਨੂੰ ਜਗਾਉਣ ਦੀ ਕੋਸ਼ਿਸ਼ ਕਰਦੇ ਸਨ। ਰੂਸੀ-ਕ੍ਰਾਂਤੀ ਨੇ ਉਨ੍ਹਾਂ ਨੂੰ ਇੱਕ ਜਮਾਤ ਦਾ ਸੰਕਲਪ ਦਿੱਤਾ, ਜਿਸ ਅੰਦਰ ਬਾਕੀ ਸਭ ਪਛਾਣਾਂ ਘੁਲ ਸਕਦੀਆਂ ਹਨ। ਬਸਤੀਵਾਦੀ ਸਥਿਤੀ ਵਿਚ ਵਧੇਰੇ ਸਿਆਸੀ ਧਿਰਾਂ ਨੇ ਪੱਛੜੇ ਹੋਏ 'ਰਾਸ਼ਟਰ' ਨੂੰ ਹੀ ਇੱਕ ਜਮਾਤ ਬਣਾ ਲਿਆ। ਇਸੇ ਲਈ ਭਾਰਤ ਦੇ 'ਰਾਸ਼ਟਰੀ' ਸੰਗਰਾਮ ਵਿਚ ਵੀ ਰੂਸੀ-ਕ੍ਰਾਂਤੀ ਦਾ ਆਪਣੀ ਤਰ੍ਹਾਂ ਦਾ ਯੋਗਦਾਨ ਰਿਹਾ।

ਭਾਰਤ ਦੇ ਸੁਤੰਤਰਤਾ ਸੰਗਰਾਮ ਉੱਤੇ ਰੂਸੀ-ਕ੍ਰਾਂਤੀ ਦੇ ਪ੍ਰਭਾਵਾਂ ਨੂੰ ਹੀ ਕਿਤਾਬ ਦੇ ਅਗਲੇ ਭਾਗਾਂ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

# ਮਜ਼ਦੂਰ ਦਿਵਸ ਦਾ ਇਤਿਹਾਸ ਅਤੇ ਮਹੱਤਵ

ਰਣਦੀਪ ਸੰਗਤਪੁਰਾ

ਮਈ ਦਿਵਸ ਕੌਮਾਂਤਰੀ ਮਜ਼ਦੂਰ ਜਮਾਤ ਲਈ ਦ੍ਰਿੜ ਅਹਿਦ ਲੈਣ ਦਾ ਦਿਨ ਹੈ।ਕਿਰਤੀ ਯੋਧਿਆਂ ਦੇ ਖ਼ੂਨ ਨਾਲ ਸਿਰਜੇ ਇਸ ਦਿਨ ਦਾ ਮਹੱਤਵ ਕਦੇ ਨਹੀਂ ਘਟੇਗਾ।ਇਤਿਹਾਸ ਦਾ ਇਹ ਸੱਚ ਕਿਰਤੀ ਜਮਾਤ ਲਈ ਸ਼ਕਤੀ ਤੇ ਪ੍ਰੇਰਨਾ ਦਾ ਸੋਮਾ ਹੈ।

ਉੱਨੀਵੀਂ ਸਦੀ ਦੇ ਅੱਧ ਵਿਚ ਅੱਠ ਘੰਟੇ ਕੰਮ ਦਿਹਾੜੀ ਦੀ ਮੰਗ ਨੂੰ ਲੈ ਕੇ ਮਜ਼ਦੂਰ ਸੰਘਰਸ਼ ਜੱਥੇਬੰਦ ਹੋਣ ਲੱਗੇ ਸਨ।ਇਸ ਤੋਂ ਪਹਿਲਾਂ 1848 ਵਿਚ ਕਮਿਊਨਿਸਟ ਮੈਨੀਫੈਸਟੋ ਦੀ ਰਚਨਾ ਹੋਈ ਸੀ।ਇਸ ਦੀ ਰੌਸ਼ਨੀ ਵਿਚ 1886 'ਚ 8 ਘੰਟੇ ਦੀ ਦਿਹਾੜੀ ਦੀ ਮੰਗ ਤੇ ਜ਼ੋਰ ਦਿੱਤਾ ਗਿਆ।ਯੂਰਪ ਵਿਚ 'ਅੱਠ ਘੰਟਾ ਲੀਗ' ਨਾਂ ਦੇ ਕਈ ਮਜ਼ਦੂਰ ਸੰਗਠਨ ਬਣਨੇ ਸ਼ੁਰੂ ਹੋਏ।

ਮਜ਼ਦੂਰ ਸੰਘਰਸ਼ ਦੇ ਦਬਾਅ ਹੇਠ ਜਨਰਲ ਅਸੈਂਬਲੀ ਨੇ ਮਾਰਚ 1867 ਵਿਚ ਅੱਠ ਘੰਟੇ ਦਿਹਾੜੀ ਨੂੰ 'ਇਲੀਨਾਏ ਰਾਜ ਵਿਚ ਵਿਧਾਨਕ ਕੰਮ ਦਿਹਾੜੀ' ਵਜੋਂ ਐਲਾਨ ਦਿੱਤਾ।ਪਰ ਇਸ ਐਲਾਨ ਦੇ ਬਾਵਜੂਦ ਮਜ਼ਦੂਰਾਂ ਨੂੰ 14-14, 15-15 ਘੰਟੇ ਸਖਤ ਮਿਹਨਤ ਕਰਨੀ ਪੈਂਦੀ।ਜੇ ਕੋਈ ਮਜ਼ਦੂਰ ਕੰਮ ਤੋਂ ਇਨਕਾਰ ਕਰਦਾ ਤਾਂ ਉਹ ਬੇਰੁਜਗਾਰਾਂ ਦੀ ਸਥਾਈ ਭੀੜ ਵੱਲ ਧੱਕ ਦਿੱਤਾ ਜਾਂਦਾ।ਕੰਮ ਦੇ ਅਨਿਸਚਿਤ ਸਮੇਂ ਤੇ ਮਾੜੀਆਂ ਕੰਮ ਹਾਲਤਾਂ ਵਿਰੁੱਧ ਫੈਡਰੇਸ਼ਨ ਆੱਫ ਆਰਗੇਨਾਈਜ਼ਡ ਟਰੇਡ ਐਂਡ ਲੇਬਰ (ਇਹ ਫੈਡਰੇਸ਼ਨ ਬਾਅਦ ਵਿਚ ਅਮੈਰਿਕਨ ਫੈਡਰੇਸ਼ਨ ਆੱਫ ਲੇਬਰ ਬਣੀ) ਨੇ 8 ਘੰਟੇ ਕੰਮ ਦਿਹਾੜੀ ਲਾਗੂ ਕਰਨ ਦੀ ਆਖਰੀ ਤਰੀਖ ਮਈ 1886 ਨੂੰ ਪਹਿਲੇ ਮਈ ਦਿਵਸ ਵਜੋਂ ਤਹਿ ਕਰਕੇ ਇਸ ਨੂੰ ਮਨਾਉਣ ਦਾ ਐਲਾਨ ਕਰ ਦਿੱਤਾ।

ਇਸ ਦਿਹਾੜੇ ਤੇ 12000 ਕਾਰਖਾਨਿਆਂ ਦੇ ਤਿੰਨ ਲੱਖ ਚਾਲੀ ਹਜ਼ਾਰ ਮਜ਼ਦੂਰ ਦੇਸ਼ ਵਿਆਪੀ ਹੜਤਾਲ ਵਿਚ ਕੁੱਦ ਪਏ।ਇਨ੍ਹਾਂ ਮਜ਼ਦੂਰ ਸੰਘਰਸ਼ਾਂ ਅੰਦਰ ਅਗਸਟ ਸਪਾਇਸ, ਐਲਬਰਟ ਪਾਰਸਨਜ਼, ਅਡੋਲਫ਼ ਫ਼ਿਸ਼ਰ, ਜਾਰ ਏਂਜਲ, ਮਾਈਕਲ ਸ਼ਵਾਬ, ਸੈਮੂਅਲ ਫੀਲਡਜ਼ ਤੇ ਲੂਈ ਲਿੰਗ ਵਰਗੇ ਮਜ਼ਦੂਰ ਨੌਜਵਾਨਾਂ ਦੇ ਜੋਸ਼ੀਲੇ ਭਾਸ਼ਨਾਂ ਤੇ ਵਿਚਾਰਾਂ ਦਾ ਬੜਾ ਅਸਰ ਸੀ।ਇਨ੍ਹਾਂ ਨੌਜਵਾਨ ਕਮਿਊਨਿਸਟ ਆਗੂਆਂ ਦੀ ਯੋਗ ਅਗਵਾਈ ਹੇਠ ਮਜ਼ਦੂਰ ਲਹਿਰ ਲਗਾਤਾਰ ਵੇਗ ਫੜਦੀ ਗਈ।ਹਜ਼ਾਰਾਂ-ਲੱਖਾਂ ਦੀ ਗਿਣਤੀ ਵਿਚ ਮਜ਼ਦੂਰ ਹੜਤਾਲਾਂ 'ਚ ਜੱਥੇਬੰਦ ਹੋਣ ਲੱਗੇ।ਰਾਜਨੀਤਿਕ ਗਤੀਵਿਧੀਆਂ ਦੇ ਅਧਿਕਾਰ ਦੀ ਮੰਗ ਉਠਾਈ ਜਾਣ ਲੱਗੀ।1885-86 ਦੌਰਾਨ ਜ਼ਬਰਦਸਤ ਹੜਤਾਲਾਂ ਤੇ ਸੰਘਰਸ਼ਾਂ ਦਾ ਦੌਰ ਚੱਲਿਆ।ਸੈਂਕੜੇ ਕਾਰਖਾਨਿਆ ਚੋਂ ਲੱਖਾਂ ਮਜ਼ਦੂਰ ਤਾਲਾਬੰਦੀ ਕਰਕੇ ਹੜਤਾਲਾਂ ਵਿਚ ਕੁੱਦ ਪਏ।

ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੀ ਹੇਅ ਮਾਰਕਿਟ 'ਚ ਮਜ਼ਦੂਰਾਂ ਦਾ ਵਿਸ਼ਾਲ ਸੈਲਾਬ ਕਾਰਖਾਨੇ ਮਸ਼ੀਨਾ ਬੰਦ ਕਰਕੇ ਗਲੀਆਂ 'ਚ ਉਮੜ ਪਿਆ।ਮਜ਼ਦੂਰ ਜਮਾਤ ਦਾ ਇਹ ਸਿਆਸੀ ਤੇ ਜੁਝਾਰੂ ਇਤਿਹਾਸਕ ਮਾਰਚ ਸਰਮਾਏਦਾਰ ਜਮਾਤ ਨੂੰ ਉਹ ਦਿਨ ਚੇਤੇ ਕਰਾ ਰਿਹਾ ਸੀ ਜਦੋਂ ਇਸ ਦਿਨ ਤੋਂ 15 ਸਾਲ ਪਹਿਲਾਂ ਪੈਰਿਸ ਕਮਿਊਨ ਦੇ ਯੋਧਿਆਂ ਵੱਲੋਂ ਲੜਿਆ ਮਹਾਨ ਹਥਿਆਰਬੰਦ ਘੋਲ ਹੇਠਲੀ ਉੱਤੇ ਕਰਕੇ ਉਹਨਾਂ ਨੂੰ ਨਾਨੀ ਚੇਤੇ ਕਰਾ ਗਿਆ ਸੀ।


ਇਸ ਦੌਰਾਨ ਹੇਅ ਮਾਰਕਿਟ ਸਕਵੇਅਰ 'ਚ ਹੋ ਰਹੀ ਸਭਾ ਉੱਪਰ ਪੁਲਿਸ ਨੇ ਮਜ਼ਦੂਰਾਂ ਉੱਪਰ ਹਮਲਾ ਕਰ ਦਿੱਤਾ।ਸਰਮਾਏਦਾਰੀ ਸਾਜ਼ਿਸ਼ ਰਾਹੀਂ ਮਜ਼ਦੂਰ ਮੁਜਾਹਰੇ ਵਾਲੀ ਥਾਂ ਇਕ ਬੰਬ ਵਿਸਫੋਟ ਕਰਵਾਇਆ ਗਿਆ।ਜਿਸ ਵਿਚ ਸੱਤ ਪੁਲਿਸ ਕਰਮਚਾਰੀ ਮਾਰੇ ਗਏ, ਚਾਰ ਮਜ਼ਦੂਰ ਸ਼ਹੀਦ ਹੋ ਗਏ ਤੇ ਕਈ ਮਜ਼ਦੂਰ ਜਖਮੀ ਹੋ ਗਏ।ਮਜ਼ਦੂਰ ਆਗੂਆਂ ਉੱਪਰ ਝੂਠੇ ਕੇਸ ਪਾਏ ਗਏ।ਮੁਕੱਦਮੇ ਦੌਰਾਨ ਝੂਠੀਆਂ ਗਵਾਹੀਆਂ ਤੇ ਬਿਆਨਾਂ ਦੇ ਚੱਲੇ ਸਿਆਸੀ ਡਰਾਮੇ ਤੋਂ ਬਾਅਦ 11 ਨਵੰਬਰ 1889 ਨੂੰ 'ਸ਼ੁੱਕਰਵਾਰ ਦੇ ਕਾਲੇ ਦਿਨ' ਅਗਸਟ ਸਪਾਇਸ, ਐਲਬਰਟ ਪਾਰਸਨਜ਼, ਅਡੋਲਫ਼ ਫ਼ਿਸ਼ਰ ਤੇ ਜਾਰ ਏਂਜਲ ਵਰਗੇ ਆਗੂ ਮਜ਼ਦੂਰਾਂ ਨੂੰ ਫਾਂਸੀ ਦਿੱਤੀ ਗਈ।13 ਨਵੰਬਰ ਨੂੰ ਸ਼ਿਕਾਗੋ ਦੀਆਂ ਸੜਕਾਂ ਉਪਰ ਉਹਨਾਂ ਯੋਧਿਆਂ ਦੀ ਦੇਹ ਨੂੰ ਲੈ ਕੇ ਸ਼ਵ-ਯਾਤਰਾ ਕੱਢੀ ਗਈ।ਕਿਹਾ ਜਾਂਦਾ ਹੈ ਕਿ ਅੰਤਿਮ ਸਸਕਾਰ ਦਾ ਪ੍ਰਦਰਸ਼ਨ ਸ਼ਿਕਾਗੋ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਪ੍ਰਦਰਸ਼ਨ ਸੀ ਜਿਸ ਵਿਚ ਮਜ਼ਦੂਰ ਯੋਧਿਆਂ ਦੀਆਂ ਅਸਥੀਆਂ ਦੇ ਪਿੱਛੇ ਅਦਾਜ਼ਨ ਦੋ ਲੱਖ ਲੋਕ ਗੰਭੀਰ ਸੋਗੀ ਮੁਦਰਾ 'ਚ ਕਦਮ ਨਾਲ ਕਦਮ ਮਿਲਾਉਂਦੇ ਹੋਏ ਚੱਲ ਰਹੇ ਸਨ।ਅਖੀਰ ਉਹਨਾਂ ਦੇ ਸਰੀਰਾਂ ਨੂੰ ਮਾਣ-ਸਨਮਾਣ ਨਾਲ ਕਬਰ ਵਿਚ ਦਫਨਾ ਦਿੱਤਾ ਗਿਆ।

ਮਜ਼ਦੂਰ ਸ਼ਹੀਦਾਂ ਦੇ ਵਕੀਲ ਵਿਲੀਅਮ ਬਲੈਕ ਨੇ ਮਜ਼ਦੂਰ ਆਗੂਆਂ ਦੀ ਕਬਰ ਤੇ ਭਾਸ਼ਣ ਦੌਰਾਨ ਬੋਲਦਿਆਂ ਕਿਹਾ ਉਹਨਾਂ ਨੂੰ ਅਰਾਜਕਤਾਵਾਦੀ ਕਿਹਾ ਜਾਂਦਾ ਹੈ।ਇਉਂ ਉਹਨਾਂ ਨੂੰ ਕਲੰਕਿਤ ਕੀਤਾ ਜਾ ਰਿਹਾ ਹੈ ਅਤੇ ਦੁਨੀਆਂ ਸਾਹਮਣੇ ਉਹਨਾਂ ਨੂੰ ਅਜਿਹੇ ਆਦਮੀਆਂ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ ਜੋ ਆਪਣੀ ਖ਼ੁਸ਼ੀ ਦੀ ਖਾਤਿਰ ਹਿੰਸਾ, ਦੰਗਾ-ਫਸਾਦ ਅਤੇ ਖੂਨ-ਖਰਾਬਾ ਪਸੰਦ ਕਰਦੇ ਸਨ ਅਤੇ ਜੋ ਮੌਜੂਦਾ ਵਿਵਸਥਾ ਦੇ ਖਿਲਾਫ ਨਹੱਕੀ ਤੇ ਅਬੁੱਝ ਨਫਰਤ ਨਾਲ ਲਬਰੇਜ਼ ਸਨ।ਪਰ ਇਹ ਗੱਲ ਸਚਾਈ ਤੋਂ ਕੋਹਾਂ ਦੂਰ ਹੈ।ਉਹ ਤਾਂ ਅਜਿਹੇ ਲੋਕ ਸਨ ਜੋ ਸਾਂਤੀ ਚਾਹੁੰਦੇ ਸਨ।ਉਹ ਦਿਆਲੂ ਰੁਚੀਆਂ ਤੇ ਕੋਮਲ ਦਿਲ ਵਾਲੇ ਸਾਊ ਬੰਦੇ ਸਨ।ਉਨ੍ਹਾਂ ਦੇ ਜਾਣਕਾਰ ਉਨ੍ਹਾਂ ਨਾਲ ਪਿਆਰ ਕਰਦੇ ਸਨ ਅਤੇ ਜਿਹੜੇ ਵੀ ਉਨ੍ਹਾਂ ਦੀ ਜ਼ਿੰਦਗੀ ਦੀ ਇਮਾਨਦਾਰੀ ਤੇ ਪਵਿੱਤਰਤਾ ਨੂੰ ਜਾਣ ਲੈਂਦੇ ਸਨ ਉਹ ਉਹਨਾਂ ਤੇ ਅਥਾਹ ਭਰੋਸਾ ਕਰਦੇ ਸਨ, ਅਤੇ ਉਹਨਾਂ ਦਾ ਸੁਪਨਾ ਇਕ ਅਜਿਹੇ ਸਮਾਜਕ ਨਿਜ਼ਾਮ ਦੀ ਸਿਰਜਨਾ ਕਰਨਾ ਸੀ ਜਿਸ ਦਾ ਉਦੇਸ਼ ਵਾਕ ਹੈ: ਜ਼ੋਰ-ਜ਼ਬਰਦਸਤੀ ਤੋਂ ਮੁਕਤ ਨਿਜ਼ਾਮ।

ਇਸ ਤਰ੍ਹਾਂ ਮਜ਼ਦੂਰਾਂ ਦੇ ਖ਼ੂਨ ਨਾਲ ਸਿਰਜਿਆ ਮਈ ਦਿਵਸ ਅੱਜ ਵੀ ਕਿਰਤੀ ਜਮਾਤ ਨੂੰ ਆਪਣੀ ਮੁਕਤੀ ਵਾਸਤੇ ਉੱਠ ਖੜੇ ਹੋਣ ਲਈ ਵੰਗਾਰ ਰਿਹਾ ਹੈ।ਮਾਰਕਸਵਾਦ ਦੇ ਮਹਾਨ ਅਧਿਆਪਕਾਂ ਦੀਆਂ ਵਿਗਿਆਨਕ ਇਤਿਹਾਸਕ ਭਵਿੱਖਬਾਣੀਆਂ ਸੱਚ ਸਾਬਤ ਹੋ ਰਹੀਆਂ ਹਨ।ਅਖੌਤੀ ਸਮਾਜਵਾਦੀ ਹਕੂਮਤਾਂ ਢਹਿ-ਢੇਰੀ ਹੋਣ ਅਤੇ ਸਾਮਰਾਜੀ-ਸਰਮਾਏਦਾਰਾਂ ਦੀਆਂ ਸਮਾਜਵਾਦ ਦੀ ਅਸਫਲਤਾ ਤੇ ਫ਼ਰਾਂਸਿਸ ਫੁਕੂਯਾਮਾ ਵਰਗਿਆਂ ਦੇ ਇਤਿਹਾਸ ਦਾ ਅੰਤ ਦੇ ਫੋਕੇ ਤੇ ਹੋਛੇ ਐਲਾਨ ਮਿੱਟੀ ਹੋ ਗਏ ਹਨ।ਸੰਸਾਰ ਸਾਮਰਾਜੀ-ਸਰਮਾਏਦਾਰੀ ਪ੍ਰਬੰਧ ਸੰਕਟ ਦੀ ਦਲਦਲ 'ਚ ਬੁਰੀ ਤਰ੍ਹਾਂ ਧਸ ਰਿਹਾ ਹੈ।ਮਰ ਰਹੀ ਪੂੰਜੀਵਾਦੀ ਜਮਾਤ ਮਾਰਕਸ ਦੀ ਕਿਤਾਬ 'ਸਰਮਾਇਆ' ਦਾ ਆਸਰਾ ਲੱਭ ਰਹੀ ਹੈ।ਪਰ ਮਾਰਕਸ ਦਾ ਸਰਮਾਇਆ ਮਜ਼ਦੂਰ ਜਮਾਤ ਦੀ ਮੁਕਤੀ ਦਾ ਸਰਮਾਇਆ ਹੈ ਨਾ ਕਿ ਪੂੰਜੀਵਾਦੀਆਂ ਦੀ ਲੁੱਟ ਅਯਾਸ਼ੀ ਦਾ।

ਸਾਮਰਾਜੀ-ਸਰਮਾਏਦਾਰ ਸਰਮਾਏ ਦੇ ਵਧਾਰੇ ਲਈ ਹਰ ਘਿਨਾਉਣੇ ਅਮਾਨਵੀ ਪੱਧਰ ਤੱਕ ਗਿਰ ਰਹੇ ਹਨ।ਸਰਮਾਇਆ ਵਧਾਰੇ ਤੋਂ ਬਿਨਾਂ ਨਹੀਂ ਰਹਿ ਸਕਦਾ।ਇਹ ਆਪਣਾ ਲੱਛਣ ਨਹੀਂ ਤਿਆਗਦਾ।ਇਹ ਮੁਨਾਫੇ ਤੇ ਟਿਕਿਆ ਹੁੰਦਾ ਹੈ ਤੇ ਇੱਥੇ ਪੂੰਜੀਪਤੀ ਆਪਣੇ ਸਰਮਾਏ ਦੇ ਸਮਾਜੀਕਰਨ ਲਈ 'ਦਾਸ ਕੈਪੀਟਲ' ਦਾ ਅਧਿਐਨ ਨਹੀਂ ਕਰ ਰਹੇ ਬਲਕਿ ਉਹ ਆਪਣੇ ਬਚਾਅ ਲਈ ਇਸ ਵਿਚੋਂ ਕੋਈ ਨੁਸਖਾ ਕੱਢਣ ਦੇ ਮੱਕਾਰੀ ਭਰਮ 'ਚ ਪਏ ਹੋਏ ਹਨ।ਉਹ ਆਪਣੇ ਦੰਭੀ ਖਾਸੇ ਮੁਤਾਬਕ ਮਾਰਕਸਵਾਦ ਉੱਪਰ ਹਮਲੇ ਕਰਨ ਦੇ ਰਾਹ ਵੀ ਪਏ ਹੋਏ ਹਨ।

165 ਸਾਲ ਪਹਿਲਾਂ ਕਿਹਾ ਮਾਰਕਸ ਦਾ ਕਥਨ ਕਿ ਸੰਸਾਰ ਪੱਧਰ ਤੇ ਸਰਮਾਏਦਾਰੀ ਨੂੰ ਸਮਾਜਵਾਦ ਦਾ ਭੂਤ ਡਰਾ ਰਿਹਾ ਹੈ।ਇਸ ਨੂੰ ਕੰਬਣ ਦਿਉ ਅੱਜ ਵੀ ਸਾਰਥਕ ਹੈ।ਇਸ ਕਰਕੇ ਮਿਹਨਤਕਸ਼ਾਂ ਨੂੰ ਆਪਣੀ ਜਿੱਤ ਦੀ ਤਿਆਰੀ 'ਚ ਹੋਰ ਵੱਧ ਤੱਦੀ ਨਾਲ ਜੁੱਟ ਜਾਣਾ ਚਾਹੀਦਾ ਹੈ।ਉਨ੍ਹਾਂ ਨੂੰ ਆਪਣੀ ਵਿਗਿਆਨਕ ਵਿਚਾਰਧਾਰਾ ਨੂੰ ਹੋਰ ਵੱਧ ਤੱਦੀ ਨਾਲ ਗ੍ਰਹਿਣ ਕਰਨਾ ਚਾਹੀਦਾ ਹੈ।ਪੈਰਿਸ ਕਮਿਊਨ, ਰੂਸੀ ਤੇ ਚੀਨੀ ਇਨਕਲਾਬ ਤੇ ਮਹਾਨ ਸੱਭਿਆਚਾਰਕ ਇਨਕਲਾਬ ਦੇ ਸਬਕਾਂ ਨੂੰ ਆਤਮਸ਼ਾਤ ਕਰਦਿਆਂ ਨਵੇਂ ਸਮਾਜ ਦੇ ਦੁਆਰ ਵੱਲ ਅੱਗੇ ਵੱਧਣਾ ਚਾਹੀਦਾ ਹੈ।ਚੇਤੰਨ ਪਹਿਲਦਕਮੀ ਤੇ ਜ਼ੇਰੇ ਨਾਲ ਖ਼ੁਸ਼ਹਾਲੀ ਤੇ ਬਰਾਬਰਤਾ ਦੇ ਦਿਨ ਨੇੜੇ ਆ ਸਕਦੇ ਹਨ।ਦੁਨੀਆਂ ਭਰ ਦੀ ਮਜ਼ਦੂਰ ਜਮਾਤ ਦਾ ਭਵਿੱਖ ਉਜਲਾ ਹੈ।ਸਭਨਾ ਮਿਹਨਤਕਸ਼ ਤਬਕਿਆਂ ਤੇ ਖਾਸਕਰ ਨੌਜਵਾਨਾਂ ਨੂੰ ਮਜ਼ਦੂਰ ਜਮਾਤ ਦੇ ਇਤਿਹਾਸਕ ਮਿਸ਼ਨ ਦੀ ਪੂਰਤੀ ਲਈ ਅੱਗੇ ਆਉਣਾ ਚਾਹੀਦਾ ਹੈ ਤੇ ਯਾਦ ਰੱਖਣਾ ਚਾਹੀਦਾ ਹੈ ਕਿ ਇਤਿਹਾਸ ਸਾਡੇ ਬਾਰੇ ਜ਼ਰੂਰ ਫੈਸਲਾ ਕਰੇਗਾ ਕਿ ਅਸੀਂ ਇਕੀਵੀਂ ਸਦੀ ਦੇ ਮਿਹਨਤਕਸ਼ ਤੇ ਇਨਸਾਫਪਸੰਦ ਲੋਕ ਚੇਤੰਨ ਜਾਂਬਾਜਾਂ ਵਾਂਗ ਲੁੱਟ-ਜਬਰ ਤੇ ਅਨਿਆਂ ਖਿਲਾਫ ਲੜੇ ਤੇ ਮਾਨਵਤਾ ਦੀ ਮਹਾਨਤਾ ਲਈ ਸੋਹਣੇ ਸਮਾਜ ਦੀ ਸਿਰਜਣਾ 'ਚ ਆਪਣਾ ਯੋਗਦਾਨ ਪਾਇਆ!



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਔਰਤਾਂ ਵਿੱਚ ਸਰਵਿਕਸ ਦਾ ਕੈਂਸਰ


## ਕਾਰਨ ਲੱਛਣ ਇਲਾਜ ਤੇ ਸਾਵਧਾਨੀਆਂ

ਸਰਵਿਕਸ ਇੱਕ ਛੋਟੀ ਜਿਹੀ ਬਣਤਰ ਹੈ ਜੋ ਬੱਚੇਦਾਨੀ ਦੇ ਮੂੰਹ ਤੇ ਸਥਿੱਤ ਹੁੰਦੀ ਹੈ। ਸਰਵਿਕਸ ਨੂੰ ਬੱਚੇਦਾਨੀ ਦਾ ਮੂੰਹ ਵੀ ਕਿਹਾ ਜਾ ਸਕਦਾ ਹੈ। ਸਰਵਿਕਸ (ਬੱਚੇਦਾਨੀ ਦੇ ਮੂੰਹ) ਦੀ ਐਪੀਥੀਲੀਅਮ ਨਾਮਕ ਅੰਦਰੂਨੀ ਪਰਤ ਦੇ ਸੈੱਲਾਂ ਚ ਅਸਮਾਨ ਸੂਖ਼ਮਦਰਸ਼ੀ ਤਬਦੀਲੀਆਂ ਨਾਲ ਸ਼ੁਰੂ ਹੁੰਦਾ ਹੈ। ਇਸ ਪੜਾਅ ਨੂੰ ਡਿਸਪਲੇਜੀਆ ਕਿਹਾ ਜਾਂਦਾ ਹੈ। ਜੇ ਇਹ ਤਬਦੀਲੀਆਂ ਜਾਰੀ ਰਹਿੰਦੀਆਂ ਹਨ ਤਾਂ ਇਹ ਸੈੱਲ ਕੈਂਸਰ ਦੇ ਹੋ ਸਕਦੇ ਹਨ ਅਤੇ ਇਨ੍ਹਾਂ ਦਾ ਵਾਧਾ ਕੰਟਰੋਲ ਤੋਂ ਬਾਹਰ ਹੋ ਜਾਂਦਾ ਹੈ। ਕੈਂਸਰ ਦੀ ਇਸ ਬਿਮਾਰੀ ਨੂੰ ਕਾਰਸੀਨੋਮਾ ਵੀ ਕਿਹਾ ਜਾਂਦਾ ਹੈ। ਅਜਿਹੇ ਵਾਇਰਸ ਦੀ ਇਨਫੈਕਸ਼ਨ ਜਿਸ ਨੂੰ ਐੱਚ ਪੀ ਵੀ (ਹਿਉਮਨ ਪੈਪੀਲੋਮਾ ਵਾਇਰਸ) ਹੋ ਜਾਵੇ ਤਾਂ ਇਸ ਨਾਲ ਇਸ ਡਿਸਪਲੇਜਿਆ ਅਤੇ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ। ਅਜਿਹੇ ਪਾਰਟਨਰ ਨਾਲ ਸੰਭੋਗ (ਜਿਸ ਨੇ ਪਹਿਲਾਂ ਵੀ ਕਈਆਂ ਨਾਲ ਸੰਭੋਗ ਕੀਤਾ ਹੋਵੇ) ਕਰਨ ਨਾਲ ਵੀ ਇਹ ਰੋਗ ਹੋ ਸਕਦਾ ਹੈ। ਜਿਨ੍ਹਾਂ ਔਰਤਾਂ ਚ ਆਰਗਨ ਟਰਾਂਸਪਲਾਂਟ ਹੋਇਆ ਹੋਵੇ ਉਨ੍ਹਾਂ ਨੂੰ ਵੀ ਇਹ ਬਿਮਾਰੀ ਹੋਣ ਦੀ ਸੰਭਾਵਨਾ ਰਹਿੰਦੀ ਹੈ।

**ਸਰਵਿਸ ਕੈਂਸਰ ਦੇ ਸ਼ੁਰੂਆਤੀ ਲੱਛਣ:-** ਖ਼ੂਨ ਵਗਣਾ, ਮਾਹਾਵਾਰੀ ਦੇ ਅੱਗੇ ਪਿੱਛੇ ਵੀ ਦਾਗ਼ ਲੱਗਦੇ ਰਹਿਣਾ ਇਸ ਦੇ ਸ਼ੁਰੂਆਤੀ ਲੱਛਣ ਹਨ। ਹਾਲਾਂਕਿ ਬਹੁਤੇ ਕੇਸਾਂ ਵਿੱਚ ਰੋਗ ਵੱਧ ਜਾਣ ਪਿੱਛੋਂ ਹੀ ਇਸ ਦਾ ਪਤਾ ਲੱਗਦਾ ਹੈ। ਪਰ ਪੈਪਸਮਿਅਰ ਟੈਸਟ ਨਾਲ ਇਸ ਦਾ ਪਤਾ ਪਹਿਲਾਂ ਲਾਇਆ ਜਾ ਸਕਦਾ ਹੈ। ਜੇ ਸਹੀ ਸਮੇਂ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ ਪੂਰੀ ਤਰ੍ਹਾਂ ਹੋ ਜਾਂਦਾ ਹੈ। ਹਾਲਾਂਕਿ ਇਸ ਲਈ ਵੈਕਸੀਨ ਵੀ ਮਿਲਦੀ ਹੈ ਜੋ ਛੱਬੀ ਸਾਲ ਤੱਕ ਦੀਆਂ ਔਰਤਾਂ ਲਈ ਹੈ। ਪਰ ਇਹ ਦੋ ਹੀ ਕਿਸਮ ਦੇ ਐੱਚ ਪੀ ਵੀ ਵਾਇਰਸ ਲਈ ਲਾਹੇਵੰਦ ਹੈ। ਅਜੇ ਤੱਕ ਇਹ ਤਜਰਬੇ ਦੀ ਪੜਾਅ ਉੱਪਰ ਹੋਣ ਕਰਕੇ ਇਸ ਬਾਰੇ ਬਹਿਸ ਚੱਲਦੀ ਹੈ। ਇਸ ਨੂੰ ਲਾਉਣਾ ਜਾਂ ਨਾ ਲਾਉਣਾ ਕਿੰਨਾ ਕੁ ਫਰਦੀਮੰਦ ਹੈ? ਇਸ ਬਾਰੇ ਮਾਹਰਾਂ ਨੇ ਅਜੇ ਰਾਇ ਦੇਣੀ ਹੈ। ਵੈਸੇ ਤਾਂ ਇਹ ਕੈਂਸਰ ਕਿਸੇ ਵੀ ਨੌਜਵਾਨ ਤੇ ਸੈਕਸ਼ੂਅਲੀ ਸਰਗਰਮ ਔਰਤ ਨੂੰ ਹੋ ਸਕਦਾ ਹੈ ਪਰ ਚਾਲੀ ਸਾਲ ਉਮਰ ਪਾਰ ਕਰ ਜਾਣ ਪਿੱਛੋਂ ਇਸ ਦੀ ਸੰਭਾਵਨਾ ਵੱਧ ਜਾਂਦੀ ਹੈ। ਸ਼ੁਰੂਆਤੀ ਪੜਾਅ ਤੇ ਜੇ ਸਰਵਿਕਸ ਕੈਂਸਰ ਦਾ ਪਤਾ ਲੱਗ ਜਾਵੇ ਤਾਂ ਉਸ ਤੋਂ ਮੁਕਤੀ ਪਾਈ ਜਾ ਸਕਦੀ ਹੈ। ਪਰ ਜੇ ਦੇਰ ਹੋ ਚੁੱਕੀ ਹੋਵੇ ਤਾਂ ਇਸ ਤੋਂ ਬਚਣਾ ਮੁਸ਼ਕਿਲ ਹੋ ਜਾ ਜਾਂਦਾ ਹੈ। ਅਜਿਹੇ ਵਿੱਚ ਬੇਹਤਰ ਇਹੀ ਰਹਿੰਦਾ ਹੈ ਕਿ ਔਰਤਾ ਹਰ ਤਿੰਨ ਸਾਲ ਬਾਅਦ ਇੱਕ ਵਾਰੀ ਪੈਪਸਮਿਅਰ ਟੈਸਟ ਕਰਵਾਉਂਦੀਆਂ ਰਹਿਣ।

**ਸਰਵਿਕਸ ਕੈਂਸਰ ਦੇ ਮੁੱਖ ਲੱਛਣ:-** ਨਾਜਾਇਜ਼ (ਨਾ ਬਰਾਬਰ) ਖ਼ੂਨ ਪੈਣਾ, ਸੰਭੋਗ ਪਿੱਛੋਂ ਵੱਧ ਮਾਤਰਾ ਚ ਖ਼ੂਣ ਪੈਣਾ ਜਾਂ ਫਿਰ ਤੇਜ਼ ਦਰਦ ਹੋਣਾ ਇਸਦਾ ਮੁੱਖ ਲੱਛਣ ਹੋ ਸਕਦਾ ਹੈ। ਇਸ ਤੋਂ ਇਲਾਵਾ ਮਿਨੋਪਾਜ (ਮਾਂਹਬੰਦੀ) ਤੋਂ ਪਿੱਛੋਂ ਵੀ ਸਰਵਿਕਸ ਕੈਂਸਰ ਚ ਸੰਬੰਧ ਬਣਾਉਣ ਤੇ ਖ਼ੂਨ ਵਗਣਾ ਵੀ ਇਸ ਦਾ ਲੱਛਣ ਹੋ ਸਕਦਾ ਹੈ।

**ਸਫੈਦ ਪਾਣੀ ਪੈਣਾ ਲਿਕੋਰੀਆ:-** ਅਕਸਰ ਬੇਵਜ੍ਹਾ ਸਫੇਦ ਬਦਬੂਦਾਰ ਪਾਣੀ ਪੈਣਾ ਵੀ ਸਰਵਾਈਕਲ ਕੈਂਸਰ ਦਾ ਲੱਛਣ ਹੈ। ਇਸ ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ। ਔਰਤਾਂ ਨੂੰ ਚਾਹੀਦਾ ਹੈ ਕਿ ਉਹ ਜਦੋਂ ਵੀ ਔਰਤ ਰੋਗਾਂ ਦੇ ਮਾਹਰ ਡਾਕਟਰ ਕੋਲ ਜਾਣ ਤਾਂ ਇਸ ਬਾਰੇ ਗੱਲ ਜ਼ਰੂਰ ਕਰਨ ਅਤੇ ਟੈਸਟ ਵੀ ਜ਼ਰੂਰ ਕਰਵਾਉਣ।



**ਪੇਟ ਦੇ ਹੇਠਲੇ ਹਿੱਸੇ ਭਾਵ ਪੇਡੂ ਵਿੱਚ ਦਰਦ :-** ਆਮ ਕਰਕੇ ਮਾਹਵਾਰੀ ਦੌਰਾਨ ਪੇਟ ਦੇ ਹੇਠਲੇ ਹਿੱਸੇ ਭਾਵ ਪੇਡੂ ਵਿੱਚ ਦਰਦ ਹੁੰਦਾ ਹੈ। ਪਰ ਜੇ ਆਪ ਦੇ ਮਾਹਵਾਰੀ ਦੀ ਤਰੀਕ ਤੋਂ ਇਲਾਵਾ ਤੇਜ਼ ਜਾਂ ਹਲਕਾ ਦਰਦ ਹੋਵੇ ਤਾਂ ਇਸ ਨੂੰ ਅਣਗੌਲਿਆ ਨਾ ਕਰੋ ਇਸ ਬਾਰੇ ਤੁਰੰਤ ਡਾਕਟਰ ਨਾਲ ਗੱਲ ਕਰੋ। ਪਿਸ਼ਾਬ ਦੀ ਥੈਲੀ (ਬਲੈਡਰ) ਵਿੱਚ ਦਰਦ ਹੋਣਾ ਸਰਵਿਕਸ ਕੈਂਸਰ ਦਾ ਪਹਿਲਾ ਲੱਛਣ ਹੈ। ਇਹ ਲੱਛਣ ਉਦੋਂ ਦਿੱਸਦਾ ਹੈ ਜਦ ਕੈਂਸਰ ਪਿਸ਼ਾਬ ਦੇ ਬਲੈਡਰ ਵਾਲੀ ਥੈਲੀ ਤੱਕ ਪਹੁੰਚ ਚੁੱਕਿਆ ਹੁੰਦਾ ਹੈ। ਇਸ ਦੇ ਨਾਲ ਹੀ ਪੀਰੀਅਡਸ ਦਰਮਿਆਨ ਸਪੋਟਿੰਗ ਜਾਂ ਸੰਭੋਗ ਵਿੱਚੋਂ ਖ਼ੂਨ ਪੈਣਾ ਵੀ ਇਸ ਦਾ ਇੱਕ ਲੱਛਣ ਹੈ। ਅਜਿਹਾ ਬੱਚੇਦਾਨੀ ਦੇ ਮੂੰਹ ਦੀ ਜਲਣ ਕਰਕੇ ਹੁੰਦਾ ਹੈ ਜੋ ਕਿ ਸੈਕਸ ਸਮੇਂ ਜਾਂ ਪੀਰੀਅਡਸ ਦਰਮਿਆਨ ਤੇਜ਼ ਹੋ ਜਾਂਦਾ ਹੈ।

**ਸਰਵਿਕਸ ਦੇ ਕੈਂਸਰ ਦਾ ਕਾਰਨ:-** ਇਹ ਬਿਮਾਰੀ ਬੱਚੇਦਾਨੀ ਚ ਸੈੱਲਾਂ ਦੇ ਬੇਲਗਾਮ ਵਾਧੇ ਕਾਰਨ ਹੁੰਦੀ ਹੈ। ਬਹੁਤੇ ਸਰਵਿਕਸ ਕੈਂਸਰ ਦੇ ਮਾਮਲੇ ਪਲੈਂਟਡ ਤੇ ਸੁਕੈਸਮ ਸੈੱਲਾਂ ਦੇ ਵਾਧੇ ਕਾਰਨ ਹੁੰਦੇ ਹਨ। ਇਹ ਕੈਂਸਰ ਹਿਊਮਨ ਪੈਪੀਲੋਮਾ ਵਾਇਰਸ (ਐੱਚਪੀਵੀ) ਕਾਰਨ ਹੁੰਦਾ ਹੈ। ਸਰਵਿਕਸ ਕੈਂਸਰ ਦੇ ਕੁਝ ਖਾਸ ਜੋਖਮ ਕਾਰਨ ਵੀ ਹਨ ਜਿਵੇਂ ਐੱਚ ਪੀ ਵੀ ਇਨਫੈਕਸ਼ਨ, ਇੱਕ ਤੋਂ ਵੱਧ ਸੈਕਸ ਪਾਰਟਨਰ ਤੇ ਪਿਤਾ ਪੁਰਖੀ ਸਰਵਾਈਕਲ ਕੈਂਸਰ ਦਾ ਇਤਿਹਾਸ ਪਰਿਵਾਰ ਵਿੱਚ। ਸਰਵਿਕਸ ਕੈਂਸਰ ਦਾ ਸ਼ੱਕ ਪੈਂਦਿਆਂ ਹੀ ਤੁਰੰਤ ਡਾਕਟਰ ਨਾਲ ਸੰਪਰਕ ਕਰੋ। ਜਦੋਂ ਤੁਹਾਨੂੰ ਪੇਟ ਦਰਦ, ਵਜ਼ਨ ਘਟਣਾ, ਯੂਨੀਅਸ ਦਾ ਰਸਾਅ ਆਸਮਾਨ ਮਹਾਵਾਰੀ ਮਾਂ ਮਰੀ ਤੋਂ ਪਿੱਛੋਂ ਵੀ ਦਰਦ ਤੇ ਖ਼ੂਨ ਸੰਭੋਗ ਦੌਰਾਨ ਦਰਦ ਤੇ ਖ਼ੂਨ ਵਗਣਾ ਉਕਤ ਲੱਛਣ ਸ਼ੱਕ ਤੋਂ ਪੈਦਾ ਕਰਦੇ ਹਨ ਪਰ ਪੱਕਾ ਨਹੀਂ ਕਿ ਤੁਹਾਨੂੰ ਕੈਂਸਰ ਹੀ ਹੋਵੇ। ਸਪਸ਼ਟ ਯਾਨਿਕ ਖ਼ੂਨ ਦਾ ਰਿਸਾਅ ਇਸ ਗੱਲ ਦਾ ਸੰਕੇਤ ਵੀ ਹੋ ਸਕਦਾ ਹੈ ਕਿ ਕੈਂਸਰ ਆਸ ਪਾਸ ਦੀਆਂ ਰਕਤ ਨਾਲੀਆਂ ਜਾਂ ਧਮਣੀਆਂ ਵਿੱਚ ਫੈਲ ਚੁੱਕਿਆ ਹੋਵੇ। ਇਸ ਦਾ ਹਸਪਤਾਲ ਅੰਦਰ ਤੁਰੰਤ ਡਾਕਟਰੀ ਇਲਾਜ ਹੋਣ ਦੀ ਲੋੜ ਹੁੰਦੀ ਹੈ। ਸਰਵਾਈਕਲ ਕੈਂਸਰ ਦੁਨੀਆਂ ਵਿੱਚ ਤੀਜੇ ਸਭ ਤੋਂ ਵੱਧ ਹੋਣ ਵਾਲੇ ਕੈਂਸਰਾਂ ਵਿੱਚੋਂ ਇੱਕ ਹੈ। ਕੌਮੀ ਕੈਂਸਰ ਇੰਸਟੀਚਿਊਟ ਦੀ ਰਿਪੋਰਟ ਮੁਤਾਬਕ ਕੈਂਸਰ ਵਿੱਚ ਇੱਕ ਤਿਹਾਈ ਮੌਤਾਂ ਦਾ ਕਾਰਨ ਗਲਤ ਜੀਵਨ ਸ਼ੈਲੀ ਅਤੇ ਖਾਣ ਪਾਣ ਹੁੰਦਾ ਹੈ। ਸਹੀ ਆਹਾਰ ਜਿਨ੍ਹਾਂ ਵਿੱਚ ਕੈਂਸਰ ਨਾਲ ਲੜਨ ਦੀ ਸਮਰੱਥਾ ਅਤੇ ਐਂਟੀ ਆਕਸੀਡੈਂਟ ਹੋਣ ਲੈਣਾ ਚਾਹੀਦਾ ਹੈ। ਅਦਰਕ, ਵਿਟਾਮਿਨ ਏ, ਅਤੇ 2 ਜਿਵੇਂ ਨਾਰੰਗੀ, ਗਾਜਰ, ਅੰਡੇ, ਸਰਵੈਂਸ ਤੇ ਜਿਗਰ ਵਾਲੀਆਂ ਡੇਅਰੀ ਵਸਤਾਂ ਦੀ ਵਰਤੋਂ ਫਾਇਦੇਮੰਦ ਹੈ। ਫੁੱਲ ਗੋਭੀ, ਪੱਤਾ ਗੋਭੀ, ਮਿੱਠੇ ਆਲੂ, ਦਾਣਿਆਂ ਵਾਲੀਆਂ ਸਬਜ਼ੀਆਂ, ਜਿਵੇਂ ਮਟਰ, ਸੇਮ, ਉਕਤ ਫਾਈਬਰ ਅਤੇ ਪ੍ਰੋਟੀਨ ਯੁਕਤ ਵਰਤੇ ਜਾਂਣ ਖੁੰਬਾਂ(ਮਸ਼ਰੂਮ) ਤੇ ਖੁਬਾਨੀ (ਵਿਟਾਮਿਨ-17 ਭਰਪੂਰ) ਸਰਵਿਸ ਕੈਂਸਰ ਦਾ ਡਾਕਟਰੀ ਇਲਾਜ ਮੁੱਖ ਹੁੰਦਾ ਹੈ। ਇਹ ਇਲਾਜ ਕੈਂਸਰ ਦੀਆਂ ਬਾਕੀ ਕਿਸਮਾਂ ਵਰਗਾ ਹੀ ਹੁੰਦਾ ਹੈ। ਸਰਜਰੀ ਰੇਡੀਓਥੈਰੇਪੀ ਤੇ ਕੀਮੋਥੈਰੇਪੀ ਤਿੰਨੋਂ ਹੀ ਤਰੀਕੇ ਲੋੜ ਅਨੁਸਾਰ ਆਪਣੇ ਜਾਦੇ ਹਨ।

# ਪੀ. ਸਾਈਨਾਥ ਦੇ ਕੰਮਾਂ ਅਤੇ ਪ੍ਰਾਪਤੀਆਂ ਉਪਰ ਇਕ ਝਾਤ

ਪੀ. ਸਾਈਨਾਥ, ਜੋ ਮਸ਼ਹੂਰ ਅੰਗਰੇਜ਼ੀ ਅਖਬਾਰ 'ਦ ਹਿੰਦੂ' ਦੇ ਦਿਹਾਤੀ ਖੇਤਰ ਦੇ ਮਸਲਿਆਂ ਦੇ ਸੰਪਾਦਕ ਰਹਿ ਚੁੱਕੇ ਹਨ, ਭਾਰਤ ਦੇ ਹੀ ਨਹੀਂ ਸਗੋਂ ਸੰਸਾਰ ਪੱਧਰ ਦੇ ਉਘੇ ਚਿੰਤਕ ਹਨ। ਉਨ੍ਹਾਂ ਨੂੰ ਸੰਨ 2007 ਵਿਚ ਪੱਤਰਕਾਰਤਾ, ਸਾਹਿਤ ਅਤੇ ਰਚਨਾਤਮਿਕ ਸੰਚਾਰ ਖੇਤਰ ਵਿਚ ਪਾਏ ਯੋਗਦਾਨ ਲਈ, ਏਸੀਆ ਮਹਾਂਦੀਪ ਦੇ ਸਭ ਤੋਂ ਗੌਰਵਮਈ ਸਨਮਾਨ ਰਮਨ ਮੈਗਸੇਸੇ ਅਵਾਰਡ, (ਜਿਸ ਨੂੰ ਅਕਸਰ ਏਸੀਅਨ ਨੋਬਲ ਪਰਾਈਜ਼ ਕਿਹਾ ਜਾਂਦਾ ਹੈ) ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਇਹ ਇਨਾਮ ਉਨ੍ਹਾਂ ਵੱਲੋਂ ਇਕ ਪੱਤਰਕਾਰ ਵਜੋਂ, ਭਾਰਤ ਦੀ ਕੌਮੀ ਚੇਤਨਾ ਵਿੱਚ ਦਿਹਾਤੀ ਗਰੀਬੀ ਦੇ ਮਸਲੇ ਨੂੰ ਫਿਰ ਤੋਂ ਸਥਾਪਤ ਕਰਨ ਲਈ ਦਿਖਾਈ ਪੁਰਜੋਸ਼ ਪ੍ਰਤੀਬੱਧਤਾ ਲਈ ਦਿਤਾ ਗਿਆ । ਤਕਰੀਬਨ 25 ਸਾਲਾਂ ਦੌਰਾਨ, ਇਸ ਸ਼੍ਰੇਣੀ ਵਿਚ ਇਹ ਇਨਾਮ ਪ੍ਰਾਪਤ ਕਰਨ ਵਾਲੇ (ਆਰ.ਕੇ ਲਕਸ਼ਮਣ ਤੋਂ ਬਾਅਦ) ਉਹ ਪਹਿਲੇ ਭਾਰਤੀ ਪੱਤਰਕਾਰ ਸਨ। ਐਮਨੈਸਟੀ ਇੰਟਰਨੈਸ਼ਲਨ ਦਾ ਗਲੋਬਲ ਹਿਊਮਨ ਰਾਈਟਸ ਜਰਨਲਿਜ਼ਮ ਪਰਾਈਜ਼ ਦਾ ਸੰਨ 2000 ਦਾ ਉਦਘਾਟਨੀ ਇਨਾਮ ਪ੍ਰਾਪਤ ਕਰਨ ਵਾਲੇ ਉਹ ਸੰਸਾਰ ਦੇ ਪਹਿਲੇ ਪੱਤਰਕਾਰ ਸਨ।


ਉਨ੍ਹਾਂ ਨੇ ਇਸੇ ਸਾਲ 27 ਜਨਵਰੀ ਨੂੰ ਵਰਲਡ ਮੀਡੀਆ ਸਮਿਟ ਗਲੋਬਲ ਅਵਾਰਡ ਵੀ ਹਾਸਲ ਕੀਤਾ ਹੈ। 40 ਤੋਂ ਵੱਧ ਪ੍ਰਿੰਟ ਮੀਡੀਆ ਅਵਾਰਡ ਹਾਸਲ ਕਰਨ ਵਾਲੇ ਪੀ.ਸਾਈਨਾਥ ਵੱਲੋਂ ਕੀਤੇ ਕੰਮਾਂ ਬਾਰੇ ਦੋ ਡਾਕੂਮੈਂਟਰੀ ਫਿਲਮਾਂ ਬਣ ਚੁਕੀਆਂ ਹਨ ਜਿਨ੍ਹਾਂ ਨੂੰ ਸੰਸਾਰ ਭਰ ਵਿਚ 20 ਤੋਂ ਜ਼ਿਆਦਾ ਅਵਾਰਡ ਮਿਲ ਚੁੱਕੇ ਹਨ।

ਇਕ ਜੂਨ 2015 ਨੂੰ ਪੀ.ਸਾਈਨਾਥ ਨੂੰ, ਚੈਨਈ ਦੇ ਏਸੀਅਨ ਕਾਲਜ ਆਫ਼ ਜਰਨਲਿਜ਼ਮ ਵਿਚ ਸਥਾਪਤ 'ਦਿਹਾਤੀ ਭਾਰਤ ਤੇ ਡਿਜ਼ੀਟਲ ਬੋਧ' ਨਾਂਅ ਦੀ ਚੇਅਰ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਉਹ, ਕੈਨੇਡਾ ਦੇ ਨੋਵਾ-ਸਕੋਟੀਆ ਪ੍ਰਾਂਤ ਵਿਚ ਸਥਿਤ ਸੇਂਟ ਫਰਾਂਸਿਸ ਜੇਵੀਅਰ ਯੂਨੀਵਰਸਿਟੀ ਵਿਚ ਸਮਾਜਿਕ ਨਿਆਂ ਦੇ ਮੁੱਦੇ ਬਾਰੇ ਸਥਾਪਤ ਕੋਡੀ ਚੇਅਰ ਲਈ ਵੀ ਕੰਮ ਕਰਦੇ ਹਨ। ਭਾਵੇਂ ਉਨ੍ਹਾਂ ਨੇ ਆਪਣਾ ਘਰ ਤੇ ਅੱਡਾ ਮੁੰਬਈ ਵਿਖੇ ਬਣਾ ਰੱਖਿਆ ਹੈ ਪਰ ਖੁਦ ਆਪਣੇ ਕੰਮ ਦੇ ਸਬੰਧ ਵਿਚ ਜ਼ਿਆਦਾ ਸਮਾਂ ਦਿਹਾਤੀ ਭਾਰਤ ਵਿਚ ਘੁੰਮਦੇ ਰਹਿੰਦੇ ਹਨ।

ਪੀ.ਸਾਈਨਾਥ ਨੂੰ ਸੰਨ 2011 ਵਿਚ ਐਡਮੰਟਨ ਵਿਚਲੀ 'ਯੂਨੀਵਰਸਿਟੀ ਆਫ਼ ਅਲਬਰਟਾ' ਨੇ ਆਪਣਾ ਸਰਵ-ਉਚ ਸਨਮਾਨ-ਡੀ.ਲਿਟ ਦੀ ਡਿਗਰੀ- ਪ੍ਰਦਾਨ ਕੀਤਾ। ਸੰਨ 2012-13 ਵਿਚ ਉਸ ਨੇ ਇਕ ਸੈਮਿਸਟਰ ਲਈ ਯੂਨੀਵਰਸਿਟੀ ਆਫ਼ ਪਰਿੰਸਟਨ ਵਿਖੇ 'ਮਕਗ੍ਰਾਅ ਪ੍ਰੋਫੈਸਰ ਆਫ਼ ਰਾਈਟਿੰਗ' ਵਜੋਂ ਵੀ ਕੰਮ ਕੀਤਾ।

ਆਪਣੇ 34 ਸਾਲਾ ਦੇ ਪੱਤਰਕਾਰੀ ਜੀਵਨ ਦੇ ਸਫਰ ਦੌਰਾਨ 40 ਤੋਂ ਜ਼ਿਆਦਾ ਅਵਾਰਡ ਹਾਸਲ ਕਰਨ ਵਾਲੇ ਪੀ.ਸਾਈਨਾਥ ਨੇ ਕਈ ਅਵਾਰਡ ਠੁਕਰਾਏ ਵੀ ਹਨ। ਭਾਰਤ ਦਾ ਸਰਵ-ਉਚ ਸਿਵਲ ਅਵਾਰਡ, ਪਦਮ-ਭੂਸ਼ਨ, ਉਸ ਨੇ ਇਹ ਕਹਿ ਕੇ ਠੁਕਰਾਅ ਦਿਤਾ ਕਿ ਸਰਕਾਰ ਬਾਰੇ ਖਬਰਾਂ ਦੇਣ ਅਤੇ ਇਸ ਦੀ ਨੁਕਤਾਚੀਨੀ ਕਰਨ ਦੇ ਕੰਮ ਵਿਚ ਲੱਗੇ ਹੋਏ ਪੱਤਰਕਾਰਾਂ ਨੂੰ ਸਰਕਾਰ ਤੋਂ ਕੋਈ ਅਵਾਰਡ ਹਾਸਲ ਨਹੀਂ ਕਰਨਾ ਚਾਹੀਦਾ। ਕਿਸੇ ਅਵਾਰਡ ਨਾਲ ਮਿਲਣ ਵਾਲੀ ਸਮੁਚੀ ਰਕਮ, ਉਹ ਪੱਤਰਕਾਰੀ ਖੇਤਰ ਦੀ ਬਿਹਤਰੀ ਲਈ ਕੰਮ ਕਰਦੇ ਪ੍ਰੋਜੈਕਟਾਂ ਨੂੰ ਦਾਨ ਕਰ ਦਿੰਦੇ ਹਨ।

ਅੱਜਕਲ ਉਸ ਨੇ ਪੀਪਲਜ਼ ਆਰਕਾਈਵ ਆਫ਼ ਰੂਰਲ ਇੰਡੀਆ ਨਾਂਅ ਦਾ ਪ੍ਰੋਜੈਕਟ ਹੱਥ ਲਿਆ ਹੋਇਆ ਹੈ ਜਿਸ ਅਧੀਨ ਭਾਰਤੀ ਦਿਹਾਤੀ ਜੀਵਨ ਦੇ ਕਿਰਤੀ, ਭਾਸ਼ਾ, ਜੀਵਨ-ਨਿਰਬਾਹ, ਕਲਾ, ਦਸਤਕਾਰੀ ਅਤੇ ਕਈ ਹੋਰ ਪੱਖਾਂ ਬਾਰੇ ਵੱਖ-2 ਤਰ੍ਹਾਂ ਦੀ ਸਮੱਗਰੀ ਇਕਤਰ ਕੀਤੀ ਜਾ ਰਹੀ ਹੈ ਜਿਸ ਨੂੰ ਇਕ ਪੁਰਾਲੇਖ-ਭਵਨ ਵਿਚ ਸੰਭਾਲ ਕੇ ਆਮ ਲੋਕਾਂ ਨੂੰ ਮੁਫ਼ਤ ਵਿਚ ਉਪਲੱਬਧ ਕਰਵਾਇਆ ਜਾਵੇਗਾ। ਪੀ.ਸਾਈਨਾਥ ਦੁਆਰਾ ਲਿਖੀ ਪੁਸਤਕ ਐਵਰੀਬਾਡੀ ਲਵਜ਼ ਏ ਗੁਡ ਡਰਾਓਟ( Everybody Loves a Good Drought) ਕਈ ਸਾਲ ਤੱਕ ਲਗਾਤਾਰ, ਗ਼ੈਰ-ਗਲਪੀ ਸ਼੍ਰੇਣੀ ਦੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਬਣੀ ਰਹੀ। ਮਸ਼ਹੂਰ ਪਬਲਿਸ਼ਰ 'ਪੈਂਗੂਇਨ ਇੰਡੀਆ' ਦੁਆਰਾ ਇਸ ਕਿਤਾਬ



ਨੂੰ ਇਕ ਕਲਾਸਿਕ ਪੁਸਤਕ ਹੋਣ ਦਾ ਦਰਜਾ ਦਿਤਾ ਗਿਆ ਹੈ। ਇਹ ਕਿਤਾਬ ਲਿਖਣ ਲਈ ਉਸ ਨੇ ਭਾਰਤ ਵਿਚ ਇਕ ਲੱਖ ਕਿਲੋਮੀਟਰ ਤੋਂ ਵੱਧ ਸਫਰ ਕੀਤਾ ਜਿਸ ਵਿਚੋਂ 5000 ਕਿ:ਮੀ ਪੈਦਲ-ਯਾਤਰਾ ਕੀਤੀ। ਇਸ ਕਿਤਾਬ ਦੇ ਕਈ ਐਡੀਸ਼ਨ ਆ ਚੁੱਕੇ ਹਨ ਅਤੇ ਇਹ ਦਸ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ। 34ਵੇਂ ਐਡੀਸ਼ਨ ਲਈ ਪ੍ਰਿੰਟ ਹੋ ਰਹੀ ਇਹ ਕਿਤਾਬ ਭਾਰਤ ਤੇ ਦੁਨੀਆ ਦੀਆਂ 100 ਤੋਂ ਵੱਧ ਯੂਨੀਵਰਸਿਟੀਆਂ ਵਿਚ ਪੜ੍ਹਾਈ ਜਾ ਰਹੀ ਹੈ। ਭਾਰਤ ਦੇ ਇਕ ਮਹਾਨ ਸੰਪਾਦਕ ਨਿਖਲ ਚਕਰਵਰਤੀ ਨੇ ਪੀ.ਸਾਈਨਾਥ ਦੀ ਇਸ ਲਿਖਤ ਨੂੰ ਭਾਰਤੀ ਕੌਮ ਦੀ ਜ਼ਮੀਰ ਕਿਹਾ ਸੀ। ਇਕ ਮਸ਼ਹੂਰ ਸਕੈਂਡੇਨੇਵੀਅਨ ਪਬਲਿਸ਼ਿੰਗ ਹਾਊਸ ਨੇ ਉਨ੍ਹਾਂ ਦੀਆਂ ਲਿਖਤਾਂ ਨੂੰ ,ਗੈਬਰੀਅਲ ਗਾਰਸੀਆ ਮਾਰਕੁਏਜ਼ ਵਰਗੇ ਦੁਨੀਆ ਦੇ ਮਹਾਨਤਮ ਵਿਦਵਾਨਾਂ ਜਿੰਨੀ ਅਹਿਮੀਅਤ ਦਿੰਦੇ ਹੋਏ, ਇਕੋ ਜਰਨਲ ਵਿਚ ਥਾਂ ਦਿਤੀ। ਇਸ ਕਿਤਾਬ ਦੀ ਸਾਰੀ ਕਮਾਈ ਭਾਰਤ ਦੇ ਦਿਹਾਤੀ ਖੇਤਰ ਵਿਚ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਇਨਾਮ ਦੇਣ ਲਈ ਵਰਤੀ ਜਾਂਦੀ ਹੈ।

ਪੀ.ਸਾਈਨਾਥ ਨੇ 'ਦ ਹਿੰਦੂ' ਅਖਬਾਰ ਲਈ ਕੰਮ ਕਰਦੇ ਹੋਏ ਦਲਿਤਾਂ ਬਾਰੇ ਮੁਲਕ-ਪੱਧਰੀ ਪ੍ਰੋਜੈਕਟ 'ਤੇ ਕੰਮ ਕੀਤਾ ਜਿਸ ਸਬੰਧ ਵਿਚ ਉਸ ਨੇ ਦੇਸ਼ ਭਰ ਵਿਚ 150,000 ਕਿ:ਮੀ ਤੋਂ ਵੱਧ ਦੀ ਯਾਤਰਾ ਕੀਤੀ। ਉਨ੍ਹਾਂ ਦੀਆਂ 40 ਤੋਂ ਵੱਧ ਅਖਬਾਰੀ ਰਿਪੋਰਟਾਂ ਨੂੰ ਦਲਿਤਾਂ ਉਪਰ ਅਤਿਆਚਾਰਾਂ ਬਾਰੇ ਹੋਈ ਕੌਮੀ ਜਨਤਕ ਸੁਣਵਾਈ ਦੌਰਾਨ ਅਹਿਮ ਸਬੂਤ ਵਜੋਂ ਵਰਤਿਆ ਗਿਆ। ਉਨ੍ਹਾਂ ਦਾ ਇਕ ਵਰਤਮਾਨ ਪ੍ਰੋਜੈਕਟ, ਬ੍ਰਿਟਿਸ਼ ਸਾਮਰਾਜ ਵਿਰੁੱਧ ਦੇਸ਼ ਦੀ ਆਜ਼ਾਦੀ ਲਈ ਲੜ੍ਹਨ ਵਾਲੇ ਭਾਰਤ ਦੇ ਦਿਹਾਤੀ ਤੇ ਅਣਗੌਲੇ ਆਜ਼ਾਦੀ ਘੁਲਾਟੀਆਂ ਦੀਆਂ ਘਟੀਆ ਜੀਵਨ ਹਾਲਾਤਾਂ ਨੂੰ ਜਨਤਾ ਸਾਹਮਣੇ ਲਿਆਉਣ ਨੂੰ ਲੈ ਕੇ ਹੈ। ਉਨ੍ਹਾਂ ਦੀਆਂ ਜੀਵਨ ਹਾਲਤਾਂ ਬਾਰੇ ਉਹ ਇਕ ਆਨ-ਲਾਈਨ ਆਰਕਾਈਵ ਬਣਾਉਣ ਬਾਰੇ ਸੋਚ ਰਹੇ ਹਨ।

ਪੀ.ਸਾਈਨਾਥ 'ਦ ਹਿੰਦੂ' ਅਖਬਾਰ 'ਚ, ਪਿਛਲੇ ਦਹਾਕੇ ਦੌਰਾਨ ਸਰਕਾਰ ਦੀਆਂ ਕਿਸਾਨ-ਵਿਰੋਧੀ ਨੀਤੀਆਂ ਕਾਰਨ ਖੇਤੀ ਖੇਤਰ ਦੀ ਹੋਈ ਦੁਰਦਸ਼ਾ ਬਾਰੇ ਇਕ ਲੇਖ-ਲੜੀ ਚਲਾ ਰਹੇ ਹਨ। ਉਹ ਬੇਜ਼ਮੀਨੇ ਕਿਸਾਨਾਂ, ਖੇਤ-ਮਜ਼ਦੂਰਾਂ ਅਤੇ ਸੀਮਾਂਤ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਲਿਖਦੇ ਹਨ। ਖੇਤੀ ਸੰਕਟ ਦੇ ਵੱਖ-2 ਪੱਖਾਂ ਬਾਰੇ ਪੀ.ਸਾਈਨਾਥ ਦੀਆਂ ਲਿਖਤਾਂ ਦਾ ਭੰਡਾਰ ਇੰਨਾ ਵੱਡਾ ਹੈ ਕਿ ਇਸ ਨੂੰ ਸਿਰਫ ਪੱਤਰਕਾਰਤਾ ਦੇ ਖੇਤਰ ਤੱਕ ਸੀਮਿਤ ਨਹੀਂ ਸਮਝਿਆ ਜਾ ਸਕਦਾ।

ਸੰਨ 1993 ਤੋਂ ਬਾਅਦ ਪੀ.ਸਾਈਨਾਥ ਨੇ ਹਰ ਸਾਲ ਔਸਤ 270 ਦਿਨ ਤੋਂ ਵੱਧ ਦਿਨ ਭਾਰਤ ਦੇ ਗਰੀਬਤਮ ਪਿੰਡਾਂ ਵਿਚ ਗੁਜ਼ਾਰੇ ਹਨ। ਉਹ ਆਪਣੀਆਂ ਰਿਪੋਰਟਾਂ ਨਾਲ ਸਬੰਧਤ ਫੋਟੋਆਂ ਵੀ ਖੁਦ ਹੀ ਖਿਚਦਾ ਹੈ। ਦਿਹਾਤੀ ਭਾਰਤ ਦੇ ਜੀਵਨ ਦੀ ਝਲਕ ਦਿਖਾਉਂਦੀਆਂ ਇਨ੍ਹਾਂ ਫੋਟੋਆਂ ਦੀ ਨੁਮਾਇਸ਼ ਉਹ ਦੇਸ਼ ਵਿਦੇਸ਼ ਵਿਚ ਥਾਂ-ਪਰ-ਥਾਂ ਲਾਉਂਦਾ ਰਹਿੰਦਾ ਹੈ। ਉਹ ਇਨ੍ਹਾਂ ਫੋਟੋਆਂ ਦੇ ਇਸਤੇਮਾਲ ਰਾਹੀਂ 'ਦਿਹਾਤੀ ਭਾਰਤ ਦਾ ਪਹਿਲਾ ਪੁਰਾਲੇਖ' ਬਣਾਉਣ ਬਾਰੇ ਕੰਮ ਕਰ ਰਹੇ ਹਨ।

ਪੀ.ਸਾਈਨਾਥ ਦੇ ਕੰਮ ਦਾ ਸਭ ਤੋਂ ਨਿਰਣਾਇਕ ਪੱਖ, ਜਨਤਕ ਨੀਤੀ-ਨਿਰਧਾਰਨ ਉਪਰ ਪਏ ਇਸ ਦਾ ਪ੍ਰਭਾਵ ਹੈ ਖਾਸਕਰ ਨੱਬਵਿਆਂ ਤੋਂ ਬਾਅਦ ਦਿਹਾਤੀ ਭਾਰਤ ਦੀ ਹੋਈ ਦੁਰਦਸ਼ਾ ਬਾਰੇ। ਇਹ ਦੁਰਦਸ਼ਾ ਦੇਸ਼ ਦੇ ਕਈ ਰਾਜਾਂ ਵਿਚ ਹੋ ਰਹੀਆਂ ਕਿਸਾਨ-ਖੁਦਕੁਸ਼ੀਆਂ ਰਾਹੀਂ ਬਾਖੂਬੀ ਰੂਪਮਾਨ ਹੁੰਦੀ ਹੈ। ਜੇਕਰ ਅੱਜ ਦੇਸ਼ ਵਿਚ ਕਿਸਾਨ-ਖੁਦਕੁਸ਼ੀਆਂ ਦੇ ਮਸਲਾ ਬਾਰੇ ਇੰਨੀ ਤਿੱਖੀ ਗੱਲਬਾਤ ਹੋ ਰਹੀ ਹੈ ਤਾਂ ਇਸ ਵਿਚ ਬਹੁਤ ਵੱਡਾ ਯੋਗਦਾਨ ਪੀ ਸਾਈਨਾਥ ਦਾ ਹੈ। ਮਗਨਰੇਗਾ ਬਾਰੇ ਨੀਤੀ ਵਿਕਸਿਤ ਕਰਨ ਵਿਚ ਵੀ ਉਸ ਦੀਆਂ ਲਿਖਤਾਂ ਦਾ ਅਹਿਮ ਯੋਗਦਾਨ ਹੈ। ਸੰਨ 2008-9 ਦੌਰਾਨ ਉਸ ਨੇ ਬੀ.ਪੀ.ਐਲ (ਗਰੀਬੀ ਰੇਖਾ) ਨਿਰਧਾਰਨ ਕਰਨ ਵਾਲੇ ਸਰਕਾਰੀ ਮਾਹਰ ਗਰੁੱਪ ਵਿਚ ਵੀ ਕੰਮ ਕੀਤਾ ਅਤੇ ਆਪਣੇ ਲੋਕ-ਪੱਖੀ ਸੁਝਾਅ ਪੇਸ਼ ਕੀਤੇ।

ਖੇਤੀ ਸੰਕਟ ਬਾਰੇ ਪੀ.ਸਾਈਨਾਥ ਦੀਆਂ ਲਗਾਤਾਰ ਆ ਰਹੀਆਂ ਲਿਖਤਾਂ ਦੇ ਸਿੱਟੇ ਵਜੋਂ ਡਾ: ਮਨਮੋਹਨ ਸਿੰਘ ਦੀ ਸਰਕਾਰ ਖੇਤਰ ਨੇ ਖੇਤੀ ਖੇਤਰ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਮਨਮੋਹਨ ਸਿੰਘ ਨੇ ਸੰਕਟ-ਗ੍ਰਹਿਸਤ ਦਿਹਾਤੀ ਖੇਤਰ ਦੇ ਦੌਰੇ ਕੀਤੇ। ਸੰਨ 2008 ਦੀ ਕਿਸਾਨ ਕਰਜ਼ ਮਾਫੀ ਲਈ ਮਾਹੌਲ ਤਿਆਰ ਕਰਨ ਵਿਚ ਉਨ੍ਹਾਂ ਦਾ ਅਹਿਮ ਰੋਲ ਸੀ ਅਤੇ ਕਈ ਲੋਕਾਂ ਨੇ ਤਾਂ ਇਸ ਕਰਜ਼-ਮਾਫੀ ਲਈ ਪੀ.ਸਾਈਨਾਥ ਨੂੰ ਹੀ ਵਧਾਈਆਂ ਦਿਤੀਆਂ। ਉਨ੍ਹਾਂ ਨੇ ਇਸ ਕਰਜ਼-ਮਾਫੀ ਦੀ ਸਹੂਲਤ ਵੱਡੇ ਕਿਸਾਨਾਂ ਦੁਆਰਾ ਹੜੱਪ ਲਏ ਜਾਣ ਵਿਰੁਧ ਉਸ ਵਕਤ ਵੀ ਖਬਰਦਾਰ ਕੀਤਾ ਸੀ।

ਪੀ.ਸਾਈਨਾਥ, ਭਾਰਤ ਦੇ ਗਰੀਬ ਖੇਤਰਾਂ ਵਿਚ ਕੰਮ ਕਰਦੇ ਪੱਤਰਕਾਰਾਂ ਨੂੰ ਸਿਖਿਆ ਦੇਣ ਦਾ ਕੰਮ ਵੀ ਕਰ ਰਿਹਾ ਹੈ। ਉਹ ਸੰਨ 2001 ਤੋਂ ਚੈਨਈ ਦੇ ਏਸੀਅਨ ਜਰਨਲਿਜ਼ਮ ਕਾਲਜ ਅਤੇ ਮੁੰਬਈ ਦੇ ਸੋਫੀਆ ਪੌਲੀਟੈਕਨਿਕ ਵਿਚ ਅਧਿਆਪਨ ਦਾ ਕੰਮ ਕਰ ਰਿਹਾ ਹੈ। ਉਹ ਸੰਸਾਰ ਭਰ ਦੀਆਂ ਕਈ ਨਾਮਵਰ ਯੂਨੀਵਰਸਿਟੀਆਂ ਵਿਚ ਅਧਿਆਪਨ ਦੇ ਕੰਮ ਲਈ ਅਕਸਰ ਜਾਂਦੇ ਰਹਿੰਦੇ ਹਨ।

ਪੱਤਰਕਾਰਤਾ ਅਤੇ ਆਰਥਿਕ ਨਾ-ਬਰਾਬਰੀ ਬਾਰੇ ਕੀਤੇ ਉਨ੍ਹਾਂ ਦੇ ਕੰਮਾਂ ਬਾਰੇ ਬਣੀਆਂ ਦੋ ਡਾਕੂਮੈਂਟਰੀ ਫਿਲਮਾਂ ਕਈ ਅੰਤਰ-ਰਾਸ਼ਟਰੀ ਅਵਾਰਡ ਜਿੱਤ ਚੁਕੀਆਂ ਹਨ।

**ਪੇਸ਼ਕਸ਼: ਹਰਚਰਨ ਸਿੰਘ ਚਹਿਲ**

# ਡਾ. ਐੱਸ. ਪੀ. ਸਿੰਘ ਤੇ ਸਹਿਜਪ੍ਰੀਤ ਮਾਂਗਟ ਦਾ ਪੰਜਾਬ ਭਵਨ ਕੈਨੇਡਾ 'ਚ ਸਨਮਾਨ



ਸਰੀ : ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਤੇ ਪਰਵਾਸੀ ਸਾਹਿੱਤ ਅਧਿਐਨ ਨੂੰ ਯੂਨੀਵਰਸਟੀਆਂ 'ਚ ਸਿਲੇਬਸ ਦਾ ਹਿੱਸਾ ਬਣਾਉਣ ਵਾਲੇ ਡਾ. ਐੱਸ. ਪੀ. ਸਿੰਘ, ਕੈਨੇਡਾ ਵਸਦੀ ਉੱਘੀ ਲੇਖਿਕਾ ਇੰਦਰਜੀਤ ਕੌਰ ਸਿੱਧੂ ਤੇ ਪੰਜਾਬੀ ਕਵੀ ਸਹਿਜਪ੍ਰੀਤ ਸਿੰਘ ਮਾਂਗਟ ਮੀਤ ਪ੍ਰਧਾਨ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਨੂੰ ਪੰਜਾਬ ਭਵਨ ਸਰੀ (ਕੈਨੇਡਾ) 'ਚ ਵੈਨਕੁਵਰ ਵਿਚਾਰ ਮੰਚ ਤੇ ਪੰਜਾਬ ਭਵਨ ਸਰੀ ਵੱਲੋਂ ਬੀਤੀ ਸ਼ਾਮ ਸਨਮਾਨਿਤ ਕੀਤਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐਸ. ਪੀ. ਸਿੰਘ ਨੇ ਕਿਹਾ ਕਿ ਜੀ. ਜੀ. ਐੱਨ. ਖਾਲਸਾ ਕਾਲਜ ਲੁਧਿਆਣਾ 'ਚ ਪ੍ਰਵਾਸੀ ਸਾਹਿਤ ਅਧਿਐਨ ਕੇਂਦਰ ਦੀ ਵੱਖਰੀ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ ਜਿਸ ਦਾ ਨੀਂਹ ਪੱਥਰ ਨੇੜ ਭਵਿੱਖ ਚ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿਤ੍ਰੈ ਮਾਸਿਕ ਖੋਜ ਪੱਤਰ ਪਰਵਾਸ ਨੂੰ ਵੀ ਮੁੜ ਨਵੀਂ ਵਿਉਂਤਕਾਰੀ ਨਾਲ ਆਰੰਭ ਕਰਨ ਦੀ ਯੋਜਨਾ ਹੈ। ਉਨ੍ਹਾਂ ਪੰਜਾਬ ਭਵਨ ਨਾਲ ਸਾਂਝ ਨੂੰ ਸ਼ਕਤੀ ਵਜੋਂ ਪਰਵਾਨਿਆ ਤੇ ਕਿਹਾ ਕਿ ਦੁਵੱਲੇ ਸਹਿਯੋਗ ਨੂੰ ਹੋਰ ਮਜਬੂਤ ਕੀਤਾ ਜਾਵੇਗਾ। ਸਹਿਜਪ੍ਰੀਤ ਸਿੰਘ ਮਾਂਗਟ ਨੇ ਆਪਣੀ ਸਾਹਿਤਕ ਯਾਤਰਾ 'ਚ ਆਪਣੇ ਮਾਤਾ ਜੀ ਤੋਂ ਇਲਾਵਾ ਡਾ. ਦੀਪਕ ਮਨਮੋਹਨ, ਉਜਾਗਰ ਸਿੰਘ ਕੰਵਲ ਤੇ ਗੁਰਭਜਨ ਗਿੱਲ ਵੱਲੋਂ ਮਿਲੇ ਸਨੇਹ ਦਾ ਵਿਸ਼ੇਸ਼ ਜ਼ਿਕਰ ਕੀਤਾ। ਇਸ ਮੌਕੇ ਸੁੱਖੀ ਬਾਠ, ਜਰਨੈਲ ਸਿੰਘ ਸੇਖਾ, ਮੰਗਾ ਬਾਸੀ, ਜਰਨੈਲ ਸਿੰਘ ਆਰਟਿਸਟ, ਡਾ. ਪ੍ਰਿਥੀਪਾਲ ਸਿੰਘ ਸੋਹੀ, ਮੋਹਨ ਗਿੱਲ, ਅੰਗਰੇਜ਼ ਬਰਾੜ, ਕ੍ਰਿਸ਼ਨ ਭਨੋਟ, ਹਰਚੰਦ ਸਿੰਘ ਬਾਗੜੀ ਦੰਪਤੀ, ਅਮਰੀਕ ਪਲਾਹੀ, ਕਵਿੰਦਰ ਚਾਂਦ ਤੋਂ ਇਲਾਵਾ ਕਈ ਸਿਰਕੱਢ ਵਿਅਕਤੀ ਹਾਜ਼ਰ ਸਨ। ਪੰਜਾਬ ਭਵਨ ਦੇ ਸੰਸਥਾਪਕ ਸੁੱਖੀ ਬਾਠ ਨੇ ਕਿਹਾ ਕਿ ਮੇਰੇ ਪਿਤਾ ਜੀ ਸ੍ਰ: ਅਰਜਨ ਸਿੰਘ ਬਾਠ ਜੀ ਦੀ ਯਾਦ 'ਚ ਸਥਾਪਤ ਪੰਜਾਬ ਭਵਨ ਏਨੀ ਥੋੜ੍ਹੀ ਉਮਰ 'ਚ ਹੀ ਡੂੰਘੀਆਂ ਜੜ੍ਹਾਂ ਵਾਲਾ ਘਣਛਾਵਾਂ ਬਿਰਖ ਬਣ ਜਾਵੇਗਾ, ਮੈਂ ਕਦੇ ਨਹੀਂ ਸੀ ਸੋਚਿਆ। ਸਭ ਲੇਖਕਾਂ ਨੇ ਸਮਾਗਮ 'ਚ ਭਰਵੀਂ ਸ਼ਿਰਕਤ ਕੀਤੀ। ਪੰਜਾਬੀ ਲੇਖਕ ਮੋਹਨ ਗਿੱਲ ਤੇ ਅੰਗਰੇਜ਼ ਬਰਾੜ ਨੇ ਸਭ ਮਹਿਮਾਨ ਦਾ ਧੰਨਵਾਦ ਕੀਤਾ।

# ਬੁੱਲ੍ਹਾ ਆਰਟਸ ਇੰਟਰਨੈਸ਼ਨਲ ਵੱਲੋਂ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ



ਵਿਨੀਪੈਗ, (ਸੁਰਿੰਦਰ ਮਾਵੀ) ਬੁੱਲ੍ਹਾ ਆਰਟਸ ਇੰਟਰਨੈਸ਼ਨਲ ਵੱਲੋਂ 'ਬੋਲ ਬਾਈ ਬੋਲ' ਨਾਮੀ ਬੈਨਰ ਹੇਠ ਯੂਨੀਵਰਸਿਟੀ ਆਫ਼ ਮੈਨੀਟੋਬਾ ਦੇ ਰਿਚਰਸ਼ਨ ਆਡੀਟੋਰੀਅਮ ਵਿਚ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਜਿਸ ਵਿਚ 5 ਤੋਂ 15 ਸਾਲ ਦੇ ਕੋਈ 28 ਬੱਚਿਆਂ ਨੇ ਤਿੰਨ ਵੱਖ-ਵੱਖ ਕੈਟਾਗਰੀਆਂ ਵਿਚ ਭਾਗ ਲਿਆ। ਬੁੱਲ੍ਹਾ ਆਰਟਸ ਇੰਟਰਨੈਸ਼ਨਲ ਦੇ ਡਾਇਰੈਕਟਰ ਪ੍ਰੋਫੈਸਰ ਦਿਲਜੀਤ ਬਰਾੜ ਨੇ ਦੱਸਿਆ ਕਿ ਇਹ ਮੁਕਾਬਲਾ ਇਨਸਾਨੀਅਤ ਤੇ ਵਾਤਾਵਰਨ ਸਬੰਧੀ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਬੱਚਿਆਂ ਵਿਚ ਲੀਡਰਸ਼ਿਪ ਤੇ ਜਾਬ ਇੰਟਰਵਿਊ ਲਈ ਆਤਮ ਵਿਸ਼ਵਾਸ ਪੈਦਾ ਕਰਨ ਲਈ ਕਰਵਾਇਆ ਗਿਆ। ਉਨ੍ਹਾਂ ਨੇ ਕਿਹਾ ਕਿ ਬੱਚਿਆਂ ਨੂੰ ਸੰਵੇਦਨਸ਼ੀਲ ਮੁੱਦਿਆਂ ਉੱਪਰ ਸੋਚਣ ਲਾਉਣਾ 'ਤੇ ਉਨ੍ਹਾਂ ਦੀ ਰਚਨਾਤਮਿਕ ਸਮਰੱਥਾ ਨੂੰ ਪ੍ਰਫੁੱਲਿਤ ਕਰ ਕੇ ਅਤੇ ਉਨ੍ਹਾਂ ਨੂੰ ਮੁਕਾਬਲੇ ਸਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ। ਬੱਚਿਆਂ ਨੇ ਪੂਰੇ ਜੋਸ਼ ਨਾਲ਼ ਮੁਕਾਬਲਿਆਂ 'ਚ ਹਿੱਸਾ ਲਿਆ। ਇਸ ਦੌਰਾਨ ਬੱਚਿਆਂ ਵੱਲੋਂ ਕੰਪਿਊਟਰ ਉਪਰ ਬਣਾਈਆਂ ਸਲਾਈਡਾਂ ਨਾਲ ਜੱਜਾਂ ਤੇ ਦਰਸ਼ਕਾਂ ਦੇ ਸੁਆਲਾਂ ਦੇ ਜੁਆਬ ਬਹੁਤ ਹੀ ਸੋਹਣੇ ਤਰੀਕੇ ਨਾਲ ਦਰਸਾਏ। ਇਨ੍ਹਾਂ ਮੁਕਾਬਲਿਆਂ ਦੀ ਪਹਿਲੀ ਕੈਟਾਗਰੀ ਅੰਦਰ ਅੱਠ ਸਾਲ ਵਿਚ ਯੁਵਰਾਜ ਕੰਗ ਨੇ ਪਹਿਲਾ, ਜੈਅ ਸਿੰਘ ਨੇ ਦੂਜਾ 'ਤੇ ਕਰਮਨ ਚਹਿਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਦੂਜੀ ਕੈਟਾਗਰੀ 8 ਸਾਲ ਤੋਂ 12 ਸਾਲ ਵਿਚ ਮੁਸਕਾਨ ਬਰਾੜ ਨੇ ਪਹਿਲਾ, ਸਰੀਨਾ ਬਰਾੜ ਨੇ ਦੂਜਾ 'ਤੇ ਗੁਰਫ਼ਤਿਹ ਬਾਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 12 ਸਾਲ ਤੋਂ ਉਪਰ ਕੈਟਾਗਰੀ ਵਿਚ ਮਹਿਤਾਬ ਬਰਾੜ ਨੇ ਬਾਜ਼ੀ ਮਾਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਜਦ ਕਿ ਰਛਵੀਰ ਧਾਲੀਵਾਲ ਦੂਜੇ ਤੇ ਸਹਗੀਤ ਥਿੰਦ ਤੀਜੇ ਸਥਾਨ ਤੇ ਰਹੇ। ਇਨ੍ਹਾਂ ਸਾਰੀਆਂ ਪ੍ਰਤੀਯੋਗਤਾਵਾਂ ਦਾ ਆਯੋਜਨ ਗਤੀਵਿਧੀ ਪ੍ਰੋਫੈਸਰ ਦਿਲਜੀਤ ਬਰਾੜ ਦੁਆਰਾ ਕੀਤਾ ਗਿਆ। ਜੱਜਾਂ ਦੀ ਭੂਮਿਕਾ ਇੰਦਰਜੀਤ ਸਿੰਘ, ਜੈਸਮੀਨ ਬਰਾੜ ਤੇ ਕੈਟੀ ਸੰਧੂ ਦੁਆਰਾ ਨਿਭਾਈ ਗਈ। ਇਸ ਦੌਰਾਨ ਡਾਰਿਕ ਡੈਬੀ ਸਕੂਲ ਟਰੱਸਟੀ, ਸਿੰਡੀ ਬਰਾੜ, ਜਗਦੀਪ ਤੂਰ, ਡਾ. ਨਵਨੀਤ ਬਰਾੜ, ਡਾ. ਨਿਰਮਲ ਹਰੀ 'ਤੇ ਗੁਰਮਿੰਦਰ ਚਹਿਲ ਨੇ ਵੀ ਸ਼ਿਰਕਤ ਕੀਤੀ।



ਸਰੀ ਦੇ ਪੰਜਾਬ ਭਵਨ ਵਿਚ ਪ੍ਰਸਿੱਧ ਸ਼ਾਇਰ ਦੀ ਯਾਦ-ਜੋਤ ਬਲਦੀ ਰੱਖਣ ਲਈ ਪੰਜਾਬ ਭਵਨ ਸਰੀ ਕਨੇਡਾ ਵੱਲੋਂ ਸਮਾਗਮ ਗਿੱਲ ਮੋਰਾਂਵਾਲੀ ਨੂੰ ਯਾਦ ਕਰਦਿਆਂ 7 ਅਪ੍ਰੈਲ, 2018 ਨੂੰ ਕਰਵਾਇਆ ਗਿਆ ।

# ਤਸਵੀਰਾਂ ਬੋਲਦੀਆਂ

## (ਕਿਸ਼ਤ-ਪੰਜਵੀਂ)

ਅਦਾਰਾ 'ਸਰੋਕਾਰਾਂ ਦੀ ਆਵਾਜ਼'ਵਲੋਂ ਸ਼ੁਰੂ ਕੀਤੇ ਇਸ ਕਾਲਮ ਨੇ ਪਾਠਕਾਂ ਦੇ ਅੰਦਰਲੇ ਕਵੀ ਨੂੰ ਹਲੂਣਿਆ ਹੈ।ਇਸ ਕਾਲਮ ਵਿੱਚ ਪਿਛਲੇ ਅੰਕ ਦੀ ਤਸਵੀਰ ਅਤੇ ਪਾਠਕਾਂ ਦੁਆਰਾ ਭੇਜੇ ਕੈਪਸ਼ਨ ਛਾਪ ਰਹੇ ਹਾਂ। ਮਈ ਦਿਵਸ ਨੂੰ ਸਮਰਪਿਤ ਇੱਕ ਤਸਵੀਰ ਇਸ ਅੰਕ ਵਿੱਚ ਛਾਪ ਰਹੇ ਹਾਂ।ਇਸ ਤਸਵੀਰ ਲਈ ਸਤਰਾਂ 20 ਮਈ ਤੱਕ ppapmg@gmail.com ਜਾਂ sukhviryyc@gmail.com 'ਤੇ ਭੇਜੀਆਂ ਜਾ ਸਕਦੀਆਂ ਹਨ।



**ਪਿਛਲੇ ਅੰਕ ਦੇ ਹੁੰਗਾਰੇ:**

ਮੇਰਾ ਵੀ ਜੀਅ ਕਰਦਾ,
ਮੈਂ ਪੜਨ ਸਕੂਲੇ ਜਾਵਾਂ।
ਪਰ ਅੱਤ ਦੀ ਇਸ ਗਰੀਬੀ ਵਿੱਚ,
ਕਿਵੇਂ ਢਿੱਡ ਦੀ ਅੱਗ ਬੁਝਾਵਾਂ।
ਖਿਡੌਣੇ ਵੇਚ ਕੇ ਰੋਟੀ ਖਰੀਦਾਂ,
ਬਸ ਮਿਹਨਤ ਕਰਦੀ ਜਾਵਾਂ।
ਪਰ ਰੱਬ ਦੀ ਬਖਸ਼ੀ ਜ਼ਿੰਦਗੀ ਜੀਵਾਂ,
'ਰਵਿੰਦਰਾ' ਬਹੁਤ ਔਖੀਆਂ ਨੇ ਰਾਹਵਾਂ।

**-ਮਾਸਟਰ ਰਵਿੰਦਰ ਸਿੰਘ (ਚੰਡੀਗੜ੍ਹ)**
**ਸ.ਮਿ.ਸ.ਸੀਹੋਂ ਮਾਜਰਾ (ਰੋਪੜ)**

**ਖਿਡੌਣੇ**

ਹੱਥ ਛੋਟੇ, ਇਰਾਦੇ ਵੱਡੇ।
ਦੇਖ ਮੰਜ਼ਿਲਾਂ ਨੂੰ ਪਾਵਾਂਗੇ।

ਮੇਟ ਦੇਣੀਆਂ, ਕਿਸਮਤੀ ਲੀਕਾਂ।
ਦੇਖੀਂ ਨਵੀਆਂ ਹੋਰ ਬਣਾਂਵਾਂਗੇ।

ਮੰਗ ਖਾਣਾ ਨਾ ਆਦਤ ਸਾਡੀ,
ਸਭ ਨੂੰ ਗੱਲ ਸਮਝਾਵਾਂਗੇ।
ਮਿਹਨਤ ਨਾਲ ਤਰੱਕੀ ਕਰਨੀ।
ਨਵਾਂ ਕੋਈ ਯੁੱਗ ਲਿਆਵਾਂਗੇ।

ਨਾ ਨੇਤਾ, ਨਾ ਭ੍ਰਿਸ਼ਟਾਚਾਰੀ,
ਹੱਕ ਹਲਾਲ ਦੀ ਖਾਵਾਂਗੇ,

ਵੇਚ ਖਿਡੌਣੇ ਢਿੱਡ ਹੈ ਭਰਨਾ,
ਨਾ ਦੇਸ਼ ਵੇਚ ਕੇ ਖਾਵਾਂਗੇ।

ਮਾ: ਸੁਰਿੰਦਰ ਸਿੰਘ 'ਡਾਬਾ',8968540878

**ਕੈਪਸ਼ਨ ਮੁਕਾਬਲਾ-4**



**ਕਿਰਤੀ ਦੀ ਮਜਬੂਰੀ, ਬੱਚਿਆਂ ਸਮਝ ਲਈ**

ਹੁੰਦਾ ਨਹੀਂ ਗੁਜਾਰਾ ਨਾਲ ਮਜਦੂਰੀ ਦੇ।
ਮਨ ਨੂੰ ਕਰਕੇ ਕਰੜਾ, ਸੜਕ 'ਤੇ ਤੁਰ ਪਈਆਂ,
ਖਿਡਾਉਣੇ ਵੇਚਣੇ ਪੈ ਗਏ ਵੱਸ ਮਜਬੂਰੀ ਦੇ।
ਮਨਜੂਰ ਨਹੀਂ ਹੈ ਸਾਨੂੰ, ਮੰਗ ਕੇ ਮਰ ਜਾਣਾ,
ਹੱਥ ਕਿਸੇ ਦੇ ਅੱਗੇ, ਅਸੀਂ ਤਾਂ ਨਹੀਂ ਅੱਡਣਾ।
ਸਬਰ ਸੰਤੋਖ ਦੇ ਨਾਲ ਲੜਾਈ ਲੜਨੀ ਹੈ,
ਇੱਕ ਨਾ ਇੱਕ ਦਿਨ, ਜੁਲਮ ਦਾ ਫਾਹਾ ਹੈ ਵੱਢਣਾ।

**ਗੁਰਦੇਵ ਸਿੰਘ ਢਪਾਲੀ**
**ਬੀਬੀ ਵਾਲਾ ਰੋਡ, ਗਲੀ ਨੰਬਰ 9#19150**
**ਗੁਰੂ ਤੇਗ ਬਹਾਦਰ ਨਗਰ ਬਠਿੰਡਾ**
**ਫੋਨ ਨੰਬਰ 9417649275**










HomeLife SilverCity
Realty Inc., Brokerage
EACH OFFICE INDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com



# ਕੈਲਗਰੀ ਦੇ ਇਕੱਠ 'ਚ ਪਾਸ ਕੀਤੇ ਮਤੇ

1. ਅੱਜ ਦੀ ਇਹ ਇਕੱਤਰਤਾ ਭਾਜਪਾ ਦੇਰਾਜ ਵਿਚ ਔਰਤਾਂ ਖਿਲਾਫ਼ ਜਿਨਸ਼ੀ ਹਿੰਸਾ ਵਿਚ ਵਾਧੇ ਅਤੇ ਇਸ ਨੂੰ ਰਾਜਕੀ ਸਰਪ੍ਰਸਤੀ ਦਿੱਤੇ ਜਾਣ ਉਪਰ ਡੂੰਘੀ ਚਿੰਤਾ ਜ਼ਾਹਿਰ ਕਰਦੀ ਹੈ। ਖ਼ਾਸ ਤੌਰ 'ਤੇ ਬਲਾਤਕਾਰ ਨੂੰ ਘੱਟ ਗਿਣਤੀ ਸਮੂਹਾਂ ਅਤੇ ਹੋਰ ਹਾਸੀਆਗ੍ਰਸਤ ਹਿੱਸਿਆਂ ਨੂੰ ਦਹਿਸ਼ਤਜ਼ਦਾ ਅਤੇ ਜ਼ਲੀਲ ਕਰਨ ਵਾਸਤੇ ਸਿਲਸਿਲੇਵਾਰ ਹਥਿਆਰ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ। ਜੰਮੂ-ਕਸਮੀਰ ਦੇ ਕਠੂਆ ਖੇਤਰ ਵਿਚ ਮਾਸੂਮ ਬੱਚੀ ਆਸਿਫਾ ਬਾਨੋ ਦਾ ਬਲਾਤਕਾਰ ਪਿਛੋਂ ਕਤਲ ਅਤੇ ਯੂ.ਪੀ. ਦੇ ਉਨਾਓਂ ਵਿਚ ਇਕ ਭਾਜਪਾ ਦੇ ਵਿਧਾਇਕ ਵਲੋਂ ਇਕ ਨਾਬਾਲਗ ਲੜਕੀ ਦਾ ਬਲਾਤਕਾਰ ਅਤੇ ਉਸ ਦੇ ਬਾਪ ਦੀ ਪੁਲਿਸ ਹਿਰਾਸਤ ਵਿਚ ਕੁੱਟ ਕੁੱਟ ਕੇ ਹੱਤਿਆ ਸੱਤਾਧਾਰੀ ਭਾਜਪਾ ਵਲੋਂ ਔਰਤਾਂ ਵਿਰੁੱਧ ਜਿਨਸੀ ਹਿੰਸਾ ਨੂੰ ਖੁੱਲ੍ਹੇਆਮ ਰਾਜਸੀ ਪੁਸ਼ਤਪਨਾਹੀ ਦੀਆਂ ਤਾਜ਼ਾ ਮਿਸਾਲਾਂ ਹਨ। ਆਸਿਫ਼ਾ ਬਾਨੋ ਨੂੰ ਅਗਵਾ ਕਰਨ ਪਿਛੋਂ ਬਲਾਤਕਾਰ ਅਤੇ ਕਤਲ ਆਮ ਜਿਨਸ਼ੀ ਹਿੰਸਾ ਨਹੀਂ ਬਲਕਿ ਸੱਤਾਧਾਰੀ ਧਿਰਵਲੋਂ ਬਕਰਵਾਲ ਮੁਸਲਿਮ ਫਿਰਕੇ ਨੂੰ ਉਸ ਇਲਾਕੇ ਵਿਚੋਂ ਕੱਢਣ ਦੀ ਬਕਾਇਦਾ ਯੋਜਨਾ ਦਾ ਹਿੱਸਾ ਹੈ। ਇਕੱਤਰਤਾ ਮੰਗ ਕਰਦੀ ਹੈ ਕਿ ਭਾਜਪਾ ਔਰਤਾਂ ਵਿਰੁੱਧ ਜਿਨਸ਼ੀ ਹਿੰਸਾ ਨੂੰ ਸ਼ਹਿ ਦੇਣਾ ਅਤੇ ਇਸ ਦੀ ਰਾਜਸੀ ਪੁਸ਼ਤਪਨਾਹੀ ਕਰਨਾ ਬੰਦ ਕਰੇ। ਕਠੂਆ, ਉਨਾਓਂ ਅਤੇ ਬਲਾਤਕਾਰਾਂ ਸਮੇਤ ਜਿਨਸ਼ੀ ਹਿੰਸਾ ਦੇ ਸਾਰੇ ਹੀ ਮਾਮਲਿਆਂ ਵਿਚ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਯਕੀਨੀਂ ਬਣਾਈ ਜਾਵੇ ਅਤੇ ਔਰਤਾਂ ਦੇ ਹੱਕਾਂ ਅਤੇ ਸਵੈਮਾਣ ਦੀ ਸੁੱਰਖਿਆ ਯਕੀਨੀ ਬਣਾਈ ਜਾਵੇ।

2. ਅੱਜ ਦੀ ਇਹ ਇਕੱਤਰਤਾ ਭਾਰਤ ਸਰਕਾਰ ਵਲੋਂ ਜਮਹੂਰੀ ਕਾਰਕੁੰਨਾਂ ਨੂੰ ਕੇਵਲ ਉਨ੍ਹਾਂ ਦੇ ਵਿਚਾਰਾਂ ਦੇ ਆਧਾਰ 'ਤੇ ਫਰਜ਼ੀ ਕੇਸ ਬਣਾਕੇ ਜੇਲ੍ਹਾਂ ਵਿਚ ਸਾੜਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। 90% ਅਪਾਹਜ ਪ੍ਰੋਫੈਸਰ ਸਾਈਬਾਬਾ ਨੂੰ ਪੰਜ ਹੋਰ ਕਾਰਕੁੰਨਾਂ ਸਮੇਤ ਮਾਓਵਾਦੀਆਂ ਨਾਲ ਸਬੰਧਤ ਹੋਣ ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ ਦੇ ਕੇ ਇਕ ਸਾਲ ਤੋਂ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ। ਉਸ ਦੀਆਂ ਗੰਭੀਰ ਬਿਮਾਰੀਆਂ ਨੂੰ ਮੁੱਖ ਰੱਖਦੇ ਹੋਏ ਇਨਸਾਨੀਅਤ ਦੇ ਆਧਾਰ 'ਤੇ ਇਲਾਜ ਕਰਾਉਣ ਲਈ ਹਸਪਤਾਲ ਵਿਚ ਦਾਖ਼ਲ ਵੀ ਨਹੀਂ ਕਰਾਇਆ ਜਾ ਰਿਹਾ। ਯੂ. ਪੀ. ਵਿਚ ਯੋਗੀ ਸਰਕਾਰ ਵਲੋਂ ਭੀਮ ਸੈਨਾ ਦੇ ਆਗੂ ਚੰਦਰਸ਼ੇਖਰ ਉਰਫ਼ ਰਾਵਣ ਨੂੰ ਕੌਮੀ ਸੁੱਰਖਿਆ ਕਾਨੂੰਨ ਤਹਿਤ ਕਈ ਮਹੀਨਿਆਂ ਤੋਂ ਬਿਨਾ ਜ਼ਮਾਨਤ ਸਿਰਫ਼ ਇਸ ਕਰਕੇ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ ਕਿਉਂਕਿ ਉਹ ਦਲਿਤ ਨੌਜਵਾਨਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਗਰੂਕ ਕਰਦਾ ਸੀ ਅਤੇ ਹਿੰਦੂਤਵ ਦੀ ਵਿਚਾਰਧਾਰਾ ਦਾ ਵਿਰੋਧ ਕਰਦਾ ਸੀ। ਝਾਰਖੰਡ ਵਿਚ 4000 ਦੇ ਕਰੀਬ ਅਤੇ ਹੋਰ ਕਈ ਸੂਬਿਆਂ ਵਿਚ ਵੀ ਹਜ਼ਾਰਾਂ ਆਦਿਵਾਸੀ ਜੇਲ੍ਹਾਂ ਵਿਚ ਸੜ ਰਹੇ ਹਨ। ਹਾਲ ਹੀ ਵਿਚ ਡਾ. ਕਫ਼ੀਲ ਅਹਿਮਦ ਨੂੰ ਕਈ ਮਹੀਨੇ ਨਜਾਇਜ਼ ਹੀ ਜੇਲ੍ਹ ਵਿਚ ਸਾੜਕੇ ਜ਼ਮਾਨਤ ਦਿੱਤੀ ਗਈ ਹੈ ਜਿਸ ਨੇ ਗੋਰਖਪੁਰ (ਯੂ.ਪੀ.) ਵਿਚ ਆਕਸੀਜਨ ਦੀ ਕਮੀ ਕਾਰਨ ਮਰ ਰਹੇ ਮਾਸੂਮ ਬੱਚਿਆਂ ਨੂੰ ਬਚਾਉਣ ਲਈ ਡਾਕਟਰ ਦੇ ਤੌਰ 'ਤੇ ਇਮਾਨਦਾਰੀ ਨਾਲ ਆਪਣਾ ਫਰਜ਼ ਨਿਭਾਇਅਤੇ ਯੋਗੀ ਸਰਕਾਰ ਉਸ ਵਲੋਂ ਹਸਪਤਾਲ ਦੇ ਐਮਰਜੈਂਸੀ ਇੰਤਜ਼ਾਮਾਂ ਦੀ ਕਮੀ ਨੂੰ ਜਨਤਕ ਕੀਤੇ ਜਾਣਤੋਂ ਖਫ਼ਾ ਸੀ। ਇਕੱਤਰਤਾ ਮੰਗ ਕਰਦੀ ਹੈ ਕਿ ਪ੍ਰੋਫੈਸਰ ਸਾਈਬਾਬਾ ਨੂੰ ਤੁਰੰਤ ਰਿਹਾਅ ਕਰਕੇ ਇਲਾਜ ਕਰਾਇਆ ਜਾਵੇ ਅਤੇ ਵਿਚਾਰਾਂ ਦੇ ਆਧਾਰ 'ਤੇ ਝੂਠੇ ਕੇਸਾਂ ਤਹਿਤ ਬੰਦ ਸਾਰੇ ਹੀ ਸਿਆਸੀ ਕੈਦੀਆਂ ਅਤੇ ਸੰਘਰਸ਼ਸ਼ੀਲ ਲੋਕਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

3. ਅੱਜ ਦੀ ਇਹ ਇਕੱਤਰਤਾ ਦੋ ਹਿੱਸਿਆਂ ਵਿਚ ਵੰਡੇ ਜਾਣਦੀ ਸਾਂਝੀ ਵਿਰਾਸਤ ਦੀ ਝੰਡਾਬਰਦਾਰ, ਪੰਜਾਬੀ ਰੰਗਮੰਗ ਦੀ ਰੌਸ਼ਨ ਮਿਸਾਲ, ਪਾਕਿਸਤਾਨ ਦੇ ਤਾਨਾਸ਼ਾਹ ਰਾਜ ਨੂੰ ਵੰਗਾਰਨ ਵਾਲੀ ਵੀਰਾਂਗਣਾ, ਭਾਰਤ-ਪਾਕਿ ਦੋਸਤੀ ਦੀ ਮੁੱਦਈ ਸ਼ਖਸੀਅਤ ਮਦੀਹਾ ਗੌਹਰ ਦੇ ਸਦੀਵੀਂ ਵਿਛੋੜਾ ਦੇ ਜਾਣ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ। ਅਸਮਾਂ ਜਹਾਂਗੀਰ ਦੀ ਤਰ੍ਹਾਂ ਮਦੀਹਾ ਗੌਹਰ ਨੇ ਵੀ ਪਾਕਿਸਤਾਨ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਜਦੋ-ਜਹਿਦ ਵਿਚ ਵੱਡਾ ਯੋਗਦਾਨ ਪਾਇਆ। ਲੋਕਪੱਖੀ ਅਗਾਂਹਵਧੂ ਰੰਗਮੰਚ, ਕਲਾ ਅਤੇ ਮਨੁੱਖੀ ਹੱਕਾਂ ਦੇ ਖੇਤਰ ਵਿਚ ਉਸਦੀ ਦੇਣ ਅਮਿੱਟ ਹੈ। ਪਿਛਲੇ ਸਾਲਾਂ ਵਿਚ ਪੰਜਾਬ ਫੇਰੀ ਸਮੇਂ ਵੱਖ-ਵੱਖ ਥਾਵਾਂ ਉਪਰ ਉਸ ਦੀ ਨਿਰਦੇਸ਼ਨਾ ਹੇਠ ਖੇਡੇ ਗਏ ਨਾਟਕਾਂ ਦੀ ਛਾਪ ਅੱਜ ਵੀ ਪੰਜਾਬੀ ਦਰਸ਼ਕਾਂ ਦੇ ਮਨਾਂ ਉਪਰ ਤਾਜ਼ਾ ਹੈ। ਅੱਜ ਦੀ ਇਕੱਤਰਤਾ ਉਸ ਨੂੰ ਸ਼ਰਧਾਂਜਲੀ ਭੇਂਟ ਕਰਦੀ ਹੋਈ ਉਸ ਵਲੋਂ ਛੋਹੇ ਕਾਜ ਨੂੰ ਤਨਦੇਹੀ ਨਾਲ ਜਾਰੀ ਰੱਖਣ ਦਾ ਅਹਿਦ ਕਰਦੀ ਹੈ।